**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
*Jassi Gill*
CA DRE Lic.#01180969
CA DRE# 00966763

ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ
Your Destination For
AFFORDABLE
QUALITY HEALTH CARE
Including Medi-Cal
COVERED CALIFORNIA
510-797-7989
Certified Insurance Agent
Gurcharan Singh Mann
License# 0C70672
2450 Peralta Blvd., Suite # 203,
Fremont, CA 94536

ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
*Manjit Gill*
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
*www.gillfinancial.com*

Fifteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 13, March 29, 2014
20451 N Plum Grove Rd., Palatine, IL 60074
Ph:847-359-0746, Fax:847-705-9388

# ਕੈਪਟਨ ਫਿਰ ਬਣੇ ਕਪਤਾਨ

## ਪੰਜਾਬ ਕਾਂਗਰਸ ਨੂੰ ਭਰਵਾਂ ਚੋਣ ਹੁਲਾਰਾ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਨਾਲ ਪੰਜਾਬ ਦੀ ਸਿਆਸੀ ਫਿਜ਼ਾ ਕਰਵਟਾਂ ਲੈ ਰਹੀ ਹੈ। ਸੱਤਾ ਧਿਰ ਸ਼੍ਰੋਮਣੀ ਅਕਾਲ ਦਲ ਨੇ ਉਮੀਦਵਾਰਾਂ ਦਾ ਪਹਿਲਾਂ ਐਲਾਨ ਕਰ ਕੇ ਆਪਣੀ ਚੋਣ ਮੁਹਿੰਮ ਪੂਰੀ ਤਰ੍ਹਾਂ ਭਖਾ ਲਈ ਸੀ ਤੇ ਦਾਅਵੇ ਕੀਤੇ ਜਾ ਰਹੇ ਸਨ ਕਿ ਇਸ ਵਾਰ ਚੋਣ ਮੁਕਾਬਲੇ ਇਕਪਾਸੜ ਹੀ ਹੋਣਗੇ। ਦੂਜੇ ਪਾਸੇ, ਮੁੱਖ ਵਿਰੋਧੀ ਧਿਰ ਕਾਂਗਰਸ ਭਾਵੇਂ ਕੁਝ ਦੇਰੀ ਨਾਲ ਮੈਦਾਨ ਵਿਚ ਆਈ ਪਰ ਹਾਈ ਕਮਾਨ ਦੀ ਰਣਨੀਤੀ ਨੇ ਅਕਾਲੀ ਦਲ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ।

ਕਾਂਗਰਸ ਨੇ ਇਸ ਵਾਰ ਆਪਣੇ ਮਹਾਂਰਥੀਆਂ ਨੂੰ ਮੈਦਾਨ ਵਿਚ ਉਤਾਰਿਆ ਹੈ। ਕਾਂਗਰਸੀ ਰਣਨੀਤੀ ਦੀ ਸਭ ਤੋਂ ਖਾਸ ਗੱਲ ਇਹ ਰਹੀ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਅਰੁਨ ਜੇਤਲੀ ਦੇ ਖ਼ਿਲਾਫ਼ ਮੈਦਾਨ ਵਿਚ ਉਤਾਰਿਆ ਹੈ। ਕੈਪਟਨ ਦੀ ਆਮਦ ਨੇ ਖਿੰਡੀ ਹੋਈ ਕਾਂਗਰਸ ਵਿਚ ਮੁੜ ਜਾਨ ਪਾ ਦਿੱਤੀ ਹੈ ਤੇ ਮਤਭੇਦਾਂ ਵਿਚ ਉਲਝੇ ਕਾਂਗਰਸੀ ਹੁਣ ਇਕ ਮੰਚ ਉਤੇ ਇਕੱਠੇ ਹੋ ਗਏ ਹਨ। ਕਾਂਗਰਸੀਆਂ ਦੀ ਇਕਜੁੱਟਤਾ ਤੇ ਕੈਪਟਨ ਦੇ ਚੋਣ ਮੈਦਾਨ ਵਿਚ ਨਿੱਤਰਨ ਨਾਲ ਅਕਾਲੀ-ਭਾਜਪਾ ਖੇਮੇ ਵਿਚ ਫਿਕਰ ਵਾਲਾ ਮਾਹੌਲ ਹੈ।

ਅਕਾਲੀ-ਭਾਜਪਾ ਗੱਠਜੋੜ ਬੇਸ਼ੱਕ ਕਾਂਗਰਸ ਦੀ ਰਣਨੀਤੀ ਨੂੰ ਜ਼ਿਆਦਾ ਗੰਭੀਰਤਾ ਨਾਲ ਨਾ ਲੈਣ ਦੇ ਦਾਅਵੇ ਕਰ ਰਿਹਾ ਹੈ ਪਰ ਪਿਛਲੇ ਦਿਨੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਸਣੇ ਸੀਨੀਅਰ ਅਕਾਲੀ ਆਗੂਆਂ ਵੱਲੋਂ ਕੀਤੀ ਗਈ ਨੀਵੇਂ ਪੱਧਰ ਦੀ ਬਿਆਨਬਾਜ਼ੀ ਸੱਤਾ ਧਿਰ ਦੀ ਫਿਕਰਮੰਦੀ ਜੱਗ ਜ਼ਾਹਿਰ ਕਰਦੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਐਲਾਨ ਤੋਂ ਬਾਅਦ ਉਨ੍ਹਾਂ ਦੇ ਵਿਰੋਧੀ ਭਾਜਪਾ ਆਗੂ ਅਰੁਨ ਜੇਤਲੀ ਨੇ ਵੀ ਹੁਣ ਅੰਮ੍ਰਿਤਸਰ ਵਿਚ ਹੀ ਡੇਰੇ ਲਾ ਲਏ ਹਨ। ਪਹਿਲਾਂ ਅਕਾਲੀ ਦਲ ਦਾਅਵੇ ਕਰ ਰਿਹਾ ਸੀ ਕਿ ਉਨ੍ਹਾਂ ਨੂੰ ਘਰ ਬੈਠੇ ਹੀ ਜਿਤਾ ਦਿੱਤਾ ਜਾਵੇਗਾ। ਕਾਂਗਰਸ ਨੇ ਨਵੀਂ ਰਣਨੀਤੀ ਤਹਿਤ ਅੰਮ੍ਰਿਤਸਰ ਤੋਂ ਕੈਪਟਨ ਅਮਰਿੰਦਰ ਸਿੰਘ, ਅਨੰਦਪੁਰ ਸਾਹਿਬ ਤੋਂ ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ, ਫਿਰੋਜ਼ਪੁਰ ਤੋਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ, ਗੁਰਦਾਸਪੁਰ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਮੈਦਾਨ ਵਿਚ ਉਤਾਰਿਆ ਹੈ। ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਇਸ ਵਾਰ ਲੁਧਿਆਣਾ ਤੋਂ ਚੋਣ ਲੜਾਈ ਜਾ ਰਹੀ ਹੈ। ਕਾਂਗਰਸ ਦੇ ਇਸ ਫੈਸਲੇ ਨੂੰ ਵੀ ਸੱਤਾ ਧਿਰ ਲਈ ਵੱਡੀ ਵੰਗਾਰ ਵਜੋਂ ਵੇਖਿਆ ਜਾ ਰਿਹਾ ਹੈ। ਰਵਨੀਤ ਸਿੰਘ ਬਿੱਟੂ ਦੇ ਪਰਿਵਾਰ ਦਾ ਲੁਧਿਆਣਾ ਖੇਤਰ ਵਿਚ ਚੰਗਾ ਰਸੂਖ ਹੈ। ਇਸ ਤੋਂ ਪਹਿਲਾਂ ਸੂਚਨਾ ਤੇ

*(ਬਾਕੀ ਸਫਾ 6 'ਤੇ)*

# ਆਮ ਆਦਮੀ ਪਾਰਟੀ ਦੇ ਪੰਜਾਬ ਮੋਰਚੇ ਨੂੰ ਹੁੰਗਾਰਾ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਵਿਚ ਸ਼ਾਨਦਾਰ ਪ੍ਰਦਰਸ਼ਨ ਦਿਖਾਉਣ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਵੀ ਮੋਰਚਾ ਸੰਭਾਲ ਲਿਆ ਹੈ। ਬੇਸ਼ੱਕ ਇਸ ਵਾਰ ਵੀ ਮੁੱਖ ਮੁਕਾਬਲਾ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਵਿਚਾਲੇ ਮੰਨਿਆ ਜਾ ਰਿਹਾ ਹੈ ਪਰ ਪੰਜਾਬ ਦੇ ਲੋਕਾਂ ਅੰਦਰ 'ਆਪ' ਦੀ ਦਿਨੋਂ-ਦਿਨ ਵਧ ਰਹੀ ਪੈਂਠ ਕਰਕੇ ਸਾਰੀਆਂ ਹੀ ਪਾਰਟੀਆਂ ਵੱਲੋਂ ਇਸ ਨਵੀਂ ਪਾਰਟੀ ਦੀ ਸਰਗਰਮੀ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਸ਼ਰੇਆਮ ਇਹ ਮੰਨ ਚੁੱਕੇ ਹਨ ਕਿ 'ਆਪ' ਦੀ ਸਰਗਰਮੀ ਸੂਬੇ ਦੀਆਂ ਦੋਵੇਂ ਵੱਡੀਆਂ ਪਾਰਟੀਆਂ ਨੂੰ ਨੁਕਸਾਨ ਪਹੁੰਚਾਏਗੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਿਆਨਾਂ ਵਿਚ ਲਗਾਤਾਰ 'ਆਪ' ਦਾ ਜ਼ਿਕਰ ਵੀ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਇਕ ਸਾਲ ਦੇ ਸਫ਼ਰ ਦੌਰਾਨ ਹੀ ਇਸ ਪਾਰਟੀ ਨੇ ਦੇਸ਼ ਤੇ ਪੰਜਾਬ ਦੀ ਰਾਜਨੀਤੀ ਵਿਚ ਆਪਣਾ ਅਸਰਦਾਰ ਦਖ਼ਲ ਬਣਾ ਲਿਆ ਹੈ। 'ਆਪ' ਨੂੰ ਪੰਜਾਬ ਅੰਦਰ ਸਭ ਤੋਂ ਵਧੇਰੇ ਹੁੰਗਾਰਾ ਸ਼ਹਿਰਾਂ ਵਿਚ ਮਿਲ ਰਿਹਾ ਹੈ ਪਰ ਪਿੰਡਾਂ ਦੀਆਂ ਸੱਥਾਂ ਵਿਚ ਕੇਜਰੀਵਾਲ ਦੀ ਹੁੰਦੀ ਚਰਚਾ ਇਸ ਗੱਲ ਦਾ ਵੀ ਸੰਕੇਤ ਹੈ ਕਿ ਉਹ ਪਿੰਡਾਂ ਦੇ ਲੋਕਾਂ ਦੇ ਦਿਲੋਂ-ਦਿਮਾਗ ਉਪਰ ਵੀ ਆਪਣਾ ਜਾਦੂਮਈ ਅਸਰ ਪਾ ਰਿਹਾ ਹੈ।

ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ, ਮਹਿੰਗਾਈ ਤੇ ਬੇਰੁਜ਼ਗਾਰੀ ਤੋਂ ਇਲਾਵਾ 1984 ਦੇ ਕਤਲੇਆਮ ਦਾ ਮਾਮਲਾ ਉਠਾ ਰਹੀ ਹੈ ਜਿਸ ਨਾਲ ਸਿੱਖ ਵੋਟਰਾਂ ਦਾ ਝੁਕਾਅ ਇਸ ਪਾਰਟੀ ਵੱਲ ਵਧ ਰਿਹਾ ਹੈ। ਦਿੱਲੀ ਵਿਚ ਸਿਰਫ 50 ਦਿਨਾਂ ਦੀ ਆਪ ਸਰਕਾਰ ਵੱਲੋਂ ਸਿੱਖ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰਨ ਨਾਲ ਸਿੱਖ ਵੋਟਰਾਂ ਦੀਆਂ ਨਜ਼ਰਾਂ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ-ਦੋਵੇਂ ਪਾਰਟੀਆਂ ਰੜਕਣ ਲੱਗੀਆਂ ਹਨ। ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਆਮ ਆਦਮੀ ਪਾਰਟੀ ਇਸ ਵਾਰ ਰਵਾਇਤੀ ਸਿਆਸੀ ਪਾਰਟੀਆਂ ਦਾ ਤਵਾਜ਼ਨ ਜ਼ਰੂਰ ਵਿਗਾੜੇਗੀ।

ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਪੰਜਾਬ ਵਿਚ ਪਾਰਟੀ ਦੀ ਮੈਂਬਰਸ਼ਿਪ ਵਿਚ ਬਹੁਗਿਣਤੀ 35 ਸਾਲ ਤੱਕ ਦੇ ਉਮਰ ਗਰੁਪ ਦੀ ਹੈ। ਇਹ ਉਹ ਵਰਗ ਹੈ ਜਿਹੜਾ ਸਿਆਸਤ ਵਿਚ ਤਬਦੀਲੀ ਚਾਹੁੰਦਾ ਹੈ। 'ਆਪ' ਵੱਲੋਂ ਪੰਜਾਬ ਅੰਦਰ ਟੈਕਸਾਂ ਦਾ ਮੁੱਦਾ ਉਠਾਏ ਜਾਣ ਕਰ ਕੇ ਭਾਜਪਾ ਨੂੰ ਵਖ਼ਤ ਪੈ ਗਿਆ ਹੈ, ਕਿਉਂਕਿ ਭਾਜਪਾ ਦਾ ਵੋਟ ਬੈਂਕ ਸ਼ਹਿਰੀ ਹੈ ਤੇ ਟੈਕਸਾਂ ਦਾ ਵੀ ਜ਼ਿਆਦਾ ਬੋਝ ਇਸ ਵਰਗ 'ਤੇ ਹੀ ਪਿਆ ਹੈ। ਦੂਜੇ ਪਾਸੇ 'ਆਪ ਦੀ ਸਰਗਰਮੀ ਦਾ ਹੀ ਅਸਰ ਹੈ ਕਿ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ

*(ਬਾਕੀ ਸਫਾ 6 'ਤੇ)*

**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
*Broker / Associate*
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of**
**Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


ੴ ਸਤਿਗੁਰ ਪ੍ਰਸਾਦਿ॥
SIKH CENTER OF PACIFIC COAST
2211 HIGHLAND AVE. SELMA, CA 93662, PHONE: 559 270 3272
ਵਿਸਾਖੀ ਸਮਾਗਮ 2014 ਅਤੇ 20ਵਾਂ ਵਿਸ਼ਾਲ ਨਗਰ ਕੀਰਤਨ
ਸਿੱਖ ਸੰਗਤਾਂ ਨੂੰ ਇਹ ਜਾਣਕੇ ਬੜੀ ਖੁਸ਼ੀ ਹੋਵੇਗੀ ਕਿ ਖਾਲਸੇ ਦਾ ਸਿਰਜਣਾ ਦਿਵਸ 'ਵਿਸਾਖੀ' ਦਾ ਤਿਓਹਾਰ
13 ਅਪ੍ਰੈਲ 2014 ਦਿਨ ਐਤਵਾਰ ਨੂੰ
ਸਿੱਖ ਸੈਂਟਰ ਆਫ ਪੈਸੀਫਿਕ ਕੋਸਟ, ਸੈਲਮਾ
ਵਿਖੇ ਸਮੂਹ ਸੰਗਤਾਂ ਅਤੇ ਸੈਂਟਰਲ ਵੈਲੀ ਦੇ ਲਗਭਗ ਸਾਰੇ ਗੁਰਦੁਆਰਿਆਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।
ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ..........11 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰ 8 ਵਜੇ
ਨਿਸ਼ਾਨ ਸਾਹਿਬ ਦੇ ਚੋਹਲਾ ਸਾਹਿਬ ਦੀ ਸੇਵਾ ..........12 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰ 10 ਵਜੇ
ਅੰਮ੍ਰਿਤ ਸੰਚਾਰ.......... 12 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ..........13 ਅਪ੍ਰੈਲ ਦਿਨ ਐਤਵਾਰ ਸਵੇਰ 8 ਵਜੇ
ਬੁਲਾਏ ਗਏ ਉੱਘੇ ਵਿਦਵਾਨਾਂ ਦੀਆਂ ਤਕਰੀਰਾਂ..........13 ਅਪ੍ਰੈਲ ਦਿਨ ਐਤਵਾਰ ਸਵੇਰ 9 ਤੋਂ 10 ਵਜੇ ਤੱਕ
ਨਗਰ ਕੀਰਤਨ.......... 13 ਅਪ੍ਰੈਲ ਦਿਨ ਐਤਵਾਰ ਸਵੇਰ 10 ਵਜੇ ਤੋਂ 1:30 ਵਜੇ ਤੱਕ
GET [ਪੰਜਾਬੀ]
Watch Program live on GET Punjabi
Dish Channel 738
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਿੰਘ ਕੇਸਰੀ ਦਸਤਾਰਾਂ ਸਜ਼ਾ ਕੇ ਅਤੇ ਬੀਬੀਆਂ ਕੇਸਰੀ ਚੁੰਨੀਆਂ ਲੈ ਕੇ ਨਗਰ ਕੀਰਤਨ ਵਿਚ ਸ਼ਾਮਿਲ ਹੋਣ
ਪੰਥ ਪ੍ਰਸਿੱਧ ਢਾਡੀ, ਕੀਰਤਨੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ।
Media Sponsor:
Radio Watno Door &
www.hayermedia.com
* ਬਹੁਤ ਸਾਰੇ ਗੁਰਦੁਆਰਿਆਂ ਦੀਆਂ ਸੰਗਤਾਂ ਵਲੋਂ ਲੰਗਰਾਂ ਦੇ ਪੰਡਾਲ ਲਗਾਏ ਜਾਣਗੇ ਜਿਸ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤੇਗਾ।
* ਮਿੰਨੀ ਬਜ਼ਾਰ ਵੀ ਲੱਗੇਗਾ ਜਿੱਥੋਂ ਸੰਗਤਾਂ ਧਾਰਮਿਕ ਅਤੇ ਰੋਜ਼ਾਨਾ ਜ਼ਰੂਰਤ ਦੀਆਂ ਵਸਤੂਆਂ ਖਰੀਦ ਸਕਣਗੀਆਂ।
* ਅੰਮ੍ਰਿਤ ਅਭਿਲਾਖੀ ਬੀਬੀਆਂ ਤੇ ਵੀਰਾਂ ਨੂੰ ਕਕਾਰ ਗੁਰਦੁਆਰਾ ਸੈਲਮਾ ਵਲੋਂ ਦਰਸ਼ਨ ਭੇਟ ਦਿੱਤੇ ਜਾਣਗੇ।
ਨਗਰ ਕੀਰਤਨ ਸਬੰਧੀ ਸੰਪਰਕ
ਰਾਜਵੀਰ ਸਿੰਘ ਪੰਨੂੰ ਪ੍ਰਧਾਨ - (559) 994-9232
ਜਸ ਮਾਨ ਜਨਰਲ ਸਕੱਤਰ - (559) 960-9156
ਮਹਿੰਦਰ ਸਿੰਘ ਸੰਧਾਵਾਲੀਆ ਸਕੱਤਰ- (559) 355-4399
ਹਰਨਿੰਦਰ ਸਿੰਘ ਗਿੱਲ ਸਕੱਤਰ (559) 906-7411
ਅੰਮ੍ਰਿਤ ਸੰਚਾਰ ਸਬੰਧੀ ਸੰਪਰਕ
ਮੇਜਰ ਰਘੁਬੀਰ ਸਿੰਘ ਗਿੱਲ (559) 577-3486
ਦਵਿੰਦਰ ਸਿੰਘ ਗਿੱਲ (559) 579-8295
ਤਰਲੋਕ ਸਿੰਘ ਰੰਧਾਵਾ (559) 708-8218
ਸਟਾਲਾਂ 'ਤੇ ਦੁਕਾਨਾਂ ਸਬੰਧੀ ਸੰਪਰਕ
ਸਿੰਦਰਪਾਲ ਸਿੰਘ ਸਹੋਤਾ ਵਾਈਸ ਪ੍ਰਧਾਨ (559) 269-1088
ਸੁਖਦੇਵ ਸਿੰਘ ਧਾਲੀਵਾਲ (559) 355-3144
ਸੁਖਪਾਲ ਸਿੰਘ ਧਾਲੀਵਾਲ (559) 994-0837
ਪਵਿੱਤਰ ਸਿੰਘ ਸਹੋਤਾ (559) 930-9515
ਸੁਖਜਿੰਦਰ ਸਿੰਘ ਬੋਲਾ (559) 243-6836
ਅੰਮ੍ਰਿਤ ਸੰਚਾਰ ਅਤੇ ਨਗਰ ਕੀਰਤਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਭਾਈ ਅਮਰੀਕ ਸਿੰਘ ਹੈੱਡ ਗ੍ਰੰਥੀ ਨਾਲ ਫੋਨ ਨੰਬਰ 559 270 3272 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਮ ਆਦਮੀ ਪਾਰਟੀ ਨਾਲ ਚੱਟਾਨ ਵਾਂਗ ਖੜ੍ਹੇ ਹੋਣ ਦਾ ਅਹਿਦ

**ਸੈਨ ਹੋਜ਼ੇ (ਦੁਪਾਲਪੁਰ):** ਆਮ ਆਦਮੀ ਪਾਰਟੀ (ਆਪ) ਦੇ ਮੁਖੀ ਪਾਕ ਦਾਮਨ ਅਰਵਿੰਦ ਕੇਜਰੀਵਾਲ ਦਾ ਜਾਦੂ ਹੁਣ ਪ੍ਰਵਾਸੀਆਂ ਦੇ ਸਿਰ ਚੜ੍ਹ ਕੇ ਵੀ ਬੋਲਣ ਲੱਗਾ ਹੈ। 'ਆਪ' ਇਕ ਸਿਆਸੀ ਪਾਰਟੀ ਨਾ ਹੋ ਕੇ ਕ੍ਰਾਂਤੀਕਾਰੀ ਲਹਿਰ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸ ਦਾ ਪ੍ਰਗਟਾਵਾ ਉਸ ਵੇਲੇ ਹੋਇਆ ਜਦੋਂ ਇਸ ਪਾਰਟੀ ਦੀ ਮਾਇਕ ਮੱਦਦ ਕਰਨ ਵਾਸਤੇ



ਹੋਏ ਇਕ ਇਕੱਠ ਵਿਚ ਪ੍ਰਵਾਸੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਰੌਇਲ ਪੈਲੇਸ, ਮਿਲਪੀਟਸ ਦੇ ਖਚਾਖਚ ਭਰੇ ਹਾਲ ਵਿਚ ਪ੍ਰਬੰਧਕਾਂ ਦੀ ਆਸ ਤੋਂ ਕਿਤੇ ਵੱਧ ਇਕੱਤਰ ਹੋਏ ਜਨ ਸਮੂਹ ਨੇ 'ਆਪ' ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਪ੍ਰਣ ਲਿਆ।

ਪ੍ਰੋਗਰਾਮ ਦੇ ਸ਼ੁਰੂ ਵਿਚ ਰਾਜ ਬਡਵਾਲ ਨੇ ਸਲਾਈਡ-ਸ਼ੋਅ ਰਾਹੀਂ ਦੇਸ਼ ਦੀ ਅਜੋਕੀ ਮੰਦਹਾਲੀ ਦੀ ਤਸਵੀਰ ਦਿਖਾਉਂਦਿਆਂ ਦਸਿਆ ਕਿ ਭਾਰਤੀਆਂ ਨੇ ਕਾਂਗਰਸ ਅਤੇ ਭਾਜਪਾ ਦੋਹਾਂ ਦਾ ਰਾਜ ਭਾਗ ਦੇਖ ਲਿਆ ਹੈ, ਦੋਵੇਂ ਪਾਰਟੀਆਂ ਇਕੋ ਸ਼ੀਸ਼ੇ ਦੇ ਦੋ ਪਾਸੇ ਹਨ ਅਤੇ ਦੋਹਾਂ ਨੇ ਹੀ ਆਮ ਜਨਤਾ ਨੂੰ ਲੁੱਟਣ ਵਿਚ ਇਕ ਦੂਜੇ ਤੋਂ ਬਾਜ਼ੀ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਤੀਜੇ ਬਦਲ ਦੀ ਸੰਭਾਵਨਾ ਉਜਾਗਰ ਕਰ ਕੇ ਦੇਸ਼ ਵਾਸੀਆਂ ਅੰਦਰ ਇਕ ਨਵੀਂ ਰੂਹ ਫੂਕੀ ਹੈ। ਪੂਰੇ ਦੇਸ਼ ਵਿਚ ਇਸ ਦੇ ਉਮੀਦਵਾਰਾਂ ਨੂੰ ਜਨਤਾ ਨੇ ਹੱਥਾਂ 'ਤੇ ਚੁੱਕ ਲਿਆ ਹੈ।

ਸ਼ਾਇਰ ਰਾਜ ਚੋਪੜਾ, ਜਿਨ੍ਹਾਂ ਦੀ ਪਤਨੀ ਸ਼੍ਰੀਮਤੀ ਮਾਇਆ ਚੋਪੜਾ ਲੋਕ ਸਭਾ ਲਈ ਪਾਰਟੀ ਉਮੀਦਵਾਰ ਹੈ, ਨੇ ਇਸ ਮੌਕੇ ਬੋਲਦਿਆਂ ਸ਼੍ਰੀ ਕੇਜਰੀਵਾਲ ਦਾ ਲਿਖਤੀ ਸੁਨੇਹਾ ਪੜ੍ਹ ਕੇ ਸੁਣਾਇਆ। ਲੁਧਿਆਣਾ ਤੋਂ ਆਏ ਪਾਰਟੀ ਦੇ ਨੁਮਾਇੰਦੇ ਅਮਨਦੀਪ ਸਿੰਘ ਬੋਪਾਰਾਏ ਨੇ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਬਾਰੇ ਵੇਰਵੇ ਸਹਿਤ ਚਾਨਣਾ ਪਾਇਆ। ਦਿਲਾਵਰ ਸਿੰਘ ਚਾਹਲ ਨੇ ਸੰਗਰੂਰ ਤੋਂ ਪਾਰਟੀ ਉਮੀਦਵਾਰ ਹਾਸਰਸ ਕਲਾਕਾਰ ਅਤੇ ਪਹਿਲਾਂ ਪੀਪਲਜ਼ ਪਾਰਟੀ ਆਫ ਪੰਜਾਬ ਦੇ ਸਿਰਕੱਢ ਆਗੂ ਰਹੇ ਭਗਵੰਤ ਮਾਨ ਦੀ ਇਕੱਠ ਨਾਲ ਫੋਨ ਰਾਹੀਂ ਗੱਲ ਬਾਤ ਕਰਵਾਈ।

ਹੋਰਨਾਂ ਤੋਂ ਇਲਾਵਾ ਇਸ ਮੌਕੇ ਨਿਤਿਨ ਕਪੂਰ, ਡਾ. ਪਰਮਜੀਤ ਸਿੰਘ ਆਈ.ਏ.ਐਸ, ਅੰਮ੍ਰਿਤਪਾਲ ਸਰਾਂ, ਅਭੈ ਭੂਸ਼ਨ, ਮੋਨਿਕਾ ਉਪਲ ਪੋਪਲੀ, ਹਰਬੰਸ ਸਿੰਘ ਸਰਾਂ, ਪ੍ਰੋ. ਜਸਪਾਲ ਸਿੰਘ ਸੈਣੀ, ਵਿਵੇਕ ਪੋਪਲੀ ਅਤੇ ਡਾ. ਲਖਵਿੰਦਰ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ। ਹਾਜ਼ਰੀਨ ਨੇ ਇਸ ਸਮੇਂ ਹੋਏ ਫੰਡਰੇਜ਼ਰ ਵਿਚ ਭਰਵਾਂ ਯੋਗਦਾਨ ਪਾਇਆ ਅਤੇ ਚੋਣ ਪ੍ਰਚਾਰ ਵਾਸਤੇ ਦੇਸ਼ ਜਾਣ ਲਈ ਆਪਣੇ ਨਾਂ ਦਰਜ ਕਰਵਾਏ।

## ਘੱਟ ਨੀਂਦ ਆਉਣ ਕਾਰਨ ਖਤਰਾ

**ਵਾਸ਼ਿੰਗਟਨ:** ਨੀਂਦ ਨਾ ਆਉਣ ਦੀ ਬਿਮਾਰੀ ਵਿਅਕਤੀ ਲਈ ਖਤਰਨਾਕ ਸਾਬਤ ਹੋ ਸਕਦੀ ਹੈ। ਨਵੀਂ ਖੋਜ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਪਹਿਲਾਂ ਦੇ ਅਧਿਐਨ ਨਾਲੋਂ ਹੁਣ ਨੀਂਦ ਨਾ ਆਉਣਾ ਵਿਅਕਤੀ ਲਈ ਮਾਰੂ ਸਾਬਤ ਹੋ ਸਕਦਾ ਹੈ।

ਪੀਕਿੰਗ ਯੂਨੀਵਰਸਿਟੀ ਦੇ ਵਿਗਿਆਨੀਆਂ ਮੁਤਾਬਕ ਨੀਂਦ ਨਾ ਆਉਣ 'ਤੇ ਦਿਮਾਗ ਦੇ ਸੈੱਲਾਂ ਵਿਚ ਕਮੀ ਆ ਜਾਂਦੀ ਹੈ ਤੇ ਇਸ ਨਾਲ ਸਰੀਰਕ ਨੁਕਸਾਨ ਵੀ ਪਹੁੰਚਦਾ ਹੈ। ਇਸ ਦਾ ਅਧਿਐਨ ਚੂਹਿਆਂ 'ਤੇ ਕੀਤਾ ਗਿਆ ਹੈ।


Quick DOT & Registration Services
Ph: 510-789-8686
Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536
DMV ਦੇ ਐਨ ਸਾਹਮਣੇ
ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ
- IRP License Plate
- MC ICC Authority
- CA Number
- BIT Enrollment
- Hwy Use Tax IRS 2290
- Vin Verification
- US DOT Number
- UCR and Boc3
- Motor Carrier Permit
- EPN Enrollment
- Fuel Tax Returns IFTA Quarterly
- SCAC Code
- Permits For: New Mexico, Kentucky, New York & Oregon





ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ
ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ
We also file Corporations for Individual and Small Businesses





ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
269.99 Installed
LP22.5
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop





CASH PRICE STEER OR DRIVE
FET, SALES TAX, MOUNTING INCLUDED
INSTALLED OUT THE DOOR PRICE
661-203-0433

# ਕਾਂਗਰਸੀ ਬ੍ਰਹਮ ਅਸਤਰ ਅੱਗੇ ਕਸੂਤੀ ਫਸੀ ਹਾਕਮ ਧਿਰ

**ਚੰਡੀਗੜ੍ਹ:** ਕਾਂਗਰਸ ਵੱਲੋਂ ਪੰਜਾਬ ਵਿਚ ਸੀਨੀਅਰ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰਨ ਨਾਲ ਹਾਕਮ ਧਿਰ ਅਕਾਲੀ-ਭਾਜਪਾ ਦੀਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ ਹਨ। ਖਾਸਕਰ ਕਾਂਗਰਸ ਵੱਲੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਟਿਕਟ ਦੇਣ ਨਾਲ ਅਕਾਲੀ ਦਲ ਲਈ ਅਸਾਨ ਸਮਝੀ ਜਾ ਰਹੀ ਸੀਟ ਚੁਣੌਤੀ ਬਣ ਗਈ ਹੈ।

ਲੋਕ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ, ਭਾਜਪਾ ਆਗੂ ਅਰੁਣ ਜੇਤਲੀ, ਸਾਬਕਾ ਕਾਂਗਰਸੀ ਵਜ਼ੀਰ ਅੰਬਿਕਾ ਸੋਨੀ, ਸੂਬਾਈ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸੁਨੀਲ ਜਾਖੜ, ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਮਨਪ੍ਰੀਤ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਦਾ ਵਕਾਰ ਦਾਅ 'ਤੇ ਲੱਗਾ ਹੋਇਆ ਹੈ। ਅਕਾਲੀ-ਭਾਜਪਾ ਗੱਠਜੋੜ ਵੱਲੋਂ ਅੰਮ੍ਰਿਤਸਰ ਤੋਂ ਅਰੁਣ ਜੇਤਲੀ ਦੀ ਜਿੱਤ ਬੇਹੱਦ ਆਸਾਨ ਮੰਨੀ ਜਾ ਰਹੀ ਸੀ। ਕਾਂਗਰਸ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਗੁਰੂ ਕੀ ਨਗਰੀ ਤੋਂ ਮੈਦਾਨ ਵਿਚ ਉਤਾਰਨ ਨਾਲ ਅਕਾਲੀਆਂ ਤੇ ਭਾਜਪਾ ਦੀਆਂ ਗਿਣਤੀਆਂ ਮਿਣਤੀਆਂ ਹਿੱਲ ਗਈਆਂ ਹਨ।

ਪੰਜਾਬ ਦੇ ਰਾਜਨੀਤਕ ਦ੍ਰਿਸ਼ 'ਤੇ ਸਾਹਮਣੇ ਆਈਆਂ ਸਿਆਸੀ ਸ਼ਖ਼ਸੀਅਤਾਂ ਲਈ ਅਗਾਮੀ ਲੋਕ ਸਭਾ ਚੋਣਾਂ ਵੱਡੀ ਤਬਦੀਲੀ ਦਾ ਆਧਾਰ ਬਣ ਸਕਦੀਆਂ ਹਨ। ਇਹ ਚੋਣਾਂ ਜਿਥੇ ਕਾਂਗਰਸੀ ਆਗੂਆਂ ਅਮਰਿੰਦਰ ਸਿੰਘ ਤੇ ਪ੍ਰਤਾਪ ਸਿੰਘ ਬਾਜਵਾ ਦਾ ਭਵਿੱਖ ਤੈਅ ਕਰਨਗੀਆਂ ਉਥੇ ਭਾਜਪਾ ਆਗੂ ਅਰੁਣ ਜੇਤਲੀ ਤੇ ਅਕਾਲੀ ਦਲ ਦੇ ਕਈ ਆਗੂਆਂ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਵੀ ਲਾ ਸਕਦੀਆਂ ਹਨ। ਅੰਮ੍ਰਿਤਸਰ, ਆਨੰਦਪੁਰ ਸਾਹਿਬ, ਖਡੂਰ ਸਾਹਿਬ, ਸੰਗਰੂਰ, ਬਠਿੰਡਾ ਤੇ ਗੁਰਦਾਸਪੁਰ ਲੋਕ ਸਭਾ ਹਲਕਿਆਂ 'ਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੀਆਂ ਬਹੁ ਗਿਣਤੀ ਸੀਟਾਂ ਜਿੱਤਣ ਦੇ ਦਾਅਵੇ ਕੀਤੇ ਜਾਂਦੇ ਸਨ। ਕੈਪਟਨ ਅਮਰਿੰਦਰ ਸਿੰਘ ਨੂੰ ਸੂਬੇ ਦੀ ਰਾਜਨੀਤੀ ਵਿਚ ਹਾਸ਼ੀਏ 'ਤੇ ਹੀ ਮੰਨਿਆ ਜਾ ਰਿਹਾ ਸੀ। ਸਿਆਸੀ ਹਲਕਿਆਂ ਵਿਚ ਇਹ ਚਰਚਾ ਭਾਰੂ ਹੋ ਗਈ ਹੈ ਕਿ ਜੇਕਰ ਸਾਬਕਾ ਮੁੱਖ ਮੰਤਰੀ ਅੰਮ੍ਰਿਤਸਰ ਤੋਂ ਸ੍ਰੀ ਜੇਤਲੀ ਨੂੰ ਧੋਬੀ ਪਟਕਾ ਮਾਰਨ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਸੂਬਾਈ ਰਾਜਨੀਤੀ ਵਿਚ ਵਾਪਸੀ ਹੋ ਸਕਦੀ ਹੈ ਤੇ



ਅਗਲੀਆਂ ਵਿਧਾਨ ਸਭਾ ਚੋਣਾਂ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਲੜੀਆਂ ਜਾ ਸਕਦੀਆਂ ਹਨ।

ਇਹ ਗੱਲ ਵੀ ਭਾਰੂ ਹੈ ਕਿ ਅਮਰਿੰਦਰ ਸਿੰਘ ਦੀ ਅੰਮ੍ਰਿਤਸਰ ਤੋਂ ਉਮੀਦਵਾਰੀ ਮਾਝੇ ਦੀਆਂ ਦੋ ਹੋਰ ਸੀਟਾਂ ਖਡੂਰ ਸਾਹਿਬ ਤੇ ਗੁਰਦਾਸਪੁਰ 'ਤੇ ਅਸਰ ਪਾਵੇਗੀ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਲਈ ਲੋਕ ਸਭਾ ਚੋਣਾਂ ਦਾ ਮੈਦਾਨ ਪਹਿਲਾਂ ਵਾਂਗ ਸੁਖਾਲਾ ਦਿਖਾਈ ਨਹੀਂ ਦਿਸ ਰਿਹਾ। ਮੁੱਖ ਮੰਤਰੀ ਦੇ ਪਰਿਵਾਰ ਦਾ ਬਠਿੰਡਾ ਵਿਚ ਵਕਾਰ ਦਾਅ 'ਤੇ ਲੱਗਾ ਹੋਇਆ ਹੈ। ਇਸ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਮੈਦਾਨ ਵਿਚ ਹੈ। ਕਾਂਗਰਸ ਨੇ ਇਹ ਸੀਟ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਲਈ ਛੱਡ ਦਿੱਤੀ ਹੈ।

ਕਾਂਗਰਸ ਵੱਲੋਂ ਵੱਡੀਆਂ ਸਿਆਸੀ ਹਸਤੀਆਂ ਨੂੰ ਮੈਦਾਨ ਵਿਚ ਉਤਾਰਨ ਨਾਲ ਬਾਦਲ ਪਰਿਵਾਰ ਲਈ ਹੋਰ ਹਲਕਿਆਂ ਵਿਚ ਪ੍ਰਚਾਰ ਕਰਨਾ ਮੁਸ਼ਕਲ ਹੋ ਗਿਆ ਹੈ। ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਜੋ ਕਿ ਪਹਿਲਾਂ ਚੋਣ ਲੜਨ ਤੋਂ ਟਾਲਾ ਵੱਟ ਰਹੇ ਸਨ, ਨੂੰ ਵੀ ਪਾਰਟੀ ਨੇ ਚੋਣ ਪ੍ਰੀਖਿਆ ਵਿਚ ਪਾਇਆ ਹੈ। ਇਸੇ ਤਰ੍ਹਾਂ ਕਾਂਗਰਸ ਦੀ ਸੀਨੀਅਰ ਆਗੂ ਅੰਬਿਕਾ ਸੋਨੀ ਨੂੰ ਆਨੰਦਪੁਰ ਤੋਂ ਚੋਣ ਲੜਾਉਣ ਦੇ ਫੈਸਲੇ ਨੇ ਇਸ ਹਲਕੇ ਦਾ ਦ੍ਰਿਸ਼ ਵੀ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਸ੍ਰੀਮਤੀ ਸੋਨੀ ਜੋ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ, ਦਾ ਕੰਢੀ ਏਰੀਏ ਵਿਚ ਚੰਗਾ ਰਸੂਖ ਮੰਨਿਆ ਜਾ ਰਿਹਾ ਹੈ ਤੇ ਪਿਛਲੇ ਸਮੇਂ ਦੌਰਾਨ ਇਸ ਹਲਕੇ ਵਿੱਚ ਉਨ੍ਹਾਂ ਐਮ.ਪੀ ਲੈਂਡ ਫੰਡ ਵਿਚ ਗਰਾਂਟਾਂ ਵੀ ਵੰਡੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਸੁਖਦੇਵ ਸਿੰਘ ਢੀਂਡਸਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਬਾਰੇ ਇਹ ਮੰਨਿਆ ਜਾ ਰਿਹਾ ਹੈ ਕਿ ਉਹ ਆਪਣੇ ਰਾਜਸੀ ਜੀਵਨ ਦੀ ਇਕ ਤਰ੍ਹਾਂ ਨਾਲ ਆਖ਼ਰੀ ਚੋਣ ਲੜ ਰਹੇ ਹਨ। ਕਾਂਗਰਸ ਵੱਲੋਂ ਵੱਡੇ ਆਗੂਆਂ ਨੂੰ ਉਮੀਦਵਾਰ ਬਣਾਉਣ ਨਾਲ ਇਨ੍ਹਾਂ ਦੋਹਾਂ ਅਕਾਲੀ ਆਗੂਆਂ ਦੀਆਂ ਚਿੰਤਾਵਾਂ ਵਧਣੀਆਂ ਸੁਭਾਵਿਕ ਹਨ। ਇਹ ਮੰਨਿਆ ਜਾ ਰਿਹਾ ਹੈ ਕਿ ਅੰਮ੍ਰਿਤਸਰ ਤੋਂ ਮੌਜੂਦਾ ਐਮ.ਪੀ ਨਵਜੋਤ ਸਿੰਘ ਸਿੱਧੂ ਦੀ ਟਿਕਟ ਕਟਵਾਉਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਹਿਮ ਭੂਮਿਕਾ ਨਿਭਾਈ ਹੈ। ਛੋਟੇ ਬਾਦਲ ਵੱਲੋਂ ਹੀ ਇਹ ਦਾਅਵਾ ਕੀਤਾ ਗਿਆ ਸੀ ਕਿ ਜੇਕਰ ਅਰੁਣ ਜੇਤਲੀ ਅੰਮ੍ਰਿਤਸਰ ਤੋਂ ਚੋਣ ਲੜਨਗੇ ਤਾਂ ਉਹ ਦਿੱਲੀ ਬੈਠਿਆਂ ਹੀ ਜਿੱਤ ਜਾਣਗੇ। ਉਦੋਂ ਤੱਕ ਹਾਕਮ ਪਾਰਟੀਆਂ ਨੂੰ ਕਾਂਗਰਸ ਦੀ ਰਣਨੀਤੀ ਦਾ ਕੋਈ ਗਿਆਨ ਨਹੀਂ ਸੀ ਕਿ ਕਾਂਗਰਸ ਅਮਰਿੰਦਰ ਸਿੰਘ ਨੂੰ ਮੈਦਾਨ ਵਿਚ ਉਤਾਰ ਦੇਵੇਗੀ।

## ਜੇਤਲੀ ਨੂੰ ਅੰਮ੍ਰਿਤਸਰ ਸੀਟ ਦੇਣ ਪਿੱਛੇ ਸੁਖਬੀਰ ਬਾਦਲ ਦੀ ਸੋਚ!

**ਨਿਸ਼ਾਨਾ ਸੀ ਨਵਜੋਤ ਸਿੰਘ ਸਿੱਧੂ ਨੂੰ ਅੰਮ੍ਰਿਤਸਰ ਤੋਂ ਚੋਣ ਲੜਨ ਤੋਂ ਰੋਕਣਾ**





**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਭਾਜਪਾ ਦੇ ਕੌਮੀ ਆਗੂ ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਉਮੀਦਵਾਰ ਐਲਾਨਣ ਪਿੱਛੇ ਅਕਾਲੀ ਦਲ ਵੱਲੋਂ ਕੀਤੀ ਗਈ ਦਖਲ ਅੰਦਾਜ਼ੀ ਕਿਸੇ ਤੋਂ ਗੁੱਝੀ ਨਹੀਂ ਰਹੀ। ਭਾਜਪਾ ਦੇ ਸਟਾਰ ਪ੍ਰਚਾਰਕ ਤੇ ਗੁਰੂ ਨਗਰੀ ਤੋਂ ਤਿੰਨ ਵਾਰ ਜੇਤੂ ਰਹੇ ਨਵਜੋਤ ਸਿੰਘ ਸਿੱਧੂ ਨੇ ਹਲਕੇ ਨੂੰ ਵਿਕਾਸ ਪੱਖੋਂ ਅਣਗੌਲਣ ਦੇ ਦੋਸ਼ਾਂ ਨਾਲ ਆਪਣੀ ਭਾਈਵਾਲ ਸੂਬਾ ਸਰਕਾਰ ਵਿਰੁੱਧ ਬੋਲਣ ਦਾ ਹੌਸਲਾ ਕੀਤਾ ਸੀ ਤੇ ਇਸੇ ਰੜਕ ਵਿਚ ਅਕਾਲੀਆਂ ਨੇ ਸਿੱਧੂ ਨੂੰ ਨੁੱਕਰੇ ਲਾਉਣ ਲਈ ਸ੍ਰੀ ਜੇਤਲੀ ਦੇ ਨਾਂ ਦੀ ਭਾਜਪਾ ਨੂੰ ਅਪੀਲ ਦਾ ਸਹਾਰਾ ਲਿਆ ਜਿਸ ਵਿਚ ਉਹ ਸਫਲ ਹੋਏ।

ਇਸ ਤਰ੍ਹਾਂ ਉਨ੍ਹਾਂ ਸ. ਸਿੱਧੂ ਨੂੰ ਅੰਮ੍ਰਿਤਸਰ ਹਲਕੇ ਤੋਂ ਚੋਣ ਲੜਨ ਤੋਂ ਰੋਕਣ ਵਿਚ ਸਫਲ ਰਹੇ ਤੇ ਭਾਜਪਾ ਵਿਚ ਆਪਣਾ ਡੂੰਘਾ ਪ੍ਰਭਾਵ ਹੋਣ ਦੀ ਵੀ ਦਿੱਖ ਬਣਾ ਲਈ। ਇਸ ਪ੍ਰਭਾਵ ਨੂੰ ਹੁਣ ਅਕਾਲੀ ਦਲ ਭਾਜਪਾ ਦੀ ਕੌਮੀ ਕਮਾਂਡ ਵਿਚ ਚੱਲਦੀ ਹੋਣ ਦੇ ਦਿਖਾਵੇ ਅਧੀਨ ਸਥਾਨਕ ਭਾਜਪਾ ਆਗੂਆਂ ਨੂੰ ਆਪਣੇ ਹੱਥਾਂ ਥੱਲੇ ਰੱਖਣ ਲਈ ਵੀ ਵਰਤੇਗੀ। ਸ੍ਰੀ ਜੇਤਲੀ ਦੀ ਅੰਮ੍ਰਿਤਸਰ ਤੋਂ ਉਮੀਦਵਾਰੀ ਨਾਲ ਅਕਾਲੀ ਦਲ ਦੇ ਸੂਬੇ ਵਿਚ ਵੱਖ-ਵੱਖ ਉਮੀਦਵਾਰਾਂ ਨਾਲੋਂ ਦੂਰੀ ਰੱਖ ਰਹੇ ਭਾਜਪਾ ਆਗੂ ਹੁਣ ਸੰਜੀਦਗੀ ਨਾਲ ਚੋਣ ਪ੍ਰਚਾਰ ਕਰਨਗੇ ਤੇ ਅਕਾਲੀ ਸੀਟਾਂ 'ਤੇ ਇਸ ਦਾ ਸਿੱਕੇਬੰਦ ਪ੍ਰਭਾਵ ਪਵੇਗਾ।

ਸ੍ਰੀ ਜੇਤਲੀ ਭਾਜਪਾ ਕੌਮੀ ਕਮਾਂਡ ਦੇ ਮੂਹਰਲੇ ਚਾਰ ਪੰਜ ਆਗੂਆਂ ਵਿਚ ਸ਼ੁਮਾਰ ਕਰਦੇ ਹਨ, ਦੇਸ਼ ਦੀ ਅਗਲੀ ਸਰਕਾਰ ਬਾਰੇ ਜੇਕਰ ਜਮਹੂਰੀ ਗਠਜੋੜ ਦੇ ਹੱਕ ਵਿਚ ਸੰਭਾਵਨਾ ਬਣਦੀ ਹੈ ਤਾਂ ਉਹ ਪ੍ਰਮੁੱਖ ਵਜ਼ਾਰਤ ਦੇ ਦਾਅਵੇਦਾਰ ਹੋਣਗੇ। ਅਜਿਹੇ ਵਿਚ ਅਕਾਲੀ ਸੂਬੇ ਦੇ ਵਿਕਾਸ ਲਈ ਮੂੰਹ ਮੰਗੀਆਂ ਸਹੂਲਤਾਂ ਦੀ ਤਾਕ ਰੱਖ ਰਹੇ ਹਨ। ਅਕਾਲੀਆਂ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸ੍ਰੀ ਜੇਤਲੀ ਦੇ ਆਉਣ ਨਾਲ ਸਰਹੱਦੀ ਖੇਤਰ ਦੇ ਵਿਕਾਸ ਮੁੱਦੇ ਤੇ ਹਿੰਦ ਪਾਕਿ ਰਿਸ਼ਤਿਆਂ 'ਤੇ ਚੰਗਾ ਅਸਰ ਪੈਣ ਦੀ ਸੰਭਾਵਨਾ ਬਣੇਗੀ ਜਿਸ ਤੋਂ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਮੌਕੇ ਵੀ ਲਾਭਦਾਇਕ ਅਸਰ ਭਾਲਣਗੇ। ਜੇਕਰ ਚੋਣਾਂ ਉਪਰੰਤ ਗਠਜੋੜ ਦੇ ਦਾਅਵੇ ਮੁਤਾਬਕ ਸਰਕਾਰ ਲਈ ਲੋੜੀਂਦੇ 272 ਦੇ ਜਾਦੂਈ ਅੰਕੜੇ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਅਜਿਹੇ ਵਿਚ ਹੋਰਨਾਂ ਕਾਂਗਰਸ ਵਿਰੋਧੀ ਪਾਰਟੀਆਂ ਦੀ ਸਹਾਇਤਾ ਸੰਭਾਵਨਾ ਦੌਰਾਨ ਭਾਜਪਾ ਪ੍ਰਧਾਨ ਮੰਤਰੀ ਦੇ ਉਮੀਦਵਾਰ ਨਰਿੰਦਰ ਮੋਦੀ ਦੇ ਨਾਂਅ 'ਤੇ ਅਸਹਿਮਤੀ ਮੌਕੇ ਸ੍ਰੀ ਜੇਤਲੀ ਨਿਰਪੱਖ ਸ਼ਖ਼ਸੀਅਤ ਹੋਣ ਕਾਰਨ ਚਰਚਾ ਵਿਚ ਆ ਸਕਦੇ ਹਨ, ਜਿਸ 'ਤੇ ਵੀ ਅਕਾਲੀਆਂ ਦੀ ਨਜ਼ਰ ਸਮਝੀ ਜਾ ਰਹੀ ਹੈ।

## ਅੰਮ੍ਰਿਤਸਰ ਵਿਚ ਮੁਕਾਬਲਾ ਹੋਇਆ ਸਖਤ

**ਅੰਮ੍ਰਿਤਸਰ:** ਕਾਂਗਰਸ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਨ ਨਾਲ ਇਥੇ ਸਖ਼ਤ ਮੁਕਾਬਲਾ ਹੋਣ ਦੇ ਆਸਾਰ ਬਣ ਗਏ ਹਨ। ਅਕਾਲੀ-ਭਾਜਪਾ ਵੱਲੋਂ ਇਸ ਹਲਕੇ ਤੋਂ ਸੀਨੀਅਰ ਆਗੂ ਅਰੁਣ ਜੇਤਲੀ ਨੂੰ ਉਮੀਦਵਾਰ ਐਲਾਨਣ ਤੋਂ ਬਾਅਦ ਇਹ ਸੀਟ ਇਕ ਪਾਸੜ ਮੰਨੀ ਜਾ ਰਹੀ ਸੀ। ਕੈਪਟਨ ਅਮਰਿੰਦਰ ਸਿੰਘ ਚੋਣਾਂ ਲੜਨ ਦੇ ਤਜਰਬੇਕਾਰ ਖਿਡਾਰੀ ਹਨ।

ਉਹ ਹੁਣ ਤੱਕ ਕਈ ਵਾਰ ਵਿਧਾਨ ਸਭਾ ਚੋਣਾਂ ਲੜ ਤੇ ਜਿੱਤ ਚੁੱਕੇ ਹਨ। ਉਨ੍ਹਾਂ ਦੀ ਅਗਵਾਈ ਹੇਠ ਲੋਕ ਸਭਾ ਚੋਣਾਂ ਵਿਚ ਵੀ ਕਾਂਗਰਸ ਨੂੰ ਚੰਗੇ ਨਤੀਜੇ ਮਿਲ ਚੁੱਕੇ ਹਨ। ਉਂਜ ਵੀ ਉਹ ਪੰਜਾਬ ਦੇ ਲੋਕਾਂ ਵਿਚ ਚੁੰਬਕੀ ਖਿੱਚ ਵਾਲੇ ਆਗੂ ਹਨ ਜੋ ਸਹਿਜੇ ਹੀ ਭੀੜ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ। ਉਨ੍ਹਾਂ ਨੂੰ ਇਥੋਂ ਦੇ ਸ਼ਹਿਰੀ ਤੇ ਦਿਹਾਤੀ ਹਲਕਿਆਂ ਵਿਚ ਕਿਸੇ ਪਛਾਣ ਦੀ ਲੋੜ ਨਹੀਂ ਹੈ। ਇਸ ਤੋਂ ਇਲਾਵਾ ਉਹ ਸਿੱਖ ਹਨ ਤੇ ਰਾਜਸੀ ਘਰਾਣੇ ਨਾਲ ਸਬੰਧਤ ਹਨ। ਇਹ ਹਲਕਾ ਵੀ ਵਧੇਰੇ ਸਿੱਖ ਵੋਟਰਾਂ ਵਾਲਾ ਹੈ, ਜਿਥੇ ਕੈਪਟਨ





ਅਮਰਿੰਦਰ ਸਿੰਘ ਦੀ ਸਿੱਖ ਦਿੱਖ ਵੋਟਰਾਂ ਨੂੰ ਵਧੇਰੇ ਪ੍ਰਭਾਵਿਤ ਕਰ ਸਕਦੀ ਹੈ। ਇਸ ਦੀ ਮਿਸਾਲ ਭਾਜਪਾ ਦਾ ਮੌਜੂਦਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਹੈ ਜਿਸ ਨੇ ਲਗਾਤਾਰ ਇਸ ਹਲਕੇ ਤੋਂ ਤਿੰਨ ਵਾਰ ਚੋਣ ਜਿੱਤੀ ਹੈ ਤੇ ਗੈਰ-ਸਿੱਖ ਉਮੀਦਵਾਰਾਂ ਨੂੰ ਹਰਾਇਆ ਹੈ।

ਦੂਜੇ ਪਾਸੇ ਇਸ ਵਾਰ ਭਾਜਪਾ ਵੱਲੋਂ ਸਿੱਖ ਉਮੀਦਵਾਰ ਦੀ ਥਾਂ ਗ਼ੈਰ ਸਿੱਖ ਉਮੀਦਵਾਰ ਸ੍ਰੀ ਅਰੁਣ ਜੇਤਲੀ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਜਿਤਾਉਣ ਦਾ ਭਰੋਸਾ ਦਿੱਤਾ ਹੈ। ਇਸ ਵੇਲੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਵਧੇਰੇ ਵਿਧਾਨ ਸਭਾ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦਾ ਦਬਦਬਾ ਰਿਹਾ ਹੈ ਜਿਸਦਾ ਫਾਇਦਾ ਮੁੜ ਗਠਜੋੜ ਨੂੰ ਮਿਲਣ ਦੀ ਸੰਭਾਵਨਾ ਹੈ। ਦੂਜਾ ਸ੍ਰੀ ਜੇਤਲੀ ਸਾਬਕਾ ਕੇਂਦਰੀ ਮੰਤਰੀ ਤੇ ਸਹਿਜ ਸੁਭਾਅ ਵਾਲੀ ਸ਼ਖ਼ਸੀਅਤ ਹਨ ਜਿਨ੍ਹਾਂ ਦਾ ਪਰਿਵਾਰਕ ਪਿਛੋਕੜ ਅੰਮ੍ਰਿਤਸਰ ਨਾਲ ਸਬੰਧਤ ਹੈ। ਭਾਜਪਾ ਤੇ ਅਕਾਲੀ ਦਲ ਵੱਲੋਂ ਇਹ ਗੱਲ ਕਹਿ ਕੇ ਕਾਂਗਰਸੀ ਉਮੀਦਵਾਰ ਨੂੰ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਉਹ ਪਹਿਲਾਂ ਹੀ ਅੱਧੇ ਮਨ ਨਾਲ ਚੋਣ ਮੈਦਾਨ ਵਿਚ ਉਤਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਇਸ ਲੋਕ ਸਭਾ ਹਲਕੇ ਤੋਂ ਚੋਣ ਲੜਨ ਤੋਂ ਪਹਿਲਾਂ ਇਹ ਕਹਿ ਕੇ ਇਨਕਾਰ ਕਰ ਚੁੱਕੇ ਹਨ ਕਿ ਉਹ ਹਲਕੇ ਤੋਂ ਬਾਹਰੀ ਵਿਅਕਤੀ ਹਨ ਤੇ ਉਹ ਹਲਕੇ ਦੇ ਲੋਕਾਂ ਨਾਲ ਇਨਸਾਫ ਨਹੀਂ ਕਰ ਸਕਣਗੇ। ਕੈਪਟਨ ਅਮਰਿੰਦਰ ਸਿੰਘ ਦੀ ਆਮਦ ਤੋਂ ਪਹਿਲਾਂ ਇਸ ਖੇਤਰ ਵਿਚ ਕਾਂਗਰਸੀ ਆਪਸ ਵਿਚ ਵੰਡੇ ਹੋਏ ਸਨ ਤੇ ਵੱਡੀ ਫੁੱਟ ਦਾ ਸ਼ਿਕਾਰ ਸਨ ਪਰ ਉਨ੍ਹਾਂ ਦੇ ਨਾਂ ਦਾ ਐਲਾਨ ਹੋਣ ਤੋਂ ਮਗਰੋਂ ਕਾਂਗਰਸੀਆਂ ਵਿਚ ਨਵਾਂ ਉਤਸ਼ਾਹ ਹੈ।

# ਅਕਾਲੀ ਦਲ (ਲੌਂਗੋਵਾਲ) ਵੱਲੋਂ ਕਾਂਗਰਸ ਦੀ ਹਮਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਨਾਲ ਚੋਣ ਗਠਜੋੜ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਕਾਂਗਰਸ ਤੇ ਲੌਂਗੋਵਾਲ ਦਲ ਦੇ ਆਗੂਆਂ ਨੇ ਸੰਕੇਤ ਦਿੱਤੇ ਕਿ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਦੋਵੇਂ ਪਾਰਟੀਆਂ ਸੀਟਾਂ ਦਾ ਲੈਣ-ਦੇਣ ਕਰਕੇ ਚੋਣ ਗੱਠਜੋੜ ਕਰਨਗੀਆਂ।

ਸ. ਬਰਨਾਲਾ ਨੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਸੁਰਜੀਤ ਕੌਰ ਬਰਨਾਲਾ, ਸਕੱਤਰ ਜਨਰਲ ਬਲਦੇਵ ਸਿੰਘ ਮਾਨ, ਮੀਤ ਪ੍ਰਧਾਨ ਗਗਨਜੀਤ ਸਿੰਘ ਬਰਨਾਲਾ, ਸਾਬਕਾ ਮੰਤਰੀ ਸੁਰਿੰਦਰ ਸਿੰਘ ਧੂਰੀ, ਇੰਦਰਜੀਤ ਸਿੰਘ ਜ਼ੀਰਾ ਤੇ ਸੈਂਕੜੇ ਵਰਕਰਾਂ ਸਮੇਤ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ, ਸਾਬਕਾ ਮੰਤਰੀ ਲਾਲ ਸਿੰਘ ਤੇ ਸੰਸਦ ਮੈਂਬਰ ਵਿਜੈਇੰਦਰ ਸਿੰਗਲਾ ਦੀ ਮੌਜੂਦਗੀ ਵਿਚ ਕਾਂਗਰਸ ਦੇ ਸਮੂਹ ਉਮੀਦਵਾਰਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ। ਲੌਂਗੋਵਾਲ ਦਲ ਵੱਲੋਂ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਇਹ ਸਮਝੌਤਾ ਆਰ.ਐਸ.ਐਸ ਵੱਲੋਂ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਨਰਿੰਦਰ ਮੋਦੀ ਨੂੰ ਹਥਿਆਰ ਵਜੋਂ ਵਰਤ ਕੇ ਦੇਸ਼ ਵਿਚ ਹਿੰਦੂ ਅਤੇ ਫਿਰਕੂ ਰਾਜ ਕਾਇਮ ਕਰਨ ਲਈ ਕੀਤੀ ਜਾ ਰਹੀ ਸਾਜ਼ਿਸ਼ ਨੂੰ ਅਸਫਲ ਕਰਨ ਲਈ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸ੍ਰੀ ਮੋਦੀ ਦੇਸ਼ ਦੀਆਂ ਸਮੂਹ ਨਦੀਆਂ



ਨੂੰ ਜੋੜਨ ਦੀ ਗੱਲ ਕਰਕੇ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦਾ ਯਤਨ ਕਰ ਰਹੇ ਹਨ ਤੇ ਦੂਜੇ ਪਾਸੇ ਸ. ਬਾਦਲ ਉਨ੍ਹਾਂ ਦੇ ਸੋਹਲੇ ਗਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਜੇਕਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਤਾਰਪੀਡੋ ਨਾ ਕਰਦੇ ਤਾਂ ਅੱਜ ਚੰਡੀਗੜ੍ਹ ਪੰਜਾਬ ਦਾ ਹੋਣਾ ਸੀ। ਇਸ ਮੌਕੇ ਸ. ਬਾਜਵਾ ਨੇ ਕਿਹਾ ਕਿ ਲੌਂਗੋਵਾਲ ਦਲ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਹੋਈ ਗੱਲਬਾਤ ਤੋਂ ਬਾਅਦ ਇਹ ਸਮਝੌਤਾ ਬਿਨਾਂ ਸ਼ਰਤ ਕੀਤਾ ਹੈ, ਜਿਸ ਦਾ ਚੋਣਾਂ ਦੌਰਾਨ ਖਾਸ ਕਰਕੇ ਸੰਗਰੂਰ ਸਮੇਤ ਸਾਰੇ ਪੰਜਾਬ ਵਿਚ ਕਾਂਗਰਸ ਦੇ ਉਮੀਦਵਾਰਾਂ ਨੂੰ ਲਾਭ ਮਿਲੇਗਾ।

ਉਨ੍ਹਾਂ ਦੋਸ਼ ਲਾਇਆ ਕਿ ਸ. ਬਾਦਲ ਨੇ ਸਿੱਖਾਂ ਦੇ ਮੱਕੇ ਵਜੋਂ ਜਾਣੇ ਜਾਂਦੇ ਅੰਮ੍ਰਿਤਸਰ ਵਿਖੇ ਭਾਜਪਾ ਦੇ ਬਾਹਰੀ ਆਗੂ ਅਰੁਣ ਜੇਤਲੀ ਨੂੰ ਚੋਣ ਲੜਾ ਕੇ ਰਵਾਇਤਾਂ ਦੀ ਉਲੰਘਣਾ ਕੀਤੀ ਹੈ। ਸ. ਬਾਦਲ ਦਾ ਇੱਕੋ ਮਨੋਰਥ ਹੈ ਕਿ ਉਹ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਕੇਂਦਰ ਵਿਚ ਮੰਤਰੀ ਦੇਖਣਾ ਚਾਹੁੰਦੇ ਹਨ। ਇਸ ਮੌਕੇ ਬੀਬੀ ਭੱਠਲ ਨੇ ਸਪੱਸ਼ਟ ਕੀਤਾ ਕਿ ਉਹ ਲੋਕ ਸਭਾ ਚੋਣਾਂ ਨਹੀਂ ਲੜ ਰਹੇ ਕਿਉਂਕਿ ਉਨ੍ਹਾਂ ਦੇ ਸੰਗਰੂਰ ਲੋਕ ਸਭਾ ਹਲਕੇ ਦੇ ਮੌਜੂਦਾ ਸੰਸਦ ਮੈਂਬਰ ਵਿਜੈਇੰਦਰ ਸਿੰਗਲਾ ਇਕ ਮਜ਼ਬੂਤ ਉਮੀਦਵਾਰ ਹਨ।

**ਕਾਂਗਰਸ ਦੇ ਚੋਣ ਨਿਸ਼ਾਨ 'ਤੇ ਚੋਣ ਲੜੇਗਾ ਮਨਪ੍ਰੀਤ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਲੋਕ ਸਭਾ ਚੋਣ ਕਾਂਗਰਸ ਦੇ ਚੋਣ ਨਿਸ਼ਾਨ ਹੱਥ 'ਤੇ ਲੜਨਗੇ। ਪੀ.ਪੀ.ਪੀ. ਦਾ ਚੋਣ ਨਿਸ਼ਾਨ ਪਤੰਗ ਹੈ ਪਰ ਪਾਰਟੀ ਨੂੰ ਚੋਣ ਕਮਿਸ਼ਨ ਵੱਲੋਂ ਮਾਨਤਾ ਨਹੀਂ ਮਿਲੀ ਹੋਈ। ਇਸ ਕਰਕੇ ਕੇਵਲ ਰਜਿਸਟਰਡ ਪਾਰਟੀ ਨੂੰ ਹੀ ਪੱਕਾ ਚੋਣ ਨਿਸ਼ਾਨ ਮਿਲਿਆ ਹੁੰਦਾ ਹੈ। ਪਾਰਟੀ ਦੇ ਇਕ ਆਗੂ ਨੇ ਕਿਹਾ ਕਿ ਪਾਰਟੀ ਚੋਣ ਨਿਸ਼ਾਨ ਦਾ ਮੁੱਦਾ ਲਮਕਾਉਣਾ ਨਹੀਂ ਚਾਹੁੰਦੀ। ਇਸ ਕਰਕੇ ਸ. ਬਾਦਲ ਹੱਥ ਦੇ ਨਿਸ਼ਾਨ 'ਤੇ ਹੀ ਚੋਣ ਲੜਨਗੇ। ਸੀ.ਪੀ.ਆਈ. ਤੇ ਅਕਾਲੀ ਦਲ (ਲੌਂਗੋਵਾਲ) ਵੀ ਸ. ਮਨਪ੍ਰੀਤ ਨੂੰ ਹਮਾਇਤ ਦੇ ਰਹੇ ਹਨ।

### ਬਠਿੰਡੇ ਤੋਂ ਮਨਪ੍ਰੀਤ ਨਾਲ ਡਟੇ ਕਾਮਰੇਡ

*__ਬਠਿੰਡਾ:__ ਬਠਿੰਡਾ ਲੋਕ ਸਭਾ ਹਲਕੇ ਦੀ ਰਾਜਸੀ ਪੱਖ ਤੋਂ ਅਤਿ ਮਹੱਤਵਪੂਰਨ ਸੀਟ ਤੋਂ ਸਾਂਝੇ ਮੋਰਚੇ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੂੰ ਭਾਰਤੀ ਕਮਿਊਨਿਸਟ ਪਾਰਟੀ ਨੇ ਬਿਨਾਂ ਕਿਸੇ ਸ਼ਰਤ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਇਹ ਐਲਾਨ ਕਰਦਿਆਂ ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਕਿ ਪਾਰਟੀ ਦਾ ਇਹ ਫੈਸਲਾ ਸੱਤਾਧਾਰੀ ਬਾਦਲ ਪਰਿਵਾਰ ਨੂੰ ਲੋਕ ਸਭਾ ਚੋਣਾਂ ਵਿਚ ਹਰਾਉਣ ਲਈ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਜੋੜ ਨੂੰ ਹਰਾਉਣ ਲਈ ਕਮਿਊਨਿਸਟ ਪਾਰਟੀ ਮਨਪ੍ਰੀਤ ਸਿੰਘ ਬਾਦਲ ਦੀ ਬਿਨ੍ਹਾਂ ਕਿਸੇ ਸ਼ਰਤ ਦੇ ਹਮਾਇਤ ਕਰੇਗੀ, ਇਥੋਂ ਤੱਕ ਜੇਕਰ ਸ. ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੇ ਚੋਣ ਨਿਸ਼ਾਨ 'ਤੇ ਚੋਣ ਲੜਦੇ ਹਨ ਤਾਂ ਵੀ ਪਾਰਟੀ ਉਨ੍ਹਾਂ ਨੂੰ ਆਪਣੀ ਹਮਾਇਤ ਜਾਰੀ ਰੱਖੇਗੀ।*

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250






To Advertise with Punjab Times Call: 847-359-0746



COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਲਿਵਿੰਗਸਟਨ, ਮਰਸਡ, ਐਟਵਾਟਰ, ਟਰਲੱਕ, ਮਾਡੈਸਟੋ ਅਤੇ ਸੈਂਟਰ ਵੈਲੀ ਦੇ ਹੋਰ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣਾ ਨਾਂ ਤੁਰੰਤ ਇਨਰੋਲ ਕਰਾਓ ਕਿਉਂਕਿ ਇਨਰੋਲਮੈਂਟ 31 ਮਾਰਚ 2014 ਤਕ ਹੀ ਹੈ।
ਆਪਣੇ ਸਰਟੀਫਾਈਡ ਇੰਸ਼ੋਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (209) 394-9191
E-mail: Jarnail_lallria@yahoo.com


## ਮਾਂਗਟ ਪਰਿਵਾਰ ਨੂੰ ਸਦਮਾ

**ਫਰਿਜ਼ਨੋ (ਬਿਊਰੋ):** ਸਥਾਨਕ ਪਤਵੰਤੇ ਮਨਜੀਤ ਸਿੰਘ ਮਾਂਗਟ ਲੰਘੀ 16 ਮਾਰਚ ਨੂੰ ਦਿਲ ਦਾ ਦੌਰਾ ਪੈਣ ਕਰਕੇ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 53 ਸਾਲ



*ਮਨਜੀਤ ਸਿੰਘ ਮਾਂਗਟ*

ਦੇ ਸਨ। ਉਹ ਆਪਣੇ ਪਿਛੇ ਪਤਨੀ ਜਸਵਿੰਦਰ ਕੌਰ ਮਾਂਗਟ, ਇਕ ਪੁਤਰ ਅਤੇ ਧੀ ਛੱਡ ਗਏ ਹਨ।

ਸ. ਮਾਂਗਟ ਪਿੰਡ ਘੁਲਾਲ, ਤਹਿਸੀਲ ਸਮਰਾਲਾ, ਜ਼ਿਲਾ ਲੁਧਿਆਣਾ ਤੋਂ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 29 ਮਾਰਚ, ਸਨਿਚਰਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ (4800 ਕਲੇਅਟਨ ਐਵਨਿਊ ਫਾਉਲਰ) ਵਿਖੇ 11 ਤੋਂ 2 ਵਜੇ ਹੋਵੇਗਾ। ਉਪਰੰਤ ਭੋਗ ਅਤੇ ਅਰਦਾਸ ਗੁਰਦੁਆਰਾ ਨਾਨਕ ਪ੍ਰਕਾਸ਼ (4250 ਈਸਟ ਲਿੰਕਨ ਐਵਨਿਊ) ਵਿਖੇ ਬਾਅਦ ਦੁਪਹਿਰ 2 ਤੋਂ 4 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 559-304-4246 ਰਾਹੀਂ ਕੀਤਾ ਜਾ ਸਕਦਾ ਹੈ।

*punjabtimesusa.com*


ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-691-8300 ਜਾਂ 316-518-5382
12-15





Security Cameras
Special promotion for limited time only
1000 TVL camera for the price of 700 TVL camera
Limit 4 for each customer only
For more Details, Contact:
Balbir S Sidhu-209-495-3905 (Cell)
Toll Free (888) 233-4566
DVRunlimited Inc.
Fax-(209) 982-9133



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838





Want to Sell Your Home
We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ
Sacramento, Stockton, Roseville area prices are on the rise.
Please call me to find out value of your home.
If you are thinking to Buy or Sell a Home, please give us a chance
Call: Sohanpreet 'Sam' Chahal
@916-612-5773
Sohanpreet (Sam) Chahal
CA Lic. 01504071
Realtor/Notary Public
email:samchahal@hotmail.com
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707




**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਲਮੀਕ ਭਾਈਚਾਰੇ ਨੇ ਸੁਖਬੀਰ ਨੂੰ ਘੇਰਿਆ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਸੰਸਦੀ ਸਕੱਤਰ ਪਵਨ ਕੁਮਾਰ ਟੀਨੂੰ ਨੂੰ ਲੋਕ ਸਭਾ ਦੀ ਟਿਕਟ ਦਿੱਤੇ ਜਾਣ ਤੋਂ ਨਾਰਾਜ਼ ਚੱਲ ਰਹੇ ਬਾਲਮੀਕ ਭਾਈਚਾਰੇ ਨੂੰ ਗਾਇਕ ਹੰਸ ਰਾਜ ਹੰਸ ਦੇ ਘਰ ਉਨ੍ਹਾਂ ਨੂੰ ਮਨਾਉਣ ਆਏ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਭਾਈਚਾਰੇ ਨੇ ਖਰੀਆਂ-ਖਰੀਆਂ ਸੁਣਾਈਆਂ। ਮੀਟਿੰਗ ਵਿਚ ਹਾਜ਼ਰ ਆਗੂਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਸੁਖਬੀਰ ਬਾਦਲ ਵੱਲੋਂ ਦਿੱਤੇ ਗਏ ਭਰੋਸਿਆਂ 'ਤੇ ਯਕੀਨ ਨਹੀਂ ਕਰਦੇ। ਪਾਰਟੀ ਵੱਲੋਂ ਪਵਨ ਕੁਮਾਰ ਟੀਨੂੰ ਨੂੰ ਟਿਕਟ ਦੇਣ ਦੇ ਐਲਾਨ ਤੋਂ ਹੀ ਨਾਰਾਜ਼ ਚੱਲ ਰਹੇ ਹੰਸ ਰਾਜ ਹੰਸ ਨੂੰ ਬਠਿੰਡਾ ਲੋਕ ਸਭਾ ਹਲਕੇ 'ਚ ਚੋਣ ਮੁਹਿੰਮ ਦਾ ਇੰਚਾਰਜ ਲਾ ਦਿੱਤਾ ਗਿਆ ਹੈ। ਉਹ ਮਾਲਵਾ ਅਤੇ ਲੁਧਿਆਣੇ ਦੇ ਇਲਾਕੇ ਵਿਚ ਪਾਰਟੀ ਲਈ ਪ੍ਰਚਾਰ ਕਰਨਗੇ।

ਇਕ ਘੰਟਾ ਚੱਲੀ ਮੀਟਿੰਗ ਦੌਰਾਨ ਬਾਲਮੀਕ ਭਾਈਚਾਰੇ ਦੇ ਆਗੂਆਂ ਨੇ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਨਾਲ ਹੁੰਦੇ ਆ ਰਹੇ ਧੱਕੇ ਬਾਰੇ ਦੱਸਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਇਹ ਗੱਲ ਮੰਨਣੀ ਪਈ ਕਿ ਉਨ੍ਹਾਂ ਕੋਲੋਂ ਇਹ ਗਲਤੀ ਹੋਈ ਹੈ ਕਿ ਦੋਆਬੇ 'ਚ ਬਾਲਮੀਕ ਭਾਈਚਾਰਾ ਅਣਗੌਲਿਆ ਰਹਿ ਗਿਆ। ਨਾਲ ਹੀ ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿਚ ਅਜਿਹਾ ਨਹੀਂ ਵਾਪਰੇਗਾ। ਭਾਈਚਾਰੇ ਦੇ ਗੁੱਸੇ ਨੂੰ ਠੰਢਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੰਸ ਰਾਜ ਹੰਸ ਦੀ ਰਿਹਾਇਸ਼ 'ਤੇ ਬੰਦ ਕਮਰਾ ਮੀਟਿੰਗ ਕੀਤੀ। ਬਾਲਮੀਕ ਭਾਈਚਾਰੇ ਦਾ ਇਹ ਇਕੱਠ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਕੀਤਾ ਗਿਆ ਸੀ। ਇਸ ਮੀਟਿੰਗ ਵਿਚ ਬਾਲਮੀਕ ਭਾਈਚਾਰੇ ਦੇ ਉਹ ਆਗੂ ਵੀ ਸ਼ਾਮਲ ਸਨ ਜਿਹੜੇ ਕਾਂਗਰਸ ਨਾਲ ਵੀ ਸਬੰਧ ਰੱਖਦੇ ਸਨ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨਾਲ ਜੁੜੇ ਹੋਏ ਭਾਈਚਾਰੇ ਦੇ ਆਗੂ ਵੀ ਹਾਜ਼ਰ ਸਨ। ਜਦੋਂ ਮੀਟਿੰਗ ਤੋਂ ਬਾਅਦ ਹੰਸ ਰਾਜ ਹੰਸ ਨਾਲ ਪੱਤਰਕਾਰਾਂ ਨੇ ਗੱਲਬਾਤ ਕੀਤੀ ਕਿ ਉਨ੍ਹਾਂ ਦੀ ਡਿਊਟੀ ਜੇ ਬਠਿੰਡਾ ਲੋਕ ਸਭਾ ਹਲਕੇ ਵਿਚ



ਲੱਗ ਗਈ ਹੈ, ਤਾਂ ਕੀ ਉਹ ਜਲੰਧਰ ਲੋਕ ਸਭਾ ਹਲਕੇ ਲਈ ਪਵਨ ਕੁਮਾਰ ਟੀਨੂੰ ਦੇ ਹੱਕ ਵਿਚ ਵੋਟ ਪਾਉਣ ਲਈ ਬਾਲਮੀਕ ਭਾਈਚਾਰੇ ਨੂੰ ਅਪੀਲ ਕਰਨਗੇ, ਤਾਂ ਇਸ ਸਵਾਲ ਦਾ ਸਿੱਧਾ ਜਵਾਬ ਦੇਣ ਦੀ ਥਾਂ ਉਹ ਇਸ ਗੱਲ 'ਤੇ ਹੀ ਅੜੇ ਰਹੇ ਕਿ ਉਨ੍ਹਾਂ ਦੀ ਡਿਊਟੀ ਬਠਿੰਡਾ ਲੋਕ ਸਭਾ ਹਲਕੇ ਵਿਚ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣ ਲਈ ਲੱਗ ਗਈ ਹੈ ਅਤੇ ਉਹ ਉੱਥੇ ਜਾ ਰਹੇ ਹਨ। ਵਾਰ-ਵਾਰ ਪੁੱਛਣ 'ਤੇ ਵੀ ਹੰਸ ਰਾਜ ਨੇ ਇਕ ਵਾਰ ਵੀ ਇਸ ਗੱਲ ਦੀ ਹਾਮੀ ਨਹੀਂ ਭਰੀ ਕਿ ਉਹ ਇੱਥੋਂ ਬਾਲਮੀਕ ਭਾਈਚਾਰੇ ਨੂੰ ਟੀਨੂੰ ਦੇ ਹੱਕ ਵਿਚ ਵੋਟਾਂ ਪਾਉਣ ਲਈ ਕਹਿਣਗੇ।

ਹੰਸ ਰਾਜ ਨੇ ਕਿਹਾ ਕਿ ਉਨ੍ਹਾਂ ਦੇ ਸਿਆਸੀ ਗੁਰੂ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਇਹ ਹੁਕਮ ਲਾਇਆ ਹੈ ਕਿ ਉਹ ਚੁੱਪ ਕਰ ਕੇ ਬਠਿੰਡਾ ਚਲੇ ਜਾਣ ਅਤੇ ਉਹ ਹੁਣ ਸਿਰਫ ਉੱਥੇ ਹੀ ਜਾ ਕੇ ਪਾਰਟੀ ਲਈ ਚੋਣ ਪ੍ਰਚਾਰ ਕਰਨਗੇ। ਇਸ ਤੋਂ ਪਹਿਲਾਂ ਮੀਟਿੰਗ ਦੌਰਾਨ ਬਾਲਮੀਕ ਭਾਈਚਾਰੇ ਦੇ ਸਾਰੇ ਆਗੂਆਂ ਨੇ ਇਕਸੁਰ ਹੁੰਦਿਆਂ ਇਹ ਆਵਾਜ਼ ਉਠਾਈ ਕਿ ਹੰਸ ਰਾਜ ਹੰਸ ਨੂੰ ਰਾਜ ਸਭਾ ਦੀ ਟਿਕਟ ਦਿੱਤੀ ਜਾਵੇ। ਇਸ ਮੰਗ ਦੇ ਜਵਾਬ ਵਿਚ ਸੁਖਬੀਰ ਨੇ ਕਿਹਾ ਕਿ ਉਹ ਇਸ ਸਮੇਂ ਇਹ ਭਰੋਸਾ ਨਹੀਂ ਦੇ ਸਕਦੇ। ਬਾਦਲ ਨੇ ਮੀਟਿੰਗ ਵਿਚ ਇਹ ਗੱਲ ਵੀ ਕਹੀ ਕਿ ਉਹ ਸ਼ੁਰੂ ਤੋਂ ਹੀ ਇਸ ਗੱਲ ਦੇ ਹੱਕ ਵਿਚ ਸਨ ਕਿ ਹੰਸ ਰਾਜ ਹੰਸ ਅਸੈਂਬਲੀ ਚੋਣ ਲੜੇ ਅਤੇ ਉਸ ਨੂੰ ਮੰਤਰੀ ਬਣਾ ਦਿੱਤਾ ਜਾਵੇਗਾ।

ਇਸੇ ਦੌਰਾਨ ਸਫਾਈ ਫੈਡਰੇਸ਼ਨ ਦੇ ਪ੍ਰਧਾਨ ਚੰਦਨ ਗਰੇਵਾਲ ਨੇ ਦੱਸਿਆ ਕਿ ਸੁਖਬੀਰ ਬਾਦਲ ਨੂੰ ਬਾਲਮੀਕ ਭਾਈਚਾਰੇ ਦੀਆਂ ਧਾਰਮਿਕ, ਸਮਾਜਕ ਅਤੇ ਆਰਥਿਕ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਦੱਸ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਾਲਮੀਕ ਭਾਈਚਾਰੇ ਦੇ ਸਭ ਤੋਂ ਵੱਡੇ ਸਥਾਨ ਰਾਮ ਤੀਰਥ 'ਤੇ ਹੁਣ ਤੱਕ ਚਾਰ ਸਰਕਾਰਾਂ ਨੇ ਸਿਰਫ ਨੀਂਹ ਪੱਥਰ ਹੀ ਰੱਖੇ ਹਨ ਤੇ ਲੋਕ ਉਹ ਨੀਂਹ ਪੱਥਰ ਉਖਾੜ ਦਿੰਦੇ ਹਨ ਤੇ ਸਰਕਾਰਾਂ ਕੁਝ ਨਹੀਂ ਕਰ ਰਹੀਆਂ।

# ਕੈਪਟਨ ਫਿਰ ਬਣੇ ਕਪਤਾਨ

*(ਸਫਾ ਇਕ ਦੀ ਬਾਕੀ)*

ਪ੍ਰਸਾਰਨ ਮੰਤਰੀ ਮਨੀਸ਼ ਤਿਵਾੜੀ ਨੂੰ ਲੁਧਿਆਣੇ ਤੋਂ ਚੋਣ ਲੜਾਈ ਜਾਣੀ ਸੀ ਪਰ ਉਹ ਆਪਣੀ ਸਿਹਤ ਖਰਾਬ ਹੋਣ ਦੇ ਆਧਾਰ ਤੋਂ ਇਸ ਜ਼ਿੰਮੇਵਾਰੀ ਤੋਂ ਜੁਆਬ ਦੇ ਗਏ ਸਨ।

ਇਸ ਤੋਂ ਇਲਾਵਾ ਮਹਿੰਦਰ ਸਿੰਘ ਕੇਪੀ ਨੂੰ ਹੁਸ਼ਿਆਰਪੁਰ (ਰਿਜ਼ਰਵ) ਤੋਂ, ਚੌਧਰੀ ਸੰਤੋਖ ਸਿੰਘ ਨੂੰ ਜਲੰਧਰ (ਰਿਜ਼ਰਵ) ਤੋਂ ਟਿਕਟ ਦਿੱਤੀ ਗਈ ਹੈ। ਹੁਸ਼ਿਆਰਪੁਰ ਤੋਂ ਕੇਪੀ ਨੂੰ ਉਮੀਦਵਾਰ ਬਣਾਉਣ ਦੇ ਪਾਰਟੀ ਦੇ ਫੈਸਲੇ ਨਾਲ ਕੇਂਦਰ ਵਿਚ ਸਿਹਤ ਰਾਜ ਮੰਤਰੀ ਸੰਤੋਸ਼ ਚੌਧਰੀ ਦੀ ਟਿਕਟ ਕੱਟੀ ਗਈ ਹੈ। ਪਾਰਟੀ ਨੇ ਨਾਭਾ ਤੋਂ ਵਿਧਾਇਕ ਸਾਧੂ ਸਿੰਘ ਧਰਮਸੋਤ ਨੂੰ ਫਤਹਿਗੜ੍ਹ ਸਾਹਿਬ (ਰਾਖਵੇਂ) ਹਲਕੇ ਅਤੇ ਜੈਤੋ ਦੇ ਵਿਧਾਇਕ ਜੋਗਿੰਦਰ ਸਿੰਘ ਪੰਜਗਰਾਈਆਂ ਨੂੰ ਫਰੀਦਕੋਟ ਰਾਖਵੇਂ (ਐਸ.ਸੀ.) ਹਲਕੇ ਤੋਂ ਚੋਣ ਪਿੜ ਵਿਚ ਉਤਾਰਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਦੋ ਵਿਧਾਨ ਸਭਾ ਚੋਣਾਂ, ਨਗਰ ਨਿਗਮ ਚੋਣਾਂ ਤੇ ਪੰਚਾਇਤ ਚੋਣਾਂ ਵਿਚ ਹੋਈ ਲਗਾਤਾਰ ਹਾਰ ਕਾਰਨ ਕਾਂਗਰਸੀ ਆਗੂ ਨਿਰਾਸ਼ਾ ਵਿਚ ਸਨ ਤੇ ਕਈ ਹੋਰ ਕਾਰਨਾਂ ਕਾਰਨ ਫੁੱਟ ਦਾ ਸ਼ਿਕਾਰ ਵੀ ਹੋ ਰਹੇ ਸਨ ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਕਾਂਗਰਸ ਦਾ ਉਮੀਦਵਾਰ ਬਣਾਏ ਜਾਣ ਮਗਰੋਂ ਕਾਂਗਰਸੀ ਆਗੂਆਂ ਵਿਚ ਨਵਾਂ ਉਤਸ਼ਾਹ ਪੈਦਾ ਹੋ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੂੰ ਸਰਹੱਦੀ ਹਲਕੇ ਤੋਂ ਕਾਂਗਰਸੀ ਉਮੀਦਵਾਰ ਐਲਾਨੇ ਜਾਣ ਮਗਰੋਂ ਅਕਾਲੀ ਆਗੂਆਂ ਵੱਲੋਂ ਕੈਪਟਨ ਖ਼ਿਲਾਫ਼ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਜਿਸ ਵਿਚ ਕਈ ਤਰ੍ਹਾਂ ਦੇ ਦੋਸ਼ ਲਾਏ ਜਾ ਰਹੇ ਹਨ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ੍ਰੀ ਜੇਤਲੀ ਨੂੰ ਬਾਹਰੀ ਤੇ ਨਕਲੀ ਪੰਜਾਬੀ ਕਹਿ ਕੇ ਹਮਲਾਵਰ ਰੁਖ ਦਾ ਪ੍ਰਦਰਸ਼ਨ ਕੀਤੇ ਜਾਣ 'ਤੇ ਭਾਜਪਾ ਖੇਮੇ ਵਿਚ ਹਲਚਲ ਹੈ। ਭਾਜਪਾ ਦੇ ਸੂਤਰਾਂ ਮੁਤਾਬਕ ਕੈਪਟਨ ਦੀ ਆਮਦ ਨਾਲ ਇਹ ਮੁਕਾਬਲਾ ਸਖ਼ਤ ਹੋ ਗਿਆ ਹੈ।

ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਅਮਰਿੰਦਰ ਸਿੰਘ ਸਮੇਤ ਪੁਰਾਣੇ ਕਾਂਗਰਸੀ ਆਗੂਆਂ ਨੂੰ ਇਸ ਕਰ ਕੇ ਚੋਣਾਂ ਵਿਚ ਝੋਕਿਆ ਹੈ ਤਾਂ ਕਿ ਗੁਰਦਾਸਪੁਰ ਤੋਂ ਉਨ੍ਹਾਂ ਦੀ ਆਪਣੀ ਹਾਰ ਤੋਂ ਬਾਅਦ ਇਹ ਆਗੂ ਵੀ ਵੱਡੇ ਅਹੁਦਿਆਂ ਦੇ ਦਾਅਵੇਦਾਰ ਨਾ ਬਣਨ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੇ ਵੇਲਾ ਵਿਹਾ ਚੁੱਕੇ ਪੁਰਾਣੇ ਮਹਾਂਰਥੀਆਂ ਨੇ ਇਕ-ਦੂਜੇ ਨੂੰ ਸਾਜ਼ਿਸ਼ਾਂ ਕਰ ਕੇ ਮੈਦਾਨ ਵਿਚ ਉਤਾਰਿਆ ਹੈ। ਇਹ ਸਟੰਟ ਜਿੱਤਣ ਲਈ ਨਹੀਂ, ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਵਰਤਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ, ਬੀਬੀ ਰਾਜਿੰਦਰ ਕੌਰ ਭੱਠਲ, ਪ੍ਰਤਾਪ ਸਿੰਘ ਬਾਜਵਾ, ਸੁਨੀਲ ਜਾਖੜ ਤੇ ਮਨੀਸ਼ ਤਿਵਾੜੀ ਸਾਰੇ ਹੀ ਚੋਣ ਲੜਨ ਤੋਂ ਭੱਜਦੇ ਰਹੇ।

ਹਾਈਕਮਾਂਡ ਨੇ ਸਾਰੇ ਕਾਂਗਰਸੀ ਆਗੂਆਂ ਨੂੰ ਮੈਦਾਨ ਜਬਰੀ ਝੋਕਿਆ ਹੈ। ਸ. ਬਾਦਲ ਨੇ ਕਿਹਾ ਕਿ ਇਨ੍ਹਾਂ ਚੋਣਾਂ ਤੋਂ ਬਾਅਦ ਇਹ ਸਾਰੇ ਆਗੂ ਨਾ ਕੇਵਲ ਘਰੋ-ਘਰੀ ਬੈਠ ਜਾਣਗੇ ਬਲਕਿ ਕਾਂਗਰਸ ਪਾਰਟੀ ਦੇ ਵਿਨਾਸ਼ ਲਈ ਆਪਣੇ ਆਪਣੇ ਘਰੋਂ ਇਕ ਦੂਜੇ 'ਤੇ ਇਲਜ਼ਾਮਤਰਾਸ਼ੀ ਕਰਨਗੇ।

# ਅੰਬਿਕਾ ਸੋਨੀ ਨੇ ਚੰਦੂਮਾਜਰਾ ਨੂੰ ਦਿੱਤਾ ਕਰਾਰਾ ਜਵਾਬ

**ਮੁਹਾਲੀ:** ਆਨੰਦਪੁਰ ਸਾਹਿਬ ਹਲਕੇ ਤੋਂ ਕਾਂਗਰਸ ਦੀ ਉਮੀਦਵਾਰ ਅੰਬਿਕਾ ਸੋਨੀ ਨੇ ਕਿਹਾ ਹੈ ਕਿ ਸਮਾਂ ਆਉਣ 'ਤੇ ਅਕਾਲੀ ਨੇਤਾਵਾਂ ਨੂੰ ਜ਼ਾਬਤੇ ਵਿਚ ਰਹਿਣ ਅਤੇ ਔਰਤਾਂ ਦੀ ਇੱਜ਼ਤ ਕਰਨ ਦੀ ਜਾਚ ਸਿਖਾਈ ਜਾਵੇਗੀ।

ਖਰੜ ਵਿਚ ਚੋਣ ਰੈਲੀ ਦੌਰਾਨ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਉਨ੍ਹਾਂ ਨੂੰ '72 ਵਰ੍ਹਿਆਂ ਦੀ ਬੁੱਢੀ' ਕਹਿਣ ਉਤੇ ਬੜੇ ਹੀ ਠਰ੍ਹੰਮੇ ਨਾਲ ਆਪਣੀ ਟਿੱਪਣੀ ਕਰਦਿਆਂ ਅੰਬਿਕਾ ਸੋਨੀ ਨੇ ਕਿਹਾ ਕਿ ਅਕਾਲੀਆਂ ਨੂੰ ਔਰਤਾਂ ਦੀ ਇੱਜ਼ਤ ਕਰਨੀ ਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਨੰਦਪੁਰ ਸਾਹਿਬ ਸਮੇਤ ਸਮੁੱਚੇ ਪੰਜਾਬ ਵਿਚ 47 ਫੀਸਦੀ ਵੋਟਾਂ ਔਰਤਾਂ ਦੀਆਂ ਹਨ ਜਿਨ੍ਹਾਂ ਵਿਚ ਜ਼ਿਆਦਾਤਰ ਵੱਡ-ਉਮਰੀਆਂ ਔਰਤਾਂ ਹਨ। ਜੇ ਸਾਰੀਆਂ ਬੀਬੀਆਂ ਇਕੱਠੀਆਂ ਹੋ ਗਈਆਂ ਤਾਂ ਅਕਾਲੀਆਂ ਨੂੰ ਭੱਜਣ ਲਈ ਰਾਹ ਵੀ ਨਹੀਂ ਲੱਭੇਗਾ।

ਸ੍ਰੀਮਤੀ ਸੋਨੀ ਨੇ ਇਹ ਵੀ ਕਿਹਾ, "ਮੈਨੂੰ ਪੈਰਾਸ਼ੂਟ ਉਮੀਦਵਾਰ ਦੱਸਣਾ ਬਿਲਕੁਲ ਗ਼ਲਤ ਹੈ। ਮੇਰਾ ਪਿੰਡ ਬਜਵਾੜਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਪੈਂਦਾ ਹੈ। ਚੰਡੀਗੜ੍ਹ ਵਿਚ ਮੇਰਾ ਆਪਣਾ ਮਕਾਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਗਰਾਂਟਾਂ ਦੇ ਰੂਪ ਵਿਚ ਅਕਸਰ ਸਮੁੱਚੇ ਹਲਕੇ ਨਾਲ ਲਗਾਤਾਰ ਜੁੜੇ ਰਹੇ ਹਨ।

# ਵਿਧਾਨ ਸਭਾ ਸਕੱਤਰੇਤ ਨੇ ਚੋਣ ਕਮਿਸ਼ਨ ਤੋਂ ਲੁਕਾ ਰੱਖਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਤਲਵੰਡੀ ਸਾਬੋ ਸੀਟ ਖਾਲੀ ਹੋਣ ਸਬੰਧੀ 7 ਮਾਰਚ ਨੂੰ ਜਾਰੀ ਹੋਈ ਨੋਟੀਫਿਕੇਸ਼ਨ ਜਨਤਕ ਕਰਦਿਆਂ ਵਿਧਾਨ ਸਭਾ ਸਕੱਤਰੇਤ 'ਤੇ ਸਿਆਸੀ ਦਬਾਅ ਹੇਠ ਇਹ ਨੋਟੀਫਿਕੇਸ਼ਨ ਲੁਕਾਉਣ ਦੇ ਦੋਸ਼ ਲਾਏ ਹਨ। ਕਾਂਗਰਸ ਅਨੁਸਾਰ ਵਿਧਾਨ ਸਭਾ ਦੇ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਇਹ ਆਖ ਕੇ ਸਾਰਿਆਂ ਨੂੰ ਗੁੰਮਰਾਹ ਕਰਦੇ ਆ ਰਹੇ ਸਨ ਕਿ ਨੋਟੀਫਿਕੇਸ਼ਨ ਅਜੇ ਜਾਰੀ ਹੀ ਨਹੀਂ ਹੋਇਆ, ਬਲਕਿ ਕਾਨੂੰਨ ਰਾਇ ਲਈ ਏ.ਜੀ. ਪੰਜਾਬ ਨੂੰ ਭੇਜਿਆ ਗਿਆ ਹੈ। ਚੇਤੇ ਰਹੇ ਕਿ ਤਲਵੰਡੀ ਸਾਬੋ ਤੋਂ ਕਾਂਗਰਸੀ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਅਕਾਲੀ ਦਲ 'ਚ ਸ਼ਾਮਿਲ ਹੋ ਗਏ ਸਨ ਜਿਸ ਕਾਰਨ ਇਹ ਸੀਟ ਖਾਲੀ ਹੋ ਗਈ ਸੀ। ਪੰਜਾਬ ਵਿਧਾਨ ਸਭਾ ਦੇ ਨਿਯਮ 51 ਵਿਚਲੀ ਕਲਾਜ 5 ਅਤੇ 6 ਅਨੁਸਾਰ ਕਿਸੇ ਵੀ ਮੈਂਬਰ ਦਾ ਅਸਤੀਫ਼ਾ ਮਨਜ਼ੂਰ ਕਰਨ ਮਗਰੋਂ ਵਿਧਾਨ ਸਭਾ ਦੇ ਸਕੱਤਰ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਖਾਲੀ ਹੋਈ ਸੀਟ ਬਾਰੇ ਦੇ ਚੋਣ ਕਮਿਸ਼ਨ ਤੇ ਮੁੱਖ ਚੋਣ ਅਧਿਕਾਰੀ ਨੂੰ ਸੂਚਿਤ ਕਰੇ। ਪੰਜਾਬ ਕਾਂਗਰਸ ਦੇ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ ਨੇ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਨੋਟੀਫਿਕੇਸ਼ਨ ਦੀ ਕਾਪੀ ਮੀਡੀਆ ਨੂੰ ਸੌਂਪੀ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਦੇ ਨਾਲ ਹੀ ਤਲਵੰਡੀ ਸਾਬੋ ਜ਼ਿਮਨੀ ਚੋਣ ਕਰਾਉਣ ਤੋਂ ਬਚਣ ਲਈ 7 ਮਾਰਚ ਨੂੰ ਜਾਰੀ ਹੋਈ ਨੋਟੀਫਿਕੇਸ਼ਨ ਲੁਕੋ ਲਈ। ਉਨ੍ਹਾਂ ਦੋਸ਼ ਲਾਇਆ ਕਿ ਸਪੀਕਰ ਨੇ 6 ਮਾਰਚ ਨੂੰ ਹੀ ਜੀਤ ਮਹਿੰਦਰ ਸਿੰਘ ਸਿੱਧੂ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਸੀ ਤੇ ਇਹ ਅਸਤੀਫਾ 7 ਮਾਰਚ ਦੇ ਵਿਧਾਨ ਸਭਾ ਦੀਆਂ ਗਤੀਵਿਧੀਆਂ ਦੇ ਬੁਲੇਟਿਨ ਨੰਬਰ 4 'ਚ ਛਪ ਚੁੱਕਾ ਹੈ।

# ਆਮ ਆਦਮੀ ਪਾਰਟੀ ਦੇ ਪੰਜਾਬ ਮੋਰਚੇ ਨੂੰ ਹੁੰਗਾਰਾ

*(ਸਫਾ ਇਕ ਦੀ ਬਾਕੀ)*

ਸੰਘਰਸ਼ਸ਼ੀਲ ਸੰਗਠਨਾਂ ਦੀ ਯਾਦ ਆਈ ਤੇ ਉਨ੍ਹਾਂ ਨਾਲ ਮੀਟਿੰਗਾਂ ਦਾ ਦੌਰ ਚਲਾਇਆ। 'ਆਪ' ਨੂੰ ਸਾਬਕਾ ਫ਼ੌਜੀ ਤੇ ਅਰਧ ਫੌਜੀ ਦਲਾਂ ਦੇ ਮੈਂਬਰਾਂ ਵੱਲੋਂ ਵੱਡਾ ਹੁੰਗਾਰਾ ਮਿਲਣਾ ਸ਼ੁਰੂ ਹੋਇਆ ਹੈ।

ਪਾਰਟੀ ਨੇ ਸੰਗਰੂਰ ਤੋਂ ਹਾਸਰਸ ਕਲਾਕਾਰ ਭਗਵੰਤ ਮਾਨ, ਲੁਧਿਆਣਾ ਤੋਂ ਐਚ.ਐਸ ਫੂਲਕਾ, ਚੰਡੀਗੜ੍ਹ ਤੋਂ ਅਦਾਕਾਰਾ ਗੁਲ ਪਨਾਗ, ਪਟਿਆਲਾ ਤੋਂ ਡਾ. ਧਰਮਪਾਲ ਗਾਂਧੀ, ਗੁਰਦਾਸਪੁਰ ਤੋਂ ਸੁੱਚਾ ਸਿੰਘ ਛੋਟੇਪੁਰ ਵਰਗੇ ਉਮੀਦਵਾਰ ਉਤਾਰ ਕੇ ਵਿਰੋਧੀਆਂ ਨੂੰ ਫਿਕਰ ਵਿਚ ਪਾ ਦਿੱਤਾ ਹੈ। ਆਮ ਆਦਮੀ ਪਾਰਟੀ (ਆਪ) ਨੇ ਅੰਮ੍ਰਿਤਸਰ ਹਲਕੇ ਤੋਂ ਅੱਖਾਂ ਦੇ ਨਾਮਵਰ ਡਾਕਟਰ ਦਲਜੀਤ ਸਿੰਘ ਨੂੰ ਅਤੇ ਖਡੂਰ ਸਾਹਿਬ ਤੋਂ ਭਾਈ ਬਲਦੀਪ ਸਿੰਘ ਨੂੰ ਉਮੀਦਵਾਰ ਐਲਾਨਿਆ ਹੈ। ਪੰਜਾਬ ਵਿਚ ਆਪ ਅੱਠ ਉਮੀਦਵਾਰ ਐਲਾਨ ਚੁੱਕੀ ਹੈ। ਜਲੰਧਰ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਬਠਿੰਡਾ ਤੇ ਫ਼ਿਰੋਜ਼ਪੁਰ ਤੋਂ ਪਾਰਟੀ ਵੱਲੋਂ ਉਮੀਦਵਾਰਾਂ ਦਾ ਐਲਾਨ ਕੀਤੇ ਜਾਣਾ ਹਾਲੇ ਬਾਕੀ ਹੈ।

ਪਾਰਟੀ ਵੱਲੋਂ ਹੁਣ ਤੱਕ ਪੂਰੇ ਭਾਰਤ ਵਿਚ 350 ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ। ਆਮ ਆਦਮੀ ਪਾਰਟੀ ਚੁਣ-ਚੁਣ ਕੇ ਉਮੀਦਵਾਰ ਉਤਾਰ ਰਹੀ ਹੈ। ਪੰਜਾਬ ਦੇ ਸਾਰੇ ਉਮੀਦਵਾਰ ਸਾਫ ਸੁਥਰੇ ਅਕਸ ਵਾਲੇ ਤੇ ਸਮਾਜ ਭਲਾਈ ਦੇ ਕੰਮਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਉਮੀਦਵਾਰਾਂ ਦਾ ਆਪਣੇ ਖੇਤਰਾਂ ਵਿਚ ਚੰਗਾ ਆਧਾਰ ਹੈ ਤੇ ਆਮ ਆਦਮੀ ਪਾਰਟੀ ਦੀ ਦੇਸ਼ ਵਿਚ ਚੱਲ ਰਹੀ ਚਰਚਾ ਦਾ ਲਾਹਾ ਇਨ੍ਹਾਂ ਨੂੰ ਮਿਲਣ ਦੀ ਉਮੀਦ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਅਦਾਕਾਰਾ ਨੰਦਾ ਦਾ ਦੇਹਾਂਤ



**ਮੁੰਬਈ:** 'ਹਮ ਦੋਨੋ', 'ਗੁੰਮਨਾਮ' ਤੇ 'ਜਬ ਜਬ ਫੂਲ ਖਿਲੇ' ਜਿਹੀਆਂ ਫਿਲਮਾਂ ਵਿਚ ਸੰਮੋਹਿਤ ਕਰ ਦੇਣ ਵਾਲੀ ਹਾਜ਼ਰੀ ਦਰਜ ਕਰਵਾਉਣ ਵਾਲੀ ਅਦਾਕਾਰ ਨੰਦਾ ਦਾ ਦੇਹਾਂਤ ਹੋ ਗਿਆ। 1960ਵਿਆਂ ਤੇ 70ਵਿਆਂ ਦੇ ਸ਼ੁਰੂ ਵਿਚ ਸਿਨੇਮਾ ਸਕਰੀਨ 'ਤੇ ਰਾਜ ਕਰਨ ਵਾਲੀ ਅਤੇ ਫਿਲਮਕਾਰ ਵੀ. ਸ਼ਾਂਤਾ ਰਾਮ ਦੀ ਭਾਣਜੀ ਨੰਦਾ ਦਾ ਅੰਧੇਰੀ ਸਥਿਤ ਰਿਹਾਇਸ਼ 'ਤੇ ਦੇਹਾਂਤ ਹੋ ਗਿਆ। ਪਰਿਵਾਰ ਵਾਲਿਆਂ ਅਨੁਸਾਰ ਨੰਦਾ ਬਿਮਾਰ ਵੀ ਨਹੀਂ ਸੀ, ਅਚਾਨਕ ਦਿਲ ਦਾ ਦੌਰਾ ਪੈਣ ਨਾਲ ਉਹ ਚੱਲ ਵਸੀ।

ਸੁਰਮੀਲੀ ਭਾਰਤੀ ਮੁਟਿਆਰ ਦੇ ਨਾਲ-ਨਾਲ ਆਧੁਨਿਕ ਲੜਕੀ ਦੀਆਂ ਭੂਮਿਕਾਵਾਂ ਨਿਭਾਉਣ ਵਾਲੀ ਨੰਦਾ ਨੇ ਅਸ਼ੋਕ ਕੁਮਾਰ, ਕਿਸ਼ੋਰ ਕੁਮਾਰ, ਦੇਵ ਆਨੰਦ, ਰਾਜੇਸ਼ ਖੰਨਾ ਤੇ ਸ਼ਸ਼ੀ ਕਪੂਰ ਜਿਹੇ ਨਾਇਕਾਂ ਨਾਲ ਕੰਮ ਕੀਤਾ। ਨੰਦਾ ਦਾ ਜਨਮ 1939 ਵਿਚ ਮਰਾਠੀ ਐਕਟਰ-ਡਾਇਰੈਕਟਰ ਵਿਨਾਇਕ ਦਮੋਦਰ ਕਾਰਨਾਟਕੀ ਦੇ ਘਰ ਹੋਇਆ ਸੀ। ਨੰਦਾ ਦੇ ਬਚਪਨ ਵਿਚ ਹੀ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਤੇ ਪਰਿਵਾਰ ਦੀ ਗਰੀਬੀ ਕਾਰਨ ਉਸ ਨੂੰ ਬਾਲ ਕਲਾਕਾਰ ਵਜੋਂ ਫਿਲਮਾਂ 'ਚ ਕੰਮ ਕਰਨਾ ਪਿਆ। ਉਸ ਦੀ ਪਹਿਲੀ ਫਿਲਮ 1950ਵਿਆਂ ਵਿਚ 'ਜੁਗਨੂ' ਆਈ ਸੀ। ਵੀ. ਸ਼ਾਂਤਾ ਰਾਮ ਨੇ 1956 ਵਿਚ 17 ਸਾਲ ਦੀ ਉਮਰੇ ਨੰਦਾ ਨੂੰ 'ਤੂਫਾਨ ਸਮੌਰ ਦੀਆ' ਰਾਹੀਂ ਨਾਇਕਾ ਵਜੋਂ ਲਾਂਚ ਕੀਤਾ। ਉਸ ਨੇ ਨੂਤਨ, ਵਹੀਦਾ ਰਹਿਮਾਨ, ਸਾਧਨਾ ਜਿਹੀਆਂ ਕਲਾਕਾਰਾਂ ਨਾਲ 1960ਵਿਆਂ ਤੋਂ 1973 ਤੱਕ ਸਿਨੇਮਾ ਸਕਰੀਨ 'ਤੇ ਰਾਜ ਕੀਤਾ।


**ਲੋੜ ਹੈ**

ਸਟੋਰ ਲਈ ਅੰਗਰੇਜ਼ੀ ਬੋਲਣ ਵਾਲੇ
ਕੈਸ਼ੀਅਰ ਅਤੇ ਸੁਪਰਵਾਈਜ਼ਰ
ਦੀ ਤੁਰੰਤ ਲੋੜ ਹੈ

ਸੰਪਰਕ ਕਰੋ

**661-364-0341**



## Gas Stations For Lease

**5 Gas Stations/Convenience Stores for lease in Sioux City, Iowa**

**High volume gas & inside sales**
**Gas 55,000 to 60,000 gallons monthly**
**$90,000 to $120,000 monthly**

*Lease all or single store*
*For more information*

**Inder Singh 712-299-0838**

ਸਿਓਕਸ ਸਿਟੀ, ਆਇਓਵਾ 'ਚ ਵਧੀਆ ਚਲਦੇ
5 ਗੈਸ ਸਟੇਸ਼ਨ/ਕਨਵੀਨੀਐਂਸ ਸਟੋਰ
ਲੀਜ਼ ਲਈ ਉਪਲਬਧ ਹਨ

ਗੈਸ: 55 ਤੋਂ 60 ਹਜਾਰ ਗੈਲਨ ਮਾਸਿਕ
ਇਨਸਾਈਡ ਸੇਲ: 90 ਹਜਾਰ ਤੋਂ 120 ਹਜਾਰ ਡਾਲਰ ਮਾਸਿਕ
*ਕੋਈ ਇਕ ਜਾਂ ਸਾਰੇ ਸਟੋਰ ਲੀਜ਼ ਕਰ ਸਕਦੇ ਹੋ*

*ਸੰਪਰਕ ਕਰੋ:*
ਇੰਦਰ ਸਿੰਘ ਫੋਨ: 712-299-0838



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**For Sale & Purchase of Residential, Commercial Property and AG-Land**

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426

# ਅਕਾਲੀ-ਭਾਜਪਾ ਲਈ ਦੋਆਬੇ ਵਿਚ ਮੁਸ਼ਕਲਾਂ ਵਧੀਆਂ

**ਜਲੰਧਰ:** ਦੋਆਬੇ ਵਿਚ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਦੇ ਦੋਵਾਂ ਉਮੀਦਵਾਰਾਂ ਨੂੰ ਸਿਆਸੀ ਵਿਰੋਧੀਆਂ ਨਾਲੋਂ 'ਆਪਣਿਆਂ' ਤੋਂ ਵੱਧ ਖ਼ਤਰਾ ਮਹਿਸੂਸ ਹੋ ਰਿਹਾ ਹੈ। ਇਸ ਖਿੱਤੇ ਦੀਆਂ ਦੋਵੇਂ ਸੀਟਾਂ ਜਲੰਧਰ ਤੇ ਹੁਸ਼ਿਆਰਪੁਰ ਰਾਖਵੀਆਂ ਸੀਟਾਂ ਹਨ। ਜਲੰਧਰ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਤੇ ਹੁਸ਼ਿਆਰਪੁਰ ਭਾਜਪਾ ਦੇ ਹਿੱਸੇ ਵਾਲੀ ਸੀਟ ਹੈ। ਇਨ੍ਹਾਂ ਸੀਟਾਂ ਤੋਂ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ ਪਾਰਟੀ ਦੇ ਹੀ ਮੀਤ ਪ੍ਰਧਾਨ ਤੇ ਸੂਫ਼ੀ ਗਾਇਕ ਹੰਸ ਰਾਜ ਹੰਸ ਦੇ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦਕਿ ਭਾਜਪਾ ਦੇ ਉਮੀਦਵਾਰ ਵਿਜੈ ਸਾਂਪਲਾ ਨੂੰ ਭਾਰਤੀ ਜਨਤਾ ਯੁਵਾ ਮੋਰਚਾ ਨੇ ਸ਼ਰੇਆਮ ਵੰਗਾਰਿਆ ਹੈ ਕਿ ਬਾਹਰਲੇ ਬੰਦੇ ਦੀ ਹਮਾਇਤ ਨਹੀਂ ਕੀਤੀ ਜਾਵੇਗੀ।



ਨਰਮ ਸੁਭਾਅ ਵਾਲੇ ਮੰਨੇ ਜਾਂਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਦੇ ਅਧਿਕਾਰਤ ਉਮੀਦਵਾਰ ਪਵਨ ਕੁਮਾਰ ਟੀਨੂੰ ਦਾ ਵਿਰੋਧ ਕਰ ਰਹੇ ਹੰਸ ਰਾਜ ਹੰਸ ਬਾਰੇ ਆਪਣੇ ਸੁਭਾਅ ਤੋਂ ਉਲਟ ਸਖਤ ਟਿੱਪਣੀਆਂ ਕੀਤੀਆ ਹਨ। ਸ. ਬਾਦਲ ਵੱਲੋਂ ਇਹ ਕਹਿਣਾ ਕਿ ਹੰਸ ਨੂੰ ਲੋਕ ਸਭਾ ਦੀ ਟਿਕਟ ਨਾ ਮਿਲਣ ਕਾਰਨ ਹੀ ਉਹ ਟੀਨੂੰ ਦਾ ਵਿਰੋਧ ਕਰ ਰਿਹਾ ਹੈ। ਪਹਿਲਾ ਕਿਉਂ ਨਹੀਂ ਬੋਲਿਆਂ ਜਦੋਂ ਟੀਨੂੰ ਨੂੰ ਆਦਮਪੁਰ ਤੋਂ ਐਮ.ਐਲ.ਏ. ਦੀ ਚੋਣ ਲਈ ਖੜ੍ਹਾ ਕੀਤਾ ਸੀ। ਇਸ ਟਿੱਪਣੀ ਨੂੰ ਰਾਜਸੀ ਮਾਹਰ ਬਾਦਲ ਦੀ ਸਖਤ ਟਿੱਪਣੀ ਵਜੋਂ ਦੇਖ ਰਹੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਵਿਰੋਧ ਕਰਨ ਵਾਲਿਆਂ ਅੱਗੇ ਝੁਕੇਗਾ ਨਹੀਂ।

ਜਲੰਧਰ ਲੋਕ ਸਭਾ ਹਲਕੇ ਵਿਚ 15 ਲੱਖ ਤੋਂ ਵੱਧ ਵੋਟਰ ਹਨ ਜਿਨ੍ਹਾਂ ਵਿਚੋਂ 3 ਲੱਖ 50 ਹਜ਼ਾਰ ਆਦਿ-ਧਰਮੀ ਤੇ ਇਕ ਲੱਖ 75 ਹਜ਼ਾਰ ਵਾਲਮੀਕ ਭਾਈਚਾਰੇ ਦੇ ਵੋਟਰ ਹਨ। ਪਵਨ ਕੁਮਾਰ ਟੀਨੂੰ ਜਿਹੜਾ ਕਿ ਆਦਿ-ਧਰਮੀ ਸਮਾਜ ਨਾਲ ਸਬੰਧ ਰੱਖਦਾ ਹੈ ਤੇ ਹੰਸ ਰਾਜ ਹੰਸ ਵਾਲਮੀਕ ਭਾਈਚਾਰੇ ਨਾਲ ਸਬੰਧ ਰੱਖਦਾ ਹੈ। ਹੰਸ ਰਾਜ ਦੇ ਘਰ ਹੋਈ ਮੀਟਿੰਗ ਵਿਚ ਵਾਲਮੀਕ ਭਾਈਚਾਰੇ ਦੇ ਆਗੂਆਂ ਨੇ ਉਨ੍ਹਾਂ ਤੇ ਇਸ ਗੱਲ ਲਈ ਦਬਾਅ ਪਾਇਆ ਸੀ ਕਿ ਉਹ ਆਪਣੀ ਗੱਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਜ਼ਰੂਰ ਰੱਖਣ।

ਹਾਸਲ ਜਾਣਕਾਰੀ ਅਨੁਸਾਰ ਹੰਸ ਦੇ ਸਮਰਥਕਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਵਾਲਮੀਕ ਭਾਈਚਾਰੇ ਦੀ ਨਾਰਾਜ਼ਗੀ ਦਾ ਖਮਿਆਜ਼ਾ ਸੱਤਾਧਾਰੀ ਗੱਠਜੋੜ ਨੂੰ ਸਮੁੱਚੇ ਪੰਜਾਬ ਵਿਚ ਭੁਗਤਣਾ ਪੈ ਸਕਦਾ ਹੈ। ਹਾਲਾਂਕਿ ਹੰਸ ਤੇ ਸੁਖਬੀਰ ਬਾਦਲ ਵਿਚਾਲੇ ਗੱਲਬਾਤ ਜਾਰੀ ਹੈ। ਉਧਰ ਭਾਜਪਾ ਆਗੂ ਵਿਜੈ ਸਾਂਪਲਾ ਨੂੰ ਵੀ ਹੁਸ਼ਿਆਰਪੁਰ ਸੀਟ ਤੋਂ ਆਪਣਿਆ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਜੈ ਸਾਂਪਲਾ ਦਾ ਸਭ ਤੋਂ ਵੱਧ ਜ਼ੋਰ ਪਾਰਟੀ ਦੇ ਰੁੱਸੇ ਹੋਏ ਆਗੂਆਂ ਨੂੰ ਮਨਾਉਣ ਵਿਚ ਲੱਗ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੇ ਯੁਵਾ ਮੋਰਚਾ ਦੇ ਆਗੂ ਤਾਂ ਸਾਂਪਲਾ ਨੂੰ ਬਾਹਰਲਾ ਬੰਦਾ ਦੱਸ ਰਹੇ ਹਨ। ਉਹ ਭਾਜਪਾ ਦੀ ਸੂਬਾਈ ਇਕਾਈ ਦੇ ਪ੍ਰਧਾਨ ਕਮਲ ਸ਼ਰਮਾ ਸਾਹਮਣੇ ਰੋਸ ਪ੍ਰਦਰਸ਼ਨ ਵੀ ਕਰ ਚੁੱਕੇ ਹਨ। ਏਨਾ ਦੋਵਾਂ ਆਗੂਆਂ ਨੂੰ ਪਾਰਟੀਆਂ ਅੰਦਰੋਂ ਚੁਣੌਤੀ ਮਿਲ ਰਹੀ ਹੈ। ਦੋਵਾਂ ਆਗੂਆਂ ਨੇ ਪਾਰਟੀਆਂ ਦੀ ਸੀਨੀਅਰ ਲੀਡਰਸ਼ਿਪ ਰਾਹੀਂ ਅੰਦਰਲਾ ਵਿਰੋਧ ਖ਼ਤਮ ਕਰਵਾਉਣ ਵਿਚ ਲੱਗੇ ਹੋਏ ਹਨ।

## ਬੱਬਰ ਖਾਲਸਾ ਦੇ ਆਗੂ ਕੋਲੋਂ ਪਿਸਤੌਲ ਤੇ ਬਲੈਰੋ ਗੱਡੀ ਬਰਾਮਦ

**ਪਟਿਆਲਾ:** ਪਟਿਆਲਾ ਪੁਲਿਸ ਵੱਲੋਂ ਪਿਛਲੇ ਦਿਨੀਂ ਗ੍ਰਿਫਤਾਰ ਕੀਤੇ ਗਏ ਜਗਤਾਰ ਸਿੰਘ ਹਵਾਰਾ ਦੇ ਸਾਥੀ ਤੇ ਬੱਬਰ ਖਾਲਸਾ ਦੇ ਏਰੀਆ ਕਮਾਂਡਰ ਗੁਰਦੀਪ ਸਿੰਘ ਆਲਮਪੁਰ ਤੋਂ ਸੀ.ਆਈ.ਏ ਸਟਾਫ ਪਟਿਆਲਾ ਵਿਖੇ ਕੀਤੀ ਜਾ ਰਹੀ ਪੁੱਛਗਿੱਛ ਦੌਰਾਨ ਨੌਂ ਐਮ.ਐਮ. ਦਾ ਇਕ ਪਿਸਤੌਲ ਤੇ ਕਾਰਤੂਸ ਬਰਾਮਦ ਕੀਤੇ ਗਏ ਹਨ। ਇਹ ਅਸਲਾ ਉਸ ਨੇ ਆਪਣੇ ਪਿੰਡ ਆਲਮਪੁਰ ਵਿਚ ਖੇਤਾਂ ਵਿਚ ਛੁਪਾ ਕੇ ਰੱਖਿਆ ਹੋਇਆ ਸੀ। ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਦੱਸਿਆ ਕਿ ਉਸ ਵੱਲੋਂ ਕਥਿਤ ਰੂਪ ਵਿਚ ਚੰਡੀਗੜ੍ਹ ਤੋਂ ਚੋਰੀ ਕੀਤੀ ਗਈ ਇਕ ਬਲੈਰੋ ਗੱਡੀ ਵੀ ਬਰਾਮਦ ਕੀਤੀ ਹੈ।

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਰਹਿਣ ਵਾਲੇ ਗੁਰਦੀਪ ਸਿੰਘ ਨੂੰ ਉਸ ਦੇ ਪੰਜ ਹੋਰ ਸਾਥੀਆਂ ਅਮਰਜੀਤ ਸਿੰਘ ਵਾਸੀ ਮਿਰਜਾਪੁਰ-ਸੰਧਾਰਸੀ, ਜਸਵੀਰ ਸਿੰਘ ਹੁਲਕਾ, ਸਮਰਦੀਪ ਸਿੰਘ ਸੰਮੀ, ਸੁੱਚਾ ਸਿੰਘ ਖੁੱਡਾ ਅਲੀਸ਼ੇਰ ਅਤੇ ਹਰਜਿੰਦਰ ਸਿੰਘ ਬੁੜੈਲ ਸਮੇਤ ਗ੍ਰਿਫ਼ਤਾਰ ਕੀਤਾ ਹੋਇਆ ਸੀ।

# ਲੋਕ ਸਭਾ ਚੋਣਾਂ ਵਿਚ ਫਿਲਮੀ ਸਿਤਾਰਿਆਂ ਦੇ ਚਮਕਾਰੇ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਇਸ ਵਾਰ ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਕੇਂਦਰ ਵਿਚ ਸੱਤਾ ਹਾਸਲ ਕਰਨ ਦੀ ਜੱਦੋ ਜਹਿਦ ਵਿਚ ਕਈ ਫਿਲਮੀ ਸਿਤਾਰਿਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਜਿਨ੍ਹਾਂ ਵਿਚ ਜਿਥੇ ਸ਼ਤਰੂਘਨ ਸਿਨਹਾ, ਰਾਜ ਬੱਬਰ ਤੇ ਹੇਮਾ ਮਾਲਿਨੀ ਵਰਗੇ ਸਿਤਾਰੇ ਹਨ, ਉਥੇ ਪਹਿਲੀ ਵਾਰ ਚੋਣਾਂ ਵਿਚ ਕਿਰਨ ਖੇਰ, ਗੁਲ ਪਨਾਗ, ਮੁਨਮੁਨ ਸੇਨ, ਪਵਨ ਕਲਿਆਣ, ਨਗਮਾ ਤੇ ਹੋਰ ਕਈ ਕਲਾਕਾਰ ਇਸ ਵਾਰ ਆਪਣੀ ਕਿਸਮਤ ਅਜ਼ਮਾਉਣਗੇ। ਫਿਲਮੀ ਸਿਤਾਰਿਆਂ ਦਾ ਰਾਜਨੀਤੀ ਵਿਚ ਕਦਮ ਰੱਖਣਾ ਕੋਈ ਨਵੀਂ ਗੱਲ ਨਹੀਂ ਹੈ ਪਰ ਦੱਖਣੀ ਭਾਰਤ ਦੀ ਤੁਲਨਾ ਵਿਚ ਉੱਤਰ ਭਾਰਤ ਵਿਚ ਇਹ ਰੁਝਾਨ ਜ਼ਿਆਦਾ ਸਫਲ ਨਹੀਂ ਹੋਇਆ। ਤਾਮਿਲਨਾਡੂ ਤੇ ਆਂਧਰਾ ਪ੍ਰਦੇਸ਼ ਦੇ ਲੋਕਾਂ ਵਿਚ ਫਿਲਮੀ ਕਲਾਕਾਰਾਂ ਦੇ ਪ੍ਰਤੀ ਜਬਰਦਸਤ ਉਤਸ਼ਾਹ ਵੇਖਿਆ ਗਿਆ ਹੈ ਤੇ ਇਨ੍ਹਾਂ ਪ੍ਰਦੇਸ਼ਾਂ ਦੇ ਲੋਕਾਂ ਨੇ ਐਨ.ਟੀ. ਰਾਮਾਰਾਓ ਤੇ ਐਮ.ਜੀ. ਰਾਮਾਚੰਦਰਨ ਵਰਗੇ ਕਲਾਕਾਰਾਂ ਨੂੰ ਸੱਤਾ ਦੀ ਚਾਬੀ ਵੀ ਸੌਂਪੀ। ਉੱਤਰ ਭਾਰਤ ਵਿਚ ਅਮਿਤਾਬ ਬਚਨ, ਰਾਜੇਸ਼ ਖੰਨਾ, ਗੋਵਿੰਦਾ ਰਾਜਨੀਤੀ ਵਿਚ ਬੜੇ ਜੋਰ-ਸ਼ੋਰ ਨਾਲ ਆਏ ਸਨ ਪਰ ਮੁੜ ਕੇ ਵਿਚਾਲੇ ਹੀ ਛੱਡ ਗਏ। ਇਸ ਵਾਰ ਇਹ ਦੇਖਣਾ ਅਹਿਮ ਹੋਵੇਗਾ ਕਿ ਸਿਤਾਰਿਆਂ ਦੀ ਜ਼ਬਰਦਸਤ ਗਿਣਤੀ ਕੀ ਜਲਵਾ ਵਿਖਾਉਂਦੀ ਹੈ। ਇਸ ਵਾਰ ਚੰਡੀਗੜ੍ਹ ਵਿਚ ਕਾਫੀ ਰੋਮਾਂਚਕ ਟੱਕਰ ਵੇਖਣ ਨੂੰ ਮਿਲ ਸਕਦੀ ਹੈ, ਜਿਥੇ ਗੁਲ ਪਨਾਗ ਆਮ ਆਦਮੀ ਪਾਰਟੀ ਵੱਲੋਂ ਮੈਦਾਨ ਵਿਚ ਹਨ ਜਦਕਿ ਕਿਰਨ ਖੇਰ ਨੂੰ ਭਾਜਪਾ ਵਾਲਿਆਂ ਨੇ ਆਪਣਾ ਉਮੀਦਵਾਰ ਬਣਾਇਆ ਹੈ। ਇਨ੍ਹਾਂ ਦੋਹਾਂ ਕਲਾਕਾਰਾਂ ਦੇ ਵਿਚ ਸਾਬਕਾ ਰੇਲ ਮੰਤਰੀ ਤੇ ਇਸ ਸੀਟ ਤੋਂ ਮੌਜੂਦਾ ਸੰਸਦ ਮੈਂਬਰ ਪਵਨ ਕੁਮਾਰ ਬਾਂਸਲ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੇ ਹਨ।

ਇਸ ਤੋਂ ਇਲਾਵਾ ਫਿਲਮੀ ਕਲਾਕਾਰਾਂ ਦੇ ਖੇਤਰੀ ਪ੍ਰਭਾਵ ਨੂੰ ਵੇਖਦਿਆਂ ਸਾਰੀਆਂ ਪਾਰਟੀਆਂ ਨੇ ਇਨ੍ਹਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਜਿਨ੍ਹਾਂ ਵਿਚ ਭਾਜਪਾ ਵੱਲੋਂ ਪਰੇਸ਼ ਰਾਵਲ ਨੂੰ (ਉੱਤਰੀ ਅਹਿਮਦਾਬਾਦ), ਸ਼ਤਰੂਘਨ ਸਿਨਹਾ (ਪਟਨਾ ਸਾਹਿਬ), ਹੇਮਾ ਮਾਲਿਨੀ (ਮਥੁਰਾ), ਬਾਬੂਲ ਸੁਪਰੀਓ (ਆਸਨਸੋਲ) ਜੋਏ ਬੈਨਰਜੀ (ਬੀਰਭੂਮ) ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਜਦਕਿ ਕਾਂਗਰਸ ਵੱਲੋਂ ਭੋਜਪੁਰੀ ਸਟਾਰ ਰਵੀ ਕਿਸ਼ਨ (ਜੌਨਪੁਰ), ਨਗਮਾ (ਮੇਰਠ) ਤੇ ਅਦਾਕਾਰ ਰਾਜ ਬੱਬਰ (ਗਾਜ਼ੀਆਬਾਦ) ਤੋਂ ਚੋਣ ਲੜਨਗੇ। ਇਸ ਤੋਂ ਇਲਾਵਾ ਖੇਤਰੀ ਪਾਰਟੀ ਤ੍ਰਿਣਮੂਲ ਕਾਂਗਰਸ ਨੇ ਸੁਚਿੱਤਰਾ ਸੇਨ ਦੀ ਬੇਟੀ ਮੁਨਮੁਨ ਸੇਨ ਨੂੰ ਟਿਕਟ ਦਿੱਤੀ ਹੈ।

# ਅਕਾਲੀ-ਭਾਜਪਾ ਗੱਠਜੋੜ ਦੇ ਹੱਕ 'ਚ ਡਟੇ ਅਫਸਰ

**ਚੰਡੀਗੜ੍ਹ:** ਚੋਣ ਜ਼ਾਬਤਾ ਲੱਗਾ ਹੋਣ ਦੇ ਬਾਵਜੂਦ ਸਰਕਾਰੀ ਅਫਸਰ ਅਕਾਲੀ-ਭਾਜਪਾ ਗੱਠਜੋੜ ਦੇ ਹੱਕ ਵਿਚ ਡਟੇ ਹੋਏ ਹਨ। ਇਹ ਅਫਸਰ ਚੋਣ ਕਮਿਸ਼ਨ ਨੂੰ ਵੀ ਹੱਥ ਪੱਲਾ ਨਹੀਂ ਨਹੀਂ ਫੜਾ ਰਹੇ। ਚੋਣ ਕਮਿਸ਼ਨ ਨੇ ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਪੁਲਿਸ ਅਫਸਰਾਂ ਵਿਰੁੱਧ ਆਉਂਦੀਆਂ ਸ਼ਿਕਾਇਤਾਂ ਦੀ ਪੜਤਾਲ ਲਈ ਤਿਆਰ ਕੀਤੀ ਗਈ ਕਾਰਜਪ੍ਰਣਾਲੀ ਦਾ ਸਖ਼ਤ ਨੋਟਿਸ ਲਿਆ ਹੈ। ਚੋਣ ਅਫਸਰਾਂ ਦਾ ਕਹਿਣਾ ਹੈ ਕਿ ਗ੍ਰਹਿ ਵਿਭਾਗ ਵੱਲੋਂ ਉਨ੍ਹਾਂ ਅਫਸਰਾਂ ਜਿਨ੍ਹਾਂ ਵਿਰੁੱਧ ਸ਼ਿਕਾਇਤਾਂ ਆਉਂਦੀਆਂ ਹਨ, ਦਾ ਪੱਖ ਲੈ ਕੇ ਸ਼ਿਕਾਇਤਾਂ ਨੂੰ ਰਫ਼ਾ ਦਫ਼ਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।




ਸੂਤਰਾਂ ਮੁਤਾਬਕ ਗ੍ਰਹਿ ਵਿਭਾਗ ਵੱਲੋਂ ਇਸ ਤਰ੍ਹਾਂ ਦਾ ਵਤੀਰਾ ਦੋ ਦਰਜਨ ਮਾਮਲਿਆਂ ਵਿਚ ਅਪਣਾਇਆ ਗਿਆ ਤੇ ਕਮਿਸ਼ਨ ਨੇ ਗੰਭੀਰ ਕਿਸਮ ਦੀਆਂ ਸ਼ਿਕਾਇਤਾਂ ਵਾਪਸ ਭੇਜ ਕੇ ਜਾਂਚ ਕਰਾਉਣ ਦੇ ਨਿਰਦੇਸ਼ ਵੀ ਦਿੱਤੇ ਸਨ। ਤਾਜ਼ਾ ਮਾਮਲਿਆਂ ਦਾ ਜ਼ਿਕਰ ਕਰਦਿਆਂ ਕਮਿਸ਼ਨ ਦੇ ਇਕ ਅਫ਼ਸਰ ਨੇ ਦੱਸਿਆ ਕਿ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਪਰਮਜੀਤ ਸਿੰਘ ਗਿੱਲ ਵਿਰੁੱਧ ਆਜ਼ਾਦ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਨੇ ਹਾਕਮ ਧਿਰ ਦੇ ਉਮੀਦਵਾਰ ਦਾ ਪੱਖ ਪੂਰਨ ਦੇ ਦੋਸ਼ ਲਾਏ ਤੇ ਆਪਣੇ ਹਮਾਇਤੀਆਂ ਖ਼ਿਲਾਫ਼ ਝੂਠੇ ਕੇਸ ਦਰਜ ਕਰਨ ਦੀ ਗੱਲ ਕਹੀ। ਗ੍ਰਹਿ ਵਿਭਾਗ ਨੇ ਕਮਿਸ਼ਨ ਨੂੰ ਭੇਜੀ ਰਿਪੋਰਟ ਵਿਚ ਕਿਹਾ ਹੈ ਕਿ ਕਮਿਸ਼ਨਰ ਲੁਧਿਆਣਾ ਨੇ ਸ਼ਿਕਾਇਤ ਵਿਚਲੇ ਤੱਥ ਝੂਠੇ ਕਰਾਰ ਦਿੱਤੇ ਹਨ। ਇਸ ਲਈ ਇਹ ਸ਼ਿਕਾਇਤ ਗਲਤ ਹੈ ਤੇ ਇਸ 'ਤੇ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ।

ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਬਠਿੰਡਾ ਤੋਂ ਆਈ.ਜੀ. ਇੰਟੈਲੀਜੈਂਸ ਜਤਿੰਦਰ ਜੈਨ, ਡੀ.ਆਈ.ਜੀ. ਬਠਿੰਡਾ ਤੇ ਐਸ.ਐਸ.ਪੀ. ਬਠਿੰਡਾ ਗੁਰਪ੍ਰੀਤ ਸਿੰਘ ਭੁੱਲਰ ਦੀ ਸ਼ਿਕਾਇਤ ਕੀਤੀ ਕਿ ਉਕਤ ਪੁਲਿਸ ਅਧਿਕਾਰੀ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੀ ਖੁੱਲ੍ਹੀ ਹਮਾਇਤ ਕਰ ਰਹੇ ਹਨ। ਕਮਿਸ਼ਨ ਨੇ ਇਸ ਸ਼ਿਕਾਇਤ 'ਤੇ ਗ੍ਰਹਿ ਵਿਭਾਗ ਤੋਂ ਰਿਪੋਰਟ ਮੰਗੀ। ਗ੍ਰਹਿ ਵਿਭਾਗ ਨੇ ਘੜਿਆ ਘੜਾਇਆ ਜਵਾਬ ਭੇਜਦਿਆਂ ਕਿਹਾ ਕਿ ਆਈ.ਜੀ. ਬਠਿੰਡਾ ਤੋਂ ਜਾਣਕਾਰੀ ਲਈ ਗਈ ਹੈ ਕਿ ਉਕਤ ਅਫਸਰ ਹਾਕਮ ਧਿਰ ਦੇ ਉਮੀਦਵਾਰ ਦੀ ਕੋਈ ਮਦਦ ਨਹੀਂ ਕਰ ਰਹੇ। ਇਸ ਲਈ ਇਸ ਸ਼ਿਕਾਇਤ 'ਤੇ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ। ਕਮਿਸ਼ਨ ਦੇ ਅਧਿਕਾਰੀਆਂ ਨੇ ਉਕਤ ਦੋਵੇਂ ਸ਼ਿਕਾਇਤਾਂ ਗ੍ਰਹਿ ਵਿਭਾਗ ਨੂੰ ਵਾਪਸ ਭੇਜ ਦਿੱਤੀਆਂ ਹਨ ਤੇ ਮੁੜ ਤੋਂ ਰਿਪੋਰਟ ਦੇਣ ਲਈ ਕਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜ ਦੇ ਗ੍ਰਹਿ ਵਿਭਾਗ ਨੇ ਇਨ੍ਹਾਂ ਸ਼ਿਕਾਇਤਾਂ ਦੀ ਪੜਤਾਲ ਸਹੀ ਢੰਗ ਨਾਲ ਨਹੀਂ ਕਰਵਾਈ ਸਗੋਂ ਖਾਨਾਪੂਰਤੀ ਕੀਤੀ ਹੈ। ਕਮਿਸ਼ਨ ਦੇ ਅਧਿਕਾਰੀ ਇਸ ਗੱਲੋਂ ਹੈਰਾਨ ਹਨ ਕਿ ਜਿਨ੍ਹਾਂ ਅਧਿਕਾਰੀਆਂ ਵਿਰੁੱਧ ਸ਼ਿਕਾਇਤਾਂ ਆਉਂਦੀਆਂ ਹਨ, ਸਰਕਾਰ ਵੱਲੋਂ ਉਸੇ ਅਧਿਕਾਰੀ ਦਾ ਪੱਖ ਜਾਣ ਕੇ ਸ਼ਿਕਾਇਤਾਂ ਨੂੰ ਸਰਸਰੀ ਸਮਝਿਆ ਜਾ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਸ਼ਿਕਾਇਤਾਂ ਦੀ ਪੜਤਾਲ ਕਿਸੇ ਹੋਰ ਅਧਿਕਾਰੀ ਤੋਂ ਕਰਾਈ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਸ਼ਿਕਾਇਤਕਰਤਾ ਦਾ ਪੱਖ ਵੀ ਜਾਣਿਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਢੁਕਵੇਂ ਸਬੂਤ ਪੇਸ਼ ਕਰ ਸਕੇ।

# ਚੋਣਾਂ ਦੌਰਾਨ ਹਮਲਿਆਂ ਦੇ ਖਦਸ਼ੇ ਮਗਰੋਂ ਭਾਜਪਾਈ ਡਰੇ?

**ਨਵੀਂ ਦਿੱਲੀ:** ਚੋਣਾਂ ਦੌਰਾਨ ਹਮਲਿਆਂ ਦੇ ਖਦਸ਼ੇ ਮਗਰੋਂ ਭਾਜਪਾਈ ਡਰ ਗਏ ਹਨ ਤੇ ਭਾਜਪਾ ਦੇ ਇਕ ਵਫਦ ਨੇ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕੀਤੀ ਹੈ। ਖੁਫੀਆ ਰਿਪੋਰਟਾਂ ਮੁਤਾਬਕ ਅਤਿਵਾਦੀ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾ ਸਕਦੇ ਹਨ। ਭਾਜਪਾ ਨੇ ਕੇਂਦਰ ਸਰਕਾਰ ਨੂੰ ਸੁਰੱਖਿਆ ਪ੍ਰਬੰਧ ਹੋਰ ਸਖ਼ਤ ਕਰਨ ਦੀ ਮੰਗ ਕੀਤੀ ਹੈ।

ਉਧਰ, ਲੋਕ ਸਭਾ ਚੋਣਾਂ ਦੌਰਾਨ ਦਹਿਸ਼ਤੀ ਹਮਲਿਆਂ ਨਾਲ ਦੇਸ਼ ਵਿਚ ਤਰਥੱਲੀ ਮਚਾਉਣ ਦੇ ਇਰਾਦਿਆਂ ਨੂੰ ਦਿੱਲੀ ਪੁਲਿਸ ਨੇ ਨਾਕਾਮ ਕਰ ਦਿੱਤਾ। ਪੁਲਿਸ ਨੇ ਕਈ ਬੰਬ ਧਮਾਕਿਆਂ ਵਿਚ ਲੋੜੀਂਦੇ ਪਾਕਿਸਤਾਨੀ ਨਾਗਰਿਕ ਤੇ ਇੰਡੀਅਨ ਮੁਜਾਹਿਦੀਨ ਦੇ ਦਹਿਸ਼ਤਗਰਦ ਜ਼ਿਆ ਉਰ ਰਹਿਮਾਨ ਉਰਫ਼ ਵਕਾਸ ਤੇ ਉਸ ਦੇ ਤਿੰਨ ਸਾਥੀਆਂ ਨੂੰ ਰਾਜਸਥਾਨ ਤੋਂ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ ਵੱਡੀ ਗਿਣਤੀ ਵਿਚ ਧਮਾਕਾਖੇਜ਼ ਸਮੱਗਰੀ ਵੀ ਬਰਾਮਦ ਕੀਤੀ ਗਈ ਹੈ ਜਿਸ ਨਾਲ ਲੀਡਰਾਂ ਦਾ ਫਿਕਰ ਹੋ ਵਧ ਗਿਆ ਹੈ। ਇਸ ਅਤਿਵਾਦੀ ਨੂੰ ਅਜਮੇਰ ਰੇਲਵੇ ਸਟੇਸ਼ਨ ਦੇ ਬਾਹਰੋਂ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਬਾਂਦਰਾ (ਮੁੰਬਈ) ਤੋਂ ਉੱਥੇ ਪੁੱਜਾ ਸੀ। ਉਸ ਦੇ ਤਿੰਨ ਸਾਥੀਆਂ ਦੀ ਪਛਾਣ ਮੁਹੰਮਦ ਮਾਹਰੂਫ (21), ਮੁਹੰਮਦ ਵਕਾਰ ਅਜ਼ਹਰ ਉਰਫ਼ ਹਨੀਫ਼ (21) ਤੇ ਸ਼ਾਕਿਬ ਅਨਸਾਰੀ ਉਰਫ਼ ਖਾਲਿਦ (25) ਵਜੋਂ ਹੋਈ ਜਿਨ੍ਹਾਂ ਨੂੰ ਉਸ ਦੀ ਨਿਸ਼ਾਨਦੇਹੀ 'ਤੇ ਜੈਪੁਰ ਅਤੇ ਜੋਧਪੁਰ ਤੋਂ ਉਨ੍ਹਾਂ ਦੀ ਰਿਹਾਇਸ਼ ਤੋਂ ਰਾਜਸਥਾਨ ਪੁਲਿਸ ਦੀ ਸਹਾਇਤਾ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ। ਪਾਕਿਸਤਾਨ ਦੇ ਦਹਿਸ਼ਤੀ ਕੈਂਪਾਂ ਵਿਚ ਸਿਖਲਾਈ ਲੈਣ ਵਾਲੇ ਵਕਾਸ 'ਤੇ 19 ਸਤੰਬਰ, 2010 ਨੂੰ ਜਾਮਾ ਮਸਜਿਦ ਵਿਚ ਹਮਲੇ, 7 ਦਸੰਬਰ, 2010 ਨੂੰ ਸ਼ੀਤਲਾ ਘਾਟ, ਵਾਰਾਣਸੀ ਵਿਚ ਬੰਬ ਧਮਾਕੇ ਤੇ ਮੁੰਬਈ ਦੇ ਜ਼ਵੇਰੀ ਬਾਜ਼ਾਰ ਤੇ ਓਪੇਰਾ ਹਾਊਸ ਨੂੰ 12 ਜੁਲਾਈ, 2011 ਨੂੰ ਬੰਬ ਧਮਾਕੇ ਕਰਨ ਦਾ ਦੋਸ਼ ਹੈ। ਵਕਾਸ ਵੱਲੋਂ ਇਕ ਅਗਸਤ, 2012 ਨੂੰ ਪੁਣੇ ਵਿਚ ਵੀ ਲੜੀਵਾਰ ਬੰਬ ਧਮਾਕੇ ਕੀਤੇ ਗਏ ਸਨ।

ਉਹ ਹੈਦਰਾਬਾਦ ਵਿਚ 21 ਫਰਵਰੀ, 2013 ਨੂੰ ਹੋਏ ਲੜੀਵਾਰ ਬੰਬ ਧਮਾਕਿਆਂ ਲਈ ਵੀ ਜ਼ਿੰਮੇਵਾਰ ਹੈ। ਵਕਾਸ ਦੇ ਯਾਸੀਨ ਭਟਕਲ ਨਾਲ ਸਬੰਧ ਸਨ ਤੇ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਹ ਹੀ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਨੂੰ ਅੰਜ਼ਾਮ ਦੇ ਰਿਹਾ ਸੀ। ਭਟਕਲ ਦੀ ਪੁੱਛਗਿੱਛ ਤੋਂ ਬਾਅਦ ਪੁਲਿਸ ਉਸ ਦੀ ਭਾਲ ਵਿਚ ਜੁਟ ਗਈ ਸੀ। ਵਕਾਸ ਪਾਕਿਸਤਾਨ ਤੋਂ ਕਾਠਮੰਡੂ ਹੁੰਦਾ ਹੋਇਆ ਭਾਰਤ ਪੁੱਜਾ ਸੀ।



## ਮੋਦੀ ਨੂੰ ਕੋਈ ਖਤਰਾ ਨਹੀਂ: ਗ੍ਰਹਿ ਮੰਤਰੀ

**ਮੁੰਬਈ:** ਭਾਜਪਾ ਦੀਆਂ ਚਿੰਤਾਵਾਂ ਨੂੰ ਦੂਰ ਕਰਦਿਆਂ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਕਿ ਉਸ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਦੀ ਜ਼ਿੰਦਗੀ ਨੂੰ ਕੋਈ ਖਤਰਾ ਨਹੀਂ ਤੇ ਉਨ੍ਹਾਂ ਦੀ ਸੁਰੱਖਿਆ ਪਹਿਲਾਂ ਹੀ ਵਧਾਈ ਹੋਈ ਹੈ।

ਗ੍ਰਹਿ ਮੰਤਰੀ ਸ਼ਿੰਦੇ ਨੇ ਮੋਦੀ ਸਮੇਤ ਭਾਜਪਾ ਨੇਤਾਵਾਂ ਨੂੰ ਸੰਭਾਵਿਤ ਖਤਰੇ ਬਾਰੇ ਸਵਾਲ ਦੇ ਜਵਾਬ ਵਿਚ ਕਿਹਾ ਕਿ ਭਾਜਪਾ ਨੇਤਾਵਾਂ ਦਾ ਇਕ ਵਫ਼ਦ ਉਨ੍ਹਾਂ ਨੂੰ ਮਿਲਿਆ ਸੀ ਤੇ ਉਨ੍ਹਾਂ ਨੇ ਵਫ਼ਦ ਮੈਂਬਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਕੋਈ ਖਤਰਾ ਨਹੀਂ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਦੀ ਰੈਲੀ ਦੌਰਾਨ ਪਟਨਾ ਵਿਚ ਹੋਏ ਬੰਬ ਧਮਾਕਿਆਂ ਪਿੱਛੋਂ ਉਨ੍ਹਾਂ ਖੁਦ ਹੀ ਉਨ੍ਹਾਂ ਦੀ ਸੁਰੱਖਿਆ ਵਧਾ ਦਿੱਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਉਨ੍ਹਾਂ ਨੇ ਸੁਰੱਖਿਆ ਦੇ ਸਾਰਿਆਂ ਲਈ ਇੰਤਜ਼ਾਮ ਕੀਤੇ ਹਨ ਭਾਵੇਂ ਉਹ ਭਾਜਪਾ, ਸਮਾਜਵਾਦੀ ਪਾਰਟੀ, ਬਸਪਾ ਜਾਂ ਕਾਂਗਰਸ ਦੇ ਨੇਤਾ ਹੋਣ। ਭਾਜਪਾ ਨੇਤਾ ਰਵੀ ਸ਼ੰਕਰ ਪ੍ਰਸਾਦ ਦੀ ਅਗਵਾਈ ਵਿਚ ਭਾਜਪਾ ਵਫ਼ਦ ਨੇ ਸ੍ਰੀ ਸ਼ਿੰਦੇ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇਤਾਵਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਸੀ। ਸ੍ਰੀ ਪ੍ਰਸਾਦ ਨੇ ਕਿਹਾ ਸੀ ਕਿ ਕੁਝ ਤੱਤ ਹਨ ਜਿਹੜੇ ਚੋਣ ਪ੍ਰਕਿਰਿਆ ਵਿਚ ਰੁਕਾਵਟ ਪਾਉਣਾ ਚਾਹੁੰਦੇ ਹਨ।

## ਸ਼ਰਾਬ ਲਈ ਪੈਸੇ ਨਾ ਦੇਣ 'ਤੇ ਪਤਨੀ ਦਾ ਕਤਲ

**ਮੰਡੀ ਕਿੱਲਿਆਂਵਾਲੀ:** ਪਿੰਡ ਕੰਦੂਖੇੜਾ ਵਿਚ ਵਿਅਕਤੀ ਨੇ ਕਹੀ ਮਾਰ ਕੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ। ਪਤਨੀ ਵੱਲੋਂ ਸ਼ਰਾਬ ਲਈ ਪੈਸੇ ਨਾ ਦੇਣ 'ਤੇ ਸ਼ਰਾਬ ਪੀਣ ਦੇ ਆਦੀ ਪਤੀ ਨੇ ਉਕਤ ਘਟਨਾ ਨੂੰ ਅੰਜਾਮ ਦਿੱਤਾ। ਹਾਸਲ ਜਾਣਕਾਰੀ ਅਨੁਸਾਰ ਖੇਤਰ ਦੇ ਪਿੰਡ ਕੰਦੂਖੇੜਾ ਦਾ ਵਸਨੀਕ ਤਕਰੀਬਨ 50 ਸਾਲਾ ਬਨਵਾਰੀ ਲਾਲ ਪੁੱਤਰ ਮਾੜੂ ਰਾਮ ਨੂੰ ਕਈ ਵਰ੍ਹਿਆਂ ਤੋਂ ਸ਼ਰਾਬ ਦੀ ਮਾੜੀ ਅਲਾਮਤ ਦਾ ਸ਼ਿਕਾਰ ਸੀ।

ਬਨਵਾਰੀ ਲਾਲ ਨੇ ਆਪਣੀ ਪਤਨੀ ਜੈਤਾਂ ਤੋਂ ਸ਼ਰਾਬ ਲਈ ਰੁਪਏ ਦੇ ਮੰਗ ਕੀਤੀ ਜਿਸ ਨੂੰ ਲੈ ਕੇ ਦੋਵਾਂ ਵਿਚਕਾਰ ਤਕਰਾਰਬਾਜ਼ੀ ਹੋ ਗਈ। ਪਤੀ-ਪਤਨੀ ਵਿਚਕਾਰ ਸ਼ਬਦੀ ਜੰਗ ਵਧਣ 'ਤੇ ਬਨਵਾਰੀ ਲਾਲ ਨੇ ਗੁੱਸੇ ਵਿਚ ਨੇੜੇ ਹੀ ਪਈ ਕਹੀ ਪਤਨੀ ਦੇ ਸਿਰ 'ਤੇ ਮਾਰੀ ਜਿਸ ਨਾਲ ਜੈਤਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਆਂਢ-ਗੁਆਂਢ ਦੇ ਲੋਕਾਂ ਅਨੁਸਾਰ ਸ਼ਰਾਬ ਨੂੰ ਲੈ ਕੇ ਬਨਵਾਰੀ ਲਾਲ ਤੇ ਜੈਤਾਂ ਵਿਚਕਾਰ ਅਕਸਰ ਲੜਾਈ ਝਗੜਾ ਹੁੰਦਾ ਰਹਿੰਦਾ ਸੀ। ਬਨਵਾਰੀ ਲਾਲ ਤੇ ਜੈਤਾਂ ਦੇ ਚਾਰ ਬੱਚੇ ਹਨ ਜਿਨ੍ਹਾਂ ਵਿਚੋਂ ਲੜਕੀਆਂ ਦਾ ਵਿਆਹ ਹੋ ਚੁੱਕਿਆ ਹੈ ਜਦੋਂਕਿ ਦੋ ਲੜਕੇ ਕੁਆਰੇ ਹਨ।

# ਲਾਪਤਾ ਜਹਾਜ਼ ਹਿੰਦ ਮਹਾਂਸਾਗਰ 'ਚ ਹੀ ਡਿੱਗਿਆ

**ਕੁਆਲਾਲੰਪੁਰ:** ਮਲੇਸ਼ੀਆ ਦਾ 239 ਲੋਕਾਂ ਨੂੰ ਲੈ ਕੇ ਲਾਪਤਾ ਹੋਇਆ ਜਹਾਜ਼ ਹਿੰਦ ਮਹਾਂਸਾਗਰ ਦੇ ਦੱਖਣੀ ਹਿੱਸੇ ਵਿਚ ਹਾਦਸਾਗ੍ਰਸਤ ਹੋ ਚੁੱਕਿਆ ਹੈ ਤੇ ਇਸ ਵਿਚ ਸਵਾਰ



ਲੋਕਾਂ ਵਿਚੋਂ ਕੋਈ ਵੀ ਜ਼ਿੰਦਾ ਨਹੀਂ ਬਚਿਆ। ਪ੍ਰਧਾਨ ਮੰਤਰੀ ਨਜੀਬ ਰਜ਼ਾਕ ਨੇ ਇਹ ਐਲਾਨ ਕਰ ਦਿੱਤਾ ਹੈ। ਇਸ ਜਹਾਜ਼ ਦੀ ਹੋਣੀ ਬਾਰੇ ਇਸ ਬਿਆਨ ਨਾਲ ਸਾਰੀਆਂ ਕਿਆਸਅਰਾਈਆਂ ਠੱਪ ਹੋ ਗਈਆਂ ਹਨ।

ਨਜੀਬ ਨੇ ਦੱਸਿਆ ਕਿ ਬਹੁਤ ਦੁੱਖ ਨਾਲ ਉਹ ਕਹਿ ਰਹੇ ਹਨ ਕਿ ਐਮਐਚ 370 ਜਹਾਜ਼ ਹਿੰਦ ਮਹਾਂਸਾਗਰ ਦੇ ਦੱਖਣੀ ਹਿੱਸੇ ਵਿਚ ਡਿੱਗ ਕੇ ਤਬਾਹ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਬਰਤਾਨਵੀ ਸੈਟੇਲਾਈਟ ਕੰਪਨੀ ਇਨਮਾਰਸੈਟ ਤੋਂ ਮਿਲੀ ਜਾਣਕਾਰੀ ਦੇ ਅਧਾਰ 'ਤੇ ਇਹ ਹੀ ਸਿੱਟਾ ਨਿਕਲਦਾ ਹੈ ਕਿ ਇਸ ਜਹਾਜ਼ ਨੇ ਦੱਖਣੀ ਲਾਂਘੇ ਵੱਲ ਉਡਾਣ ਭਰੀ ਸੀ। ਇਸ ਦੌਰਾਨ ਇਸ ਦੀ ਆਖਰੀ ਪੁਜ਼ੀਸ਼ਨ ਹਿੰਦ ਮਹਾਂਸਾਗਰ ਦੇ ਦੱਖਣ ਵਿਚ ਵਿਚਕਾਰ ਜਿਹੇ ਸੀ। ਇਹ ਖੇਤਰ ਪਰਥ ਦੇ ਪੱਛਮ ਵਿਚ ਪੈਂਦਾ ਹੈ।

ਇਹ ਬਹੁਤ ਦੁਰੇਡਾ ਖੇਤਰ ਹੈ ਤੇ ਲੈਂਡਿੰਗ ਦੀ ਤਾਂ ਕਿਤੇ ਦੂਰ ਤੱਕ ਸੰਭਾਵਨਾ ਨਹੀਂ ਸੀ। ਉਨ੍ਹਾਂ ਕਿਹਾ ਕਿ ਖੁੱਲ੍ਹੇਪਣ ਪ੍ਰਤੀ ਵਚਨਬੱਧਤਾ ਤੇ ਪੀੜਤਾਂ ਦੇ ਪਰਿਵਾਰਾਂ ਦੇ ਸਤਿਕਾਰ ਵਜੋਂ ਇਹ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਇਨ੍ਹਾਂ ਦੋ ਸਿਧਾਂਤਾਂ ਨੂੰ ਲੈ ਕੇ ਹੀ ਇਹ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਲੇਸ਼ਿਆਈ ਏਅਰਲਾਈਨਜ਼ ਦੇ ਅਧਿਕਾਰੀ ਪਹਿਲਾਂ ਹੀ ਯਾਤਰੀਆਂ ਦੇ ਪਰਿਵਾਰਾਂ ਤੇ ਜਹਾਜ਼ ਦੇ ਅਮਲੇ ਦੇ ਪਰਿਵਾਰਾਂ ਨਾਲ ਇਹ ਨਵੀਂ ਜਾਣਕਾਰੀ ਸਾਂਝੀ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ ਮੀਡੀਆ ਨੂੰ ਬੇਨਤੀ ਕਰਦੇ ਹਨ ਕਿ ਪਰਿਵਾਰਾਂ ਦੀ ਨਿੱਜਤਾ ਦਾ ਧਿਆਨ ਰੱਖਣ ਤੇ ਉਨ੍ਹਾਂ ਨੂੰ ਇਸ ਔਖੀ ਘੜੀ ਜਿੱਚ ਨਾ ਕਰਨ। 17 ਦਿਨ ਪਹਿਲਾਂ ਲਾਪਤਾ ਹੋਏ ਇਸ ਜਹਾਜ਼ ਵਿਚ ਪੰਜ ਭਾਰਤੀ ਯਾਤਰੀਆਂ ਸਣੇ 239 ਲੋਕ ਸਵਾਰ ਸਨ। ਪੇਇਚਿੰਗ ਜਾ ਰਿਹਾ ਇਹ ਜਹਾਜ਼ ਕੁਆਲਾਲੰਪੁਰ ਤੋਂ ਉਡਾਣ ਭਰਨ ਤੋਂ ਘੰਟੇ ਅੰਦਰ ਹੀ ਰਾਡਾਰ ਤੋਂ ਲਾਂਭੇ ਹੋ ਗਿਆ ਸੀ। ਇਸ ਜਹਾਜ਼ ਵਿਚ 154 ਚੀਨ ਦੇ ਲੋਕ, 38 ਮਲੇਸ਼ਿਆਈ, 7 ਇੰਡੋਨੇਸ਼ਿਆਈ, 6 ਆਸਟਰੇਲਿਆਈ, 5 ਭਾਰਤੀ, 4 ਅਮਰੀਕੀ ਤੇ ਦੋ ਕੈਨੇਡਿਆਈ ਨਾਗਰਿਕ ਸਨ।


## Are You Tired Of All Treatments?
### Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


# ਬੇਏਰੀਆ ਸਿੱਖ ਅਲਾਇੰਸ ਵਲੋਂ ਗੁਰਦੁਆਰਾ ਫਰੀਮਾਂਟ ਦਾ ਹਿਸਾਬ ਆਡਿਟ ਕਰਵਾਉਣ ਦੀ ਮੰਗ

**ਫਰੀਮਾਂਟ (ਬਿਊਰੋ):** ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਨੂੰ ਅਪੀਲ ਕੀਤੀ ਹੈ ਕਿ ਸੰਗਤਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਪਿਛਲੇ ਸਮੇਂ ਦੇ ਹਿਸਾਬ-ਕਿਤਾਬ ਦਾ ਆਡਿਟ ਕਰਵਾਇਆ ਜਾਵੇ ਤਾਂ ਕਿ 9 ਮਾਰਚ ਨੂੰ ਹੋਈਆਂ ਸੁਪਰੀਮ ਕੌਂਸਲ ਚੋਣਾਂ ਸਮੇਂ ਹਿਸਾਬ-ਕਿਤਾਬ ਵਿਚ ਬੇਨਿਯਮੀਆਂ ਸਬੰਧੀ ਉਠੇ ਵਾਦ-ਵਿਵਾਦ ਦਾ ਨਿਤਾਰਾ ਕੀਤਾ ਜਾ ਸਕੇ।

ਮਾਰਚ ਮਹੀਨੇ ਹੋਈਆਂ ਚੋਣਾਂ ਤੋਂ ਬਾਅਦ ਲੰਘੀ 22 ਮਾਰਚ ਨੂੰ ਅਲਾਇੰਸ ਦੀ ਹੋਈ ਦੂਜੀ ਮੀਟਿੰਗ ਵਿਚ ਇਸ ਮਾਮਲੇ 'ਤੇ ਹੋਈ ਵਿਚਾਰ-ਚਰਚਾ ਉਪਰੰਤ ਜਾਰੀ ਕੀਤੇ ਗਏ ਬਿਆਨ ਵਿਚ ਆਖਿਆ ਗਿਆ ਹੈ ਕਿ ਪ੍ਰਬੰਧਕਾਂ ਦੀ ਇਹ ਮੁਢਲੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੰਗਤਾਂ ਨੂੰ ਇਥੋਂ ਦੇ ਕਾਨੂੰਨ ਮੁਤਾਬਕ ਸਾਰੀ ਜਾਣਕਾਰੀ ਮੁਹੱਈਆ ਕਰਵਾਉਣ। ਅਲਾਇੰਸ ਨੇ ਚਿਤਾਵਨੀ ਦਿਤੀ ਹੈ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਕਿਸੇ ਵੀ ਤਰ੍ਹਾਂ ਦੀਆਂ ਪੈਦਾ ਹੋਈਆਂ ਸਮੱਸਿਆਵਾਂ ਲਈ ਪ੍ਰਬੰਧਕ ਜ਼ਿੰਮੇਵਾਰ ਹੋਣਗੇ। ਪ੍ਰਬੰਧਕਾਂ ਨੂੰ ਸੰਗਤਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਹਿਸਾਬ-ਕਿਤਾਬ ਦਾ ਆਡਿਟ 30 ਅਪਰੈਲ ਤੱਕ ਕਰਵਾਉਣ ਲਈ ਪਹਿਲ ਕਦਮੀ ਕਰਨੀ ਚਾਹੀਦੀ ਹੈ। ਅਲਾਇੰਸ ਵਲੋਂ ਇਸ ਸਬੰਧੀ ਇਕ ਪੱਤਰ ਵੀ ਸੁਪਰੀਮ ਕੌਂਸਲ ਨੂੰ ਦਿਤਾ ਗਿਆ ਹੈ। ਸੁਪਰੀਮ ਕੌਂਸਲ ਮੈਂਬਰਾਂ-ਭਾਈ ਤਰਸੇਮ ਸਿੰਘ ਅਤੇ ਭਾਈ ਜਸਦੇਵ ਸਿੰਘ ਨੂੰ ਬੇਨਤੀ ਕੀਤੀ ਗਈ ਹੈ ਕਿ ਐਤਵਾਰ 30 ਮਾਰਚ ਨੂੰ 12 ਵਜੇ ਤੋਂ ਇਕ ਵਜੇ ਦਰਮਿਆਨ ਬੇਏਰੀਆ ਸਿੱਖ ਅਲਾਇੰਸ ਨੂੰ 15 ਮਿੰਟ ਦਾ ਸਮਾਂ ਦਿੱਤਾ ਜਾਵੇ।

ਜਾਰੀ ਬਿਆਨ ਵਿਚ ਅਲਾਇੰਸ ਨੇ ਇਹ ਵੀ ਕਿਹਾ ਹੈ ਕਿ ਗੁਰੂ ਘਰ ਵਿਚ ਆਉਣ ਵਾਲੇ ਪ੍ਰਚਾਰਕਾਂ ਨੂੰ ਧਾਰਮਿਕ ਪ੍ਰਚਾਰ ਤੱਕ ਸੀਮਤ ਰੱਖਣਾ ਪ੍ਰਬੰਧਕਾਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਗੁਰਦੁਆਰਾ ਪ੍ਰਬੰਧਕਾਂ ਦੀ ਧੜੇਬੰਦੀ ਵਿਚ ਪੈਣ ਤੋਂ ਉਨ੍ਹਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਹੋਈਆਂ ਸੁਪਰੀਮ ਕੌਂਸਲ ਦੀਆਂ ਚੋਣਾਂ ਵਿਚ ਬੇਏਰੀਆ ਸਿੱਖ ਅਲਾਇੰਸ 45% ਵੋਟਾਂ ਲੈ ਕੇ ਦੂਜੇ ਥਾਂ ਰਿਹਾ ਸੀ।

# ਮੋਦੀ ਨਾਲ ਭਿੜਨਗੇ ਕੇਜਰੀਵਾਲ

**ਵਾਰਾਣਸੀ (ਉੱਤਰ ਪ੍ਰਦੇਸ਼):** ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਨੇ ਲੋਕ ਸਭਾ ਚੋਣਾਂ ਦੌਰਾਨ ਇਸ ਸ਼ਹਿਰ ਤੋਂ ਨਰੇਂਦਰ ਮੋਦੀ ਨੂੰ ਵੰਗਾਰਨ ਦੇ ਆਪਣੇ ਫੈਸਲੇ ਦਾ ਐਲਾਨ ਕੀਤਾ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ




*ਅਰਵਿੰਦ ਕੇਜਰੀਵਾਲ*

ਦੇ ਉਮੀਦਵਾਰ ਨੂੰ ਭਾਂਜ ਦੇਣ ਲਈ ਲੋਕਾਂ ਤੋਂ ਹਮਾਇਤ ਮੰਗੀ।

ਬੇਨੀਆ ਬਾਗ ਮੈਦਾਨ ਵਿਚ ਪਾਰਟੀ ਦੀ ਰੈਲੀ ਤੋਂ ਪਹਿਲਾਂ ਜਦੋਂ ਸ੍ਰੀ ਕੇਜਰੀਵਾਲ ਅਤੇ ਪਾਰਟੀ ਦੇ ਹੋਰ ਆਗੂ ਸ਼ਹਿਰ ਵਿਚ ਰੋਡ ਸ਼ੋਅ ਕਰ ਰਹੇ ਸਨ ਤਾਂ ਭਾਜਪਾ ਵਰਕਰਾਂ ਨੇ ਦੋ ਥਾਵਾਂ 'ਤੇ ਉਨ੍ਹਾਂ ਉੱਪਰ ਸਿਆਹੀ ਤੇ ਅੰਡੇ ਸੁੱਟੇ। ਇਸ ਮੌਕੇ ਪੁਲਿਸ ਨੇ ਭਾਜਪਾ ਵਰਕਰਾਂ ਨੂੰ ਖਿੰਡਾਉਣ ਲਈ ਲਾਠੀਚਾਰਜ ਵੀ ਕੀਤਾ। ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਮੋਦੀ, ਅੰਬਾਨੀ ਅਤੇ ਅਦਾਨੀ ਜਿਹੇ ਸਨਅਤੀ ਘਰਾਣਿਆਂ ਦਾ ਏਜੰਟ ਹੈ ਅਤੇ ਗੁਜਰਾਤ ਦੇ ਵਿਕਾਸ ਮਾਡਲ ਬਾਰੇ ਮਿੱਥ ਪ੍ਰਚਾਰਿਆ ਜਾ ਰਿਹਾ ਹੈ। ਉਨ੍ਹਾਂ ਰਾਹੁਲ ਗਾਂਧੀ 'ਤੇ ਵੀ ਕਰਾਰੇ ਹਮਲੇ ਕਰਦਿਆਂ ਕਿਹਾ ਕਿ ਭਾਜਪਾ ਤੇ ਕਾਂਗਰਸ ਇਕੋ ਸਿੱਕੇ ਦੇ ਦੋ ਪਾਸੇ ਹਨ। ਰੈਲੀ ਵਿਚ ਮੌਜੂਦ ਲੋਕਾਂ ਨੇ ਝਾੜੂ ਲਹਿਰਾ ਕੇ ਨਾਅਰੇ ਲਾਏ ਅਤੇ ਕੇਜਰੀਵਾਲ ਦੇ ਸੁਆਲ ਦਾ ਹੁੰਗਾਰਾ ਭਰਿਆ। ਸ੍ਰੀ ਕੇਜਰੀਵਾਲ ਨੇ ਮੋਦੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਭਾਜਪਾ ਦਾ ਸਟਾਰ ਮੀਡੀਆ ਅਤੇ ਜਨਤਕ ਬਹਿਸ ਤੋਂ ਹਮੇਸ਼ਾ ਬਚਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਮੋਦੀ ਦੀ ਸਰਕਾਰ ਬਣ ਗਈ ਤਾਂ ਦੇਸ਼ ਵਿਚ ਮਹਿੰਗਾਈ ਛੜੱਪੇ ਮਾਰ ਕੇ ਵਧੇਗੀ ਅਤੇ ਛੋਟੇ ਕਾਰੋਬਾਰੀ ਬੇਕਾਰ ਹੋ ਜਾਣਗੇ।


## Convenience Store For Sale

**Turn key convenience store with a lot of potential for sale in Bakersfield. 3400 Sqf. of space. Good location.**

**Price $129,900 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ

**ਕੀਮਤ: $129,900+ਇਨਵੈਂਟਰੀ**

*ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ*

**ਸੰਪਰਕ ਕਰੋ: ਜਿੰਮੀ ਬਸਰਾ**

**Cell: 661-205-5450**

**Miramar International, Fax: 866-605-4167**





# ਸ਼ਹੀਦਾਂ ਨੂੰ ਸ਼ਰਧਾਂਜਲੀ ਦੀ ਥਾਂ ਚੱਲੀ ਚੋਣਾਂ ਦੀ ਸਿਆਸਤ

## ਜੰਗ ਵਿਚ ਘੋੜਾ ਬਦਲਣ ਵਾਲਾ ਸਿਪਾਹੀ ਕਦੇ ਨਹੀਂ ਜਿੱਤਦਾ: ਬਾਦਲ



**ਬੰਗਾ:** ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ 23 ਮਾਰਚ ਨੂੰ ਖਟਕੜ ਕਲਾਂ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਵੱਲੋਂ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸ਼ਹੀਦਾਂ ਨੇ ਸਰਬਪੱਖੀ ਵਿਕਾਸ ਤੇ ਭਾਈਚਾਰੇ ਦਾ ਜਿਹੜਾ ਸੁਪਨਾ ਲੈ ਕੇ ਦੇਸ਼ ਨੂੰ ਆਜ਼ਾਦ ਕਰਾਇਆ ਸੀ, ਉਸ ਨੂੰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੇ ਮਹਿੰਗਾਈ ਵਰਗੀਆਂ ਅਲਾਮਤਾਂ ਨਾਲ ਤਾਰੋ-ਤਾਰ ਕਰਨ ਵਿਚ ਕਾਂਗਰਸ ਨੇ ਕੋਈ ਕਸਰ ਬਾਕੀ ਨਹੀਂ ਛੱਡੀ।

ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਸਾਡਾ ਦੇਸ਼ ਗੋਰਿਆਂ ਤੋਂ ਤਾਂ ਆਜ਼ਾਦ ਹੋ ਗਿਆ ਸੀ ਪਰ ਅੱਜ ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਅੱਧੀ ਸਦੀ ਤੱਕ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਤੋਂ ਆਜ਼ਾਦ ਹੋਣ ਦੀ ਲੋੜ ਹੈ। ਸ. ਬਾਦਲ ਨੇ ਕਾਂਗਰਸ ਉਮੀਦਵਾਰਾਂ ਦੀ ਅਦਲਾ-ਬਦਲੀ 'ਤੇ ਵਿਅੰਗ ਕਸਦਿਆਂ ਕਿਹਾ ਕਿ ਜਿਹੜਾ ਸਿਪਾਹੀ ਜੰਗ ਵਿਚ ਘੋੜਾ ਬਦਲਦਾ ਹੈ, ਉਹ ਜਿੱਤ ਪ੍ਰਾਪਤ ਨਹੀਂ ਕਰ ਸਕਦਾ।

ਉਨ੍ਹਾਂ ਕਿਹਾ ਕਿ ਕਾਂਗਰਸ ਦੇ ਉਮੀਦਵਾਰ ਆਪਣੀ ਇੱਛਾ ਮੁਤਾਬਕ ਨਹੀਂ ਖੜ੍ਹੇ ਹੋ ਰਹੇ, ਸਗੋਂ ਉਨ੍ਹਾਂ ਨੂੰ ਸੋਨੀਆ ਗਾਂਧੀ ਆਪਣੇ ਹੰਟਰ ਦੇ ਜ਼ੋਰ ਨਾਲ ਖੜੇ ਕਰ ਰਹੀ ਹੈ। ਉਨ੍ਹਾਂ ਕੇਂਦਰ ਦੀ ਕਾਂਗਰਸ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਜਿਹੜੀ ਸਰਕਾਰ ਦੇਸ਼ ਦੀਆਂ ਸਰਹੱਦਾਂ ਦੀ ਸੁਰੱਖਿਆ ਨਹੀਂ ਕਰ ਸਕਦੀ, ਉਸ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਸਮਾਰਕ 'ਤੇ ਪੁੱਜ ਕੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

## ਅੱਠ ਦਹਾਕਿਆਂ ਬਾਅਦ ਮਿਲਿਆ ਸ਼ਹੀਦ ਭਗਤ ਸਿੰਘ ਦਾ ਖਤ

**ਨਵੀਂ ਦਿੱਲੀ:** ਦੇਸ਼ ਲਈ ਜਾਨ ਵਾਰਨ ਵਾਲੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਇਕ ਗੁੰਮ ਹੋਇਆ ਖ਼ਤ 83 ਸਾਲ ਬਾਅਦ ਸਾਹਮਣੇ ਆਇਆ ਹੈ। ਇਹ ਖ਼ਤ ਉਨ੍ਹਾਂ ਨੇ ਕ੍ਰਾਂਤੀਕਾਰੀ ਸਾਥੀ ਹਰਿਕਿਸ਼ਨ ਤਲਵਾਰ ਦੇ ਮੁਕੱਦਮੇ ਵਿਚ ਵਕੀਲਾਂ ਦੇ ਰਵੱਈਏ ਵਿਰੁੱਧ ਲਿਖਿਆ ਸੀ। ਭਗਤ ਸਿੰਘ ਦੇ ਜੀਵਨ 'ਤੇ ਕਈ ਪੁਸਤਕਾਂ ਲਿਖ ਚੁੱਕੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋ: ਚਮਨ ਲਾਲ ਨੇ ਦੱਸਿਆ ਕਿ ਸ਼ਹੀਦ-ਏ-ਆਜ਼ਮ ਦਾ ਇਹ ਖ਼ਤ 83 ਸਾਲ ਬਾਅਦ ਸਾਹਮਣੇ ਆਇਆ ਹੈ ਜਿਸ ਨੂੰ ਉਨ੍ਹਾਂ ਨੇ ਆਪਣੀ ਪੁਸਤਕ 'ਭਗਤ ਸਿੰਘ ਦੇ ਦੁਰਲੱਭ ਦਸਤਾਵੇਜ਼' ਵਿਚ ਪ੍ਰਕਾਸ਼ਿਤ ਕੀਤਾ ਹੈ।

ਹਰਿਕਿਸ਼ਨ ਤਲਵਾਰ ਨੇ 23 ਦਸੰਬਰ, 1930 ਨੂੰ ਲਾਹੌਰ ਯੂਨੀਵਰਸਿਟੀ ਦੇ ਸਮਾਗਮ ਦੌਰਾਨ ਪੰਜਾਬ ਦੇ ਤੱਤਕਾਲੀਨ ਗਵਰਨਰ ਨੂੰ ਗੋਲੀ ਚਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ ਪਰ ਹਮਲੇ ਵਿਚ ਉਹ ਬਚ ਗਿਆ ਸੀ ਤੇ ਇਕ ਪੁਲਿਸ ਅਧਿਕਾਰੀ ਮਾਰਿਆ ਗਿਆ ਸੀ। ਚਮਨ ਲਾਲ ਨੇ ਦੱਸਿਆ ਕਿ ਹਰਿਕਿਸ਼ਨ ਤਲਵਾਰ ਦੇ ਮੁਕੱਦਮੇ ਨੂੰ ਲੈ ਕੇ ਸ਼ਹੀਦ-ਏ-ਆਜ਼ਮ ਵੱਲੋਂ ਲਿਖਿਆ ਇਹ ਖ਼ਤ ਗੁੰਮ ਹੋ ਗਿਆ ਸੀ ਜਿਸ ਕਰਕੇ ਭਗਤ ਸਿੰਘ ਨੇ ਦੂਜਾ ਖ਼ਤ ਲਿਖਿਆ ਸੀ ਕਿ ਉਨ੍ਹਾਂ ਨੇ ਇਕ ਖ਼ਤ ਪਹਿਲਾਂ ਵੀ ਲਿਖਿਆ ਸੀ ਜੋ ਕਿਤੇ ਗੁੰਮ ਹੋ ਗਿਆ ਹੈ। ਇਸ ਲਈ ਉਨ੍ਹਾਂ ਨੂੰ ਦੂਜਾ ਖ਼ਤ ਲਿਖਣਾ ਪੈ ਰਿਹਾ ਹੈ। ਮੁਕੱਦਮੇ ਦੌਰਾਨ ਵਕੀਲਾਂ ਨੇ ਤਰਕ ਦਿੱਤਾ ਸੀ ਕਿ ਹਰਿਕਿਸ਼ਨ ਦਾ ਗਵਰਨਰ ਨੂੰ ਮਾਰਨ ਦਾ ਕੋਈ ਇਰਾਦਾ ਨਹੀਂ ਸੀ। ਇਸ 'ਤੇ ਭਗਤ ਸਿੰਘ ਵਕੀਲਾਂ ਦੇ ਰਵੱਈਏ ਤੋਂ ਨਾਰਾਜ਼ ਹੋ ਗਏ। ਭਗਤ ਸਿੰਘ ਨੇ ਖ਼ਤ ਵਿਚ ਲਿਖਿਆ ਸੀ ਹਰਿਕਿਸ਼ਨ ਇਕ ਬਹਾਦਰ ਯੋਧਾ ਹੈ ਤੇ ਵਕੀਲ ਇਹ ਕਹਿ ਕੇ ਉਸ ਦਾ ਅਪਮਾਨ ਨਾ ਕਰਨ ਕਿ ਉਸ ਦਾ ਗਵਰਨਰ ਨੂੰ ਮਾਰਨ ਦਾ ਕੋਈ ਇਰਾਦਾ ਨਹੀਂ ਸੀ।

## ਪੰਜਾਬ ਸਰਕਾਰ ਇਸ਼ਤਿਹਾਰਾਂ ਤੇ ਨੀਂਹ ਪੱਥਰਾਂ ਤੱਕ ਹੀ ਸਿਮਟੀ: ਲਾਲ ਸਿੰਘ



**ਬੰਗਾ:** ਕਾਂਗਰਸ ਪਾਰਟੀ ਵੱਲੋਂ 23 ਮਾਰਚ ਨੂੰ ਪਿੰਡ ਖਟਕੜ ਕਲਾਂ ਵਿਚ ਸ਼ਹੀਦਾਂ ਦੀ ਯਾਦ ਵਿਚ ਹੋਏ ਸ਼ਰਧਾਂਜਲੀ ਸਮਾਗਮ ਸਮੇਂ ਮੁੱਖ ਤੌਰ 'ਤੇ ਪੁੱਜੇ ਪੰਜਾਬ ਦੇ ਸਾਬਕਾ ਮੰਤਰੀ ਲਾਲ ਸਿੰਘ ਨੇ ਆਪਣੇ ਭਾਸ਼ਨ ਦੌਰਾਨ ਅਕਾਲੀ-ਭਾਜਪਾ ਸਰਕਾਰ ਦਾ 'ਰਿਪੋਰਟ ਕਾਰਡ' ਬਹੁਤ ਵਿਸਥਾਰ ਅਤੇ ਪੂਰੇ ਵੇਰਵਿਆਂ ਨਾਲ ਪੜ੍ਹਿਆ। ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਨੇ ਰਾਜ ਨਹੀਂ ਸੇਵਾ ਦਾ ਝਲਕਾਰਾ ਦਿਖਾ ਕੇ ਲੋਕਾਂ ਤੋਂ ਵੋਟਾਂ ਮੰਗੀਆਂ ਸਨ, ਹੁਣ ਉਸ ਦਾ ਸੱਚ ਸਭ ਦੇ ਸਾਹਮਣੇ ਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੂਬਾ ਸਰਕਾਰ ਨੀਂਹ ਪੱਥਰਾਂ ਤੇ ਇਸ਼ਤਿਹਾਰਬਾਜ਼ੀ ਤੱਕ ਸਿਮਟ ਕੇ ਰਹਿ ਗਈ ਹੈ।

ਸ. ਲਾਲ ਸਿੰਘ ਨੇ ਕਿਹਾ ਕਿ ਸਰਕਾਰ ਨੇ ਬੇਤਹਾਸ਼ਾ ਟੈਕਸ ਲਾ ਕੇ, ਕਰਮਚਾਰੀਆਂ 'ਤੇ ਡੰਡਾ ਚਲਾ ਕੇ ਤੇ ਕੇਂਦਰ ਦੀਆਂ ਆਈਆਂ ਗਰਾਂਟਾਂ ਨਾਲ ਆਪਣੀ ਚੌਧਰ ਕਰਕੇ ਜੋ ਚੰਦ ਚਾੜ੍ਹੇ ਹਨ, ਉਨ੍ਹਾਂ ਦਾ ਨਿਤਾਰਾ ਲੋਕ ਸਭਾ ਚੋਣਾਂ ਵਿਚ ਹੋ ਜਾਵੇਗਾ। ਕਾਂਗਰਸ ਆਗੂ ਨੇ ਸ਼ਪਸ਼ਟ ਸ਼ਬਦਾਂ ਵਿਚ ਕਿਹਾ ਕਿ ਗੱਠਜੋੜ ਮੋਦੀ ਦੇ ਨਾਂ 'ਤੇ ਵੋਟਾਂ ਮੰਗਣ ਤੋਂ ਇਲਾਵਾ ਹੋਰ ਕਿਸੇ ਚੋਣ ਮੁੱਦੇ ਦੀ ਗੱਲ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਕਾਂਗਰਸ ਵਰਕਰਾਂ ਦੇ ਬੁਲੰਦ ਹੌਂਸਲੇ ਦੇਖ ਕੇ ਅਕਾਲੀ-ਭਾਜਪਾ ਖੇਮਾ ਖੁਦ ਫਿਕਰਮੰਦ ਹੈ।

ਹਲਕੇ ਦੇ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ ਤੇ ਨਵਾਂਸ਼ਹਿਰ ਦੇ ਵਿਧਾਇਕ ਗੁਰਇਕਬਾਲ ਕੌਰ ਬਬਲੀ ਨੇ ਪਾਰਟੀ ਵਰਕਰਾਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਦੀ ਸਥਿਤੀ ਬਹੁਤ ਮਜ਼ਬੂਤ ਹੈ ਤੇ ਪੰਜਾਬ ਸਰਕਾਰ ਦੇ ਕਾਰਨਾਮਿਆਂ ਤੋਂ ਹਰ ਵਰਗ ਦੁਖੀ ਹੈ। ਸਮਾਗਮ ਦੌਰਾਨ ਬੁਲਾਰਿਆਂ ਨੇ ਆਨੰਦਪੁਰ ਸਾਹਿਬ ਤੋਂ ਪਾਰਟੀ ਉਮੀਦਵਾਰ ਅੰਬਿਕਾ ਸੋਨੀ ਦਾ ਗੁਣਗਾਣ ਵੀ ਕੀਤਾ। ਜ਼ਿਕਰਯੋਗ ਹੈ ਕਿ ਸਮਾਗਮ ਵਿਚ ਅੰਬਿਕਾ ਸੋਨੀ ਤੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਆਮਦ ਬਾਰੇ ਚਰਚੇ ਸਨ ਪਰ ਉਹ ਨਹੀਂ ਆਏ।

## ਲਾਹੌਰੀਆਂ ਨੇ ਕੀਤਾ ਸ਼ਹੀਦ ਭਗਤ ਸਿੰਘ ਨੂੰ ਯਾਦ

**ਲਾਹੌਰ:** ਪਾਕਿਸਤਾਨੀ ਸਿਵਲ ਸੁਸਾਇਟੀ ਨੇ ਮੋਮਬੱਤੀ ਮਾਰਚ ਕੀਤਾ ਤੇ ਸ਼ਹੀਦ ਭਗਤ ਸਿੰਘ ਦੇ 83ਵੇਂ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭ ਨੇ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਦੇ ਨਾਮ 'ਤੇ ਰੱਖਣ ਦੀ ਮੰਗ ਵੀ ਕੀਤੀ। ਮਾਨਵੀ ਹੱਕਾਂ ਦੇ ਵੱਡੀ ਗਿਣਤੀ ਕਾਰਕੁਨਾਂ ਨੇ ਦੇਸ਼ ਦੇ ਉੱਤਰ-ਪੂਰਬ ਵਿਚ ਪੈਂਦੇ ਚੌਕ ਵਿਚ ਸ਼ਹੀਦ ਦੀ ਫੋਟੋ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਪੀ.ਐਮ.ਐਲ.-ਐਨ ਸਰਕਾਰ ਤੋਂ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਚੌਕ ਰੱਖੇ ਜਾਣ ਦੀ ਮੰਗ ਵੀ ਦੁਹਰਾਈ। ਇਹ ਉਹ ਅਸਥਾਨ ਹੈ ਜਿੱਥੇ 23 ਮਾਰਚ, 1931 ਨੂੰ ਬਰਤਾਨਵੀ ਸ਼ਾਸਕਾਂ ਨੇ 23 ਸਾਲ ਦੀ ਉਮਰੇ ਇਸ ਇਨਕਲਾਬੀ ਨੂੰ ਫਾਂਸੀ ਦੇ ਦਿੱਤੀ ਸੀ। ਭਗਤ ਸਿੰਘ ਫਾਊਂਡੇਸ਼ਨ ਦੇ ਬਾਨੀ ਅਬਦੁੱਲਾ ਮਲਿਕ ਨੇ ਕਿਹਾ ਕਿ ਬਿਨਾਂ ਕਿਸੇ ਧਾਰਮਿਕ ਭੇਦਭਾਵ ਦੇ ਸ਼ਹੀਦ ਦੀ ਕੁਰਬਾਨੀ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਸਾਡਾ ਨਾਇਕ ਹੈ ਤੇ ਧਾਰਮਿਕ ਕੱਟੜਪ੍ਰਸਤਾ ਦੇ ਵਿਰੋਧ ਦੇ ਬਾਵਜੂਦ ਉਹ ਉਸ ਨੂੰ ਸ਼ਰਧਾਂਜਲੀ ਭੇਟ ਕਰਦੇ ਰਹਿਣਗੇ।

## ਖ਼ੁਫ਼ੀਆ ਏਜੰਸੀਆਂ ਨੇ ਸੁਖਬੀਰ ਬਾਦਲ ਨੂੰ ਕੀਤਾ ਚੌਕਸ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਹਿਲਾ ਮਨੁੱਖੀ ਬੰਬ ਤੋਂ ਗੰਭੀਰ ਖਤਰਾ ਹੈ। ਕੇਂਦਰੀ ਖ਼ੁਫ਼ੀਆ ਵਿਭਾਗ ਨੇ ਪੰਜਾਬ ਪੁਲਿਸ ਨੂੰ ਇਸ ਤੋਂ ਜਾਣੂ ਕਰਾ ਦਿੱਤਾ ਹੈ। ਪੰਜਾਬ ਪੁਲਿਸ ਨੇ ਉੱਚ ਪੁਲਿਸ ਅਫ਼ਸਰਾਂ ਨੂੰ ਪੱਤਰ ਲਿਖ ਕੇ ਚੌਕਸ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਦੌਰਾਨ ਉਪ ਮੁੱਖ ਮੰਤਰੀ ਦੀ ਸੁਰੱਖਿਆ ਹੋਰ ਮਜ਼ਬੂਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਪੰਜਾਬ ਪੁਲਿਸ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਮੁਸਤੈਦ ਹੋ ਗਈ ਹੈ। ਸਪੈਸ਼ਲ ਪ੍ਰੋਟੈਕਸ਼ਨ ਯੂਨਿਟ (ਸੀ.ਐਮ.ਐਸ.) ਪੰਜਾਬ ਦੇ ਆਈਜੀ ਵੱਲੋਂ 17 ਮਾਰਚ ਨੂੰ ਉੱਚ ਪੱਧਰ ਦੇ ਕੁਝ ਅਫ਼ਸਰਾਂ ਨੂੰ ਫੈਕਸ ਕੀਤੇ ਗੁਪਤ ਪੱਤਰ (6700, ਏ.ਸੀ. ਟੂ, ਆਈ.ਜੀ.ਪੀ., ਐਸ.ਪੀ.ਯੂ.) ਅਨੁਸਾਰ ਕੇਂਦਰੀ ਖ਼ੁਫ਼ੀਆ ਵਿੰਗ ਨੇ ਸੁਖਬੀਰ ਸਿੰਘ ਬਾਦਲ ਦੀ ਜਾਨ ਨੂੰ ਗੰਭੀਰ ਖਤਰਾ ਹੋਣ ਦੇ ਸੰਕੇਤ ਦਿੱਤੇ ਹਨ। ਪੱਤਰ ਅਨੁਸਾਰ ਖ਼ੁਫ਼ੀਆ ਵਿੰਗ ਨੇ ਚੌਕਸ ਕੀਤਾ ਹੈ ਕਿ ਅੱਤਵਾਦੀ ਮਨੁੱਖੀ ਬੰਬ ਦੀ ਵਰਤੋਂ ਕਰ ਸਕਦੇ ਹਨ ਤੇ ਇਸ ਕੰਮ ਲਈ ਮਹਿਲਾ ਨੂੰ ਵਰਤਿਆ ਜਾ ਸਕਦਾ ਹੈ।

ਕਾਰ ਬੰਬ ਤੇ ਹੋਰ ਰਿਮੋਟ ਕੰਟਰੋਲ ਡਿਵਾਈਸਿਜ਼ ਦੀ ਵਰਤੋਂ ਕੀਤੇ ਜਾਣ ਦੀ ਗੱਲ ਵੀ ਕਹੀ ਗਈ ਹੈ। ਪੁਲਿਸ ਅਫ਼ਸਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਪ ਮੁੱਖ ਮੰਤਰੀ ਦੀ ਸੁਰੱਖਿਆ ਸਥਾਨਕ ਹਾਲਾਤ ਅਨੁਸਾਰ ਮਜ਼ਬੂਤ ਕੀਤੀ ਜਾਏ। ਗਜ਼ਟਿਡ ਅਫ਼ਸਰ ਵੱਲੋਂ ਉਨ੍ਹਾਂ ਥਾਵਾਂ ਦੀ ਖੁਦ ਚੈਕਿੰਗ ਕੀਤੀ ਜਾਵੇ ਜਿਥੇ ਵੀ.ਵੀ.ਆਈ.ਪੀ. ਨੇ ਜਾਣਾ ਹੁੰਦਾ ਹੈ। ਉਪ ਮੁੱਖ ਮੰਤਰੀ ਨੂੰ ਦਿੱਤੇ ਜਾਣ ਵਾਲੇ ਖਾਣੇ ਤੇ ਹੋਰ ਵਸਤਾਂ ਦੀ ਪਹਿਲਾਂ ਚੈਕਿੰਗ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

## ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਦੇ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ਼

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਭਾਵੇਂ ਉਮੀਦਵਾਰਾਂ ਦੇ ਚੋਣ ਖ਼ਰਚਿਆਂ ਦੀ ਹੱਦ ਤੈਅ ਕੀਤੀ ਗਈ ਹੈ ਪਰ ਜ਼ਿਆਦਾਤਰ ਉਮੀਦਵਾਰਾਂ ਵੱਲੋਂ ਕਮਿਸ਼ਨ ਅੱਗੇ ਪੇਸ਼ ਕੀਤੇ ਖ਼ਰਚਿਆਂ ਦੇ ਅੰਕੜੇ ਗਲੇ ਨਹੀਂ ਉਤਰ ਰਹੇ। 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਤੀ ਉਮੀਦਵਾਰ ਨਿੱਜੀ ਚੋਣ ਖਰਚ ਦੀ ਹੱਦ ਭਾਵੇਂ 40 ਲੱਖ ਰੁਪਏ ਤੈਅ ਕੀਤੀ ਗਈ ਸੀ ਪਰ ਸਿਰਫ਼ ਇਕ ਉਮੀਦਵਾਰ ਨੂੰ ਛੱਡ ਕੇ ਪੰਜਾਬ ਦੇ ਕਿਸੇ ਵੀ ਉਮੀਦਵਾਰ ਦਾ ਖਰਚਾ 20 ਲੱਖ ਦੇ ਨੇੜੇ ਵੀ ਨਹੀਂ ਪੁੱਜਿਆ।

ਜੇਕਰ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਸੰਗਰੂਰ ਹਲਕੇ ਤੋਂ ਅਕਾਲੀ ਉਮੀਦਵਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਢੀਂਡਸਾ ਦੇ ਚੋਣ ਖਰਚੇ 'ਤੇ ਨਜ਼ਰ ਮਾਰੀ ਜਾਵੇ ਤਾਂ ਉਨ੍ਹਾਂ ਪਾਰਟੀ ਵਰਕਰਾਂ ਤੋਂ ਸੌ-ਸੌ ਤੇ ਪੰਜਾਹ-ਪੰਜਾਹ ਰੁਪਏ ਇਕੱਠੇ ਕਰਕੇ ਆਪਣੀ ਚੋਣ 'ਤੇ 9,20,515 ਰੁਪਏ ਖਰਚ ਕੀਤੇ ਸਨ। ਇਹ ਰਕਮ ਖਰਚ ਦੀ ਤੈਅ ਹੱਦ ਦਾ 25 ਫੀਸਦੀ ਤੋਂ ਵੀ ਘੱਟ ਹਿੱਸਾ ਬਣਦੀ ਹੈ।

ਇਹ ਵੇਰਵਾ ਉਨ੍ਹਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਨਿੱਜੀ ਚੋਣ ਖਰਚੇ ਵਿਚ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਕਾਂਗਰਸ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਵੱਲੋਂ ਆਪਣਾ ਨਿੱਜੀ ਚੋਣ ਖਰਚਾ 7,24,530 ਰੁਪਏ ਦਰਸਾਇਆ ਗਿਆ ਹੈ। 15ਵੀਆਂ ਲੋਕ ਸਭਾ ਚੋਣਾਂ ਦੌਰਾਨ ਸਭ ਤੋਂ ਘੱਟ ਖਰਚਾ ਫਰੀਦਕੋਟ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸੁਖਵਿੰਦਰ ਸਿੰਘ ਡੈਨੀ ਵੱਲੋਂ ਦਰਸਾਇਆ ਗਿਆ। ਉਨ੍ਹਾਂ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਸਿਰਫ਼ 7, 15,485 ਰੁਪਏ ਦਾ ਖਰਚ ਹੀ ਦਰਸਾਇਆ ਸੀ।

ਸਭ ਤੋਂ ਵੱਧ ਖਰਚਾ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਓਮ ਪ੍ਰਕਾਸ਼ ਸੋਨੀ ਵੱਲੋਂ ਕੀਤਾ ਗਿਆ ਸੀ। ਉਨ੍ਹਾਂ ਨੇ 20,74,015 ਰੁਪਏ ਖਰਚ ਕਰਨ ਦਾ ਦਾਅਵਾ



ਕੀਤਾ ਸੀ। ਉਂਜ, ਸਭ ਤੋਂ ਘੱਟ ਅਤੇ ਸਭ ਤੋਂ ਵੱਧ ਖਰਚ ਕਰਨ ਵਾਲੇ ਇਹ ਦੋਵੇਂ ਉਮੀਦਵਾਰ ਚੋਣ ਹਾਰ ਗਏ ਸਨ। ਚੋਣ ਕਮਿਸ਼ਨ ਨੂੰ ਦਿੱਤੇ ਗਏ ਅੰਕੜੇ ਕਿੰਨੇ ਕੁ ਸਹੀ ਹਨ, ਇਹ ਤਾਂ ਉਮੀਦਵਾਰ ਹੀ ਦੱਸ ਸਕਦੇ ਹਨ ਪਰ ਇਨ੍ਹਾਂ ਅੰਕੜਿਆਂ 'ਤੇ ਲੋਕ ਵਿਸ਼ਵਾਸ ਕਰਨ ਨੂੰ ਤਿਆਰ ਨਹੀਂ ਹਨ।

ਵੇਰਵਿਆਂ ਮੁਤਾਬਕ 15ਵੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਤੋਂ ਚੋਣ ਲੜਨ ਵਾਲੇ ਕਾਂਗਰਸ ਦੇ 13 ਉਮੀਦਵਾਰਾਂ ਵੱਲੋਂ ਕੁੱਲ 1,66,41,705 ਰੁਪਏ ਖਰਚ ਕੀਤੇ ਗਏ ਜਦੋਂ ਕਿ ਅਕਾਲੀ-ਭਾਜਪਾ ਗੱਠਜੋੜ ਦੇ ਸਾਰੇ ਉਮੀਦਵਾਰਾਂ ਵੱਲੋਂ ਵੀ 1,67,65104 ਰੁਪਏ ਖਰਚ ਕੀਤੇ ਗਏ। ਦੋਵਾਂ ਪਾਰਟੀਆਂ ਦੇ ਆਪਸ ਵਿਚ ਮੇਲ ਖਾਂਦੇ ਅੰਕੜਿਆਂ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸ਼ਾਇਦ ਦੋਵਾਂ ਨੇ ਸਲਾਹ ਕਰਕੇ ਹੀ ਇਕੋ ਜਿੰਨਾ ਖਰਚ ਕੀਤਾ।

ਪੀਪਲ ਫਾਰ ਟ੍ਰਾਂਸਪੇਰੈਂਸੀ ਦੇ ਸਕੱਤਰ ਐਡਵੋਕੇਟ ਕਮਲ ਆਨੰਦ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਨੂੰ ਉਮੀਦਵਾਰਾਂ ਦੇ ਨਿੱਜੀ ਚੋਣ ਖਰਚ 'ਤੇ ਸਖ਼ਤੀ ਨਾਲ ਨਜ਼ਰ ਰੱਖਣੀ ਚਾਹੀਦੀ ਹੈ ਤਾਂ ਜੋ ਉਮੀਦਵਾਰ ਨੂੰ ਆਪਣਾ ਖਰਚਾ ਸੌ ਫੀਸਦੀ ਦਰਸਾਉਣ ਲਈ ਮਜਬੂਰ ਹੋਣਾ ਪਵੇ। ਇੰਟਰਨੈਸ਼ਨਲਿਸਟ ਡੈਮੋਕ੍ਰੈਟਿਕ ਪਲੈਟਫਾਰਮ (ਆਈ.ਡੀ.ਪੀ) ਦੇ ਸੂਬਾਈ ਜਨਰਲ ਸਕੱਤਰ ਕਰਨੈਲ ਸਿੰਘ ਜਖੇਪਲ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣ ਖਰਚ ਦੀ ਹੱਦ 40 ਲੱਖ ਤੋਂ ਵਧਾ ਕੇ 70 ਲੱਖ ਕਰਨਾ ਜਮਹੂਰੀਅਤ ਲਈ ਬਹੁਤ ਖਤਰਨਾਕ ਸਾਬਤ ਹੋਵੇਗਾ ਕਿਉਂਕਿ ਦੇਸ਼ ਦਾ ਆਮ ਆਦਮੀ ਪਹਿਲਾਂ ਹੀ ਸਮੁੱਚੀ ਚੋਣ ਪ੍ਰਕਿਰਿਆ ਤੋਂ ਬਾਹਰ ਹੈ।

## ਪੰਜਾਬ ਸਰਕਾਰ ਨੇ ਬੱਸਾਂ ਦਾ ਕਿਰਾਇਆ ਨਾ ਤਾਰਿਆ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੌ ਸਾਲਾ ਜਨਮ ਸ਼ਤਾਬਦੀ ਮੌਕੇ ਲਈਆਂ ਗਈਆਂ ਪ੍ਰਾਈਵੇਟ ਬੱਸਾਂ ਦਾ ਲੱਖਾਂ ਰੁਪਏ ਕਿਰਾਇਆ ਹਾਲੇ ਤੱਕ ਨਹੀਂ ਦਿੱਤਾ ਗਿਆ। ਪੂਰੇ ਸਾਢੇ ਛੇ ਸਾਲ ਬੀਤ ਚੁੱਕੇ ਹਨ ਕਿ ਸਰਕਾਰ ਇਹ ਕਿਰਾਇਆ ਦੇਣ ਤੋਂ ਹੀ ਭੱਜ ਗਈ ਹੈ। ਪ੍ਰਾਈਵੇਟ ਬੱਸ ਮਾਲਕ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟ-ਕੱਟ ਕੇ ਥੱਕ ਗਏ ਹਨ। ਪੰਜਾਬ ਸਰਕਾਰ ਨੇ 28 ਸਤੰਬਰ, 2007 ਨੂੰ ਅੰਮ੍ਰਿਤਸਰ ਵਿਖੇ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮਨਾਈ ਸੀ ਜਿਸ ਸਬੰਧੀ ਤਿੰਨ ਦਿਨ ਸਮਾਗਮ ਚੱਲੇ ਸਨ।

ਇਨ੍ਹਾਂ ਸਮਾਗਮਾਂ ਵਾਸਤੇ ਪੰਜਾਬ ਭਰ ਵਿਚੋਂ ਲੋਕਾਂ ਨੂੰ ਲਿਜਾਇਆ ਗਿਆ ਸੀ। ਪੰਜਾਬ ਸਰਕਾਰ ਨੇ ਉਦੋਂ ਹਰ ਬਠਿੰਡੇ ਜ਼ਿਲ੍ਹੇ ਵਿਚੋਂ ਪ੍ਰਾਈਵੇਟ ਬੱਸਾਂ ਲਈਆਂ ਸਨ। ਸਰਕਾਰ ਨੇ ਬਠਿੰਡਾ ਜ਼ਿਲ੍ਹੇ ਵਿਚੋਂ 90 ਬੱਸਾਂ ਲਈਆਂ ਸਨ ਜਿਨ੍ਹਾਂ ਵਿਚ 45 ਮਿੰਨੀ ਬੱਸਾਂ ਸ਼ਾਮਲ ਸਨ। ਸਰਕਾਰ ਨੇ ਇਨ੍ਹਾਂ ਬੱਸਾਂ ਦੀਆਂ ਤਿੰਨ ਦਿਨ ਸੇਵਾਵਾਂ ਲਈਆਂ ਸਨ ਪਰ ਇਸ ਦੇ ਬਦਲੇ ਵਿਚ ਦਿੱਤਾ ਜਾਣਾ ਵਾਲਾ ਕਿਰਾਇਆ ਅੱਜ ਤੱਕ ਨਹੀਂ ਦਿੱਤਾ ਗਿਆ ਹੈ। ਮਿੰਨੀ ਬੱਸ ਅਪਰੇਟਰਾਂ ਦਾ ਕਹਿਣਾ ਸੀ ਕਿ ਸਰਕਾਰ ਨੇ ਕਰੀਬ ਸੱਤ ਲੱਖ ਰੁਪਏ ਹਾਲੇ ਤੱਕ ਨਹੀਂ ਦਿੱਤੇ ਹਨ ਜਦਕਿ ਉਹ ਡੀ.ਟੀ.ਓ. ਦਫ਼ਤਰ ਨੂੰ ਕਈ ਦਫ਼ਾ ਬਿੱਲ ਵੀ ਦੇ ਚੁੱਕੇ ਹਨ।

ਉਨ੍ਹਾਂ ਨੇ ਇਸ ਕਰਕੇ ਸਰਕਾਰ ਨੂੰ ਬੱਸਾਂ ਦਿੱਤੀਆਂ ਸਨ ਕਿ ਸ਼ਹੀਦ ਭਗਤ ਸਿੰਘ ਦੇ ਜਨਮ ਸ਼ਤਾਬਦੀ ਸਮਾਗਮ ਸਨ ਪਰ ਸਰਕਾਰ ਅਜਿਹੇ ਸਮਾਗਮਾਂ ਦਾ ਕਿਰਾਇਆ ਵੀ ਨਹੀਂ ਦਿੰਦੀ। ਟਰਾਂਸਪੋਰਟਾਂ ਦਾ ਕਹਿਣਾ ਹੈ ਕਿ ਉਹ ਤਾਂ ਹਰ ਮਹੀਨੇ ਦਫ਼ਤਰਾਂ ਵਿਚ ਚੱਕਰ ਕੱਟ ਰਹੇ ਹਨ ਪਰ ਅਧਿਕਾਰੀ ਆਖ ਦਿੰਦੇ ਹਨ ਕਿ ਉਨ੍ਹਾਂ ਨੇ ਕੇਸ ਸਰਕਾਰ ਕੋਲ ਭੇਜਿਆ ਹੈ। ਬਾਕੀ ਜ਼ਿਲ੍ਹਿਆਂ ਦੀ ਰਾਸ਼ੀ ਵੀ ਸਰਕਾਰ ਵੱਲ ਫਸੀ ਹੋਈ ਹੈ ਤੇ ਟਰਾਂਸਪੋਰਟਰ ਕਈ ਵਾਰ ਇਸ ਮਾਮਲੇ 'ਤੇ ਇਕੱਠੇ ਹੋ ਕੇ ਸਿਆਸੀ ਆਗੂਆਂ ਨੂੰ ਮਿਲੇ ਹਨ। ਪੰਜਾਬ ਸਰਕਾਰ ਨੇ ਪੀ.ਆਰ.ਟੀ.ਸੀ ਦੇ ਬਠਿੰਡਾ ਡਿਪੂ ਤੋਂ 70 ਬੱਸਾਂ ਲਈਆਂ ਸਨ ਜਿਨ੍ਹਾਂ ਦਾ 5.77 ਲੱਖ ਰੁਪਏ ਕਿਰਾਇਆ ਬਣਦਾ ਸੀ। ਪ੍ਰਤੀ ਬੱਸ 8250 ਰੁਪਏ ਦਿੱਤੇ ਜਾਣੇ ਸਨ। ਕਈ ਵਰ੍ਹੇ ਪੀ.ਆਰ.ਟੀ.ਸੀ. ਵੀ ਕਿਰਾਇਆ ਲੈਣ ਵਾਸਤੇ ਭਟਕਦੀ ਰਹੀ ਹੈ।

# ਕੋਹਾੜਕਾ ਦੇ ਨੌਜਵਾਨ ਨੇ ਸਾਰਾ ਟੱਬਰ ਮਾਰ ਮੁਕਾਇਆ

**ਤਰਨ ਤਾਰਨ:** ਇਥੋਂ 20 ਕਿਲੋਮੀਟਰ ਦੂਰ ਪਿੰਡ ਕੋਹਾੜਕਾ (ਨਜ਼ਦੀਕ ਸ਼ਾਹਬਾਜ਼ਪੁਰ) ਵਿਚ ਇਕ ਨੌਜਵਾਨ ਨੇ ਗੋਲੀਆਂ ਮਾਰ ਕੇ ਆਪਣੇ ਪਿਤਾ, ਮਾਤਾ, ਭਰਾ ਤੇ ਭਰਜਾਈ ਦਾ ਕਤਲ ਕਰ ਦਿੱਤਾ। ਉਸ ਦੇ ਖਿਲਾਫ ਥਾਣਾ ਸਦਰ ਵਿਚ ਫੌਜਦਾਰੀ ਤੇ ਅਸਲਾ ਐਕਟ ਅਧੀਨ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਹੈ। ਮੁਲਜ਼ਮ ਦੀ ਸ਼ਨਾਖਤ ਦਲਜੀਤ ਸਿੰਘ (22) ਵਜੋਂ ਹੋਈ ਹੈ। ਮ੍ਰਿਤਕਾਂ ਵਿਚ ਮੁਲਜ਼ਮ ਦਾ ਪਿਤਾ ਬਲਵਿੰਦਰ ਸਿੰਘ (55), ਮਾਤਾ ਚਰਨਜੀਤ ਕੌਰ (50), ਵੱਡਾ ਭਰਾ ਦਿਲਬਾਗ ਸਿੰਘ (30) ਤੇ ਪੰਜ ਮਹੀਨੇ ਦੀ ਗਰਭਵਤੀ ਭਰਜਾਈ ਰਣਜੀਤ ਕੌਰ (27) ਸ਼ਾਮਲ ਹਨ। ਵਾਰਦਾਤ ਵਾਲਾ ਘਰ ਪਿੰਡ ਦੇ ਬਾਹਰਵਾਰ ਬਹਿਕ 'ਤੇ ਸਥਿਤ ਹੋਣ ਕਰਕੇ ਇਸ ਦੇ ਆਸ-ਪਾਸ ਕੋਈ ਘਰ ਨਹੀਂ ਹੈ। ਘਰ ਦੀ ਪਹਿਲੀ ਮੰਜ਼ਲ ਦੇ ਇਕ ਕਮਰੇ ਵਿਚ ਉਸ ਦਾ ਪਿਤਾ, ਮਾਤਾ ਤੇ ਦੂਸਰੇ ਕਮਰੇ ਵਿਚ ਉਸ ਦਾ ਭਰਾ-ਭਰਜਾਈ ਰਹਿੰਦੇ ਸਨ। ਇਕ ਵੱਖਰੇ ਕਮਰੇ ਵਿਚ ਮੁਲਜ਼ਮ ਆਪਣੀ ਪਤਨੀ ਨਾਲ ਰਹਿੰਦਾ ਸੀ।

ਇਸ ਵਾਰਦਾਤ ਬਾਰੇ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਮੌਕੇ 'ਤੇ ਹੀ ਜਾਂਚ ਟੀਮ ਤੇ ਹੋਰ ਅਧਿਕਾਰੀਆਂ ਵੱਲੋਂ ਹਾਲਾਤ ਨੂੰ ਦੇਖਦਿਆਂ ਦਲਜੀਤ ਸਿੰਘ ਨੂੰ ਸ਼ੱਕ ਦੇ ਆਧਾਰ 'ਤੇ ਪੁੱਛਗਿੱਛ ਲਈ ਹਿਰਾਸਤ ਵਿਚ ਲੈ ਲਿਆ। ਐਸ.ਐਸ.ਪੀ. ਨੇ ਦੱਸਿਆ ਕਿ ਵਾਰਦਾਤ ਵੇਲੇ ਘਰ ਵਿਚ ਮਰਨ ਵਾਲਿਆਂ ਤੋਂ ਇਲਾਵਾ ਦਲਜੀਤ ਸਿੰਘ ਤੇ ਉਸ ਦੀ ਪਤਨੀ ਹਰਜੀਤ ਕੌਰ ਤੇ ਦਿਲਬਾਗ ਸਿੰਘ ਦੀ ਢਾਈ ਕੁ ਸਾਲ ਦੀ ਲੜਕੀ ਹੀ ਮੌਜੂਦ ਸੀ। ਦਿਲਬਾਗ ਸਿੰਘ ਦੀ ਲੜਕੀ ਦਲਜੀਤ ਸਿੰਘ ਹੋਰਾਂ ਦੇ ਕਮਰੇ ਵਿਚ ਸੁੱਤੀ ਪਈ ਸੀ।

ਅਧਿਕਾਰੀ ਨੇ ਕਿਹਾ ਕਿ ਪੁੱਛਗਿੱਛ ਦੌਰਾਨ ਦਲਜੀਤ ਸਿੰਘ ਨੇ ਇਹ ਵਾਰਦਾਤ ਖੁਦ ਹੀ ਕੀਤੀ ਹੋਈ ਸਵੀਕਾਰ ਕਰ ਲਈ। ਅਧਿਕਾਰੀ ਨੇ ਦੱਸਿਆ ਕਿ ਦਲਜੀਤ ਸਿੰਘ ਦੋਸ਼ ਲਾ ਰਿਹਾ ਹੈ ਕਿ ਉਸ ਦਾ ਪਿਤਾ ਬਲਵਿੰਦਰ ਸਿੰਘ, ਜਿਹੜਾ ਪਾਵਰਕੌਮ ਦੇ ਭਿਖੀਵਿੰਡ ਦਫਤਰ ਵਿਚ ਲਾਈਨਮੈਨ ਸੀ, ਦੇ ਉਸ ਦੀ ਭਰਜਾਈ ਰਣਜੀਤ ਕੌਰ ਨਾਲ ਨਾਜਾਇਜ਼ ਸਬੰਧ ਚਲੇ ਆ ਰਹੇ ਸਨ ਤੇ ਉਹ ਉਸ ਦੀ (ਦਲਜੀਤ ਸਿੰਘ) ਦੀ ਪਤਨੀ ਉਪਰ ਵੀ ਮਾੜੀ ਨਜ਼ਰ ਰੱਖਦਾ ਸੀ।

ਦਲਜੀਤ ਦੀ ਆਮਦਨ ਦਾ ਕੋਈ ਸਾਧਨ ਨਹੀਂ ਸੀ ਤੇ ਲੋੜ ਪੈਣ 'ਤੇ ਜਦੋਂ ਆਪਣੇ ਪਿਤਾ ਜਾਂ ਵੱਡੇ ਭਰਾ ਤੋਂ ਪੈਸਿਆਂ ਦੀ ਮੰਗ ਕਰਦਾ ਤਾਂ ਉਹ ਉਸ ਨੂੰ ਜ਼ਲੀਲ ਕਰਿਆ ਕਰਦੇ ਸਨ। ਐਸ.ਐਸ.ਪੀ. ਨੇ ਦੱਸਿਆ ਕਿ ਮੁਲਜ਼ਮ ਨੇ ਇਸ ਵਾਰਦਾਤ ਲਈ ਆਪਣੇ ਮ੍ਰਿਤਕ ਭਰਾ ਦਿਲਬਾਗ ਸਿੰਘ ਦਾ ਹੀ ਲਾਇਸੈਂਸੀ 32 ਬੋਰ ਦਾ ਰਿਵਾਲਵਰ ਵਰਤਿਆ ਜੋ ਬਰਾਮਦ ਕਰ ਲਿਆ ਗਿਆ ਹੈ। ਦਲਜੀਤ ਸਿੰਘ ਨੇ ਇਹ ਰਿਵਾਲਵਰ ਦੋ ਦਿਨ ਪਹਿਲਾਂ ਚੋਰੀ ਕਰ ਲਿਆ ਸੀ। ਉਹ ਆਪਣੀ ਪਰਿਵਾਰਕ ਸਥਿਤੀ ਕਾਰਨ ਭਾਰੀ ਮਾਨਸਿਕ ਪ੍ਰੇਸ਼ਾਨੀ ਵਿਚੋਂ ਲੰਘ ਰਿਹਾ ਸੀ।

ਆਪਣੇ ਭਰਾ ਦਾ ਰਿਵਾਲਵਰ ਚੋਰੀ ਕਰਨ ਉਪਰੰਤ ਉਹ ਪਿੰਡ ਵਿਚ ਹੀ ਦੋ ਦਿਨ ਆਪਣੇ ਸ਼ਰੀਕੇ ਵਿਚੋਂ ਲਗਦੇ ਚਾਚੇ ਕੁਲਵੰਤ ਸਿੰਘ ਦੇ ਘਰ ਰਹਿੰਦਾ ਰਿਹਾ। ਉਹ ਘਰੋਂ ਬਾਹਰ ਹੀ ਕਿਸੇ ਐਸੇ ਮੌਕੇ ਦੀ ਤਾੜ ਵਿਚ ਸੀ ਜਦ ਉਹ ਆਪਣੇ ਪਿਤਾ ਤੇ ਭਰਾ ਦਾ ਇਕੱਲਿਆਂ ਦਾ ਕਤਲ ਕਰ ਦੇਵੇ। ਆਖਰ ਉਹ ਬੀਤੀ ਰਾਤ ਆਪਣੇ ਘਰ ਆ ਗਿਆ ਜਿਥੇ ਆਉਂਦਿਆਂ ਹੀ ਉਸ ਦਾ ਆਪਣੇ ਭਰਾ ਤੇ ਪਿਤਾ ਨਾਲ ਤਕਰਾਰ ਹੋ ਗਿਆ। ਉਸ ਦਾ ਪਿਤਾ, ਭਰਾ ਤੇ ਭਰਜਾਈ ਇਕੱਠੇ ਰੋਟੀ ਖਾ ਰਹੇ ਸਨ। ਉਸ ਨੇ ਰਿਵਾਲਵਰ ਨਾਲ ਗੋਲੀਆਂ ਮਾਰ ਕੇ ਉਨ੍ਹਾਂ ਨੂੰ ਮਾਰ ਦਿੱਤਾ। ਜਿਵੇਂ ਹੀ ਗੋਲੀਆਂ ਦੀਆ ਆਵਾਜ਼ ਸੁਣ ਕੇ ਉਸ ਦੀ ਮਾਤਾ ਮੌਕੇ 'ਤੇ ਆਈ ਤਾਂ ਉਸ ਨੇ ਉਸ ਨੂੰ ਵੀ ਗੋਲੀ ਮਾਰ ਕੇ ਢੇਰੀ ਕਰ ਦਿੱਤਾ ਤਾਂ ਜੋ ਉਹ ਇਸ ਘਟਨਾ ਬਾਰੇ ਕਿਸੇ ਨੂੰ ਦੱਸ ਨਾ ਸਕੇ।

ਘਟਨਾ ਦਾ ਦੁਖਾਂਤ ਪਹਿਲੂ ਇਹ ਵੀ ਹੈ ਕਿ ਮੁਲਜ਼ਮ ਦੀ ਭਰਜਾਈ ਰਣਜੀਤ ਕੌਰ ਪੰਜ ਮਹੀਨੇ ਦੀ ਗਰਭਵਤੀ ਸੀ ਤੇ ਦਲਜੀਤ ਸਿੰਘ ਦੀ ਆਪਣੀ ਪਤਨੀ ਹਰਜੀਤ ਕੌਰ ਵੀ ਗਰਭਵਤੀ ਹੈ। ਉਹ ਅਜੇ ਸਿਰਫ 20 ਕੁ ਸਾਲ ਦੀ ਹੀ ਹੈ।

## ਡਾ. ਦਲਜੀਤ ਸਿੰਘ ਤੇ ਭਾਈ ਬਲਦੀਪ ਸਿੰਘ 'ਆਪ' ਉਮੀਦਵਾਰ


ਡਾ. ਦਲਜੀਤ ਸਿੰਘ


ਭਾਈ ਬਲਦੀਪ ਸਿੰਘ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ ਲੋਕ ਸਭਾ ਉਮੀਦਵਾਰਾਂ ਦੀ ਗਿਆਰਵੀਂ ਸੂਚੀ ਵਿਚ ਪੰਜਾਬ ਦੇ ਅੰਮ੍ਰਿਤਸਰ ਹਲਕੇ ਤੋਂ ਅੱਖਾਂ ਦੇ ਨਾਮਵਰ ਡਾਕਟਰ ਦਲਜੀਤ ਸਿੰਘ ਨੂੰ ਅਤੇ ਖਡੂਰ ਸਾਹਿਬ ਤੋਂ ਭਾਈ ਬਲਦੀਪ ਸਿੰਘ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਪਾਰਟੀ ਵਲੋਂ ਹੁਣ ਤੱਕ ਭਾਰਤ ਵਿਚ 350 ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ। ਪੰਜਾਬ ਵਿਚ ਆਪ ਅੱਠ ਉਮੀਦਵਾਰ ਐਲਾਨ ਚੁੱਕੀ ਹੈ। ਜਲੰਧਰ, ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਬਠਿੰਡਾ ਅਤੇ ਫਿਰੋਜ਼ਪੁਰ ਤੋਂ ਪਾਰਟੀ ਵਲੋਂ ਉਮੀਦਵਾਰਾਂ ਦਾ ਐਲਾਨ ਕੀਤੇ ਜਾਣਾ ਹਾਲੇ ਬਾਕੀ ਹੈ।

ਯਾਦ ਰਹੇ ਕਿ ਆਮ ਆਦਮੀ ਪਾਰਟੀ ਵੱਲੋਂ ਅੰਮ੍ਰਿਤਸਰ ਹਲਕੇ ਤੋਂ ਉਮੀਦਵਾਰ ਬਣਾਏ ਗਏ ਅੱਸੀ ਸਾਲਾ ਡਾ. ਦਲਜੀਤ ਸਿੰਘ ਅੱਖਾਂ ਦੇ ਪ੍ਰਸਿੱਧ ਡਾਕਟਰ ਹਨ। 1987 ਵਿਚ ਭਾਰਤ ਸਰਕਾਰ ਵਲੋਂ ਪਦਮਸ੍ਰੀ ਦੀ ਉਪਾਧੀ ਨਾਲ ਸਨਮਾਨੇ ਜਾ ਚੁੱਕੇ ਡਾ. ਦਲਜੀਤ ਸਿੰਘ ਪਹਿਲੀ ਵਾਰ ਸਿਆਸਤ ਵਿਚ ਆਏ ਹਨ। ਖਡੂਰ ਸਾਹਿਬ ਤੋਂ ਐਲਾਨੇ ਗਏ 44 ਸਾਲਾ ਭਾਈ ਬਲਦੀਪ ਸਿੰਘ ਮੂਲ ਰੂਪ ਵਿਚ ਪੰਜਾਬ ਦੇ ਵਿੱਤ ਮੰਤਰੀ ਰਹਿ ਚੁੱਕੇ ਮਰਹੂਮ ਅਕਾਲੀ ਆਗੂ ਬਲਵੰਤ ਸਿੰਘ ਦੇ ਪਿੰਡ ਸੈਦਪੁਰ, ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਦੇ ਵਸਨੀਕ ਹਨ। ਉਹ ਸੂਖਮ ਕਲਾਵਾਂ ਤੇ ਸਥੂਲ ਕਲਾਵਾਂ ਦੇ ਪ੍ਰੋਜੈਕਟ ਉੱਤੇ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਹਨ। ਉਨ੍ਹਾਂ ਦਿੱਲੀ ਵਿਖੇ ਅਨਾਦਿ ਫਾਊਂਡੇਸ਼ਨ ਵੀ ਸਥਾਪਤ ਕੀਤੀ ਹੋਈ ਹੈ।

## ਨਿਊਜ਼ੀਲੈਂਡ ਵਿਚ ਪਹਿਲਾ ਸਿੱਖ ਬਣਿਆ ਪੁਲਿਸ ਅਫਸਰ

**ਗੁਰਦਾਸਪੁਰ:** ਨਿਊਜ਼ੀਲੈਂਡ ਵਿਚ ਸ਼ਮਿੰਦਰ ਸਿੰਘ ਕਾਹਲੋਂ ਨੂੰ ਪਹਿਲਾ ਸਿੱਖ ਪੁਲਿਸ ਅਫਸਰ ਬਣਨ ਦਾ ਮਾਣ ਹਾਸਲ ਹੋਇਆ ਹੈ।

ਜ਼ਿਲ੍ਹਾ ਗੁਰਦਾਸਪੁਰ ਵਿਚਲੇ ਪਿੰਡ ਸਤਕੋਹਾ ਦੇ ਸ਼ੰਮੀ ਨੂੰ ਨੌਂ ਸਾਲ ਦੀ ਉਮਰ ਵਿਚ ਹੀ ਉਸ ਦਾ ਨਿਊਜ਼ੀਲੈਂਡ ਰਹਿੰਦ ਚਾਚਾ ਸੁਖਜੀਤ ਸਿੰਘ ਆਪਣੇ ਕੋਲ ਲੈ ਗਿਆ ਸੀ ਜਿਥੇ ਉਸ ਨੇ ਆਪਣੀ ਪੜ੍ਹਾਈ ਕੀਤੀ। ਸ਼ੰਮੀ ਨੇ ਦੱਸਿਆ ਕਿ ਉਸ ਦੀ ਖਾਹਿਸ਼ ਸੀ ਕਿ ਉਹ ਨਿਊਜ਼ੀਲੈਂਡ ਵਿਚ ਪਗੜੀਧਾਰੀ ਪੁਲਿਸ ਅਫਸਰ ਬਣੇ। ਸ਼ੰਮੀ ਦੀ ਦਾਦੀ ਅਮਰਜੀਤ ਕੌਰ ਮੈਂਬਰ ਪੰਚਾਇਤ ਸਤਕੋਹਾ, ਮਾਤਾ ਰਛਪਾਲ ਕੌਰ, ਚਾਚਾ ਬਲਰਾਜ ਸਿੰਘ ਸਾਬਕਾ ਸਰਪੰਚ, ਹਰਜੀਤ ਸਿੰਘ ਤੇ ਪਿੰਡ ਵਾਸੀਆਂ ਨੇ ਖੁਸ਼ੀ ਜਾਹਰ ਕੀਤੀ ਹੈ।

## ਭਾਰਤੀ ਮੂਲ ਦੇ ਵਿਅਕਤੀ ਨੇ ਮਾਰਿਆ ਮਾਅਰਕਾ

**ਵੈਨਕੂਵਰ:** ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਜੋ ਵਿਸ਼ਵ ਦੀਆਂ ਕੁਝ ਕੁ ਨਾਮਵਰ ਯੂਨੀਵਰਸਿਟੀਆਂ ਵਿਚੋਂ ਇਕ ਹੈ, ਦੇ ਪ੍ਰਧਾਨ ਤੇ ਵਾਈਸ ਚਾਂਸਲਰ ਦੇ ਅਹੁਦੇ ਲਈ ਭਾਰਤੀ ਮੂਲ ਦੇ ਡਾਕਟਰ ਅਰਵਿੰਦ ਗੁਪਤਾ ਦੀ ਚੋਣ ਕੀਤੀ ਗਈ ਹੈ। ਉਹ ਜੁਲਾਈ ਤੋਂ ਅਹੁਦਾ ਸੰਭਾਲਣਗੇ। ਉਨ੍ਹਾਂ ਦੀ ਨਿਯੁਕਤੀ 'ਤੇ ਪੰਜਾਬੀਆਂ ਵਿਚ ਖੁਸ਼ੀ ਦੀ ਲਹਿਰ ਹੈ।

ਭਾਰਤ ਤੋਂ ਉਚ ਵਿਦਿਆ ਲਈ ਕੈਨੇਡਾ ਆਉਣ ਵੇਲੇ ਵਿਦਿਆਰਥੀ ਦੀ ਪਹਿਲ ਅਕਸਰ ਇਸ ਯੂਨੀਵਰਸਿਟੀ ਵਿਚ ਦਾਖਲਾ ਮਿਲਣ ਦੀ ਹੁੰਦੀ ਹੈ। ਉਂਜ ਵੀ ਬੀ.ਸੀ. ਯੂਨੀਵਰਸਿਟੀ ਦਾ ਵਿਦਿਅਕ ਖੇਤਰ 'ਚ ਆਪਣਾ ਨਾਂ ਹੈ ਤੇ ਇਥੋਂ ਦੀ ਡਿਗਰੀ ਦਾ ਆਪਣਾ ਮਾਅਰਕਾ ਮੰਨਿਆ ਜਾਂਦਾ ਹੈ।


## Matrimonial

### ਕੰਨਿਆ ਦੀ ਲੋੜ


ਕੰਬੋਜ਼ ਸਿੱਖ ਅਮਰੀਕੀ ਸਿਟੀਜ਼ਨ, ਇਲੈਕਟ੍ਰੀਕਲ ਇੰਜੀਨੀਅਰ, ਸਟੋਰ ਮਾਲਕ ਕੱਦ 6'-1", 30 ਸਾਲਾ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 559-745-5287 ਜਾਂ ਈ-ਮੇਲ: sjudge@gmail.com

### ਵਰ ਦੀ ਲੋੜ

ਕੰਬੋਜ ਸਿੱਖ 5'-5", ਉਮਰ 32 ਸਾਲ, ਯੂ ਐਸ ਸਿਟੀਜ਼ਨ, ਕਾਇਰੋਪਰੈਕਟਰ ਲੜਕੀ ਲਈ ਪ੍ਰੋਫੈਸ਼ਨਲ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਕੰਬੋਜ ਸਿੱਖ ਲੜਕੇ ਦੀ ਲੋੜ ਹੈ। ਅਮੈਰਿਕਾ ਜਾਂ ਕੈਨੇਡਾ ਦਾ ਪੜ੍ਹਿਆ ਲਿਖਿਆ, ਚੰਗਾ ਪਰਿਵਾਰ ਹੋਵੇ। ਸੰਪਰਕ ਕਰੋ, ਫੋਨ: 661-993-6583

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੜਕੇ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com

*To Advertise with Punjab Times*
*Call: 847-359-0746*
*punjabtimesusa.com*

# MRP TRAVEL
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Air-fare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
CST: 2097308-40
*Passport & Visa services also available*
*India Vacation tour package also available.*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

# American Travel & Tours
4127 Bay Street, Suite 5, Fremont, CA-94538
*For best domestic and international fares*
Fremont: 510-400-7121
Call (24/7): 510-509-8890
preety@americantravels.us
San Jose: 408-916-1234, Tracy: 209-451-2000
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਬੋਲਦੇ ਹਾਂ
Mon-Fri 9:00am-6:00pm
Saturday- 10:00am-2:00pm
Sunday- Upon Appointment
American Travel & Tours
Fax: 916-451-8656 www.americantravels.us
Sacramento office: 5246 Fruitridge Rd., Sacramento, CA 95820

# Prince's Barber Shop
37477 Fremont Blvd, suite C, Fremont, CA 94536
**Men & Children's Hair Cut**
*Threading
*Custom Text
*Men's Facials
*Hair Coler
*Cuscom Designing
*Shave &
*Line-ups
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

**Cell: (510)-677-9942**
**Shop: (510)-505-9605**
*www.princebarbershop.com*

# Rising Sun Transport, Axton, VA
# Wanted Diesel Mechanic
ਟਰੱਕਿੰਗ ਕੰਪਨੀ ਲਈ ਫੌਰੀ ਤੌਰ 'ਤੇ ਡੀਜ਼ਲ ਮਕੈਨਿਕ ਦੀ ਲੋੜ ਹੈ
ਮੁਫਤ ਰਿਹਾਇਸ਼, ਚੰਗੀ ਤਨਖਾਹ
Trucking Company needs diesel mechanic for trucks repair.

Free accommodation, Good pay
Call us @ 540-632-3671
*Ask For Harry Singh*

ਪੰਜਾਬ ਟਾਈਮਜ਼

*ਸਨਿਚਰਵਾਰ, 29 ਮਾਰਚ 2014*

# ਪੰਜਾਬ ਵਿਚ ਚੁਣਾਵੀ ਜੰਗ

ਪੰਜਾਬ ਵਿਚ, ਜਿਥੇ 30 ਅਪਰੈਲ ਨੂੰ ਵੋਟਾਂ ਪੈਣੀਆਂ ਹਨ, ਚੋਣ ਦ੍ਰਿਸ਼ ਬਹੁਤ ਤੇਜ਼ੀ ਨਾਲ ਅਤੇ ਬਹੁਤ ਨਾਟਕੀ ਢੰਗ ਨਾਲ ਬਦਲਿਆ ਹੈ। ਕਾਂਗਰਸ ਹਾਈ ਕਮਾਨ ਦੇ ਸਿਰਫ ਇਕ ਹੀ ਪੈਂਤੜੇ ਨੇ ਸੂਬੇ ਦਾ ਚੋਣ ਦ੍ਰਿਸ਼ ਉਕਾ ਹੀ ਬਦਲ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰ ਕੇ ਕਾਂਗਰਸ ਹਾਈ ਕਮਾਨ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਮਾਰੇ ਹਨ। ਇਕ ਤਾਂ ਇਹ ਧੜੇਬੰਦੀ ਦੀ ਸ਼ਿਕਾਰ ਕਾਂਗਰਸ ਨੂੰ ਕਿਸੇ ਹੱਦ ਤੱਕ ਇਕ ਮੰਚ 'ਤੇ ਲਿਆਉਣ ਵਿਚ ਕਾਮਯਾਬ ਰਹੀ ਹੈ, ਦੂਜੇ ਵਿਰੋਧੀ ਧਿਰ ਅਕਾਲੀ ਦਲ-ਭਾਜਪਾ ਗਠਜੋੜ ਦੀ ਚੜ੍ਹਾਈ ਨੂੰ ਠੱਲ੍ਹਣ ਦੇ ਮਾਮਲੇ ਵਿਚ ਇਸ ਦਾ ਤੀਰ ਚੱਲ ਗਿਆ ਹੈ; ਨਹੀਂ ਤਾਂ ਹਾਲਤ ਇਹ ਸੀ ਕਿ ਕੁਝ ਲੋਕ ਸਭਾ ਹਲਕਿਆਂ ਉਤੇ ਕੋਈ ਵੀ ਕਾਂਗਰਸੀ ਉਮੀਦਵਾਰ ਬਣਨ ਲਈ ਵੀ ਤਿਆਰ ਨਹੀਂ ਸੀ। ਲੁਧਿਆਣਾ ਦੇ ਮੌਜੂਦਾ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਜਿਸ ਢੰਗ ਨਾਲ ਐਨ ਮੌਕੇ ਉਤੇ ਚੋਣ ਮੈਦਾਨ ਵਿਚੋਂ ਹਟ ਗਏ ਸਨ, ਉਸ ਨੇ ਕਾਂਗਰਸ ਨੂੰ ਹੋਰ ਵੀ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਸੀ। ਉਪਰੋਂ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸੀ ਆਗੂਆਂ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਨ ਦੀ ਮੁਹਿੰਮ ਵਿੱਢੀ ਹੋਈ ਸੀ। ਇਨ੍ਹਾਂ ਹਾਲਾਤ ਨੇ ਬੁਰੀ ਤਰ੍ਹਾਂ ਧੜੇਬੰਦੀ ਦੀ ਸ਼ਿਕਾਰ ਪੰਜਾਬ ਕਾਂਗਰਸ ਦੀ ਹਾਲਤ ਬਹੁਤ ਜ਼ਿਆਦਾ ਪਤਲੀ ਕਰ ਛੱਡੀ ਸੀ। ਸੱਤਾਧਾਰੀ ਅਕਾਲੀ ਦਲ-ਭਾਜਪਾ ਗਠਜੋੜ ਇਕ ਤਰ੍ਹਾਂ ਨਾਲ ਚੋਣ ਮੈਦਾਨ ਵਿਚ ਬਾਘੀਆਂ ਹੀ ਪਾ ਰਿਹਾ ਸੀ, ਪਰ ਐਨ ਇਸੇ ਵੇਲੇ ਕਾਂਗਰਸ ਹਾਈ ਕਮਾਨ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਤੋਂ ਚੋਣ ਲੜਾਉਣ ਦਾ ਐਲਾਨ ਕਰ ਦਿੱਤਾ। ਇਕ ਗੱਲ ਹੋਰ ਵੀ ਦਰਜ ਕਰਨ ਵਾਲੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਐਤਕੀਂ ਚੋਣ ਲੜਨ ਦੇ ਮੂਡ ਵਿਚ ਨਹੀਂ ਸਨ। ਉਂਜ, ਜਿਸ ਤਰ੍ਹਾਂ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਲੋਕ ਸਭਾ ਚੋਣਾਂ ਲਈ ਉਮੀਦਵਾਰ ਬਣਾਇਆ, ਉਨ੍ਹਾਂ ਕੋਲ 'ਹਾਂ' ਕਰਨ ਤੋਂ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਸੀ। ਕੈਪਟਨ ਦੇ ਇਸ ਹਲਕੇ ਤੋਂ ਖੜ੍ਹੇ ਹੋਣ ਨਾਲ ਅਕਾਲੀ-ਭਾਜਪਾ ਉਮੀਦਵਾਰ ਅਰੁਣ ਜੇਤਲੀ, ਜਿਸ ਦੀ ਜਿੱਤ ਯਕੀਨੀ ਸਮਝੀ ਜਾ ਰਹੀ ਸੀ, ਹੁਣ ਖਤਰੇ ਵਿਚ ਪੈ ਗਈ ਜਾਪਦੀ ਹੈ। ਇਸ ਸਿਆਸੀ ਉਥਲ-ਪੁਥਲ ਨਾਲ ਇਕ ਗੱਲ ਹੋਰ ਵੀ ਸਪਸ਼ਟ ਹੋ ਗਈ ਕਿ ਪੰਜਾਬ ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਵਰਗਾ ਕੱਦਾਵਰ ਆਗੂ ਫਿਲਹਾਲ ਹੋਰ ਕੋਈ ਨਹੀਂ ਹੈ ਜਿਸ ਦੀ ਅਗਵਾਈ ਵਿਚ ਖੱਖੜੀਆਂ-ਕਰੇਲੇ ਹੋਈ ਪੰਜਾਬ ਕਾਂਗਰਸ ਸਹੀ ਦਿਸ਼ਾ ਵਿਚ ਤੁਰ ਸਕਦੀ। ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਰ ਤੋਂ ਬਾਅਦ ਕੈਪਟਨ ਤੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਖੋਹ ਲਈ ਗਈ ਸੀ। ਉਨ੍ਹਾਂ ਤੋਂ ਬਾਅਦ ਪੰਜਾਬ ਕਾਂਗਰਸ ਦੀ ਕਮਾਨ, ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਸੌਂਪੀ ਗਈ ਪਰ ਉਹ ਕਾਂਗਰਸ ਦੇ ਵੱਖ-ਵੱਖ ਗਰੁਪਾਂ ਨੂੰ ਨਾਲ ਲੈ ਕੇ ਚੱਲਣਾ ਤਾਂ ਇਕ ਪਾਸੇ ਰਿਹਾ, ਵੱਖ-ਵੱਖ ਮਸਲਿਆਂ ਉਤੇ ਪਾਰਟੀ ਵਿਚ ਇਕ ਰਾਏ ਬਣਾਉਣ ਵਿਚ ਵੀ ਬੁਰੀ ਤਰ੍ਹਾਂ ਨਾਕਾਮ ਰਹੇ। ਨਤੀਜਨ ਸੱਤਾਧਾਰੀ ਅਕਾਲੀ ਦਲ ਦੀਆਂ ਅੰਦਰੂਨੀ ਕਮਜ਼ੋਰੀਆਂ ਦੇ ਬਾਵਜੂਦ ਪੰਜਾਬ ਕਾਂਗਰਸ ਕੋਈ ਵੱਡੀ ਮੱਲ ਮਾਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ।

ਅਸਲ ਵਿਚ ਕਾਂਗਰਸ ਦਾ ਸਿੱਧਾ ਮੁਕਾਬਲਾ ਜਿਸ ਅਕਾਲੀ ਦਲ ਨਾਲ ਹੈ, ਉਸ ਨੂੰ ਬਾਦਲ ਪਿਉ-ਪੁੱਤਰ ਆਪਣੇ ਹੀ ਢੰਗ ਨਾਲ ਚਲਾ ਰਹੇ ਹਨ। ਅਕਾਲੀ ਦਲ ਦੀ ਸਾਰੀ ਤਾਕਤ ਇਸ ਵੇਲੇ ਪੂਰੀ ਤਰ੍ਹਾਂ ਬਾਦਲਾਂ ਦੇ ਹੱਥ ਹੈ। ਇਹੀ ਨਹੀਂ, ਪਿਛਲੇ ਕੁਝ ਸਾਲਾਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਿਸ ਤਰ੍ਹਾਂ ਅਕਾਲੀ ਦਲ ਅਤੇ ਸਿੱਖਾਂ ਨਾਲ ਜੁੜੀਆਂ ਸੰਸਥਾਵਾਂ ਉਤੇ ਕਬਜ਼ਾ ਕੀਤਾ ਹੈ, ਉਸ ਨੇ ਪੰਜਾਬ ਦੇ ਸਿਆਸੀ ਦ੍ਰਿਸ਼ ਵਿਚ ਬਹੁਤ ਵੱਡੀ ਤਬਦੀਲੀ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਮੁੱਖ ਕਾਰੋਬਾਰਾਂ ਨੂੰ ਜਿਸ ਢੰਗ ਨਾਲ ਦਬੋਚਿਆ ਗਿਆ ਹੈ, ਉਸ ਨੇ ਵੀ ਸੂਬੇ ਦੀ ਸਿਆਸਤ ਦਾ ਮੁਹਾਣ ਹੀ ਮੋੜ ਦਿੱਤਾ ਹੈ। ਇਹ ਤਬਦੀਲੀ ਇੰਨੇ ਮਹੀਨ ਢੰਗ ਨਾਲ ਹੋਈ ਹੈ ਕਿ ਸਾਰੇ ਇਸ ਤਬਦੀਲੀ ਵੱਲ ਬੱਸ ਦੇਖਦੇ ਹੀ ਰਹਿ ਗਏ ਹਨ। ਸਮੁੱਚੇ ਅਕਾਲੀ ਦਲ ਉਤੇ ਪਰਿਵਾਰਵਾਦ ਇੰਨਾ ਭਾਰੂ ਪੈ ਗਿਆ ਹੈ ਕਿ ਜਮਹੂਰੀਅਤ ਜਾਂ ਪੰਚ ਪ੍ਰਧਾਨੀ ਵਾਲੀ ਗੱਲ ਉਕਾ ਹੀ ਨਾਦਾਰਦ ਕਰ ਦਿੱਤੀ ਗਈ ਹੈ ਜਿਸ ਨੂੰ ਆਧਾਰ ਬਣਾ ਕੇ ਇਹ ਜਥੇਬੰਦੀ ਹੋਂਦ ਵਿਚ ਆਈ ਸੀ ਅਤੇ ਇਸ ਨੇ ਸ਼ਾਨਾਂਮੱਤੇ ਇਤਿਹਾਸ ਦੀ ਸਿਰਜਣਾ ਕੀਤੀ ਸੀ। ਬਾਦਲਾਂ ਦਾ ਇਹ ਨਵਾਂ ਪੈਂਤੜਾ ਅਕਾਲੀ ਦਲ ਲਈ ਤਾਂ ਨਿਘਾਰ ਵਾਲਾ ਹੈ ਹੀ ਸੀ, ਪੰਜਾਬ ਦੇ ਸਿਆਸੀ ਮਾਹੌਲ ਵਿਚ ਵੀ ਇਸ ਨੇ ਬਹੁਤ ਵੱਡੇ ਪੱਧਰ ਉਤੇ ਤਬਦੀਲੀ ਲਿਆਂਦੀ। ਵਿਰੋਧ ਦੀ ਆਵਾਜ਼ ਦਾ ਗਲਾ ਹੀ ਦਬਾ ਦਿੱਤਾ ਗਿਆ। ਜਿਸ ਕਾਂਗਰਸ ਉਤੇ ਪਹਿਲਾਂ ਪਰਿਵਾਰਵਾਦ ਅਤੇ ਕੁਨਬਾ-ਪਰਵਰੀ ਦੇ ਦੋਸ਼ ਆਮ ਹੀ ਲਾਏ ਜਾਂਦੇ ਸਨ, ਅਕਾਲੀ ਦਲ ਉਸ ਤੋਂ ਵੀ ਬਹੁਤ ਅਗਾਂਹ ਨਿਕਲ ਗਿਆ। ਸਿਆਸਤ ਵਿਚ ਇਸ ਨਿਘਾਰ ਦੇ ਕਾਰਨ ਭਾਵੇਂ ਹੋਰ ਵੀ ਹਨ ਅਤੇ ਇਹ ਸਿਲਸਿਲਾ ਭਾਵੇਂ ਦੇਸ਼-ਵਿਆਪੀ ਹੈ, ਪਰ ਸਿਆਸੀ ਖੇਤਰ ਵਿਚ ਜੋ ਤਬਦੀਲੀਆਂ ਪੰਜਾਬ ਵਿਚ ਹੋਈਆਂ, ਉਹ ਹੈਰਾਨ-ਪ੍ਰੇਸ਼ਾਨ ਕਰਨ ਵਾਲੀਆਂ ਹਨ। ਪੰਜਾਬ ਲਈ ਪ੍ਰੇਸ਼ਾਨ ਕਰਨ ਵਾਲੀ ਇਕ ਹੋਰ ਗੱਲ ਬਾਦਲਾਂ ਦੀ ਨਰੇਂਦਰ ਮੋਦੀ ਵਰਗੇ ਫਿਰਕੂ ਆਗੂ ਨਾਲ ਨੇੜਤਾ ਵੀ ਹੈ। ਮੋਦੀ ਉਹ ਸ਼ਖਸ ਹੈ ਜਿਹੜਾ ਸਦਾ ਹੀ ਆਰ.ਐਸ.ਐਸ. ਦਾ ਏਜੰਡਾ ਲਾਗੂ ਕਰਨ ਲਈ ਯਤਨਸ਼ੀਲ ਰਿਹਾ ਹੈ। ਸਾਲ 2002 ਵਿਚ ਉਸ ਨੇ ਗੁਜਰਾਤ ਵਿਚ ਜੋ ਹਾਲ ਮੁਸਲਮਾਨਾਂ ਦਾ ਕੀਤਾ ਸੀ, ਉਸ ਨੂੰ ਕੋਈ ਵੀ ਸੰਵੇਦਨਸ਼ੀਲ ਇਨਸਾਨ ਕਦੀ ਅਣਗੌਲਿਆਂ ਨਹੀਂ ਕਰ ਸਕਦਾ, ਪਰ ਬਾਦਲ ਪਿਉ-ਪੁੱਤਰ ਇਸ ਸ਼ਖਸ ਨੂੰ ਵਡਿਆ ਹੀ ਨਹੀਂ ਰਹੇ, ਸਗੋਂ ਉਸ ਨੂੰ ਵਾਰ-ਵਾਰ ਪੰਜਾਬ ਆਉਣ ਦਾ ਸੱਦਾ ਵੀ ਦੇ ਰਹੇ ਹਨ। ਅਜਿਹੇ ਹਾਲਾਤ ਵਿਚ ਜਿਸ ਤਰ੍ਹਾਂ ਪੰਜਾਬ ਕਾਂਗਰਸ ਵਿਚ ਜੋ ਨਵੀਂ ਰੂਹ ਫੂਕੀ ਗਈ ਹੈ, ਉਸ ਨਾਲ ਕੁਝ ਹੱਦ ਤੱਕ ਬਾਦਲਾਂ ਦੀ ਇਸ ਸਸਤੀ ਸਿਆਸਤ ਨੂੰ ਠੱਲ੍ਹ ਤਾਂ ਪਵੇਗੀ ਹੀ। ਇਸ ਨਾਲ ਪੰਜਾਬ ਦੇ ਲੀਹ ਉਤੇ ਪੈਣ ਦੀਆਂ ਕੁਝ ਕੁ ਸੰਭਾਨਾਵਾਂ ਬਣੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਛਾਣੋ ਯਾਰ 'ਆਪ' ਨੂੰ... !*

ਕਰੇ ਵੋਟ ਦੀ ਕਦਰ ਜੇ ਆਮ ਬੰਦਾ, ਹੋਵੇ ਆਪਣਾ ਦੇਸ਼ ਵੀ 'ਟਾਪ' ਯਾਰੋ।
ਹੱਕ ਵੋਟ ਦਾ ਲੈਣ ਲਈ ਖੂਨ ਡੁੱਲ੍ਹਾ, ਕਰਿਉ ਨਾਲ ਸ਼ਹੀਦਾਂ ਨਾ ਪਾਪ ਯਾਰੋ।
ਨਸ਼ੇ-ਨੋਟਾਂ 'ਤੇ ਥੁੱਕ ਜ਼ਮੀਰ ਸੁਣਨੀ, ਏਸ ਨੁਕਤੇ ਦਾ ਕਰ ਲਿਉ ਜਾਪ ਯਾਰੋ।
ਚੋਗਾ ਸੁੱਟ ਲੁਭਾਉਂਦੇ ਨੇ ਦੂਜਿਆਂ ਨੂੰ, ਹੁੰਦੇ ਗੱਦੀ 'ਤੇ ਪੁੱਤ ਜਾਂ ਬਾਪ ਯਾਰੋ।
ਪੁਛੋ ਗੜ੍ਹਕ ਕੇ ਤੱਕੜੀ-ਪੰਜਿਆਂ ਨੂੰ, ਚੜ੍ਹੇ ਸੁਣਦਿਆਂ ਇਨ੍ਹਾਂ ਨੂੰ ਤਾਪ ਯਾਰੋ।
ਆਯੂ ਬੀਤ ਗਈ ਹੋਰਾਂ ਨੂੰ ਵੋਟ ਪਾਉਂਦੇ, ਚੁਣੋ ਐਤਕੀਂ ਆਪਣੀ 'ਆਪ' ਯਾਰੋ !

# ਚੀਨੀ ਹਮਲੇ ਦੀ ਮਾਰ

***ਮੈਨੂੰ ਯਾਦ ਹੈ ਕਿ ਭਾਰਤ-ਚੀਨ ਸਰਹੱਦੀ ਵਿਵਾਦ ਬਾਰੇ ਮੈਂ ਪਹਿਲੀ ਵਾਰ 1957 ਦੀ ਸ਼ੁਰੂਆਤ ਵਿਚ ਗ੍ਰਹਿ ਮੰਤਰਾਲੇ ਵਿਚ ਸੁਣਿਆ ਸੀ। ਮੈਂ ਇਕ ਸਿਖਰਲੇ ਅਧਿਕਾਰੀ ਨਾਲ ਪੂਰਬੀ ਪਾਕਿਸਤਾਨ ਦੀ ਸਰਹੱਦ 'ਤੇ ਉੱਭਰ ਰਹੇ ਖ਼ਤਰਿਆਂ ਬਾਰੇ ਗੱਲ ਕਰ ਰਿਹਾ ਸਾਂ। ਉਸ ਨੇ ਇਸ ਬਾਰੇ ਅਗਿਆਨਤਾ ਜ਼ਾਹਰ ਕੀਤੀ ਪਰ ਉਸ ਵੱਲੋਂ ਕੀਤੀ ਗਈ ਇਕ ਗੁੱਝੀ ਟਿੱਪਣੀ ਮਹੱਤਵਪੂਰਨ ਸੀ। ਉਸ ਨੇ ਕਿਹਾ, 'ਸਿਰਫ ਪਾਕਿਸਤਾਨ ਹੀ ਕਿਉਂ? ਚੀਨ ਵੱਲੋਂ ਵੀ ਤੁਹਾਨੂੰ ਛੇਤੀ ਹੀ ਸਮੱਸਿਆ ਦਰਪੇਸ਼ ਆਉਣ ਵਾਲੀ ਹੈ।' ਉਸ ਨੇ ਜ਼ਿਆਦਾ ਨਹੀਂ ਦੱਸਿਆ ਪਰ ਮੇਰੇ ਵਾਰ-ਵਾਰ ਪੁੱਛਣ 'ਤੇ ਏਨਾ ਹੋਰ ਕਿਹਾ ਕਿ ਅਸਪੱਸ਼ਟ ਜਾਣਕਾਰੀ ਮੁਤਾਬਿਕ ਚੀਨ ਸਿਕਿਆਂਗ ਰਾਹੀਂ ਇਕ ਸੜਕ ਬਣਾ ਰਿਹਾ ਹੈ। ਵਿਦੇਸ਼ ਮੰਤਰਾਲੇ ਨੂੰ ਇਸ ਰਿਪੋਰਟ ਬਾਰੇ ਕਈ ਵਾਰ ਸੂਚਨਾ ਦਿੱਤੀ ਜਾ ਚੁੱਕੀ ਹੈ।***

ਮੈਂ ਉਦੋਂ ਲੰਡਨ ਤੋਂ ਪ੍ਰਕਾਸ਼ਿਤ ਹੁੰਦੇ 'ਦਿ ਟਾਈਮਜ਼' ਦਾ ਪੱਤਰ ਪ੍ਰੇਰਕ ਸੀ, ਜਦੋਂ ਨੇਵਿਲੇ ਮੈਕਸਵੈੱਲ ਇਸ ਦਾ ਦੱਖਣ ਏਸ਼ੀਆ ਤੋਂ ਪੱਤਰ-ਪ੍ਰੇਰਕ ਸੀ। ਉਹ ਨਵੀਂ ਦਿੱਲੀ ਤੋਂ ਹੀ ਕੰਮ ਕਰਦਾ ਸੀ ਅਤੇ ਅਸੀਂ ਅਕਸਰ ਭਾਰਤ ਅਤੇ ਹੋਰ ਦੇਸ਼ਾਂ, ਖਾਸ ਕਰ ਕੇ ਚੀਨ ਨਾਲ ਸਬੰਧਤ ਮਾਮਲਿਆਂ 'ਤੇ ਚਰਚਾ ਕਰਦੇ ਸੀ। ਇਹ ਕਹਿਣਾ ਘੱਟ ਹੀ ਹੋਵੇਗਾ ਕਿ ਉਹ ਭਾਰਤ ਵਿਰੋਧੀ ਸੀ। ਉਸ ਵੱਲੋਂ ਭੇਜੀਆਂ ਗਈਆਂ ਖ਼ਬਰਾਂ ਵਿਚ ਇਸ ਦੇਸ਼ ਬਾਰੇ ਘ੍ਰਿਣਾ ਸਾਫ਼ ਨਜ਼ਰ ਆਉਂਦੀ ਸੀ। ਮਿਸਾਲ ਵਜੋਂ 1957 ਦੀਆਂ ਆਮ ਚੋਣਾਂ ਤੋਂ ਬਾਅਦ ਉਸ ਨੇ ਲਿਖਿਆ ਸੀ ਕਿ ਇਹ ਭਾਰਤ ਦੀਆਂ ਆਖਰੀ ਚੋਣਾਂ ਹਨ, ਕਿਉਂਕਿ ਭਾਰਤ ਲੋਕਤੰਤਰ ਲਈ ਅਢੁਕਵਾਂ ਹੈ। ਮੈਂ ਉਸ ਦੀਆਂ ਲਿਖਤਾਂ ਵਿਚ ਕਿਤੇ ਵੀ ਨਹੀਂ ਵੇਖਿਆ ਕਿ ਉਸ ਨੇ ਆਪਣੇ ਅੰਦਾਜ਼ੇ ਵਿਚ ਹੋਈ ਗ਼ਲਤੀ ਨੂੰ ਸਵੀਕਾਰ ਕੀਤਾ ਹੋਵੇ। ਉਸ ਨੂੰ ਵੇਖ ਕੇ ਕਈ ਵਾਰ ਮੈਨੂੰ ਬਰਤਾਨਵੀਆਂ ਦੇ ਭਾਵਨਾਵਾਂ ਤੋਂ ਸੱਖਣੇ ਹਿਰਦੇ ਦਾ ਖਿਆਲ ਆਇਆ ਜਿਨ੍ਹਾਂ ਨੇ ਆਪਣੇ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਭਾਰਤ ਦਾ ਸ਼ੋਸ਼ਣ ਕੀਤਾ ਅਤੇ ਸਾਨੂੰ ਗੁਲਾਮ ਰੱਖਣ ਲਈ ਅਜਿਹੇ ਜ਼ੁਲਮ ਢਾਹੇ ਜਿਨ੍ਹਾਂ ਦਾ ਵਰਣਨ ਕਰਨਾ ਅਸੰਭਵ ਹੈ।

ਮੈਕਸਵੈੱਲ ਅਤੇ ਮੈਂ ਅਕਸਰ ਭਾਰਤ ਅਤੇ ਚੀਨ ਦੀ ਤਰੱਕੀ ਦੀ ਤੁਲਨਾ ਕਰਦੇ ਸਾਂ। ਤਰੱਕੀ ਕਰ ਰਹੇ ਲੋਕਤੰਤਰ ਦੀ ਥਾਂ ਮੈਕਸਵੈੱਲ ਚੀਨ ਦੇ ਨਿਰੰਕੁਸ਼ ਸ਼ਾਸਨ ਦੀ ਪ੍ਰਸੰਸਾ ਕਰਦਾ ਸੀ। ਮੈਕਸਵੈੱਲ ਦਾ ਮੰਨਣਾ ਸੀ ਕਿ ਭਾਰਤ ਨੇ ਹੀ ਚੀਨ 'ਤੇ ਹਮਲਾ ਕੀਤਾ ਸੀ। ਇਹੀ ਕਾਰਨ ਹੈ ਕਿ ਉਸ ਨੇ ਆਪਣੀ ਕਿਤਾਬ ਦਾ ਨਾਂ 'ਇੰਡੀਆਜ਼ ਵਾਰ ਆਨ ਚਾਈਨਾ' ਰੱਖਿਆ। ਕਿਤਾਬ ਦੀ ਖਾਸੀਅਤ ਇਹੀ ਸੀ ਕਿ ਇਸ ਵਿਚ 1962 ਦੇ ਯੁੱਧ ਵਿਚ ਚੀਨ ਹੱਥੋਂ ਹੋਈ ਭਾਰਤ ਦੀ ਹਾਰ ਦੇ ਕਾਰਨਾਂ ਦੀ ਜਾਂਚ ਲਈ ਸਰਕਾਰ ਵੱਲੋਂ ਨਿਯੁਕਤ ਹੈਂਡਰਸਨ ਬਰੁੱਕਸ ਦੀ ਰਿਪੋਰਟ ਦੇ ਕੁਝ ਹਿੱਸੇ ਪ੍ਰਕਾਸ਼ਿਤ ਕੀਤੇ ਗਏ ਸਨ। ਇਸ ਵਿਚ ਨਵੀਂ ਦਿੱਲੀ, ਖਾਸ ਕਰ ਕੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ 'ਤੇ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਨੇ ਭਾਰਤ ਨੂੰ ਚੀਨ ਖਿਲਾਫ਼ ਯੁੱਧ ਵਿਚ ਝੋਕਿਆ, ਜਦੋਂ ਕਿ ਚੀਨੀਆਂ ਦਾ ਸਾਹਮਣਾ ਕਰਨ ਲਈ ਕਸ਼ਮੀਰ ਤੋਂ ਹਟਾ ਕੇ ਲਿਆਂਦੇ ਗਏ ਫ਼ੌਜੀਆਂ ਕੋਲ ਬੂਟ ਤੱਕ ਨਹੀਂ ਸਨ।

ਮੈਂ ਉਦੋਂ ਗ੍ਰਹਿ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਪ੍ਰੈੱਸ ਸਕੱਤਰ ਸਾਂ ਅਤੇ ਨਹਿਰੂ ਵੱਲੋਂ ਚੀਨੀ ਪ੍ਰਧਾਨ ਚਾਓ ਐਨ. ਲਾਈ ਨੂੰ ਅੱਗੇ ਵਧਾਏ ਜਾਣ ਸਬੰਧੀ ਸ਼ਾਸਤਰੀ ਦੀ ਨਾਰਾਜ਼ਗੀ ਤੋਂ ਜਾਣੂ ਸਾਂ। ਜਵਾਹਰ ਲਾਲ ਨਹਿਰੂ ਨੇ ਹੀ ਚਾਓ ਐਨ. ਲਾਈ ਨੂੰ ਦੁਨੀਆ ਦੀਆਂ ਵੱਡੀਆਂ ਹਸਤੀਆਂ ਨਾਲ ਮਿਲਾਇਆ ਸੀ ਅਤੇ ਬੇਨਡੂੰਗ ਵਿਚ ਹੋਏ ਪਹਿਲੇ ਗੁੱਟ-ਨਿਰਲੇਪ ਸੰਮੇਲਨ ਵਿਚ ਉਨ੍ਹਾਂ ਨੂੰ ਲੈ ਕੇ ਗਏ ਸਨ। ਯੁੱਧ ਵਿਚ ਭਾਰਤ ਦੀ ਹਾਰ ਤੋਂ ਬਾਅਦ ਨਹਿਰੂ ਪਹਿਲਾਂ ਵਰਗੇ ਨਾ ਰਹੇ ਅਤੇ ਛੇਤੀ ਹੀ ਉਨ੍ਹਾਂ ਦੀ ਮੌਤ ਹੋ ਗਈ, ਕਿਉਂਕਿ ਉਹ ਖ਼ੁਦ ਨਾਲ ਧੋਖਾ ਹੋਇਆ ਮਹਿਸੂਸ ਕਰਦੇ ਸਨ; ਹਾਲਾਂਕਿ ਸਰਦਾਰ ਪਟੇਲ ਨੇ ਉਨ੍ਹਾਂ ਨੂੰ ਇਕ ਚਿੱਠੀ ਵਿਚ ਚਿਤਾਵਨੀ ਦਿੱਤੀ ਸੀ ਕਿ ਚੀਨ 'ਤੇ ਕਦੇ ਭਰੋਸਾ ਨਹੀਂ ਕਰਨਾ ਚਾਹੀਦਾ। ਉਹ ਇਕ ਦਿਨ ਭਾਰਤ 'ਤੇ ਹਮਲਾ ਕਰੇਗਾ ਪਰ ਸਮਾਜਵਾਦੀ ਦੇਸ਼ ਹੋਣ ਕਰ ਕੇ ਨਹਿਰੂ ਚੀਨ 'ਤੇ ਫਿਦਾ ਸਨ। ਨਹਿਰੂ ਨੂੰ ਦੁੱਖ ਸੀ ਕਿ ਉਹ ਭਾਰਤ ਨੂੰ ਇਕ ਸਮਾਜਵਾਦੀ ਦੇਸ਼ ਵਿਚ ਨਹੀਂ ਬਦਲ ਸਕੇ।

ਮੈਕਸਵੈੱਲ ਨੇ ਹੈਂਡਰਸਨ ਬਰੁੱਕਸ ਦੀ ਰਿਪੋਰਟ ਦਾ ਇਕ ਹਿੱਸਾ ਪ੍ਰਕਾਸ਼ਿਤ ਕੀਤਾ ਹੈ। ਮੇਰੀ ਸਮਝ ਮੁਤਾਬਿਕ ਉਸ ਨੇ ਕਾਂਗਰਸ ਵਿਰੋਧੀ ਤਾਕਤਾਂ ਨੂੰ ਥੋੜ੍ਹਾ ਫਾਇਦਾ ਪਹੁੰਚਾਉਣ ਲਈ ਅਜਿਹਾ ਕੀਤਾ ਹੈ। ਇਹ ਕੋਈ ਭੇਤ ਨਹੀਂ ਕਿ ਨਹਿਰੂ ਨੇ ਦੇਸ਼ ਨੂੰ ਤਿਆਰ ਨਹੀਂ ਸੀ ਕੀਤਾ ਅਤੇ ਚੀਨ ਦੇ ਮਨਸੂਬਿਆਂ ਨੂੰ ਪਛਾਣਨ ਵਿਚ ਗ਼ਲਤੀ ਕੀਤੀ ਸੀ। ਮੈਂ ਭਾਰਤੀ ਜ਼ਮੀਨੀ ਫ਼ੌਜ ਦੇ ਤਤਕਾਲੀ ਮੁਖੀ ਪੀ.ਐਨ. ਥਾਪਰ ਨਾਲ ਲੰਮੀ ਗੱਲਬਾਤ ਕੀਤੀ ਸੀ। ਉਨ੍ਹਾਂ ਨੇ ਲਿਖਤੀ ਰੂਪ ਵਿਚ ਸਰਕਾਰ ਨੂੰ ਦੱਸਿਆ ਸੀ ਕਿ ਭਾਰਤ ਅਤੇ ਚੀਨ ਵਿਚਕਾਰ ਜੰਗ ਦੀ ਸਥਿਤੀ ਵਿਚ ਭਾਰਤ ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ। ਥਾਪਰ ਨੇ ਹਥਿਆਰਾਂ ਦੀ ਖਰੀਦ ਤੇ ਫ਼ੌਜੀਆਂ ਦੀ ਗਿਣਤੀ ਵਧਾਉਣ ਸਬੰਧੀ ਲੰਮਾ ਨੋਟ ਭੇਜਿਆ ਸੀ। ਨਹਿਰੂ ਨੇ ਉਨ੍ਹਾਂ ਨੂੰ ਦੱਸਿਆ ਕਿ ਉਕਤ ਨੋਟ ਉਨ੍ਹਾਂ ਸਾਹਮਣੇ ਕਦੇ ਪੇਸ਼ ਨਹੀਂ ਕੀਤਾ ਗਿਆ।

ਨਵੀਂ ਦਿੱਲੀ ਵਿਵਾਦਿਤ ਖੇਤਰਾਂ 'ਤੇ ਆਪਣਾ ਦਾਅਵਾ ਸਿੱਧ ਕਰਨ ਲਈ ਇਨ੍ਹਾਂ ਖੇਤਰਾਂ ਦੇ ਅੰਦਰ ਤੱਕ ਚਲੇ ਗਈ ਸੀ। ਗ੍ਰਹਿ ਸਕੱਤਰ ਬੀ.ਐਨ. ਝਾਅ ਨੇ ਮੈਨੂੰ ਦੱਸਿਆ ਸੀ ਕਿ ਖੁਫੀਆ ਨਿਰਦੇਸ਼ਕ ਬੀ.ਐਨ. ਮਲਿਕ ਦਾ 'ਵਿਲੱਖਣ ਵਿਚਾਰ' ਸੀ ਕਿ 'ਸਾਡੇ ਲਈ ਜਿਥੇ ਵੀ ਸੰਭਵ ਹੋਵੇ' ਇਥੋਂ ਤੱਕ ਕਿ 'ਚੀਨੀ ਸਰਹੱਦ' ਦੇ ਅੰਦਰ ਤੱਕ ਪੁਲਿਸ ਚੌਕੀਆਂ ਸਥਾਪਤ ਕੀਤੀਆਂ ਜਾਣ ਤਾਂ ਕਿ ਉਸ ਖੇਤਰ ਉਤੇ 'ਆਪਣਾ ਦਾਅਵਾ ਦਰਜ ਕੀਤਾ ਜਾ ਸਕੇ'। ਝਾਅ ਨੇ ਕਿਹਾ ਕਿ 'ਮਲਿਕ ਇਹ ਗੱਲ ਨਹੀਂ ਸਮਝ ਰਹੇ ਕਿ ਚੀਨ ਵੱਲੋਂ ਕਿਸੇ ਕਾਰਵਾਈ ਦੀ ਸੂਰਤ ਵਿਚ ਪਿੱਛਿਉਂ ਕਿਸੇ ਤਰ੍ਹਾਂ ਦੀ ਮਦਦ ਤੋਂ ਬਗ਼ੈਰ ਸਾਡੀਆਂ ਵੱਖ-ਵੱਖ ਚੌਕੀਆਂ ਟਿਕ ਨਹੀਂ ਸਕਣਗੀਆਂ। ਅਸੀਂ ਬੇਵਜ੍ਹਾ ਪੁਲਿਸ ਕਰਮੀਆਂ ਨੂੰ ਮੌਤ ਵੱਲ ਧੱਕ ਰਹੇ ਹਾਂ। ਸਪਸ਼ਟ ਹੈ ਕਿ ਇਹ ਫ਼ੌਜ ਦਾ ਕੰਮ ਹੈ ਪਰ ਮਦਦ ਦੇ ਪੂਰੇ ਪ੍ਰਬੰਧ ਤੋਂ ਬਿਨਾਂ ਇਨ੍ਹਾਂ ਚੌਕੀਆਂ 'ਤੇ ਫ਼ੌਜੀ ਤਾਇਨਾਤ ਕਰਨ ਤੋਂ ਫ਼ੌਜ ਨੇ ਮਨ੍ਹਾ ਕਰ ਦਿੱਤਾ। ਅਸੀਂ ਪੁਲਿਸ ਦੇ ਜਵਾਨ ਤਾਇਨਾਤ ਕਰ ਦਿੱਤੇ ਹਨ।' ਇਹ ਚੌਕੀਆਂ ਬੇਤਰਤੀਬੇ ਢੰਗ ਨਾਲ ਬਣੀਆਂ ਸਨ। 41 ਚੌਕੀਆਂ ਸਥਾਪਤ ਕੀਤੀਆਂ ਗਈਆਂ ਸਨ ਅਤੇ ਪੁਲਿਸ ਦੇ ਕੁਝ ਜਵਾਨ ਉਥੇ ਤਾਇਨਾਤ ਸਨ। ਇਹ ਚੀਨੀ ਸ਼ਿਕਾਰੀਆਂ ਦੀ ਬਹੁਤਾਤ ਵਿਚ ਮੌਜੂਦ ਦੀਪਾਂ ਵਾਂਗ ਸਨ। ਚੀਨ ਦਾ ਵੱਡਾ ਹਮਲਾ ਅਤੇ ਇਸ ਦਾ ਸਾਹਮਣਾ ਕਰਨ ਲਈ ਸਾਡਾ ਕਮਜ਼ੋਰ ਯਤਨ ਸਾਰਿਆਂ ਦੇ ਸਾਹਮਣੇ ਸਪਸ਼ਟ ਹੈ। ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਲਗਾਤਾਰ ਮਿਲ ਰਹੀਆਂ ਹਾਰਾਂ ਦੀਆਂ ਖ਼ਬਰਾਂ ਥੋੜ੍ਹੀਆਂ ਘਟਾ ਕੇ ਦੱਸੀਆਂ ਜਾਣ। ਨੇਫਾ (ਨਾਰਥ ਈਸਟ ਫਰੰਟੀਅਰ ਏਜੰਸੀ) ਦੀ 8 ਸਤੰਬਰ ਦੀ ਘਟਨਾ ਬਾਰੇ ਵੀ ਇੰਝ ਹੀ ਕੀਤਾ ਗਿਆ। ਨੇਫਾ ਦੀ ਘਟਨਾ ਬਾਰੇ ਦੱਸਿਆ ਗਿਆ ਕਿ 'ਸਾਡੀ ਇਕ ਚੌਕੀ ਨੇੜੇ ਕੁਝ ਚੀਨੀ ਸਿਪਾਹੀ ਆ ਗਏ ਸਨ।'

*ਮੈਂ ਰਿਪੋਰਟ ਨੂੰ ਜਨਤਕ ਕਰਵਾਉਣ ਦਾ ਅਸਫ਼ਲ ਯਤਨ ਕਰ ਚੁੱਕਾ ਹਾਂ। ਪਹਿਲਾਂ ਮੈਂ ਰੱਖਿਆ ਮੰਤਰਾਲੇ ਨਾਲ ਸੰਪਰਕ ਕੀਤਾ। ਉਸ ਨੇ ਇਨਕਾਰ ਕਰ ਦਿੱਤਾ। ਫਿਰ ਮੈਂ ਸੂਚਨਾ ਦੇ ਅਧਿਕਾਰ ਤਹਿਤ ਆਰ.ਟੀ.ਆਈ. ਰਾਹੀਂ ਰਿਪੋਰਟ ਮੰਗੀ। ਮਾਮਲਾ ਉੱਪਰ ਤੱਕ ਗਿਆ ਪਰ ਮੇਰੀ ਦਲੀਲ ਨਾਮਨਜ਼ੂਰ ਕਰ ਦਿੱਤੀ ਗਈ। ਮੈਂ ਹਾਈ ਕੋਰਟ ਵਿਚ ਮਾਮਲਾ ਦਾਇਰ ਕੀਤਾ ਪਰ ਅਜੇ ਤੱਕ ਅਦਾਲਤ ਵਿਚ ਹੀ ਮਾਮਲਾ ਦੱਬਿਆ ਹੋਇਆ ਹੈ। ਕਈ ਸਾਲਾਂ ਬਾਅਦ ਬੀਤੇ ਵਰ੍ਹੇ ਦੇ ਅਖੀਰ 'ਚ ਮਾਮਲੇ 'ਤੇ ਛੋਟੀ ਜਿਹੀ ਸੁਣਵਾਈ ਹੋਈ ਸੀ, ਜੱਜ ਨੇ ਟਿੱਪਣੀ ਕੀਤੀ, 'ਤੁਸੀਂ ਚਾਹੁੰਦੇ ਹੋ ਕਿ ਦੇਸ਼ ਦੀਆਂ ਸਾਰੀਆਂ ਗੁਪਤ ਜਾਣਕਾਰੀਆਂ ਜਨਤਕ ਹੋ ਜਾਣ।' ਮੈਂ ਚਾਹੁੰਦਾ ਹਾਂ ਕਿ ਇਸ 'ਤੇ ਕੋਈ ਫ਼ੈਸਲਾ ਹੋ ਜਾਂਦਾ। ਬਦਕਿਸਮਤੀ ਨਾਲ ਅਜੇ ਤੱਕ ਅਜਿਹਾ ਨਹੀਂ ਹੋਇਆ।*

ਮੈਨੂੰ ਯਾਦ ਹੈ ਕਿ ਭਾਰਤ-ਚੀਨ ਸਰਹੱਦੀ ਵਿਵਾਦ ਬਾਰੇ ਮੈਂ ਪਹਿਲੀ ਵਾਰ 1957 ਦੀ ਸ਼ੁਰੂਆਤ ਵਿਚ ਗ੍ਰਹਿ ਮੰਤਰਾਲੇ ਵਿਚ ਸੁਣਿਆ ਸੀ। ਮੈਂ ਇਕ ਸਿਖਰਲੇ ਅਧਿਕਾਰੀ ਨਾਲ ਪੂਰਬੀ ਪਾਕਿਸਤਾਨ ਦੀ ਸਰਹੱਦ 'ਤੇ ਉੱਭਰ ਰਹੇ ਖ਼ਤਰਿਆਂ ਬਾਰੇ ਗੱਲ ਕਰ ਰਿਹਾ ਸਾਂ। ਉਸ ਨੇ ਇਸ ਬਾਰੇ ਅਗਿਆਨਤਾ ਜ਼ਾਹਰ ਕੀਤੀ ਪਰ ਉਸ ਵੱਲੋਂ ਕੀਤੀ ਗਈ ਇਕ ਗੁੱਝੀ ਟਿੱਪਣੀ ਮਹੱਤਵਪੂਰਨ ਸੀ। ਉਸ ਨੇ ਕਿਹਾ, 'ਸਿਰਫ ਪਾਕਿਸਤਾਨ ਹੀ ਕਿਉਂ? ਚੀਨ ਵੱਲੋਂ ਵੀ ਤੁਹਾਨੂੰ ਛੇਤੀ ਹੀ ਸਮੱਸਿਆ ਦਰਪੇਸ਼ ਆਉਣ ਵਾਲੀ ਹੈ।' ਉਸ ਨੇ ਜ਼ਿਆਦਾ ਨਹੀਂ ਦੱਸਿਆ ਪਰ ਮੇਰੇ ਵਾਰ-ਵਾਰ ਪੁੱਛਣ 'ਤੇ ਏਨਾ ਹੋਰ ਕਿਹਾ ਕਿ ਅਸਪੱਸ਼ਟ ਜਾਣਕਾਰੀ ਮੁਤਾਬਿਕ ਚੀਨ ਸਿਕਿਆਂਗ ਰਾਹੀਂ ਇਕ ਸੜਕ ਬਣਾ ਰਿਹਾ ਹੈ। ਵਿਦੇਸ਼ ਮੰਤਰਾਲੇ ਨੂੰ ਇਸ ਰਿਪੋਰਟ ਬਾਰੇ ਕਈ ਵਾਰ ਸੂਚਨਾ ਦਿੱਤੀ ਜਾ ਚੁੱਕੀ ਹੈ।

ਮੈਨੂੰ ਸਮਝ ਨਹੀਂ ਆ ਰਹੀ ਕਿ ਸਰਕਾਰ ਨੇ ਅਜੇ ਤੱਕ ਵੀ ਬਰੁੱਕਸ ਰਿਪੋਰਟ ਨੂੰ ਕਲਾਸੀਫਾਈਡ ਵਰਗ ਵਿਚ ਕਿਉਂ ਰੱਖਿਆ ਹੋਇਆ ਹੈ। ਰੱਖਿਆ ਮੰਤਰਾਲੇ ਦੀ ਦਲੀਲ ਹੈ ਕਿ ਰਿਪੋਰਟ ਦੇ ਜਨਤਕ ਹੋਣ 'ਤੇ ਕੁਝ ਅਜਿਹੀ 'ਰਣਨੀਤੀ' ਜਨਤਕ ਹੋ ਜਾਵੇਗੀ ਜੋ ਅਜੇ ਤੱਕ ਪ੍ਰਸੰਗਕ ਹੈ। 1962 ਦੇ ਯੁੱਧ ਵਿਚ ਅਪਣਾਈ ਗਈ ਰਣਨੀਤੀ ਅਤੇ ਵਰਤੇ ਗਏ ਹਥਿਆਰਾਂ ਦਾ ਹੁਣ ਕੋਈ ਮਹੱਤਵ ਨਹੀਂ ਰਹਿ ਗਿਆ। ਜ਼ਮੀਨੀ ਫ਼ੌਜ ਦੇ ਸਾਬਕਾ ਮੁਖੀ ਵੀ.ਪੀ. ਮਲਿਕ ਵੀ ਕਹਿ ਚੁੱਕੇ ਹਨ ਕਿ 1962 ਦਾ ਆਪ੍ਰੇਸ਼ਨ ਹੁਣ ਪ੍ਰਸੰਗਕ ਨਹੀਂ ਰਹਿ ਗਿਆ। ਕਾਂਗਰਸ ਦੀ ਅਗਵਾਈ ਹੇਠਲੀ ਸਰਕਾਰ ਗ਼ਲਤ ਸਮਝ ਰਹੀ ਹੈ ਕਿ ਨਹਿਰੂ ਦਾ ਅਕਸ ਖਰਾਬ ਹੋਵੇਗਾ ਅਤੇ ਇਸੇ ਤਰ੍ਹਾਂ ਸੱਤਾਧਾਰੀ ਪਾਰਟੀ ਦਾ ਵੀ। ਹੁਣ ਜਦੋਂ ਰਿਪੋਰਟ ਦਾ ਸਾਰ ਇੰਟਰਨੈੱਟ 'ਤੇ ਮੁਹੱਈਆ ਹੈ ਤਾਂ ਰਿਪੋਰਟ ਨੂੰ ਗੁਪਤ ਰੱਖਣ 'ਤੇ ਜ਼ੋਰ ਦੇ ਕੇ ਸਰਕਾਰ ਗ਼ੈਰ-ਜਮਹੂਰੀ ਵਿਹਾਰ ਹੀ ਕਰ ਰਹੀ ਹੈ। ਨਵੀਂ ਦਿੱਲੀ ਦੀ ਹਾਲਤ ਉਸੇ ਤਰ੍ਹਾਂ ਹੈ ਜਿਵੇਂ ਤਬੇਲੇ ਵਿਚੋਂ ਪਸ਼ੂਆਂ ਦੇ ਦੌੜ ਜਾਣ ਤੋਂ ਬਾਅਦ ਬਾਹਰੋਂ ਦਰਵਾਜ਼ਾ ਬੰਦ ਕਰ ਕੇ ਖੁਸ਼ੀ ਜ਼ਾਹਰ ਕੀਤੀ ਜਾਵੇ।

ਮੈਂ ਰਿਪੋਰਟ ਨੂੰ ਜਨਤਕ ਕਰਵਾਉਣ ਦਾ ਅਸਫ਼ਲ ਯਤਨ ਕਰ ਚੁੱਕਾ ਹਾਂ। ਪਹਿਲਾਂ ਮੈਂ ਰੱਖਿਆ ਮੰਤਰਾਲੇ ਨਾਲ ਸੰਪਰਕ ਕੀਤਾ। ਉਸ ਨੇ ਇਨਕਾਰ ਕਰ ਦਿੱਤਾ। ਫਿਰ ਮੈਂ ਸੂਚਨਾ ਦੇ ਅਧਿਕਾਰ ਤਹਿਤ ਆਰ.ਟੀ.ਆਈ. ਰਾਹੀਂ ਰਿਪੋਰਟ ਮੰਗੀ। ਮਾਮਲਾ ਉੱਪਰ ਤੱਕ ਗਿਆ ਪਰ ਮੇਰੀ ਦਲੀਲ ਨਾਮਨਜ਼ੂਰ ਕਰ ਦਿੱਤੀ ਗਈ। ਮੈਂ ਹਾਈ ਕੋਰਟ ਵਿਚ ਮਾਮਲਾ ਦਾਇਰ ਕੀਤਾ ਪਰ ਅਜੇ ਤੱਕ ਅਦਾਲਤ ਵਿਚ ਹੀ ਮਾਮਲਾ ਦੱਬਿਆ ਹੋਇਆ ਹੈ। ਕਈ ਸਾਲਾਂ ਬਾਅਦ ਬੀਤੇ ਵਰ੍ਹੇ ਦੇ ਅਖੀਰ 'ਚ ਮਾਮਲੇ 'ਤੇ ਛੋਟੀ ਜਿਹੀ ਸੁਣਵਾਈ ਹੋਈ ਸੀ, ਜੱਜ ਨੇ ਟਿੱਪਣੀ ਕੀਤੀ, 'ਤੁਸੀਂ ਚਾਹੁੰਦੇ ਹੋ ਕਿ ਦੇਸ਼ ਦੀਆਂ ਸਾਰੀਆਂ ਗੁਪਤ ਜਾਣਕਾਰੀਆਂ ਜਨਤਕ ਹੋ ਜਾਣ।' ਮੈਂ ਚਾਹੁੰਦਾ ਹਾਂ ਕਿ ਇਸ 'ਤੇ ਕੋਈ ਫ਼ੈਸਲਾ ਹੋ ਜਾਂਦਾ। ਬਦਕਿਸਮਤੀ ਨਾਲ ਅਜੇ ਤੱਕ ਅਜਿਹਾ ਨਹੀਂ ਹੋਇਆ। ਮਾਮਲਾ ਉਥੇ ਹੀ ਰੁਕਿਆ ਹੋਇਆ ਹੈ ਅਤੇ ਸਰਕਾਰ ਬਿਨਾਂ ਵਜ੍ਹਾ ਆਪਣੀ ਪੁਰਾਣੀ ਨੀਤੀ 'ਤੇ ਕਾਇਮ ਹੈ ਕਿ 52 ਸਾਲ ਬਾਅਦ ਵੀ ਲੋਕਾਂ ਨੂੰ ਇਸ ਬਾਰੇ ਜਾਣਨ ਦਾ ਕੋਈ ਹੱਕ ਨਹੀਂ।

**-ਕੁਲਦੀਪ ਨਈਅਰ**

*1936 ਵਿਚ ਡਾ. ਬੀ.ਆਰ. ਅੰਬੇਡਕਰ ਨੂੰ ਹਿੰਦੂ ਸੁਧਾਰਵਾਦੀ ਗਰੁੱਪ 'ਜਾਤਪਾਤ ਤੋੜਕ ਮੰਡਲ' ਵਲੋਂ ਲਾਹੌਰ ਵਿਚ ਸਾਲਾਨਾ ਤਕਰੀਰ ਕਰਨ ਦਾ ਸੱਦਾ ਦਿੱਤਾ ਗਿਆ। ਜਦੋਂ ਤਕਰੀਰ ਦੇ ਮੇਜ਼ਬਾਨਾਂ ਨੂੰ ਤਕਰੀਰ ਦਾ ਪਾਠ ਭੇਜਿਆ ਗਿਆ, ਉਨ੍ਹਾਂ ਨੂੰ ਲੱਗਿਆ ਕਿ ਇਹ 'ਸਹਿਣਯੋਗ' ਨਹੀਂ ਅਤੇ ਉਨ੍ਹਾਂ ਨੇ ਸੱਦਾ ਵਾਪਸ ਲੈ ਲਿਆ। ਇਸ 'ਤੇ ਅੰਬੇਡਕਰ ਨੇ ਆਪਣੇ ਖ਼ਰਚੇ 'ਤੇ ਆਪਣੀ ਇਸ ਤਕਰੀਰ ਦੀਆਂ 1500 ਕਾਪੀਆਂ ਛਪਵਾ ਲਈਆਂ ਅਤੇ ਛੇਤੀ ਹੀ ਇਹ ਕਈ ਜ਼ਬਾਨਾਂ ਵਿਚ ਤਰਜਮਾ ਹੋ ਕੇ ਛਪ ਗਈ। ਦਲਿਤ ਭਾਈਚਾਰੇ ਵਿਚ ਤਾਂ ਤਕਰੀਰ 'ਜਾਤਪਾਤ ਦਾ ਬੀਜ ਨਾਸ਼' (ਐਨਹੀਲੇਸ਼ਨ ਆਫ ਕਾਸਟ) ਨੂੰ ਪੂਜਣ ਵਾਲੇ ਪਾਠਕ ਮਿਲ ਹੀ ਜਾਣੇ ਸਨ, ਪਰ ਜਿਨ੍ਹਾਂ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਲਈ ਇਹ ਲਿਖੀ ਗਈ ਸੀ, ਉਨ੍ਹਾਂ ਦੇ ਜ਼ਿਆਦਾਤਰ ਹਿੱਸੇ ਨੇ ਅਜੇ ਇਸ ਨੂੰ ਪੜ੍ਹਨਾ ਹੈ। ਮੀਲ ਪੱਥਰ ਗੱਡਣ ਵਾਲੀ ਅੰਬੇਡਕਰ ਦੀ ਇਸ ਤਕਰੀਰ ਦੀ ਹੁਣ ਨਿਰਖ-ਪਰਖ ਕੀਤੀ ਗਈ ਹੈ ਅਤੇ ਇਸ ਨੂੰ ਮੁੜ ਛਾਪਿਆ ਗਿਆ ਹੈ। ਜਿਹੜੀ ਚੀਜ਼ ਅਵਾਮ ਦਾ ਲਾਜ਼ਮੀ ਧਿਆਨ ਖਿੱਚਣ ਵਾਲੀ ਹੈ, ਉਹ ਹੈ ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ ਵਲੋਂ ਡਾਕਟਰ ਅਤੇ ਮਹਾਤਮਾ ਸਿਰਲੇਖ ਵਾਲਾ ਤੁਆਰਫ਼। ਚਾਰ ਸੌ ਸਫ਼ਿਆਂ ਵਾਲੀ ਇਸ ਕਿਤਾਬ ਦਾ ਤਕਰੀਬਨ ਅੱਧਾ ਹਿੱਸਾ ਅਰੁੰਧਤੀ ਰਾਏ ਦਾ ਲੇਖ ਹੈ, ਬਾਕੀ ਅੱਧਾ 'ਜਾਤਪਾਤ ਦਾ ਬੀਜ ਨਾਸ਼' ਤਕਰੀਰ ਹੈ। ਰਾਏ, ਗਾਂਧੀ-ਅੰਬੇਡਕਰ ਜਮੂਦ (ਡੈੱਡਲਾਕ) ਨੂੰ ਬਿਆਨ ਕਰਨ ਤੋਂ ਪਹਿਲਾਂ ਸਮਕਾਲੀ ਹਿੰਦੁਸਤਾਨ ਵਿਚ ਜਾਤਪਾਤ ਦੇ ਵਰਤਾਰੇ ਬਾਰੇ ਲਿਖਦੀ ਹੈ ਜਿਸ ਨੂੰ ਅੰਬੇਡਕਰ ਨੇ 'ਰੀਸ ਕਰਨ ਦਾ ਛੂਤ ਰੋਗ' ਭਾਵ ਜਾਤਪਾਤ ਦੀ ਦਰਜੇਬੰਦੀ ਵਿਚ ਹਰ ਜਾਤ ਵਲੋਂ ਆਪਣੇ ਤੋਂ ਨੀਵੀਂ ਜਾਤ ਨੂੰ ਦਬਾਉਣ ਦਾ ਸਿਲਸਿਲਾ ਕਿਹਾ ਸੀ।*



ਮਹਾਤਮਾ ਗਾਂਧੀ

# ਡਾਕਟਰ ਬਨਾਮ ਮਹਾਤਮਾ

## ਡਾ. ਅੰਬੇਡਕਰ ਦੀ ਕਿਤਾਬ 'ਜਾਤਪਾਤ ਦਾ ਬੀਜ ਨਾਸ਼' ਬਾਰੇ ਅਰੁੰਧਤੀ ਰਾਏ ਨਾਲ ਸਬਾ ਨਕਵੀ ਦੀ ਅਹਿਮ ਇੰਟਰਵਿਊ। ਇਸ ਦਾ ਅਨੁਵਾਦ ਬੂਟਾ ਸਿੰਘ ਨੇ ਕੀਤਾ ਹੈ।



ਡਾ. ਅੰਬੇਡਕਰ

**ਸਵਾਲ:** ਡਾ. ਅੰਬੇਡਕਰ ਦੀ ਤਕਰੀਰ 'ਜਾਤਪਾਤ ਦਾ ਬੀਜ ਨਾਸ਼' ਦੀ ਨਵੀਂ, ਵਿਸ਼ਲੇਸ਼ਣੀ ਛਾਪ ਦੀ ਜਾਣ-ਪਛਾਣ 'ਡਾਕਟਰ ਅਤੇ ਮਹਾਤਮਾ' ਗਾਂਧੀ ਦੀ ਡੂੰਘੇ ਤੌਰ 'ਤੇ ਝੰਜੋੜਨ ਵਾਲੀ ਆਲੋਚਨਾ ਵੀ ਹੈ, ਖ਼ਾਸ ਕਰ ਕੇ ਸਾਡੇ ਵਿਚੋਂ ਉਨ੍ਹਾਂ ਲਈ ਜਿਨ੍ਹਾਂ ਲਈ ਗਾਂਧੀ ਬਹੁਤ ਹੀ ਸਤਿਕਾਰਤ ਅਤੇ ਪੂਜਨੀਕ ਸ਼ਖਸੀਅਤ ਹੈ।

**ਅਰੁੰਧਤੀ:** ਹਾਂ, ਮੈਂ ਜਾਣਦੀ ਹਾਂ। ਇਸ ਨੂੰ ਕਿਸੇ ਤਰ੍ਹਾਂ ਲਿਖਣਾ ਸੁਖਾਲਾ ਕੰਮ ਨਹੀਂ ਸੀ ਪਰ ਇਨ੍ਹਾਂ ਸਮਿਆਂ ਵਿਚ, ਜਦੋਂ ਅਸੀਂ ਮਾਯੂਸੀ ਦਾ ਸ਼ਿਕਾਰ ਹੋਏ ਅਤੇ ਜਿਸ ਤਰ੍ਹਾਂ ਵਰਤਾਰੇ ਵਾਪਰ ਰਹੇ ਹਨ, ਉਸ ਨੂੰ ਸਮਝਣ ਤੋਂ ਆਰੀ ਸਾਰੇ ਜਣੇ ਹਨੇਰੇ ਵਿਚ ਟੱਕਰਾਂ ਮਾਰ ਰਹੇ ਹਾਂ। ਮੈਂ ਸਮਝਦੀ ਹਾਂ ਕਿ ਗਾਂਧੀ ਅਤੇ ਅੰਬੇਡਕਰ ਦਰਮਿਆਨ ਬਹਿਸ ਨੂੰ ਮੁੜ ਘੋਖਣਾ ਓੜਕ ਸਾਡੇ ਰਾਹ ਨੂੰ ਰੁਸ਼ਨਾਉਣ 'ਚ ਹੀ ਸਹਾਈ ਹੋਵੇਗਾ। ਚਾਹੇ ਇਹ ਕਈ ਲੋਕਾਂ ਲਈ ਕਿੰਨਾ ਪ੍ਰੇਸ਼ਾਨ ਕਰਨ ਵਾਲਾ ਹੋਵੇ, ਅਤੇ ਸੋਚਣ ਦੇ ਪੁਰਾਣੇ ਤੇ ਸਥਾਪਤ ਤੌਰ-ਤਰੀਕਿਆਂ ਵਿਚ ਕਿੰਨਾ ਵੀ ਖ਼ਲਲ ਪਾਊ ਹੋਵੇ। ਮੈਂ ਸਮਝਦੀ ਹਾਂ ਕਿ 'ਜਾਤਪਾਤ ਦਾ ਬੀਜਨਾਸ਼' ਲਾਜ਼ਮੀ ਪੜ੍ਹਨ ਵਾਲੀ ਲਿਖਤ ਹੈ। ਜਾਤਪਾਤ ਸਾਡੇ ਸਮਾਜ ਦੇ ਨਾਸੂਰ ਦਾ ਧੁਰਾ ਹੈ। ਦਾਬੇ ਦਾ ਸ਼ਿਕਾਰ ਬਣਾਈਆਂ ਜਾਤਾਂ ਨਾਲ ਤਾਂ ਇਸ ਨੇ ਜੋ ਕੀਤਾ ਸੋ ਕੀਤਾ ਹੀ ਹੈ, ਇਸ ਤੋਂ ਇਲਾਵਾ ਇਸ ਨੇ ਵਿਸ਼ੇਸ਼ ਅਧਿਕਾਰ ਪ੍ਰਾਪਤ ਜਾਤਾਂ ਦੀ ਇਖ਼ਲਾਕੀ ਗੁਲੀ (ਮੌਰਲ ਕੋਰ) ਨੂੰ ਵੀ ਢਾਹ ਲਾਈ ਹੈ। ਹੁਣ ਸਾਨੂੰ ਅੰਬੇਡਕਰ ਸ਼ਿੱਦਤ ਨਾਲ ਦਰਕਾਰ ਹੈ।

**ਸਵਾਲ:** ਅੰਬੇਡਕਰ ਬਾਰੇ ਕਿਤਾਬ ਵਿਚ ਗਾਂਧੀ ਦੇ ਅਕਸ ਨੂੰ ਐਨਾ ਉਭਾਰਨਾ ਕਿਉਂ ਜ਼ਰੂਰੀ ਸੀ? ਇਹ ਕਿਵੇਂ ਹੋਇਆ?

**ਅਰੁੰਧਤੀ:** ਅੰਬੇਡਕਰ, ਗਾਂਧੀ ਦਾ ਸਭ ਤੋਂ ਤਿੱਖਾ ਆਲੋਚਕ ਸੀ। ਨਾ ਸਿਰਫ਼ ਸਿਆਸੀ ਤੇ ਬੌਧਿਕ ਪੱਖੋਂ, ਸਗੋਂ ਇਖ਼ਲਾਕ ਪੱਖੋਂ ਵੀ। ਮੁੱਖਧਾਰਾ ਬਿਰਤਾਂਤ ਵਿਚੋਂ ਇਸ ਨੂੰ ਖਾਰਜ ਹੀ ਕਰ ਦਿੱਤਾ ਗਿਆ। ਇਹ ਠੇਸ ਪਹੁੰਚਾਉਣ ਵਾਲਾ ਹੈ। ਮੈਂ ਗਾਂਧੀ ਨਾਲ ਉਸ ਦੀ ਬਹਿਸ ਨੂੰ ਮੁਖ਼ਾਤਬ ਹੋਏ ਬਗ਼ੈਰ ਇਸ ਕਿਤਾਬ ਦੀ ਜਾਣ-ਪਛਾਣ ਨਹੀਂ ਸੀ ਲਿਖ ਸਕਦੀ, ਜੋ ਚੀਜ਼ ਅੱਜ ਵੀ ਸਾਡੇ ਉਪਰ ਬੇਥਾਹ ਅਸਰ ਛੱਡਦੀ ਹੈ।

'ਜਾਤਪਾਤ ਦਾ ਬੀਜਨਾਸ਼' ਅੰਬੇਡਕਰ ਦੀ ਉਸ ਤਕਰੀਰ ਦਾ ਪਾਠ ਹੈ ਜੋ ਉਸ ਨੇ ਕਦੇ ਨਹੀਂ ਪੜ੍ਹੀ। ਜਦੋਂ ਆਰੀਆ ਸਮਾਜ ਦੀ ਇਕ ਸ਼ਾਖਾ 'ਜਾਤਪਾਤ ਤੋੜਕ ਮੰਡਲ' ਨੇ ਇਹਦਾ ਪਾਠ ਦੇਖਿਆ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅੰਬੇਡਕਰ ਤਾਂ ਹਿੰਦੂਵਾਦ ਤੇ ਇਸ ਦੇ ਪਵਿੱਤਰ ਗ੍ਰੰਥਾਂ ਉਪਰ ਸਿੱਧਾ ਹਮਲਾ ਕਰਨ ਜਾ ਰਿਹਾ ਹੈ, ਤਾਂ ਉਨ੍ਹਾਂ ਨੇ ਸੱਦਾ ਵਾਪਸ ਲੈ ਲਿਆ। ਅੰਬੇਡਕਰ ਨੇ ਇਸ ਨੂੰ ਕਿਤਾਬਚੇ ਦੀ ਸ਼ਕਲ 'ਚ ਛਾਪ ਦਿੱਤਾ। ਗਾਂਧੀ ਨੇ ਆਪਣੇ ਅਖ਼ਬਾਰ 'ਹਰੀਜਨ' ਵਿਚ ਇਸ ਦੇ ਜਵਾਬ ਵਿਚ ਲਿਖਿਆ ਪਰ ਇਹ ਅਦਾਨ-ਪ੍ਰਦਾਨ ਉਨ੍ਹਾਂ ਦੋਵਾਂ ਦਰਮਿਆਨ ਲੰਮੇ ਅਤੇ ਤਲਖ਼ ਤਕਰਾਰ ਦਾ ਸਿਰਫ਼ ਇਕ ਹਿੱਸਾ ਸੀ... ਜਦੋਂ ਮੈਂ ਕਹਿੰਦੀ ਹਾਂ ਕਿ ਬਿਰਤਾਂਤ ਵਿਚੋਂ ਅੰਬੇਡਕਰ ਨੂੰ ਖਾਰਜ ਕਰ ਦਿੱਤਾ ਗਿਆ, ਮੈਂ ਇਹ ਨਹੀਂ ਕਹਿ ਰਹੀ ਕਿ ਉਸ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ। ਇਸ ਦੇ ਉਲਟ ਉਸ ਵੱਲ ਬਹੁਤ ਸਾਰੀ ਤਵੱਜੋ ਦਿੱਤੀ ਗਈ ਹੈ- ਜਾਂ ਤਾਂ ਉਸ ਦਾ 'ਸੰਵਿਧਾਨ ਦਾ ਪਿਤਾਮਾ' ਵਜੋਂ ਗੁੱਡਾ ਬੰਨ੍ਹਿਆ ਗਿਆ ਹੈ, ਜਾਂ ਫਿਰ ਉਸ ਨੂੰ ਅਲੱਗ ਕਰ ਕੇ 'ਅਛੂਤਾਂ ਦਾ ਆਗੂ' ਬਣਾ ਕੇ ਵਡਿਆਇਆ ਗਿਆ ਹੈ; ਪਰ ਜੋ ਰੋਹ ਅਤੇ ਜਜ਼ਬਾ ਉਸ ਦੀ ਚਾਲਕ-ਸ਼ਕਤੀ ਸੀ, ਉਸ ਨੂੰ ਕਹਾਣੀ ਵਿਚੋਂ ਮੇਟ ਦਿੱਤਾ ਗਿਆ। ਮੈਂ ਸਮਝਦੀ ਹਾਂ ਕਿ ਜਿਸ ਦਲਦਲ ਵਿਚ ਅਸੀਂ ਅੱਜ ਖੁੱਭੇ ਹੋਏ ਹਾਂ, ਜੇ ਉਸ ਵਿਚੋਂ ਬਾਹਰ ਨਿਕਲਣ ਦਾ ਰਾਹ ਤਲਾਸ਼ਣਾ ਹੈ ਤਾਂ ਸਾਨੂੰ ਅੰਬੇਡਕਰ ਨੂੰ ਲਾਜ਼ਮੀ ਹੀ ਗੰਭੀਰਤਾ ਨਾਲ ਲੈਣਾ ਪਵੇਗਾ। ਦਲਿਤ ਤਾਂ ਬਹੁਤ ਸਾਲਾਂ ਤੋਂ ਇਸ ਬਾਰੇ ਜਾਣਦੇ ਹਨ। ਹੁਣ ਵਕਤ ਆ ਗਿਆ ਹੈ ਕਿ ਬਾਕੀ ਦਾ ਮੁਲਕ ਵੀ ਉਨ੍ਹਾਂ ਵਿਚ ਸ਼ਾਮਲ ਹੋਵੇ।

**ਸਵਾਲ:** ਕੀ ਗਾਂਧੀ ਬਾਰੇ ਹਮੇਸ਼ਾ ਤੁਹਾਡੇ ਇਹੀ ਵਿਚਾਰ ਸਨ, ਜਾਂ ਜਦੋਂ ਤੁਸੀਂ ਅੰਬੇਡਕਰ ਦੇ ਸਬੰਧ ਵਿਚ ਉਸ ਦਾ ਅਧਿਐਨ ਕੀਤਾ, ਉਦੋਂ ਨਵੇਂ ਪੱਖ ਸਾਹਮਣੇ ਆਏ?

**ਅਰੁੰਧਤੀ:** ਸੁਭਾਵਿਕ ਤੌਰ 'ਤੇ ਮੈਂ ਸ਼ਰਧਾ ਦੀ ਧਾਰਨੀ ਨਹੀਂ, ਖ਼ਾਸ ਕਰ ਕੇ ਇਹ ਜਦੋਂ ਸਿਆਸੀ ਮੈਨੀਫੈਸਟੋ ਬਣਦੀ ਹੋਵੇ। ਮੇਰਾ ਮਤਲਬ, ਰੱਬ ਦੇ ਵਾਸਤੇ, ਗਾਂਧੀ ਖਾਣ-ਪੀਣ ਨੂੰ 'ਗੰਦਾ ਕੰਮ' ਅਤੇ ਕਾਮ ਨੂੰ 'ਸੱਪ ਦੇ ਡੰਗ ਤੋਂ ਵੀ ਭੈੜੀ ਵਿਹੁ' ਕਹਿੰਦਾ ਸੀ। ਬੇਸ਼ਕ, ਆਧੁਨਿਕਤਾ ਅਤੇ 'ਵਿਕਾਸ' ਦੇ ਪੱਛਮੀ ਖ਼ਿਆਲ ਬਾਰੇ ਉਸ ਨੂੰ ਅਗਾਊਂ ਸੋਝੀ ਸੀ ਜਿਸ ਨੇ ਧਰਤੀ ਅਤੇ ਇਸ ਦੇ ਬਾਸ਼ਿੰਦਿਆਂ ਲਈ ਜਾਨ ਦਾ ਖੌਅ ਬਣ ਜਾਣਾ ਸੀ। ਦੂਜੇ ਪਾਸੇ, ਟਰੱਸਟੀਸ਼ਿਪ ਬਾਰੇ ਉਸ ਦੇ ਮੱਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ, ਜਿਸ ਵਿਚ ਉਹ ਕਹਿੰਦਾ ਹੈ ਕਿ ਧਨਾਢਾਂ ਦੀ ਦੌਲਤ ਉਨ੍ਹਾਂ ਕੋਲ ਹੀ ਰਹਿਣ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਗ਼ਰੀਬਾਂ ਦੇ ਭਲੇ ਲਈ ਇਸਤੇਮਾਲ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪ ਦਿੱਤੀ ਜਾਣੀ ਚਾਹੀਦੀ ਹੈ- ਜਿਸ ਨੂੰ ਅੱਜ ਅਸੀਂ ਕਾਰਪੋਰੇਟ ਸਮਾਜੀ ਜ਼ਿੰਮੇਵਾਰੀ ਕਹਿੰਦੇ ਹਾਂ। ਔਰਤਾਂ ਵੱਲ ਉਸ ਦਾ ਵਤੀਰਾ ਮੈਨੂੰ ਹਮੇਸ਼ਾ ਬੇਚੈਨ ਕਰਦਾ ਰਿਹਾ ਹੈ, ਪਰ ਜਾਤਪਾਤ ਦੇ ਵਿਸ਼ੇ ਅਤੇ ਇਸ ਵੱਲ ਗਾਂਧੀ ਦੇ ਵਤੀਰੇ ਬਾਰੇ ਮੈਂ ਸਪਸ਼ਟ ਨਹੀਂ ਸੀ। 'ਜਾਤਪਾਤ ਦਾ ਬੀਜਨਾਸ਼' ਦੇ ਅਧਿਐਨ ਨੇ ਮੈਨੂੰ ਅੰਬੇਡਕਰ ਦੀ ਲਿਖਤ 'ਕਾਂਗਰਸ ਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ ਹੈ' ਪੜ੍ਹਨ ਲਈ ਉਕਸਾਇਆ। ਇਸ ਨੂੰ ਪੜ੍ਹ ਕੇ ਮੈਂ ਬਹੁਤ ਪ੍ਰੇਸ਼ਾਨ ਹੋਈ। ਤਦ ਮੈਂ ਗਾਂਧੀ ਨੂੰ (ਉਸ ਦੀਆਂ ਚਿੱਠੀਆਂ, ਅਖ਼ਬਾਰਾਂ-ਰਸਾਲਿਆਂ ਵਿਚ ਲੇਖ) ਪੜ੍ਹਨਾ ਸ਼ੁਰੂ ਕੀਤਾ। ਮੈਂ 1909 ਤੋਂ ਲੈ ਕੇ ਜਾਤਪਾਤ ਬਾਰੇ ਉਸ ਦੇ ਵਿਚਾਰਾਂ ਨੂੰ ਘੋਖਦੀ ਗਈ ਜਦੋਂ ਉਸ ਨੇ ਆਪਣਾ ਸਭ ਤੋਂ ਮਸ਼ਹੂਰ ਕਿਤਾਬਚਾ 'ਹਿੰਦ ਸਵਰਾਜ' ਲਿਖਿਆ ਸੀ। ਜਦੋਂ ਕਿਤਾਬ ਦਾ ਤੁਆਰਫ਼ ਲਿਖਣ ਲਈ ਮਹੀਨਿਆਂ ਬੱਧੀ ਮੈਂ ਨਿੱਠ ਕੇ ਪੜ੍ਹਨ ਲਿਖਣ ਦਾ ਕੰਮ ਕੀਤਾ ਅਤੇ 'ਡਾਕਟਰ ਤੇ ਮਹਾਤਮਾ' ਲਿਖਿਆ, ਉਦੋਂ ਮੈਂ ਜੋ ਪੜ੍ਹ ਰਹੀ ਸਾਂ, ਉਸ ਉਤੇ ਵਿਸ਼ਵਾਸ ਹੀ ਨਹੀਂ ਸੀ ਆਉਂਦਾ। ਦੇਖੋ, ਗਾਂਧੀ ਬੁਝਾਰਤਨੁਮਾ ਸ਼ਖਸੀਅਤ ਸੀ। ਉਹ ਸੱਚਮੁੱਚ ਜੋ




ਕੁਝ ਸੀ, ਉਸ ਨੂੰ ਦੇਖਣ ਦਾ ਸਾਡੇ ਵਿਚ ਜੇਰਾ ਹੋਣਾ ਚਾਹੀਦਾ ਹੈ। ਸ਼ਾਨਦਾਰ ਸਿਆਸਤਦਾਨ, ਧੂਹ-ਪਾਊ ਤੇ ਔਗੁਣਾਂ ਦਾ ਪੁਤਲਾ ਇਨਸਾਨ- ਤੇ ਉਹ ਔਗੁਣ ਨਿਰੇ ਉਸ ਦੀ ਨਿੱਜੀ ਜ਼ਿੰਦਗੀ ਜਾਂ ਪਤੀ ਤੇ ਬਾਪ ਵਜੋਂ ਉਸ ਦੀ ਭੂਮਿਕਾ ਨਾਲ ਸਬੰਧਤ ਹੀ ਨਹੀਂ ਸਨ। ਜੇ ਅਸੀਂ ਉਸ ਦੀ ਜੈ-ਜੈ ਕਾਰ ਕਰਨੀ ਚਾਹੁੰਦੇ ਹਾਂ, ਤਾਂ ਜੋ ਕੁਝ ਉਹ ਸੀ, ਸਾਡੇ ਵਿਚ ਉਸ ਨੂੰ ਖਿੜੇ ਮੱਥੇ ਕਬੂਲ ਕਰਨ ਦਾ ਜੇਰਾ ਲਾਜ਼ਮੀ ਹੋਣਾ ਚਾਹੀਦਾ ਹੈ। ਇਹ ਨਹੀਂ ਕਿ ਅਸੀਂ ਉਸ ਬਾਰੇ ਜੋ ਖ਼ਿਆਲੀ, ਫਰਜ਼ੀ ਅਕਸ ਬਣਾ ਰੱਖਿਆ ਹੈ।

**ਸਵਾਲ:** ਤੁਹਾਡੇ 'ਤੇ ਇਲਜ਼ਾਮ ਲੱਗ ਸਕਦਾ ਹੈ ਕਿ ਤੁਸੀਂ ਗਾਂਧੀ ਦੀਆਂ ਲਿਖਤਾਂ ਵਿਚੋਂ ਉਸ ਬਾਰੇ ਆਪਣੀ ਕਲਪਨਾ, ਆਪਣੀ ਮਨਘੜਤ ਸੋਚ ਨੂੰ ਰਾਸ ਆਉਂਦੀਆਂ ਟੂਕਾਂ ਚੁਣ ਲਈਆਂ...

**ਅਰੁੰਧਤੀ:** ਜਦੋਂ ਕੋਈ ਬੰਦਾ ਆਪਣੇ ਪਿੱਛੇ 98 ਜਿਲਦਾਂ ਵਿਚ ਆਪਣੀਆਂ ਸਮੂਹਿਕ ਲਿਖਤਾਂ ਛੱਡ ਕੇ ਜਾਂਦਾ ਹੈ, ਤਾਂ ਸਾਡੇ ਕੋਲ ਛਾਂਟ ਕੇ ਚੁਣਨ ਤੋਂ ਸਿਵਾਏ ਹੋਰ ਕੀ ਰਾਹ ਰਹਿ ਜਾਂਦਾ ਹੈ ਭਲਾ? ਬੇਸ਼ਕ, ਮੈਂ ਚੋਣਵਾਂ ਪੜ੍ਹਿਆ ਹੈ, ਉਸੇ ਤਰ੍ਹਾਂ ਚੋਣਵਾਂ ਜਿਵੇਂ ਹਰ ਬੰਦਾ ਕਰਦਾ ਆਇਆ ਹੈ... ਤੇ ਬੇਸ਼ੱਕ ਉਹ ਚੋਣਵਾਂ ਵੀ ਉਸ ਬੰਦੇ ਦੀ ਸਿਆਸਤ ਬਾਰੇ ਬਹੁਤ ਕੁਝ ਕਹਿ ਦਿੰਦਾ ਹੈ ਜਿਸ ਨੇ ਚੋਣ ਕੀਤੀ ਹੁੰਦੀ ਹੈ। ਮੇਰਾ ਸੰਖੇਪ ਕੰਮ ਸੀ 'ਜਾਤਪਾਤ ਦਾ ਬੀਜਨਾਸ਼' ਦੀ ਜਾਣ-ਪਛਾਣ ਲਿਖਣਾ। ਅੰਬੇਡਕਰ ਦਾ ਮੁਤਾਲਿਆ ਕਰਦਿਆਂ ਮੈਨੂੰ ਮਹਿਸੂਸ ਹੋਇਆ ਕਿ ਉਸ ਦੇ ਆਲਮ ਉਪਰ ਗਾਂਧੀ ਕਿੰਨਾ ਛਾਇਆ ਹੋਇਆ ਸੀ। ਜਦੋਂ ਮੈਂ ਜਾਤਪਾਤ ਦੀ ਪ੍ਰਥਾ ਦਾ ਪੱਖ ਪੂਰਦੇ ਗਾਂਧੀ ਦੇ ਐਲਾਨ ਪੜ੍ਹੇ, ਮੈਂ ਹੈਰਾਨ ਰਹਿ ਗਈ ਕਿ ਅਹਿੰਸਾ ਅਤੇ ਸੱਤਿਆਗ੍ਰਹਿ ਦਾ ਉਸ ਦਾ ਮੱਤ ਕਿੰਨੀ ਅਸਾਨੀ ਨਾਲ ਇਕ ਐਸੇ ਪ੍ਰਬੰਧ ਦੀ ਬੁਨਿਆਦ ਉਪਰ ਟਿਕਿਆ ਰਹਿ ਸਕਦਾ ਸੀ ਜਿਸ ਨੂੰ ਸਿਰਫ਼ ਹਿੰਸਾ ਦੇ ਸਥਾਈ ਖ਼ਤਰੇ ਅਤੇ ਵਾਰ-ਵਾਰ ਐਸੀ ਹਿੰਸਾ ਵਰਤਾ ਕੇ ਹੀ ਟਿਕਾਇਆ ਜਾ ਸਕਦਾ ਸੀ ਜਿਸ ਬਾਰੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮੇਰੀ ਉਤਸੁਕਤਾ ਵਧਦੀ ਗਈ ਕਿ ਗਾਂਧੀ ਨੂੰ ਮਹਾਤਮਾ ਕਿਵੇਂ ਕਿਹਾ ਜਾਣ ਲੱਗਿਆ!

ਮੈਂ ਦੇਖਿਆ ਕਿ ਪਹਿਲੀ ਦਫ਼ਾ ਉਸ ਨੂੰ 1915 ਵਿਚ ਮਹਾਤਮਾ ਕਿਹਾ ਗਿਆ ਸੀ, ਦੱਖਣੀ ਅਫ਼ਰੀਕਾ ਵਿਚ 20 ਸਾਲ ਗੁਜ਼ਾਰ ਕੇ ਹਿੰਦੁਸਤਾਨ ਮੁੜਨ ਤੋਂ ਛੇਤੀ ਪਿੱਛੋਂ। ਇਹ ਮਾਣ-ਸਨਮਾਣ ਹਾਸਲ ਕਰਨ ਲਈ ਦੱਖਣੀ ਅਫ਼ਰੀਕਾ ਵਿਚ ਉਸ ਨੇ ਕੀ ਘਾਲਣਾ ਘਾਲੀ ਸੀ? ਇਸ ਤੋਂ ਮੈਂ ਪਿੱਛੇ 1893 ਵਿਚ ਪਰਤ ਗਈ ਜਿਸ ਸਾਲ ਉਹ 24 ਸਾਲਾਂ ਦੇ ਵਕੀਲ ਵਜੋਂ ਪਹਿਲੀ ਦਫ਼ਾ ਦੱਖਣੀ ਅਫ਼ਰੀਕਾ ਵਿਚ ਗਿਆ ਸੀ। ਮੈਂ ਪੰਜਾਹ ਸਾਲਾਂ ਤੋਂ ਵੱਧ ਅਰਸੇ ਲਈ ਜਾਤਪਾਤ ਬਾਰੇ ਗਾਂਧੀ ਦੀਆਂ ਲਿਖਤਾਂ ਨੂੰ ਪੜ੍ਹਿਆ; ਤਾਂ ਜੋ ਐਸੇ ਸਵਾਲਾਂ ਦੇ ਜਵਾਬ ਮਿਲ ਜਾਣ- 'ਕੀ ਗਾਂਧੀ ਵਿਚ ਕੋਈ ਬਦਲਾਅ ਆਇਆ? ਜੇ ਆਇਆ, ਤਾਂ ਕਿਵੇਂ? ਕੀ ਉਸ ਦੀ ਸ਼ੁਰੂਆਤ ਮਾੜੀ ਸੀ, ਤੇ ਉਹ ਇਸ ਤੋਂ ਮਹਾਤਮਾ ਬਣ ਕੇ ਉਭਰਿਆ?' ਸੱਚਮੁੱਚ ਮੈਂ ਇਹ ਖੋਜ ਨਹੀਂ ਸੀ ਕਰ ਰਹੀ ਕਿ ਖਾਣ-ਪੀਣ ਜਾਂ ਕੁਦਰਤੀ ਇਲਾਜ ਬਾਰੇ ਗਾਂਧੀ ਦੇ ਵਿਚਾਰ ਕੀ ਸਨ, ਮੈਂ ਤਾਂ ਜਾਤਪਾਤ ਦਾ ਖ਼ੁਰਾ ਨੱਪ ਰਹੀ ਸੀ, ਤੇ ਇਸ ਅਮਲ ਵਿਚ ਮੇਰੇ ਹੱਥ ਨਸਲ ਦਾ ਖ਼ੁਰਾ ਆ ਗਿਆ, ਅਤੇ ਓੜਕ ਕੁਲ ਗੜਬੜ ਤੇ ਕੱਟ-ਵੱਢ ਵਿਚੋਂ ਮੈਨੂੰ ਇਸ ਵਿਚ ਇਕਸਾਰਤਾ ਲੱਭ ਗਈ। ਇਸ ਸਭ ਕਾਸੇ ਦਾ ਇਕ ਮਤਲਬ ਸੀ।

ਇਸ ਵਿਚ ਇਕਸਾਰਤਾ ਸੀ, ਤੇ ਇਹ ਇਕਸਾਰ ਤੌਰ 'ਤੇ ਪ੍ਰੇਸ਼ਾਨ ਕਰਨ ਵਾਲਾ ਸੀ। ਤੱਥ ਇਹ ਹੈ ਕਿ ਉਸ ਨੇ ਹੋਰ ਜੋ ਕੁਝ ਵੀ ਕਿਹਾ ਤੇ ਕੀਤਾ, ਅਤੇ ਉਸ ਵਿਚੋਂ ਕੁਝ ਕਿੰਨਾ ਵੀ ਖ਼ੂਬਸੂਰਤ ਕਿਉਂ ਨਾ ਹੋਵੇ, ਉਸ ਨੇ ਕੁਝ ਬਹੁਤ ਹੀ ਪ੍ਰੇਸ਼ਾਨ ਕਰਨ ਵਾਲੀਆਂ ਚੀਜ਼ਾਂ ਕਹੀਆਂ ਤੇ ਕੀਤੀਆਂ। ਉਨ੍ਹਾਂ ਦੀ ਲਾਜ਼ਮੀ ਹੀ ਵਿਆਖਿਆ ਅਤੇ ਲੇਖਾਜੋਖਾ ਕੀਤਾ ਜਾਣਾ ਚਾਹੀਦਾ ਹੈ। ਇਹ ਸਾਡੇ ਸਾਰਿਆਂ ਉਪਰ, ਪਾਪੀ ਅਤੇ ਸੰਤ-ਮਹਾਤਮਾ ਹਰ ਬੰਦੇ ਉਪਰ ਬਰਾਬਰ ਲਾਗੂ ਹੁੰਦਾ ਹੈ। ਦਲੀਲ ਦੀ ਖ਼ਾਤਰ ਮੰਨ ਲਓ ਕਿ ਘੋਰ ਤੁਅੱਸਬਾਂ ਵਹਿਣ 'ਚ ਵਹਿ ਕੇ ਕੋਈ ਬੰਦਾ ਰਬਿੰਦਰਨਾਥ ਟੈਗੋਰ ਦੀਆਂ ਲਿਖਤਾਂ ਦੀ ਪੁਣ-ਛਾਣ ਕਰਨ ਬੈਠ ਜਾਂਦਾ ਹੈ। ਮੈਂ ਟੈਗੋਰ ਬਾਰੇ ਵਿਦਵਾਨ ਨਹੀਂ ਹਾਂ, ਪਰ ਮੈਨੂੰ ਪੂਰਾ ਸ਼ੱਕ ਹੈ ਕਿ ਅਜਿਹਾ ਕਰਨ ਵਾਲੇ ਨੂੰ ਉਸ ਤਰ੍ਹਾਂ ਦੇ ਪ੍ਰੇਸ਼ਾਨ ਕਰਨ ਵਾਲੇ ਖ਼ਤ, ਲੇਖ, ਤਕਰੀਰਾਂ ਅਤੇ ਮੁਲਾਕਾਤਾਂ ਨਹੀਂ ਮਿਲਣਗੇ ਜਿਸ ਤਰ੍ਹਾਂ ਦੀਆਂ ਲਿਖਤਾਂ ਮਹਾਤਮਾ ਗਾਂਧੀ ਦੀਆਂ ਸਮੁੱਚੀਆਂ ਲਿਖਤਾਂ ਦੇ ਗ੍ਰੰਥਾਂ ਵਿਚ ਮਿਲਦੀਆਂ ਹਨ।

**ਸਵਾਲ:** ਤੁਹਾਡਾ ਕਹਿਣਾ ਹੈ ਕਿ ਦੱਖਣੀ ਅਫ਼ਰੀਕਾ ਵਿਚ ਰਹਿਣ ਸਮੇਂ ਗਾਂਧੀ ਦਾ ਜੋ ਵਤੀਰਾ ਸੀ, ਉਸ ਨੂੰ ਕਾਲੇ ਲੋਕਾਂ ਪ੍ਰਤੀ ਨਸਲਵਾਦੀ ਵਤੀਰਾ ਹੀ ਕਿਹਾ ਜਾ ਸਕਦਾ ਹੈ; ਲਗਦਾ ਹੈ ਕਿ ਤੁਸੀਂ ਉਸ ਦੀਆਂ ਪੁਜੀਸ਼ਨਾਂ ਨੂੰ ਔਗੁਣਾਂ ਵਾਲੀਆਂ ਅਤੇ ਢੌਂਗੀ ਸਮਝਦੇ ਹੋ। ਕੀ ਇਹ ਇਉਂ ਹੀ ਹੈ?

**ਅਰੁੰਧਤੀ:** ਮੈਂ ਇਹ ਵਿਸ਼ੇਸ਼ਣ ਨਹੀਂ ਵਰਤੇ। ਮੇਰਾ ਖ਼ਿਆਲ ਹੈ ਕਿ ਤੁਸੀਂ ਇਹ ਪ੍ਰਭਾਵ ਗਾਂਧੀ ਦੀਆਂ ਉਨ੍ਹਾਂ ਤਕਰੀਰਾਂ ਅਤੇ ਲਿਖਤਾਂ ਵਿਚੋਂ ਲਿਆ ਹੈ ਜਿਨ੍ਹਾਂ ਦੀ ਵਿਆਖਿਆ ਮੈਂ ਆਪਣੀ ਲਿਖੀ ਜਾਣ-ਪਛਾਣ ਵਿਚ ਕੀਤੀ ਹੈ ਜੋ ਪੂਰੀ ਤਰ੍ਹਾਂ ਸਮਝ ਆਉਂਦਾ ਹੈ। ਦਰਅਸਲ, ਮੈਂ ਇਹ ਨਹੀਂ ਸੋਚਦੀ ਸੀ ਕਿ ਗਾਂਧੀ ਢੌਂਗੀ ਸੀ। ਇਸ ਦੇ ਉਲਟ, ਉਹ ਕਮਾਲ ਦਾ ਫ਼ਰਾਖ਼ਦਿਲ ਸੀ। ... ਤੇ ਮੈਂ ਪ੍ਰਭਾਵਤ ਹੋਈ ਕਿ ਉਸ ਦੀਆਂ ਸਾਰੀਆਂ ਹੀ ਲਿਖਤਾਂ ਉਸ ਦੀਆਂ 'ਸਮੁੱਚੀਆਂ ਲਿਖਤਾਂ ਦੇ ਸੰਗ੍ਰਹਿ' ਵਿਚ ਸਾਂਭ ਦਿੱਤੀਆਂ ਗਈਆਂ ਜਿਨ੍ਹਾਂ ਵਿਚੋਂ ਕੁਝ- ਘੱਟੋਘੱਟ ਮੇਰੇ ਖ਼ਿਆਲ 'ਚ- ਗੰਭੀਰ ਤੌਰ 'ਤੇ ਉਲਝਣ ਪੈਦਾ ਕਰਨ ਵਾਲੀਆਂ ਹਨ।

ਇਹ ਸੱਚੀ ਹੀ ਦਲੇਰੀ ਵਾਲਾ ਕੰਮ ਹੈ। ਮੈਂ ਉਸ ਅਰਸੇ ਬਾਰੇ ਵਿਸਤਾਰ ਵਿਚ ਲਿਖਿਆ ਹੈ ਜਦੋਂ ਗਾਂਧੀ ਦੱਖਣੀ ਅਫ਼ਰੀਕਾ ਵਿਚ ਰਹਿ ਰਿਹਾ ਸੀ। ਇਥੇ ਮੈਂ ਉਸ ਦੌਰ ਬਾਰੇ ਮਹਿਜ਼ ਦੋ ਚੀਜ਼ਾਂ ਕਹਾਂਗੀ। ਪਹਿਲੀ ਹੈ, ਨਸਲਵਾਦ ਅਤੇ ਸਾਮਰਾਜਵਾਦ ਬਾਰੇ ਗਾਂਧੀ ਦੀ ਸਿਆਸੀ ਜਾਗ੍ਰਿਤੀ ਬਾਰੇ ਮਸ਼ਹੂਰ ਕਥਾ; ਕਿਉਂਕਿ ਜੋ ਇਹ ਕਿਹਾ ਜਾਂਦਾ ਹੈ ਕਿ ਉਸ ਨੂੰ ਪੀਟਰਮਰਿਜ਼ਬਰਗ ਵਿਚ 'ਗੋਰਿਆਂ ਲਈ ਵਿਸ਼ੇਸ਼' ਡੱਬੇ ਵਿਚੋਂ ਬਾਹਰ ਸੁੱਟ ਦਿੱਤਾ ਗਿਆ ਸੀ... ਇਹ ਅੱਧਾ ਸੱਚ ਹੈ।

ਬਾਕੀ ਸੱਚ ਇਹ ਹੈ ਕਿ ਗਾਂਧੀ ਨਸਲੀ ਅਧਾਰ 'ਤੇ ਵਸੋਂ ਨੂੰ ਅੱਡ-ਅੱਡ ਕਰਨ ਦੇ ਖ਼ਿਲਾਫ਼ ਨਹੀਂ ਸੀ। ਦੱਖਣੀ ਅਫ਼ਰੀਕਾ ਵਿਚ ਉਸ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਹਿੰਦੁਸਤਾਨੀਆਂ ਲਈ ਵੱਖਰੇ ਸਲੂਕ ਨੂੰ ਲੈ ਕੇ ਸਨ। ਉਸ ਦਾ ਇਤਰਾਜ਼ ਸਿਰਫ਼ ਹਿੰਦੁਸਤਾਨੀਆਂ ਨਾਲ 'ਭੱਦੇ ਕਾਫ਼ਿਰਾਂ' ਵਾਲਾ ਸਲੂਕ ਕੀਤੇ ਜਾਣ ਬਾਰੇ ਸੀ। ਉਹ ਕਾਲੇ ਅਫ਼ਰੀਕਨਾਂ ਬਾਰੇ ਇਹੀ ਲਫ਼ਜ਼ ਵਰਤਦਾ ਹੈ। ਉਸ ਦੀਆਂ ਪਹਿਲੀਆਂ ਸਿਆਸੀ ਜਿੱਤਾਂ ਵਿਚੋਂ ਇਕ ਸੀ ਡਰਬਨ ਡਾਕਖ਼ਾਨੇ ਦੇ 'ਮਸਲੇ' ਦਾ ਹੱਲ। ਉਸ ਨੇ ਤੀਜਾ ਦਰਵਾਜ਼ਾ ਖੁੱਲ੍ਹਵਾਉਣ ਲਈ ਕਾਮਯਾਬੀ ਨਾਲ ਮੁਹਿੰਮ ਚਲਾਈ ਤਾਂ ਜੋ ਹਿੰਦੁਸਤਾਨੀਆਂ ਨੂੰ ਉਸੇ ਦਰਵਾਜ਼ਿਓਂ ਨਾ ਲੰਘਣਾ ਪਵੇ ਜਿੱਥੋਂ 'ਕਾਫ਼ਿਰ' ਲੰਘਦੇ ਸਨ। ਉਸ ਨੇ ਅੰਗਰੇਜ਼-ਬੋਇਰ ਜੰਗ ਵਿਚ ਅਤੇ ਬੰਬਾਥਾ ਬਗ਼ਾਵਤ ਨੂੰ ਕੁਚਲਣ ਦੌਰਾਨ ਬਰਤਾਨਵੀ ਫ਼ੌਜ ਵਿਚ ਕੰਮ ਕੀਤਾ। ਆਪਣੀਆਂ ਤਕਰੀਰਾਂ ਵਿਚ ਉਸ ਨੇ ਕਿਹਾ ਕਿ ਉਸ ਨੂੰ 'ਇਕ ਸ਼ਾਹੀ ਭਾਈਚਾਰੇ' ਦੀ ਜ਼ੋਰਦਾਰ ਤਾਂਘ ਰਹੀ ਸੀ। ਤੇ ਕਹਾਣੀ ਇਉਂ ਤੁਰਦੀ ਜਾਂਦੀ ਹੈ। 1913 ਵਿਚ ਦੱਖਣੀ ਅਫ਼ਰੀਕੀ ਫ਼ੌਜੀ ਆਗੂ ਜਾਨ ਸਮੱਟਸ ਨਾਲ ਇਕ ਸਮਝੌਤੇ 'ਤੇ ਸਹੀ ਪਾਉਣ ਤੋਂ ਬਾਅਦ ਗਾਂਧੀ ਨੇ ਦੱਖਣੀ ਅਫ਼ਰੀਕਾ ਨੂੰ ਅਲਵਿਦਾ ਕਹਿ ਦਿੱਤੀ। ਹਿੰਦੁਸਤਾਨ ਵਾਪਸ ਆਉਣ ਤਕ ਉਸ ਨੇ ਲੰਡਨ ਵਿਚ ਪੜਾਅ ਕੀਤਾ ਜਿਥੇ ਬਰਤਾਨਵੀ ਸਲਤਨਤ ਲਈ ਉਸ

(ਬਾਕੀ ਸਫਾ 22 'ਤੇ)



ਅਰੁੰਧਤੀ ਰਾਏ

*ਮੈਂ ਸਮਝਦੀ ਹਾਂ ਕਿ 'ਜਾਤਪਾਤ ਦਾ ਬੀਜ ਨਾਸ਼' ਲਾਜ਼ਮੀ ਪੜ੍ਹਨ ਵਾਲੀ ਲਿਖਤ ਹੈ। ਜਾਤਪਾਤ ਸਾਡੇ ਸਮਾਜ ਦੇ ਨਾਸੂਰ ਦਾ ਧੁਰਾ ਹੈ। ਦਾਬੇ ਦਾ ਸ਼ਿਕਾਰ ਬਣਾਈਆਂ ਜਾਤਾਂ ਨਾਲ ਤਾਂ ਇਸ ਨੇ ਜੋ ਕੀਤਾ ਸੋ ਕੀਤਾ ਹੀ ਹੈ, ਇਸ ਤੋਂ ਇਲਾਵਾ ਇਸ ਨੇ ਵਿਸ਼ੇਸ਼ ਅਧਿਕਾਰ ਪ੍ਰਾਪਤ ਜਾਤਾਂ ਦੀ ਇਖ਼ਲਾਕੀ ਗੁਲੀ (ਮੌਰਲ ਕੋਰ) ਨੂੰ ਵੀ ਢਾਹ ਲਾਈ ਹੈ। ਹੁਣ ਸਾਨੂੰ ਅੰਬੇਡਕਰ ਸ਼ਿੱਦਤ ਨਾਲ ਦਰਕਾਰ ਹੈ।*



ਸਬਾ ਨਕਵੀ

# ਗਰੀਬੀ ਗਦਾ ਨੇ ਗਦ ਗਦ ਕਰ'ਤਾ!


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਸਾਡੇ ਇਲਾਕੇ ਦੇ ਪਿੰਡ ਠਠਿਆਲਾ ਦੇ ਇਕ ਸੱਜਣ, ਗਿਆਨੀ ਊਧਮ ਸਿੰਘ ਮੇਰੇ ਚੰਗੇ ਜਾਣੂ ਹੁੰਦੇ ਸਨ। ਜੇਠ ਹਾੜ੍ਹ ਦੇ ਦਿਨੀਂ ਭਰ ਗਰਮੀ ਦੀ ਰੁੱਤੇ ਜਦੋਂ ਕਿਸੇ ਨੇ ਉਨ੍ਹਾਂ ਨੂੰ ਪਾਣੀ ਪਿਲਾਉਣਾ ਤਾਂ ਉਨ੍ਹਾਂ ਇਕੋ ਡੀਕੇ ਸਾਰਾ ਗਲਾਸ ਮੁਕਾ ਕੇ ਮੁੱਛਾਂ 'ਤੇ ਹੱਥ ਫੇਰਦਿਆਂ ਹਲੀਮੀ ਨਾਲ ਆਖਣਾ, "ਓਏ ਮੱਲਿਆ, ਆਹ ਤਾਂ ਕੋਲਿਆਂ 'ਤੇ ਹੀ ਪੈ ਗਿਆ! ਸੂੰ-ਅੰ-ਅੰ ਦੇਣੀ ਹੋ ਗਈ ਆ... ਇਹਨੇ ਤਾਂ ਦਗਦੇ ਕੋਲੇ ਈ ਬੁਝਾਏ ਆ ਬੱਸ! ਰੱਬ ਤੇਰਾ ਭਲਾ ਕਰੇ, ਇਕ ਗਲਾਸ ਹੋਰ ਦੇ!"

ਜਿਹੜਾ ਵਾਕਿਆ ਮੈਂ ਬਿਆਨ ਕਰਨ ਜਾ ਰਿਹਾਂ, ਇਹ ਵੀ ਬੱਸ ਤਪਦੇ ਹਿਰਦਿਆਂ 'ਚੋਂ 'ਸੂੰ-ਅੰ-ਅੰ' ਦੀ ਆਵਾਜ਼ ਹੀ ਕੱਢ ਸਕੇਗਾ। ਗਿਆਨੀ ਊਧਮ ਸਿੰਘ ਨੂੰ ਪਾਣੀ ਪਿਲਾਉਣ ਵਾਲੇ ਤਾਂ ਹੱਸਦੇ ਹੱਸਦੇ ਦੂਜਾ ਗਲਾਸ ਫਟਾ ਫਟ ਭਰ ਦਿੰਦੇ ਸਨ, ਜਿਸ ਕਰ ਕੇ ਰੋਹੀ ਦੀ ਸਾੜਦੀ ਧੁੱਪ 'ਚ ਉਸ ਦੇ ਅੰਦਰਲੇ 'ਕੋਲੇ' ਪੂਰੀ ਤਰ੍ਹਾਂ ਠੰਢੇ ਹੋ ਜਾਂਦੇ ਹੋਣਗੇ ਪਰ ਹੇਠਾਂ ਵਰਣਨ ਕੀਤੇ ਜਾ ਰਹੇ ਵਾਕਿਆ, ਹੁਣ ਲੋਪ ਹੀ ਹੁੰਦੇ ਜਾ ਰਹੇ ਹਨ!

ਇਸ ਨੂੰ ਪੜ੍ਹ-ਸੁਣ ਕੇ 'ਇਕ ਹੋਰ ਇਕ ਹੋਰ' ਦੀ ਮੰਗ ਕਰਨ ਵਾਲੇ ਤਪਦੇ ਹਿਰਦਿਆਂ ਦੀ ਅਰਜ਼ ਅਧੂਰੀ ਹੀ ਰਹਿ ਜਾਵੇਗੀ। ਤਪਦਿਆਂ ਨੂੰ ਹੋਰ ਸਾੜਨ ਵਾਲੀਆਂ ਘਟਨਾਵਾਂ ਬਥੇਰੀਆਂ ਵਾਪਰਦੀਆਂ ਹਨ ਪਰ ਸ਼ਾਂਤ ਕਰਨ ਵਾਲੀਆਂ ਵਿਰਲੀਆਂ।

ਲਗਦੇ ਹੱਥ ਇਹ ਨਿਤਾਰਾ ਵੀ ਕਰਦਾ ਜਾਵਾਂ ਕਿ ਇੱਥੇ ਉਨ੍ਹਾਂ ਦੁਖੀ ਹੋਣ ਵਾਲਿਆਂ ਦੀ ਗੱਲ ਕੀਤੀ ਜਾ ਰਹੀ ਹੈ ਜਿਹੜੇ ਆਪਣੇ ਦੇਸ਼ ਦੇ ਸਿਆਸੀ ਤੇ ਸਮਾਜਕ ਨਿਘਾਰ 'ਤੇ ਹੰਝੂ ਕੇਰ ਰਹੇ ਹਨ, ਜੋ ਸਿਆਸਤ ਵਿਚ ਚਿੱਟਿਆਂ ਤੋਂ ਨੀਲੇ ਅਤੇ ਨੀਲਿਆਂ ਤੋਂ ਮੁੜ ਚਿੱਟੇ ਭਗਵੇਂ ਬਣਦੇ ਦੇਖ ਕੇ ਹਉਕੇ ਭਰਦੇ ਨੇ, 'ਤੁਹਾਨੂੰ ਬੇਵਫਾ ਕਹਿਣਾ ਸਰਾਸਰ ਨਾ-ਮੁਨਾਸਿਬ ਹੈ। ਤੁਸੀਂ ਵਾਅਦਾ ਨਿਭਾਉਂਦੇ ਓ, ਕਦੀ ਏਧਰ ਕਦੀ ਉਧਰ।'

ਸਿਰੇ ਦੀ ਖੁਦਗਰਜ਼ੀ, ਮੌਕਾਪ੍ਰਸਤੀ ਅਤੇ ਮਤਲਬਪ੍ਰਸਤੀ ਦੀ ਕਾਲੀ ਬੋਲੀ ਹਨੇਰੀ ਵਿਚ ਧਰੂ ਤਾਰੇ ਵਾਂਗ ਸਥਿਰ ਤੇ ਅਡੋਲ ਰਹਿਣ ਵਾਲੇ ਕਿਸੇ ਦਲੇਰ ਮਰਦ ਦੀ ਗਾਥਾ, ਅਜੋਕੇ ਮਾਹੌਲ ਵਿਚ ਮਘਦੇ ਕੋਲਿਆਂ ਉਪਰ ਪਾਣੀ ਤ੍ਰੌਂਕਣ ਬਰਾਬਰ ਹੀ ਮੰਨੀ ਜਾਵੇਗੀ। ਕਿਹੜਾ ਹਿਰਦਾ ਹੈ ਜੋ ਅਜਿਹੀ ਅਲੋਕਾਰੀ ਵਾਰਤਾ ਸੁਣ ਕੇ ਠੰਢਕ ਮਹਿਸੂਸ ਨਹੀਂ ਕਰੇਗਾ? ਅਤੇ ਅਜਿਹੇ ਕਿਸੇ ਸਿਦਕੀ ਤੇ ਸਿਰੜੀ ਬੰਦੇ ਨੂੰ ਸਲਾਮ ਕਰਦਿਆਂ ਮੂੰਹੋਂ ਨਹੀਂ ਕਹਿ ਉਠੇਗਾ, 'ਐਸੇ ਸਚਿਆਰ ਅਤੇ ਸਿਧਾਂਤਕ ਬੰਦਿਆਂ ਦੇ ਆਸਰੇ ਹੀ ਧਰਤੀ ਖੜ੍ਹੀ ਐ।'

ਇਸੇ ਵਰ੍ਹੇ, ਵੀਹ ਸੌ ਚੌਦਾਂ ਦੇ ਚੜ੍ਹਦਿਆਂ ਮੈਂ ਅਮਰੀਕਾ ਤੋਂ ਆਪਣੇ ਪਿੰਡ ਪਹੁੰਚਿਆ ਹੋਇਆ ਸਾਂ। ਇਕ ਦਿਨ ਲਾਗੇ ਚਾਗੇ ਦੇ ਪਿੰਡਾਂ ਦੇ ਮਿੱਤਰ ਮੇਲੀਆਂ ਨਾਲ ਮੇਲੇ-ਗੇਲੇ ਕਰਨ ਲਈ ਸਕੂਟਰ 'ਤੇ ਦੌਰੇ ਚੜ੍ਹਿਆ ਹੋਇਆ ਸਾਂ। ਇਕ ਪਿੰਡ ਦੀ ਹੱਟੀ 'ਤੇ ਵਾਹਵਾ ਝੁਰਮੁਟ ਸੀ। ਇੱਥੇ ਇਧਰਲੀਆਂ ਉਧਰਲੀਆਂ ਮਾਰਦਿਆਂ ਘੁਸਮੁਸਾ ਜਿਹਾ ਹੋ ਗਿਆ। ਜਦ ਉਥੋਂ ਤੁਰਨ ਲੱਗਾ ਤਾਂ ਮੈਨੂੰ ਉਸ ਪਿੰਡ ਦਾ ਇਕ ਗਰੀਬੜਾ ਜਿਹਾ ਬੰਦਾ ਆਪਣੇ ਘਰ ਨੂੰ ਖਿੱਚਦਾ ਬੜੇ ਮੋਹ ਨਾਲ ਕਹਿਣ ਲੱਗਾ, "ਸਾਡੇ ਘਰ ਵੀ ਚਰਨ ਪਾਓ ਮਾ'ਰਾਜ?"

ਹਨੇਰਾ ਪਲ ਪਲ ਪਸਰਦਾ ਜਾ ਰਿਹਾ ਸੀ, ਇਸ ਕਰ ਕੇ ਉਹਦੇ ਨਾਲ ਕਿਸੇ ਦਿਨ ਫੇਰ ਸਹੀ ਦਾ ਵਾਅਦਾ ਕਰ ਕੇ ਮੈਂ ਆਪਣੇ ਘਰੇ ਆ ਗਿਆ। ਇਹ ਸੱਜਣ ਸਾਡੇ ਇਲਾਕੇ ਦੇ ਇਕ ਅਰਧ-ਸਰਕਾਰੀ ਅਦਾਰੇ ਵਿਚ ਚਪੜਾਸੀ ਲੱਗਾ ਰਿਹਾ ਸੀ। ਇਹਦੇ ਬਾਰੇ ਮੈਂ ਇੰਨਾ ਕੁ ਹੀ ਜਾਣਦਾ ਸਾਂ ਕਿ ਇਹ ਵਹਿਮਾਂ-ਭਰਮਾਂ, ਕਰਮ-ਕਾਂਡਾਂ ਅਤੇ ਧਾਗੇ-ਤਵੀਤਾਂ ਦੇ ਟੂਣੇ-ਟਾਮਣਾਂ ਨੂੰ ਸਖਤ ਨਫ਼ਰਤ ਕਰਦਾ ਹੈ। ਹੁਣ ਮੈਨੂੰ ਇਧਰੋਂ-ਉਧਰੋਂ ਇਹ ਵੀ ਪਤਾ ਲੱਗਾ ਸੀ ਕਿ ਉਸ ਅਰਧ-ਸਰਕਾਰੀ ਅਦਾਰੇ ਵਿਚ ਕੋਈ ਘਪਲਾ ਹੋ ਗਿਆ। 'ਕਰੇ ਕੋਈ, ਭਰੇ ਕੋਈ' ਦਾ ਕੁਹਾੜਾ ਇਸ ਵਿਚਾਰੇ 'ਤੇ ਚੱਲ ਗਿਆ। ਇਸ ਨੂੰ ਘਰੇ ਬਹਾ ਦਿੱਤਾ ਗਿਆ।

ਆਪਣੇ ਮਨ ਵਿਚ ਉਸ ਬੰਦੇ ਪ੍ਰਤੀ ਇੱਜ਼ਤ ਅਤੇ ਉਹਦੇ ਨਾਲ ਕਿਸੇ ਦਿਨ ਫੇਰ ਆਉਣ ਦੇ ਕੀਤੇ ਵਾਅਦੇ ਅਨੁਸਾਰ ਮੈਂ ਅਤਿ ਦੇ ਰੁਝੇਵੇਂ ਹੁੰਦਿਆਂ ਵੀ ਇਕ ਦੁਪਹਿਰੇ ਟਾਈਮ ਕੱਢ ਲਿਆ। ਉਸ ਦਿਨ ਮਨ ਹੀ ਮਨ ਕੁਝ ਵਿਚਾਰ ਕੇ ਮੈਂ ਸਕੂਟਰ-ਮੋਟਰਸਾਈਕਲ ਦੀ ਬਜਾਏ ਸਾਈਕਲ ਚਲਾ ਕੇ ਉਹਦੇ ਘਰ ਪਹੁੰਚਿਆ।

ਸ਼ਾਮ ਦੇ ਚਾਰ ਕੁ ਵੱਜੇ ਸਨ। ਆਪਣੇ ਸਾਧਾਰਨ ਜਿਹੇ ਘਰ ਦੇ ਵਿਹੜੇ ਵਿਚ ਖੜ੍ਹਿਆਂ, ਜਦੋਂ ਉਸ ਨੇ ਮੈਨੂੰ ਦਰਵਾਜ਼ੇ 'ਤੇ ਆਇਆ ਦੇਖਿਆ, ਇਕ ਦਮ ਉਸ ਦੀਆਂ ਵਾਛਾਂ ਖਿੜ ਗਈਆਂ। ਉਹਦੇ ਹੱਥ ਵਿਚ ਕਾਗਜ਼ਾਂ ਦਾ ਥੱਬਾ ਤੇ ਪੈਨ ਦੇਖ ਕੇ ਮੈਂ ਪੁੱਛਿਆ ਕਿ ਇਹ ਕਾਹਦਾ ਦਫ਼ਤਰੀ ਕੰਮ ਹੋ ਰਿਹਾ ਹੈ? ਉਸ ਦੱਸਿਆ ਕਿ ਕੇਂਦਰੀ ਸਰਕਾਰ ਦੀ ਇਕ ਸਕੀਮ ਅਨੁਸਾਰ ਪੇਂਡੂ ਰਾਜ ਮਿਸਤਰੀਆਂ ਦੇ ਬੀਮੇ ਵਾਸਤੇ ਕੁਝ ਪਿੰਡਾਂ ਵਿਚ ਘੁੰਮ ਫਿਰ ਕੇ ਜ਼ਰੂਰਤਮੰਦ ਮਜ਼ਦੂਰਾਂ ਦੇ ਨਾਂ-ਪਤੇ ਇਕੱਠੇ ਕੀਤੇ ਹਨ। ਉਨ੍ਹਾਂ ਦੇ ਫਾਰਮ ਵਗੈਰਾ ਭਰ ਰਿਹਾ ਹਾਂ।

ਉਸ ਨੂੰ ਨਿਸ਼ਕਾਮ ਸੇਵਾ ਵਿਚ ਜੁਟਿਆ ਦੇਖ ਕੇ, ਮੈਨੂੰ ਉਹ ਹੋਰ ਵੀ ਚੰਗਾ ਚੰਗਾ ਲੱਗਣ ਲੱਗਾ। ਇੰਨੇ ਨੂੰ ਚਾਹ ਵੀ ਆ ਗਈ। ਸਾਡੀਆਂ ਗੱਲਾਂ ਦਾ ਮੁਹਾਣ ਹੁਣ ਉਸ ਅਰਧ-ਸਰਕਾਰੀ ਅਦਾਰੇ ਵਿਚ ਹੋਏ ਘਪਲੇ ਵੱਲ ਮੁੜ ਗਿਆ ਜਿੱਥੋਂ ਉਸ ਨੂੰ ਧੱਕੇ ਨਾਲ ਕੱਢ ਦਿੱਤਾ ਗਿਆ ਸੀ। ਸਾਰੇ ਕਾਂਡ ਦਾ ਵੇਰਵੇ ਵਾਰ ਬਿਰਤਾਂਤ ਸੁਣਾਉਂਦਿਆਂ ਉਸ ਨੇ ਆਪਣੇ ਨਾਲ ਹੋਈ ਇਕ ਹੋਰ ਜ਼ਿਆਦਤੀ ਦੱਸੀ। ਅਦਾਰੇ 'ਤੇ ਕਾਬਜ਼ ਜੁੰਡਲੀ ਨੇ ਕਾਨੂੰਨ ਦੀਆਂ ਚੋਰ ਮੋਰੀਆਂ ਰਾਹੀਂ ਉਸ ਦਾ ਦੋ ਕੁ ਲੱਖ ਰੁਪਏ ਦਾ ਬਣਦਾ ਬਕਾਇਆ ਵੀ ਜ਼ਬਤ ਕਰ ਲਿਆ। ਉਪਰ ਥੱਲੇ ਨੱਠ ਭੱਜ ਕਰ ਕੇ ਉਸ ਨੇ ਆਪਣਾ ਬਕਾਇਆ ਲੈਣ ਦੀ ਚਾਰਾਜੋਈ ਕੀਤੀ ਵੀ, ਪਰ ਉਸ ਦੇ ਪੱਲੇ ਕੁਝ ਨਾ ਪਿਆ।

"ਮੈਂ ਤਾਂ ਜੀ ਸਬਰ ਸ਼ੁਕਰ ਕਰ ਕੇ ਬਹਿ ਗਿਆ ਸੀ।" ਉਸ ਨੇ ਆਪਣੇ ਨਾਲ ਹੋਈ ਬੇਇਨਸਾਫੀ ਦੀ ਆਖਰੀ ਲੜੀ ਸੁਣਾਉਣੀ ਸ਼ੁਰੂ ਕੀਤੀ, "ਮੌਹਰੇ ਆ ਗਈਆਂ ਵੋਟਾਂ! ਇਕ ਦਿਨ ਮੈਨੂੰ 'ਪ੍ਰਧਾਨ' (ਉਸ ਅਦਾਰੇ ਦਾ) ਮਿਲ ਪਿਆ। ਕਹਿੰਦਾ, ਬਈ ਕਾਮਰੇਡਾ! ਤੇਰੇ ਪੈਸਿਆਂ ਦਾ ਕੋਈ ਕਰੀਏ ਹੀਲਾ ਵਸੀਲਾ ਫਿਰ? ਮੈਂ ਕਿਹਾ ਜੀ, ਮੈਂ ਕਿਹੜਾ ਨਹੱਕੇ ਮੰਗਦਾਂ ਜੀ। ਮੇਰਾ ਹੱਕ ਹੈ, ਮੈਨੂੰ ਦਿਵਾ ਦਿਉ ਪ੍ਰਧਾਨ ਸਾ'ਬ!"

"ਚੰਗਾ ਫੇ' ਕੱਲ੍ਹ ਸਵੇਰੇ ਆਉਨੇ ਆਂ ਤੇਰੇ ਘਰੇ।" ਪ੍ਰਧਾਨ ਨੇ ਖਚਰੀ ਜਿਹੀ ਹਾਸੀ ਹੱਸਦਿਆਂ ਕਿਹਾ।

"ਲਉ ਜੀ ਦੂਜੇ ਦਿਨ ਸਵੇਰੇ ਹੀ ਪ੍ਰਧਾਨ ਤੇ ਇਕ ਹੋਰ ਬੰਦਾ ਸਾਡੇ ਘਰ ਆ ਪਹੁੰਚੇ। ਦੋ ਚਾਰ ਹੇਠਲੀਆਂ ਉਤਲੀਆਂ ਮਾਰ ਕੇ ਪ੍ਰਧਾਨ ਨੇ ਸਿੱਧੀ ਗੱਲ ਕੀਤੀ, ਅਖੇ, ਤੇਰਾ ਜਿੰਨਾ ਬਕਾਇਆ ਬਣਦਾ ਐ, ਤੈਨੂੰ ਦੇ ਦਿੰਨੇ ਐਂ ਪਰ ਤੈਨੂੰ ਵੀ ਇਕ ਕੰਮ ਕਰਨਾ ਪੈਣਾ?

"ਉਹ ਕਿਹੜਾ ਜੀ?" ਮੈਂ ਪ੍ਰਧਾਨ ਨੂੰ ਪੁੱਛਿਆ।

ਫਿਰ ਮੈਨੂੰ ਕੁਝ ਦੱਸਣ ਦੀ ਬਜਾਏ ਪ੍ਰਧਾਨ ਨੇ ਆਪਣੇ ਝੋਲੇ ਵਿਚੋਂ ਪੀਲਾ ਕੱਪੜਾ ਕੱਢ ਕੇ, ਉਸ ਦੀਆਂ ਤਹਿਆਂ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ। ਮੈਨੂੰ ਕੁਛ ਸਮਝ ਨਾ ਲੱਗੀ। ਨਾਲ ਆਏ ਬੰਦੇ ਨੇ ਆਪਣੇ ਬੈਗ 'ਚੋਂ ਕੈਮਰਾ ਕੱਢ ਲਿਆ। ਪ੍ਰਧਾਨ ਜੀ ਮੈਨੂੰ ਮੁਖਾਤਿਬ ਹੋਏ, "ਕਾਮਰੇਡ ਜੀ, ਆਹ ਪੱਤਰਕਾਰ ਜੀ ਆਏ ਆ, ਇਨ੍ਹਾਂ ਨੂੰ ਆਪਣਾ ਬਿਆਨ ਲਿਖਵਾ ਦੇ ਕਿ ਮੈਂ ਕਮਿਊਨਿਸਟ ਪਾਰਟੀ ਛੱਡ ਕੇ ਫਲਾਣੇ ਦਲ ਵਿਚ ਸ਼ਾਮਲ ਹੋ ਗਿਆ ਹਾਂ। ਆਹ ਸਿਰੋਪਾ ਤੇਰੇ ਗਲ 'ਚ ਪਾ ਦੇਣਾ। ਅਖ਼ਬਾਰਾਂ 'ਚ ਤੇਰੀ ਫੋਟੋ ਛਪ ਜਾਣੀ ਐਂ।... ਇੰਨੀ ਕੁ ਹਿੰਮਤ ਕਰ, ਤੇਰਾ 'ਮਸਲਾ' ਹੱਲ ਕਰ ਦਿਆਂਗੇ!"

"ਇੰਨੀ ਗੱਲ ਸੁਣ ਕੇ ਮੇਰੇ ਤਾਂ ਜੀ ਅੱਗ ਲੱਗ ਗਈ...ਮੈਂ ਕਿਹਾ, ਸੁਣੋ ਪ੍ਰਧਾਨ ਜੀ, ਮੈਂ ਕਮਿਊਨਿਸਟ ਪਾਰਟੀ ਨਾਲ ਸਿਧਾਂਤ ਕਰ ਕੇ ਜੁੜਿਆ ਹੋਇਆ ਹਾਂ, ਕਿਸੇ ਲਾਲਚ ਕਰ ਕੇ ਨਹੀਂ। ਮੈਂ ਗਰੀਬ ਜ਼ਰੂਰ ਹਾਂ ਪਰ 'ਵਿਕਾਊ ਮਾਲ' ਨਹੀਂ ਹਾਂ। ਤੁਸੀਂ ਦੋ ਲੱਖ ਦੀ ਗੱਲ ਕਰਦੇ ਓ, ਮੈਂ ਆਪਣੇ ਸਿਧਾਂਤ ਲਈ ਜਾਨ ਵੀ ਦੇ ਸਕਦਾ। ਤੁਸੀਂ ਕਿੱਥੇ ਭੁੱਲੇ ਫਿਰਦੇ ਹੋ?"

ਕਾਮਰੇਡ ਦੇ ਮੂੰਹੋਂ ਇਹੋ ਜਿਹੀਆਂ ਖਰੀਆਂ ਖਰੀਆਂ ਸੁਣ ਕੇ ਪ੍ਰਧਾਨ ਤੇ ਪੱਤਰਕਾਰ ਸਿਰੋਪਾ ਸਮੇਟ ਕੇ ਉਥੋਂ ਤਿੱਤਰ ਹੋ ਗਏ। ਗੁਰਬਾਣੀ ਦੀਆਂ ਇਹ ਪੰਕਤੀਆਂ,

ਗਰੀਬੀ ਗਦਾ ਹਮਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥

ਖੁਦ ਪੜ੍ਹਨ ਸੁਣਨ ਤੋਂ ਇਲਾਵਾ ਰਾਗੀਆਂ ਪਾਸੋਂ ਕੀਰਤਨ ਰੂਪ ਵਿਚ ਵੀ ਬਹੁਤ ਵਾਰੀ ਸੁਣੀਆਂ ਪਰ ਅਮਲੀ ਰੂਪ ਵਿਚ ਗਰੀਬੀ ਦੀ ਗਦਾ, ਵਿਕਾਰਾਂ ਦਾ ਮੂੰਹ ਭੰਨਦੀ ਦੇਖ ਕੇ ਮੈਂ ਗਦ ਗਦ ਹੋ ਗਿਆ।

## ਭਗਤ ਸਿੰਘ ਦੇ ਸ਼ਹੀਦੀ ਦਿਨ 'ਤੇ

### ਅੱਧ-ਪੜ੍ਹੀ ਕਿਤਾਬ

*(ਤੇਜਿੰਦਰ ਵਿਰਲੀ ਦੀ ਕਿਤਾਬ 'ਇਨਕਲਾਬ' ਪੜ੍ਹਨ ਉਪਰੰਤ)*

ਜੀਵਨੀ ਸੀ ਇਕ ਕ੍ਰਾਂਤੀਕਾਰ ਦੀ
ਪੜ੍ਹ ਰਿਹਾ ਦੂਜਾ ਕ੍ਰਾਂਤੀਕਾਰ ਸੀ
ਪੈ ਗਈ ਆਵਾਜ਼ ਜਦ
ਫਾਂਸੀ ਦੇ ਜ਼ਾਲਮ ਅਰਸ਼ 'ਤੇ
ਬਣ ਕੇ ਸੂਰਜ ਚੜ੍ਹਨ ਦੀ
ਪੜ੍ਹ ਲਈ ਜਿੰਨੀ ਕੁ ਰੱਖਣ ਨੂੰ
ਨਿਸ਼ਾਨੀ ਓਸ ਦੀ
ਮੋੜਿਆ ਵਰਕੇ ਦਾ ਕੋਨਾ
ਬੰਦ ਕਰ ਦਿੱਤੀ ਕਿਤਾਬ
ਆਖਿਆ ਜੇਲ੍ਹਰ ਨੂੰ ਸੀ ਵਿਸ਼ਵਾਸ ਨਾਲ,
"ਦੇਸ਼ ਮੇਰੇ ਦੇ ਜਵਾਨਾਂ ਹੱਥ ਦੇ ਕੇ
ਇਹ ਕਿਤਾਬ, ਆਖਣਾ,
ਭਗਤ ਸਿੰਘ ਇਹ ਪੂਰੀ ਪੜ੍ਹ ਸਕਿਆ ਨਹੀਂ
ਬਚ ਗਈ ਨੂੰ ਆਪ ਪੂਰਾ ਕਰਨ ਓਹ।''

ਅੱਧ-ਪੜ੍ਹੀ ਵਰਕਾ ਮੁੜੇ ਵਾਲੀ ਕਿਤਾਬ
ਫੜ੍ਹ ਲਈ ਜੇਲ੍ਹਰ ਨੇ
ਅੱਖਾਂ ਹੰਝੂਆਂ ਵਿਚ ਡੋਬ ਕੇ
ਸਾਂਭ ਕੇ ਲਾਈ ਸੀ ਦਿਲ ਦੇ ਨਾਲ
ਕਹਿਕਸ਼ਾਂ ਦੇ ਵਾਸਤੇ
ਜਿਸ ਤਰ੍ਹਾਂ ਸੂਰਜ ਵਸੀਅਤ ਲਿਖ ਦਵੇ
ਓਸ ਜੇਲ੍ਹਰ ਨੂੰ ਬਣਾ ਸੱਚਾ ਗਵਾਹ।

ਅੱਧ-ਪੜ੍ਹੀ ਵਰਕਾ ਮੁੜੇ ਵਾਲੀ ਕਿਤਾਬ
ਘੁੰਮ ਘੁੰਮਾਉਂਦੀ ਕੋਲ ਮੇਰੇ ਆ ਗਈ
ਟਿਕ ਟਿਕੀ ਲਾ ਕੇ
ਮੁੜੇ ਵਰਕੇ ਨੂੰ ਜਦ ਮੈਂ ਦੇਖਿਆ
ਇਹ ਨਿਰਾ ਵਰਕਾ ਨਹੀਂ ਸੀ
ਇਹ ਤਾਂ ਪੱਛਮ ਦੀ ਦਿਸ਼ਾ ਸੀ
ਜਿਸ 'ਚ ਸੂਰਜ ਸਾਮਰਾਜੀ ਡੁੱਬਿਆ।

ਦਿਲ ਮੇਰਾ ਕੀਤਾ ਮੈਂ ਵਰਕਾ ਫੋਲ ਕੇ
ਕਰ ਦਿਆਂ ਸਿੱਧਾ
ਬਚ ਗਈ ਪੁਸਤਕ ਨੂੰ ਪੂਰਾ ਪੜ੍ਹ ਲਵਾਂ
ਪਰ ਮੈਂ ਆਪਣੇ ਆਪ ਨੂੰ ਜਦ ਘੋਖਿਆ
ਟੁਕੜਿਆਂ ਵਿਚ ਮੈਂ ਪਿਆ ਸਾਂ ਵੰਡਿਆ
ਕਾਰਪੋਰੇਸ਼ਨ ਦੇ ਲਾਕਰ ਵਿਚ ਸਨ
ਵਕਤ, ਅੱਖਾਂ, ਜੀਭ, ਮੇਰੀ ਸੋਚਣੀ
ਦਿਲ ਬੜਾ ਕੀਤਾ ਕਿ ਲਾਕਰ ਤੋੜ ਕੇ
ਵਕਤ, ਅੱਖਾਂ, ਜੀਭ ਕਰ ਦੇਵਾਂ ਆਜ਼ਾਦ
ਪੜ੍ਹ ਲਵਾਂ ਵਰਕੇ ਮੁੜੇ ਵਾਲੀ ਕਿਤਾਬ
ਵਰਕਾ ਸਿੱਧਾ ਕਰਨ ਨੂੰ ਕਰਦਾ ਸੀ ਦਿਲ
ਪਰ ਮੇਰੇ ਹੱਥ ਮੋਰਗੇਜਾਂ ਦੀ ਘੁਲਾੜੀ ਵਿਚ
ਅਤੇ ਬਿੱਲ ਭੇਜਣ ਦੇ ਬਣੇ ਹੋਏ ਗੁਲਾਮ
ਉਂਗਲਾਂ 'ਸਾਬਾ'-'ਕਤਾਬਾਂ ਨਾਲ
ਥੱਕ ਚੁੱਕੀਆਂ ਜਿਵੇਂ
ਵਰਕਾ ਸਿੱਧਾ ਕਰਨ ਨੂੰ ਨਾ ਉਠੀਆਂ।

ਭਗਤ ਸਿੰਘ ਤੂੰ ਵਰਕਾ ਕਾਹਦਾ ਮੋੜਿਆ
ਤੂੰ ਹਵਾ-ਇਤਿਹਾਸ ਦਾ ਰੁਖ ਮੋੜਿਆ ਸੀ
ਤੂੰ ਵਸੀਅਤ ਕਰ ਗਿਆ ਏਂ ਇਹ ਕਿਤਾਬ
ਪਰ ਤੇਰਾ ਵਾਰਿਸ ਮੈਂ ਹਾਂ ਉਹ ਕਹਿਕਸ਼ਾਂ
ਰੌਸ਼ਨੀ ਜਿਸ ਦੀ ਹਨ੍ਹੇਰੇ ਦੀ ਗੁਲਾਮ
ਅੱਧ-ਪੜ੍ਹੀ ਤੇਰੀ ਕਿਤਾਬ
ਹੈ ਪਈ ਬੇਵੱਸ ਜਿਹੀ
ਮੈਂ ਅਜੇ ਕਾਬਿਲ ਨਹੀਂ
ਉਸ ਨੂੰ ਅੱਗੇ ਪੜ੍ਹਨ ਦੇ..।

-ਸੁਰਿੰਦਰ ਸੋਹਲ
ਨਿਊ ਯਾਰਕ।

---

### ਸ਼ਹੀਦ ਭਗਤ ਸਿੰਘ

ਸ਼ਹੀਦ ਭਗਤ ਸਿੰਘ
ਉਹ ਕਵਿਤਾ ਹੈ
ਜੋ ਕਿਸੇ ਗੁਰੂ ਅੱਗੇ
ਕਿਸੇ ਰੱਬ ਅੱਗੇ
ਮੱਥੇ ਟੇਕਣੇ ਨਹੀਂ ਸਿਖਾਉਂਦੀ
ਉਹ ਫਾਂਸੀ ਗਲ ਪਾ ਕੇ ਦੱਸਦੀ ਹੈ
ਮਾਨਮੱਤਾ ਜੀਵਨ ਕੀ ਹੁੰਦਾ ਹੈ
ਕੁਰਬਾਨੀ ਕੀ ਹੁੰਦੀ ਹੈ
ਪਿਆਰ ਕੀ ਹੁੰਦਾ ਹੈ
ਸਤਿਕਾਰ ਕੀ ਹੁੰਦਾ ਹੈ?

ਇਹ ਕਵਿਤਾ
ਸਿਰਫ ਪੜ੍ਹਨ, ਸੁਣਨ ਜਾਂ
ਗਾਉਣ ਲਈ ਨਹੀਂ ਹੈ
ਅੱਖਾਂ ਮੀਟ ਕੇ
ਸਿਰ ਹਿਲਾਉਣ ਲਈ ਨਹੀਂ ਹੈ
ਇਸ ਕਵਿਤਾ ਨੂੰ ਪੜ੍ਹਿਆਂ
ਇਸ ਦਾ ਸੰਗੀਤ ਸੁਣਿਆਂ
ਸਮਝ ਲਗਦੀ ਹੈ
ਸਾਮਰਾਜ ਦੀ ਲੁੱਟ ਨੂੰ ਕਿੰਜ ਪੜ੍ਹੀਦਾ ਹੈ
ਤੇ ਉਸ ਲੁੱਟ ਵਿਰੁਧ ਕਿੰਜ ਲੜੀਦਾ ਹੈ
ਇਹ ਕਵਿਤਾ ਦੱਸਦੀ ਹੈ
ਭੁੱਖ ਹੜਤਾਲ ਕੀ ਹੁੰਦੀ ਹੈ
ਮੰਜ਼ਲ ਦੀ ਭਾਲ ਕੀ ਹੁੰਦੀ ਹੈ?

ਇਹ ਕਵਿਤਾ ਪੜ੍ਹਨ ਨਾਲ
ਇਨਕਲਾਬ, ਸਮਾਜਵਾਦ
ਤਰਕ ਤੇ ਨਾਸਤਿਕਤਾ ਵਰਗੇ
ਸ਼ਬਦਾਂ ਵਿਚ ਭਰੇ ਅਰਥ
ਸੁਹਿਰਦ ਮਨਾਂ 'ਚ ਲਹਿ ਜਾਂਦੇ ਨੇ
ਸਦਾ ਸਦਾ ਲਈ ਡੂੰਘੇ ਬਹਿ ਜਾਂਦੇ ਨੇ।

ਸ਼ਹੀਦ ਭਗਤ ਸਿੰਘ
ਨਾਂ ਦੀ ਕਵਿਤਾ ਦੇ ਜਲੌਅ ਨੂੰ
ਭਗਵੇਂ ਰੰਗ ਜਾਂ ਦਾਹੜੀ ਨਾਲ
ਕਦੇ ਢਕਿਆ ਨਹੀਂ ਜਾ ਸਕੇਗਾ
ਇਹ ਚੇਅ ਗੁਵੇਰਾ
ਨਾਂ ਦੀ ਕਵਿਤਾ ਵਾਂਗ
ਦੁਨੀਆਂ ਭਰ ਵਿਚ
ਰਲ਼ ਕੇ ਪੜ੍ਹੀ ਜਾਏਗੀ
ਇਹ ਹਰ ਥਾਂ
ਹਰ ਜੁੱਗ ਦੇ ਲੁਟੇਰਿਆਂ ਨੂੰ
ਸਦੀਵੀ ਕੰਬਣੀ ਲਾਏਗੀ
ਉਨ੍ਹਾਂ ਨੂੰ ਸੁਪਨਿਆਂ ਵਿਚ ਵੀ ਤੜਫਾਏਗੀ।

ਇਸ ਕਵਿਤਾ ਨੂੰ ਪੜ੍ਹਨ ਬਾਅਦ
ਕੋਈ ਮੰਦਰਾਂ ਮਸੀਤਾਂ
ਗੁਰਦੁਆਰਿਆਂ ਜਾਂ ਚਰਚਾਂ 'ਚ
ਸਮਾਂ ਨਸ਼ਟ ਨਹੀਂ ਕਰੇਗਾ
ਉਹ ਮਨੁੱਖਤਾ 'ਚ ਵਿਸ਼ਵਾਸ ਕਰੇਗਾ
ਤੇ ਮਨੁੱਖ ਨੂੰ ਪਿਆਰ ਕਰੇਗਾ
ਸ਼ਹੀਦ ਭਗਤ ਸਿੰਘ
ਉਹ ਕਵਿਤਾ ਹੈ।

-ਸਾਧੂ ਬਿਨਿੰਗ

## ਕਾਵਿ-ਜਗਤ

### ਭਗਤ ਸਿੰਘ ਦੀ ਮੰਜ਼ਿਲ?

ਭਗਤ ਸਿੰਘ ਦੀਆਂ ਜਦ ਵੀ ਗੱਲਾਂ ਕਰੀਆਂ ਨੇ।
ਹਿੰਦੂ, ਸਿੱਖ ਜਾਂ ਨਾਸਤਿਕਤਾ ਤੇ ਮਰੀਆਂ ਨੇ।
ਹਰ ਕੋਈ ਆਪਣੀ ਐਨਕ ਥਾਈਂ ਵੇਂਹਦਾ ਏ,
ਦੂਜਾ ਵੀ ਇੰਜ ਵੇਖੇ ਰੀਝਾਂ ਖਰੀਆਂ ਨੇ।
ਸਾਂਝ ਗੁਣਾਂ ਦੀ ਵਿਚ ਕਿਤਾਬੀਂ ਰਹਿ ਗਈ ਏ,
ਜਾਤਾਂ ਮਜ਼ਹਬਾਂ ਦੇ ਨਾਲ ਨੀਹਾਂ ਭਰੀਆਂ ਨੇ।
ਰੰਗ ਨਸਲ ਤਾਂ ਬੜੇ ਦੂਰ ਦੀਆਂ ਬਾਤਾਂ ਨੇ,
ਵੰਡਣ ਲਈ ਸ਼ਹੀਦ ਜਰੀਬਾਂ ਧਰੀਆਂ ਨੇ।
ਮਾਨਵਤਾ ਹੈ ਦੂਰ ਤੇ ਫਿਰਕੇ ਨੇੜੇ ਨੇ,
ਤਵਾਰੀਖਾਂ ਵੀ ਸੱਚ ਕਹਿਣ ਤੋਂ ਡਰੀਆਂ ਨੇ।
ਇੱਕ ਗੁਲਾਮੀ ਛੁੱਟਦੀ ਦੂਜੀ ਆ ਜਾਂਦੀ,
ਆਜ਼ਾਦੀ ਦੇ ਨਾਂ 'ਤੇ ਇਹੋ ਜਰੀਆਂ ਨੇ।
ਇਨਕਲਾਬ ਦੀ ਸੋਚ ਨੂੰ ਬੁੱਤ ਬਣਾ ਦਿੱਤਾ,
ਭਗਤ ਸਿੰਘ ਦੀਆਂ 'ਜੀਣ ਉਮੀਦਾਂ' ਠਰੀਆਂ ਨੇ।
ਪਾ ਕੇ ਹਾਰ ਸ਼ਹੀਦਾਂ ਵਾਲੇ ਬੁੱਤਾਂ 'ਤੇ,
ਨੇਤਾਵਾਂ ਨੇ ਕੀਤੀਆਂ ਵੋਟਾਂ ਖਰੀਆਂ ਨੇ।
ਤਨ ਤੋਂ ਸੰਗਲ ਲਥ ਕੇ ਮਨ ਨੂੰ ਲਗ ਗਏ ਨੇ,
ਨਾਰ ਅਜ਼ਾਦੀ ਕੀਤੀਆਂ ਕੀ ਦਿਲਬਰੀਆਂ ਨੇ।
ਭਗਤ ਸਿੰਘ ਦਾ ਜੰਮਣਾ ਲੋਕ ਸਲਾਹੁੰਦੇ ਨੇ,
ਪਰ ਖੁਦ ਦੇ ਨਾ ਜੰਮੇ ਬਾਹਰਾਂ ਖੜੀਆਂ ਨੇ।
ਜਿਸ ਖਾਤਿਰ ਉਹ ਲੜਿਆ ਇਹ ਉਹ ਮੰਜਿਲ ਨਹੀਂ,
ਆਸਾਂ ਤਾਹੀਓਂ ਹਰ ਬੰਦੇ ਦੀਆਂ ਸੜੀਆਂ ਨੇ।

-ਡਾ. ਗੁਰਮੀਤ ਸਿੰਘ ਬਰਸਾਲ

### ਇਕ ਝਾਤ ਖੁਦ ਉਤੇ

ਇਕ ਝਾਤ ਤੂੰ ਖੁਦ 'ਤੇ ਮਾਰ ਬੰਦੇ।
ਸਭ ਕੱਢ ਕੁੜੱਤਣ ਬਾਹਰ ਬੰਦੇ।
ਰਸ ਵਰਗੇ ਬੋਲ ਉਚਾਰ ਬੰਦੇ।
ਬੇਈਮਾਨੀ ਨੂੰ ਦੁਰਕਾਰ ਬੰਦੇ।
ਖਾ ਹੱਕ ਦੀ ਵਕਤ ਗੁਜ਼ਾਰ ਬੰਦੇ।
ਨਾ ਕਰੀਂ ਕਿਸੇ ਨਾਲ ਖਾਰ ਬੰਦੇ।
ਜੇ ਕਰਨਾ ਕਰੀਂ ਪਿਆਰ ਬੰਦੇ।
ਸਦਾ ਰੱਖੀਂ ਸੋਚ ਉਡਾਰ ਬੰਦੇ।
ਸੋਹਣੇ ਫੁੱਲ ਬਣਾਈਂ ਦਿਲਦਾਰ ਬੰਦੇ।
ਨਾ ਝੂਠੇ ਕਰੀਂ ਕਰਾਰ ਬੰਦੇ।
ਸਭ ਸੱਚ ਦੇ ਨੇ ਬਲਿਹਾਰ ਬੰਦੇ।
ਨਾ ਪਾਪ ਦੇ ਚੁੱਕੀਂ ਭਾਰ ਬੰਦੇ।
ਦਿਨ ਜ਼ਿੰਦਗੀ ਦੇ ਨੇ ਚਾਰ ਬੰਦੇ।
ਨਾ ਇੰਨੇ ਮਹਿਲ ਉਸਾਰ ਬੰਦੇ।
ਆ ਆਉਣਾ ਦੂਜੀ ਵਾਰ ਬੰਦੇ।
ਸਦਾ ਦੁਖੀਆਂ ਲਈ ਸਾਰ ਬੰਦੇ।
ਨਾ ਕਰੀਂ ਕਦੇ ਹੰਕਾਰ ਬੰਦੇ।
ਨਾ ਧਸੀਂ ਨਸ਼ੇ ਦੀ ਗਾਰ ਬੰਦੇ।

ਫੜੀਂ ਐਸੀ ਕੋਈ ਤਲਵਾਰ ਬੰਦੇ।
ਜੋ ਨਫਰਤ ਨੂੰ ਦਏ ਮਾਰ ਬੰਦੇ।
ਬਣ ਐਸਾ ਕੋਈ ਅੰਗਿਆਰ ਬੰਦੇ।
ਜੋ ਤਪਦੇ ਨੂੰ ਦਏ ਠਾਰ ਬੰਦੇ।
ਕੋਈ ਛੇੜ ਤੂੰਬੀ ਦੀ ਤਾਰ ਬੰਦੇ।
ਆਵੇ ਜਿਸ ਦੇ ਨਾਲ ਬਹਾਰ ਬੰਦੇ।
ਖਿੜੇ ਖੁਸ਼ੀਆਂ ਦੀ ਗੁਲਜ਼ਾਰ ਬੰਦੇ।
ਇਹੋ ਜ਼ਿੰਦਗੀ ਇਕ ਮੁਟਿਆਰ ਬੰਦੇ।
ਤੂੰ ਇਸ ਨੂੰ ਬਣਾ ਲੈ ਨਾਰ ਬੰਦੇ।
ਤੇ ਬਣਿਆ ਰਹੀਂ ਵਫਾਦਾਰ ਬੰਦੇ।
ਕਰ ਮਾਪਿਆਂ ਦਾ ਸਤਿਕਾਰ ਬੰਦੇ।
ਜਿਨ੍ਹਾਂ ਵਿਖਾਇਆ ਇਹ ਸੰਸਾਰ ਬੰਦੇ।
ਜਾਂ ਬਣ ਫਿਰ ਤੂੰ ਕਲਾਕਾਰ ਬੰਦੇ।
ਤੇ ਗਾ ਕੋਈ ਐਸੀ ਵਾਰ ਬੰਦੇ।
ਜੋ ਦਿਲਾਂ 'ਤੇ ਹੋਏ ਸਵਾਰ ਬੰਦੇ।
ਨਹੀਂ ਬਣ ਤੂੰ ਗੀਤਕਾਰ ਬੰਦੇ।
ਲਿਖ ਵਧੀਆ ਕੋਈ ਸੰਸਕਾਰ ਬੰਦੇ।
ਜਿਹਦੀ ਸ਼ੋਭਾ ਕਰੇ ਪਰਿਵਾਰ ਬੰਦੇ।
ਰੱਖ ਵਧੀਆ ਸਲਾਹਕਾਰ ਬੰਦੇ।
ਬਚੀਂ ਨਸ਼ੇ ਬੜੇ ਬਦਕਾਰ ਬੰਦੇ।
ਨਾ ਦਿੰਦੇ ਰਹਿਣ ਨੁਹਾਰ ਬੰਦੇ।
ਖਾਈਂ ਹੱਕ ਦਾ ਘਿਓ ਕੁਆਰ ਬੰਦੇ।
ਜੋ ਹੋਣ ਨਾ ਦਵੇ ਬਿਮਾਰ ਬੰਦੇ।
ਭਰੇ ਰਹਿਣੇ ਸਦਾ ਭੰਡਾਰ ਬੰਦੇ।
ਨਾ ਖਾਈਂ ਹੱਕ ਕਿਸੇ ਦਾ ਮਾਰ ਬੰਦੇ।
ਲੱਗੇ ਰਹਿਣ ਤੇਰੇ ਗੁਹਾਰ ਬੰਦੇ।
ਵਿਰਸਾ ਧਰਮ ਨਾ ਦੇਈਂ ਵਿਸਾਰ ਬੰਦੇ।
ਸਦਾ ਬਣਿਆ ਰਹੀਂ ਸਰਦਾਰ ਬੰਦੇ।
ਨੰਗੇ ਸਿਰ ਤੂੰ ਲੱਗੇਂ ਬੇਕਾਰ ਬੰਦੇ।
ਤੇਰੇ ਸਿਰ ਸਜਦੀ ਦਸਤਾਰ ਬੰਦੇ।
ਇਕ ਝਾਤ ਤੂੰ ਖੁਦ 'ਤੇ ਮਾਰ ਬੰਦੇ।

-ਨਿੰਮਾ ਡੱਲੇਵਾਲ
ਫੋਨ: 513-432-9754

# ਭਾਰਤ ਦੇ ਲੋਕਤੰਤਰੀ ਕੁੰਭ ’ਚੋਂ ਲੋਕਤੰਤਰ ਗੁੰਮ ਹੈ, ਗੁੰਮ ਹੈ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਪੰਜਾਬੀ ਦਾ ਇੱਕ ਗੀਤ ‘ਦਿਲ ਤਾਂ ਪਤਾ ਨਹੀਂ ਤੇਰਾ ਕਿਹੋ ਜਿਹਾ ਹੋਣਾ, ਮੈਂ ਤਾਂ ਮੁੱਖੜਾ ਵੇਖ ਕੇ ਮਰ ਗਿਆ ਨੀਂ’ ਜਦੋਂ ਬਹੁਤ ਮਕਬੂਲ ਹੋਇਆ ਤਾਂ ਇਸ ਦੀ ਥਾਂ ਲੋਕਾਂ ਨੇ ਨਵਾਂ ਟੋਟਕਾ ‘ਪਿੰਡ ਤਾਂ ਪਤਾ ਨਹੀਂ ਤੇਰਾ ਕਿਹੋ ਜਿਹਾ ਹੋਣਾ, ਮੈਂ ਤਾਂ ਸੜਕਾਂ ਵੇਖ ਕੇ ਡਰ ਗਿਆ ਨੀਂ’ ਅਲਾਪਣਾ ਸ਼ੁਰੂ ਕਰ ਦਿੱਤਾ ਸੀ। ਇਸ ਨੂੰ ਸ਼ਾਇਦ ਪੈਰੋਡੀ ਕਿਹਾ ਜਾ ਸਕਦਾ ਹੈ। ਜੋ ਕੁਝ ਸਾਡੇ ਦੇਸ਼ ਵਿਚ ਇਸ ਚੋਣ ਮੌਕੇ ਹੁੰਦਾ ਵੇਖਿਆ ਜਾ ਰਿਹਾ ਹੈ, ਉਸ ਵਿਚ ਲੋਕਤੰਤਰ ਕਿੱਥੇ ਹੈ? ਇਹ ਤਾਂ ਲੋਕਤੰਤਰ ਦੀ ਪੈਰੋਡੀ ਜਿਹੀ ਜਾਪਦੀ ਹੈ। ਲੋਕਤੰਤਰ ਨਾਂ ਦਾ ਜਿਹੜਾ ਸੋਹਣਾ ਸੁਨੱਖਾ ਅਸੂਲਾਂ ਵਾਲਾ ਨੌਜਵਾਨ ਸੰਸਾਰ ਦੇ ਜਮਹੂਰੀਅਤ ਪਸੰਦਾਂ ਦੇ ਦਿਲਾਂ ਨੂੰ ਮੋਂਹਦਾ ਹੈ, ਭਾਰਤ ਦੇ ਲੋਕਤੰਤਰੀ ਅਖਾੜੇ ਵਿਚੋਂ ਉਹ ਲੋਕਤੰਤਰ ਗੁੰਮ ਹੈ, ਗੁੰਮ ਹੈ ਤੇ ਸੱਚਮੁੱਚ ਗੁੰਮ ਹੈ।*

‘ਇਕ ਕੁੜੀ, ਜੀਹਦਾ ਨਾਮ ਮੁਹੱਬਤ, ਗੁੰਮ ਹੈ, ਗੁੰਮ ਹੈ, ਗੁੰਮ ਹੈ’। ਸ਼ਿਵ ਬਟਾਲਵੀ ਦੇ ਲਿਖੇ ਇਸ ਗੀਤ ਦੇ ਬੋਲ ਹੁਣ ਭਾਰਤ ਦੀ ਪਾਰਲੀਮੈਂਟ ਦੀ ਚੋਣ ਪ੍ਰਕਿਰਿਆ ਦੇ ਸਬੰਧ ਵਿਚ ਇਸ ਤਰ੍ਹਾਂ ਬਦਲ ਕੇ ਕਹੇ ਜਾ ਸਕਦੇ ਹਨ ਕਿ ‘ਇੱਕ ਮੁੰਡਾ, ਜੀਹਦਾ ਨਾਮ ਲੋਕਤੰਤਰ, ਗੁੰਮ ਹੈ, ਗੁੰਮ ਹੈ ਤੇ ਗੁੰਮ ਹੀ ਗੁੰਮ ਹੈ’। ਭਾਰਤ ਵਿਚ ਲੋਕਤੰਤਰ ਦਾ ਮਹਾਂ-ਕੁੰਭ ਮੰਨੀ ਜਾਂਦੀ ਲੋਕ ਸਭਾ ਚੋਣ ਦੇ ਮੌਕੇ ਹੋਰ ਹਰ ਚੀਜ਼ ਮਿਲ ਸਕਦੀ ਹੈ, ਵੋਟ ਤੋਂ ਨੋਟ ਤੱਕ ਮਿਲ ਸਕਦੇ ਹਨ ਤੇ ਭਾਸ਼ਣ ਸੁਣਨ ਦੇ ਨਾਲ ਰਾਸ਼ਣ ਮਿਲ ਸਕਦਾ ਹੈ, ਜਿਸ ਵਿਚ ਪੇਟ ਭਰਨ ਵਾਲੇ ਅੰਨ ਤੋਂ ਲੈ ਕੇ ਮੱਤ ਮਾਰਨ ਵਾਲਾ ਨਸ਼ਾ ਵੀ ਸ਼ਾਮਲ ਹੋ ਸਕਦਾ ਹੈ, ਪਰ ਲੋਕਤੰਤਰ ਦਾ ਅਸਲੀ ਰੂਪ ਵਿਖਾਈ ਨਹੀਂ ਦਿੰਦਾ। ਨਾ ਇਹ ਮੈਦਾਨ ਵਿਚ ਨਜ਼ਰ ਆਉਂਦਾ ਹੈ, ਨਾ ਪਾਰਟੀਆਂ ਦੇ ਆਪਣੇ ਅੰਦਰ। ਹਰ ਕੋਈ ਇਸ ਦੀ ਸਿਰਫ ਚਰਚਾ ਕਰ ਕੇ ਕੰਮ ਸਾਰਦਾ ਹੈ। ਚਰਚਾ ਵੀ ਇਸ ਦੀ ਇੱਕ-ਤਰਫੀ ਹੈ, ਜਿਸ ਵਿਚ ਸਾਰੇ ਨੁਕਸ ਦੂਸਰਿਆਂ ਦੇ ਗਿਣਾਏ ਜਾਂਦੇ ਹਨ, ਆਪਣੇ ਨਹੀਂ। ਕਿਸੇ ਦੇਸ਼ ਦਾ ਕੋਈ ਪ੍ਰਬੰਧ ਕਿੰਨਾ ਬੇਸ਼ਰਮ ਹੋ ਸਕਦਾ ਹੈ, ਇਸ ਬਾਰੇ ਕਿਸੇ ਦੂਰ ਤੋਂ ਦੂਰ ਤੱਕ ਦੀ ਹੱਦ ਬਾਰੇ ਸੋਚਣ ਵਾਲਾ ਬੰਦਾ ਵੀ ਉਥੋਂ ਤੱਕ ਨਹੀਂ ਸੋਚ ਸਕਦਾ, ਜਿੱਥੋਂ ਤੱਕ ਭਾਰਤੀ ਲੋਕਤੰਤਰ ਦੀ ਰਾਜਸੀ ਬੇਸ਼ਰਮੀ ਪਹੁੰਚ ਗਈ ਹੈ।

ਅਸੀਂ ਉਨ੍ਹਾਂ ਲੋਕਾਂ ਵਿਚੋਂ ਹਾਂ, ਜਿਹੜੇ ਭਾਰਤੀ ਜਨਤਾ ਪਾਰਟੀ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾ ਕੇ ਸ਼ੁਰੂ ਕੀਤੀ ਚੋਣ ਮੁਹਿੰਮ ਨੂੰ ਸਿਰਫ ਚੋਣ ਮੁਹਿੰਮ ਨਾ ਮੰਨ ਕੇ ਇਸ ਤੋਂ ਬਹੁਤ ਅੱਗੇ ਤੱਕ ਸੋਚਦੇ ਰਹੇ ਹਾਂ। ਲੜਾਈ ਦੇਸ਼ ਦੇ ਸਮੁੱਚ ਦੀ ਹੋਣ ਕਰ ਕੇ ਅਸੀਂ ਪੰਜਾਬ ਦੇ ਕਈ ਅਹਿਮ ਮੁੱਦੇ ਵੀ ਵਕਤੀ ਤੌਰ ਉਤੇ ਵਿਚਾਰਨ ਦੀ ਥਾਂ ਪਾਸੇ ਰੱਖ ਕੇ ਮੋਦੀ-ਮੁਹਿੰਮ ਨੂੰ ਭਾਰਤ ਵਿਚ ਫਿਰਕੂਪੁਣੇ ਦੇ ਇੱਕ ਹੋਰ ਝੱਖੜ ਤੋਂ ਪਹਿਲੇ ਵਾਵਰੋਲੇ ਦਾ ਰੂਪ ਮੰਨ ਕੇ ਇਸ ਬਾਰੇ ਪਾਠਕਾਂ ਨੂੰ ਸੁਚੇਤ ਕਰਨਾ ਚਾਹੁੰਦੇ ਸਾਂ।

ਬਾਬਰੀ ਮਸਜਿਦ ਦੇ ਢੱਠਣ ਦਾ ਉਹ ਦਿਨ ਸਾਨੂੰ ਯਾਦ ਹੈ, ਜਦੋਂ ਉਸ ਦੇ ਮਲਬੇ ਉਤੇ ਖੜੋ ਕੇ ਦੋ ਰਾਜਸੀ ਰੰਗ ਵਿਚ ਰੰਗੀਆਂ ਸਾਧਵੀਆਂ ਨੇ ਤਿੰਨ ਨਾਅਰੇ ਉਛਾਲ ਦਿੱਤੇ ਸਨ। ਇੱਕ ਨਾਅਰਾ ਤਾਂ ਇਹ ਲਾਇਆ ਸੀ, ‘ਯੇ ਤੋ ਏਕ ਝਾਕੀ ਹੈ, ਕਾਸ਼ੀ-ਮਥਰਾ ਬਾਕੀ ਹੈ।’ ਬਨਾਰਸ ਦੇ ਤਿੰਨ ਨਾਂ ਹਨ, ਜਿਨ੍ਹਾਂ ਵਿਚੋਂ ਇੱਕ ਬਨਾਰਸ ਹੈ, ਦੂਸਰਾ ਉਥੇ ਪਹੁੰਚ ਕੇ ਜੁੜਦੀਆਂ ਵਰੁਣ ਅਤੇ ਅਸੀ-ਦੋ ਨਦੀਆਂ ਦੇ ਸੰਗਮ ਦੇ ਕਾਰਨ ਵਾਰਾਣਸੀ ਹੈ ਅਤੇ ਉਸੇ ਦਾ ਤੀਸਰਾ ਨਾਂ ਕਾਸ਼ੀ ਹੈ। ਅਯੁੱਧਿਆ ਦਾ ਪਹਿਲਾ ਨਾਅਰਾ ‘ਯੇ ਤੋ ਏਕ ਝਾਕੀ ਹੈ, ਕਾਸ਼ੀ-ਮਥਰਾ ਬਾਕੀ ਹੈ’ ਦੱਸਦਾ ਸੀ ਕਿ ਨਵਾਂ ਨਿਸ਼ਾਨਾ ਕਾਸ਼ੀ-ਬਨਾਰਸ-ਵਾਰਾਣਸੀ ਹੋ ਸਕਦਾ ਹੈ। ਇਸ ਪਿੱਛੋਂ ਦੂਸਰਾ ਨਾਅਰਾ ਇਹ ਸੀ, ‘ਰਾਮਾ, ਕ੍ਰਿਸ਼ਨਾ, ਵਿਸ਼ਵਨਾਥ, ਤੀਨੋਂ ਲੇਂਗੇ ਏਕ ਸਾਥ।’ ਇਨ੍ਹਾਂ ਵਿਚੋਂ ਰਾਮ ਦਾ ਜਨਮ ਅਸਥਾਨ ਉਹ ਬਾਬਰੀ ਮਸਜਿਦ ਦੇ ਹੇਠ ਦੱਬਿਆ ਦੱਸਦੇ ਸਨ ਤੇ ਮਸਜਿਦ ਢਾਹ ਦਿੱਤੀ ਗਈ ਸੀ। ਕਾਸ਼ੀ ਵਿਚ ਵਿਸ਼ਵ ਨਾਥ ਜਾਂ ਸ਼ਿਵ ਭਗਵਾਨ ਦਾ ਅਸਥਾਨ ਗਿਆਨ ਵਾਪੀ ਮਸਜਿਦ ਦੀ ਥਾਂ ਦੱਸਿਆ ਜਾਂਦਾ ਹੈ ਤੇ ਉਥੇ ਹੁਣ ਇਕੱਠ ਹੋਣ ਵਾਲਾ ਹੈ। ਤੀਸਰਾ ਮਥਰਾ ਦਾ ਕ੍ਰਿਸ਼ਨ ਅਸਥਾਨ ਹੈ, ਜਿੱਥੇ ਹੁਣ ਜਾਮੀ ਮਸਜਿਦ ਹੈ। ਇਨ੍ਹਾਂ ਦੋ ਨਾਅਰਿਆਂ ਤੋਂ ਪਿੱਛੋਂ ਭੜਕੀ ਭੀੜ ਨੇ ਤੀਸਰਾ ਨਾਅਰਾ ਲਾਇਆ ਸੀ, ‘ਤੀਨ ਨਹੀਂ, ਅਬ ਤੀਸ ਹਜ਼ਾਰ, ਨਹੀਂ ਬਚੇਗਾ ਕੋਈ ਮਜ਼ਾਰ।’ ਹੁਣ ਜਦੋਂ ਇੱਕ ਰਾਜਸੀ ਆਗੂ ਨੂੰ ‘ਹਰ ਹਰ ਮੋਦੀ’ ਆਖ ਕੇ ਕਾਸ਼ੀ-ਬਨਾਰਸ ਲਿਆਂਦਾ ਜਾ ਰਿਹਾ ਹੈ ਤਾਂ ਇਸ ਤੋਂ ਕਈ ਸੰਕੇਤ ਭਾਰਤ ਦੇ ਭਵਿੱਖ ਲਈ ਮਿਲ ਸਕਦੇ ਹਨ।

ਭਾਰਤ ਦੇ ਭਵਿੱਖ ਦੇ ਉਨ੍ਹਾਂ ਸੰਕੇਤਾਂ ਕਾਰਨ ਅਸੀਂ ਪੰਜਾਬ ਦੀ ਥਾਂ ਪਿਛਲੇ ਕੁਝ ਸਮੇਂ ਤੋਂ ਦੇਸ਼ ਦੀ ਰਾਜਨੀਤੀ ਨੂੰ ਵੱਧ ਵਜ਼ਨ ਦੇ ਰਹੇ ਸਾਂ। ਇਹ ਲੜਾਈ ਧਰਮ-ਨਿਰਪੱਖ ਤੇ ਧਰਮ ਨੂੰ ਧਿਰ ਬਣਾ ਕੇ ਰਾਜਨੀਤੀ ਕਰਨ ਵਾਲਿਆਂ ਦੇ ਸਿੱਧੇ ਭੇੜ ਦੀ ਹੋਣੀ ਚਾਹੀਦੀ ਸੀ, ਪਰ ਹੋ ਨਹੀਂ ਸਕੀ। ਧਰਮ-ਨਿਰਪੱਖ ਧਿਰਾਂ ਇਕੱਠੇ ਹੋਣ ਦੇ ਰਾਹੇ ਨਹੀਂ ਪਈਆਂ, ਜਿਸ ਦੀਆਂ ਸੰਭਾਵਨਾਵਾਂ ਉਤੇ ਕਾਟਾ ਮਾਰਨ ਦੇ ਹਾਲਾਤ ਖੁਦ ਨੂੰ ਧਰਮ-ਨਿਰਪੱਖ ਅਖਵਾਉਂਦੀ ਵੱਡੀ ਧਿਰ ਕਾਂਗਰਸ ਪਾਰਟੀ ਨੇ ਪੈਦਾ ਕੀਤੇ ਹਨ। ਇਹ ਆਪਣੀ ਬੁੱਕਲ ਦੇ ਸੱਪਾਂ ਨੂੰ ਵੀ ਨਹੀਂ ਪਛਾਣ ਸਕੀ। ਜਿਹੜੇ ਲੋਕ ਇਸ ਵਿਚ ਰਹਿ ਕੇ ਇਸ ਨੂੰ ਖੱਬੀਆਂ ਤੇ ਧਰਮ-ਨਿਰਪੱਖ ਧਿਰਾਂ ਨਾਲੋਂ ਤੋੜ ਕੇ ਇੱਕ ਪਾਸੇ ਅਮਰੀਕੀ ਨੀਤੀ ਦੀ ਪਿਛਲੱਗ ਬਣਾਉਣ ਲੱਗੇ ਰਹੇ ਤੇ ਦੂਸਰੇ ਪਾਸੇ ਇਸ ਨੂੰ ਨੋਟ ਛਾਪਣ ਦੀ ਮਸ਼ੀਨ ਮੰਨ ਬੈਠੇ ਸਨ, ਪਾਰਟੀ ਦੇ ਆਗੂ ਬਣੇ ਮਾਂ-ਪੁੱਤਰ ਉਨ੍ਹਾਂ ਦੀ ਅੱਖ ਨਹੀਂ ਸਨ ਪਛਾਣ ਸਕੇ। ਹੁਣ ਉਹ ਸਾਰੇ ਆਪੋ ਆਪਣਾ ਕੰਮ ਨਿਪਟਾ ਕੇ ਉਸ ਟਿਕਾਣੇ ਵੱਲ ਜਾ ਰਹੇ ਹਨ, ਜਿੱਥੇ ਉਨ੍ਹਾਂ ਨੂੰ ਬਹੁਤ ਪਹਿਲਾਂ ਚਲੇ ਜਾਣਾ ਚਾਹੀਦਾ ਸੀ। ਨੋਟਾਂ ਨੂੰ ਮਾਂਜਾ ਮਾਰਨ ਵਾਲੇ ਆਗੂ ਹਰ ਉਸ ਪਾਰਟੀ ਵਿਚ ਜਾ ਸਕਦੇ ਹਨ, ਜਿਹੜੀ ਚਾਰ ਪੈਸੇ ਕਮਾਉਣ ਦਾ ਜਾਇਜ਼ ਜਾਂ ਨਾਜਾਇਜ਼ ਮੌਕਾ ਦੇਣ ਜੋਗੀ ਹੋਵੇ, ਪਰ ਨੀਤ ਦੇ ਖੋਟ ਵਾਲੇ ਸਾਰੇ ਲੋਕ ਇਸ ਵਕਤ ਕਾਸ਼ੀ-ਬਨਾਰਸ ਨੂੰ ਜਾਂਦੀ ‘ਮੋਦੀ ਐਕਸਪ੍ਰੈਸ’ ਦੀ ਸਵਾਰੀ ਦੇ ਯਤਨ ਕਰ ਰਹੇ ਹਨ, ਤੇ ਬੜੇ ਮਾਣ ਨਾਲ ਦੱਸਦੇ ਹਨ ਕਿ ਅਸੀਂ ਕੱਲ੍ਹ ਤੱਕ ਵੀ ਉਹ ਨਹੀਂ ਸਾਂ, ਜੋ ਲੋਕਾਂ ਨੂੰ ਦਿੱਸਦੇ ਰਹੇ ਸਾਂ।

ਇਸ ਦੀ ਇੱਕ ਮਿਸਾਲ ਇਹ ਹੈ ਕਿ ਉਤਰ ਪ੍ਰਦੇਸ਼ ਦਾ ਸਾਬਕਾ ਮੁੱਖ ਮੰਤਰੀ ਜਗਦੰਬਿਕਾ ਪਾਲ ਕਾਂਗਰਸ ਦਾ ਪੱਲਾ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਜਾ ਵੜਿਆ ਹੈ। ਜਗਦੰਬਿਕਾ ਪਾਲ ਨਾਂ ਦੇ ਇਸ ਇੱਕੋ ਲੀਡਰ ਦੀਆਂ ਕਈ ਤਹਿਆਂ ਹਨ। ਇੱਕ ਰੰਗ ਉਸ ਦਾ ਇਹ ਹੈ ਕਿ ਉਸ ਨੇ ਯੂ ਪੀ ਵਿਚ ਭਾਜਪਾ ਮੁੱਖ ਮੰਤਰੀ ਕਲਿਆਣ ਸਿੰਘ ਦੀ ਸਰਕਾਰ ਉਸ ਮੌਕੇ ਦੇ ਗਵਰਨਰ ਰੋਮੇਸ਼ ਭੰਡਾਰੀ ਨਾਲ ਸਾਜ਼ਿਸ਼ ਕਰ ਕੇ ਤੁੜਵਾਈ ਅਤੇ ਕਿਸੇ ਬਹੁ-ਸੰਮਤੀ ਦੀ ਹੋਂਦ ਤੋਂ ਬਿਨਾਂ ਉਥੋਂ ਦਾ ਮੁੱਖ ਮੰਤਰੀ ਬਣ ਕੇ ਬਹਿ ਗਿਆ ਸੀ। ਉਸ ਵੇਲੇ ਦੇਸ਼ ਵਿਚ ਪਾਰਲੀਮੈਂਟ ਚੋਣਾਂ ਹੋ ਰਹੀਆਂ ਸਨ। ਤੇਰਾਂ ਦਿਨਾਂ ਦਾ ਰਾਜ ਮਾਣ ਚੁੱਕੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਉਸ ਦੇ ਖਿਲਾਫ ਲਖਨਊ ਜਾ ਕੇ ਧਰਨਾ ਦਿੱਤਾ ਸੀ ਤੇ ਤਿੰਨਾਂ ਦਿਨਾਂ ਵਿਚ ਹਾਈ ਕੋਰਟ ਤੋਂ ਇਸ ਨੂੰ ਹੁਕਮ ਆ ਗਿਆ ਸੀ ਕਿ ਕੁਰਸੀ ਛੱਡ ਜਾਵੇ ਤੇ ਨਾਲ ਇਹ ਵੀ ਕਿ ਸਾਬਕਾ ਮੁੱਖ ਮੰਤਰੀਆਂ ਵਾਲੀ ਸੂਚੀ ਵਿਚ ਇਸ ਦਾ ਨਾਂ ਨਹੀਂ ਲਿਖਿਆ ਜਾਵੇਗਾ। ਦੂਸਰਾ ਰੰਗ ਉਸ ਦਾ ਇਹ ਹੈ ਕਿ ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹੇ ਜਾਣ ਬਾਰੇ ਲਿਬਰੇਹਾਨ ਕਮਿਸ਼ਨ ਦੀ ਰਿਪੋਰਟ ਜਦੋਂ ਆਈ ਤਾਂ ਇਸ ਕਾਂਗਰਸੀ ਆਗੂ ਜਗਦੰਬਿਕਾ ਪਾਲ ਦਾ ਨਾਂ ਮਸਜਿਦ ਢਾਹੁਣ ਵਾਲੇ ਕਾਰ-ਸੇਵਕਾਂ ਵਿਚ ਦਰਜ ਸੀ।

ਉਦੋਂ ਇਹ ਗੱਲ ਕਮਿਊਨਿਸਟ ਪਾਰਟੀ ਦੇ ਇੰਦਰਜੀਤ ਗੁਪਤਾ ਨੇ ਕਹੀ ਸੀ ਕਿ ਮਸਜਿਦ ਢਾਹੁਣ ਦੀ ਸਾਰੀ ਤਿਆਰੀ ਭਾਜਪਾ ਦੇ ਲੀਡਰਾਂ ਨੇ ਮੌਕੇ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨਾਲ ਇੱਕ ਦਿਨ ਪਹਿਲਾਂ ਉਸ ਦੇ ਘਰ ਜਾ ਕੇ ਲਾਈ ਤਿੰਨ ਘੰਟੇ ਦੀ ਮੀਟਿੰਗ ਦੌਰਾਨ ਕੀਤੀ ਸੀ, ਪਰ ਕੋਈ ਮੰਨਦਾ ਨਹੀਂ ਸੀ। ਜਦੋਂ ਰਿਪੋਰਟ ਆਈ ਤਾਂ ਜਗਦੰਬਿਕਾ ਪਾਲ ਜਿਹੇ ਕਈ ਕਾਂਗਰਸੀਆਂ ਦੇ ਨਾਂ ਉਸ ਵਿਚ ਲਿਖੇ ਹੋਏ ਪੜ੍ਹ ਕੇ ਇਹ ਮੰਨਣ ਤੋਂ ਨਾਂਹ ਕਰਨਾ ਔਖਾ ਹੋ ਗਿਆ ਸੀ ਕਿ ਕਈ ਸਾਲਾਂ ਤੋਂ ਬੰਦ ਪਈ ਜਿਸ ਮਸਜਿਦ ਦਾ ਤਾਲਾ ਰਾਜੀਵ ਗਾਂਧੀ ਨੇ ਖੁਲ੍ਹਵਾਇਆ ਸੀ, ਉਸ ਨੂੰ ਢਾਹੁਣ ਦਾ ਕੰਮ ਨਰਸਿਮਹਾ ਰਾਓ ਵਰਗਿਆਂ ਦੀ ਮਿਲੀਭੁਗਤ ਨਾਲ ਕੀਤਾ ਜਾਂ ਕਰਵਾਇਆ ਗਿਆ ਸੀ।

ਨੀਤੀਆਂ ਦੇ ਪੱਖ ਤੋਂ ਨਾੜੂਏ ਦੀ ਸਾਂਝ ਹੀ ਹੈ ਕਿ ਹੁਣ ਜਦੋਂ ਭਾਰਤ ਦੀ ਕਾਰਪੋਰੇਟ ਪੂੰਜੀ ਦੇ ਝੰਡਾ-ਬਰਦਾਰਾਂ ਨੇ ਇਸ਼ਾਰਾ ਕਰ ਦਿੱਤਾ ਹੈ ਕਿ ਸਾਡੀ ਅਗਲੀ ਪਸੰਦ ਭਾਰਤੀ ਜਨਤਾ ਪਾਰਟੀ ਹੈ ਤਾਂ ਕਾਂਗਰਸ ਵਿਚ ਬੈਠੇ ਫਿਰਕੂ ਰੰਗ ਵਿਚ ਰੰਗੇ ਹੋਏ ਹੀ ਨਹੀਂ, ਉਨ੍ਹਾਂ ਨਾਲ ਨੇੜਤਾ ਵਾਲੇ ਵੀ ਓਧਰ ਨੱਠ ਤੁਰੇ ਹਨ। ਇਸ ਬੇਸ਼ਰਮ ਵਰਤਾਰੇ ਦੀ ਲਾਈਨ ਏਨੀ ਲੰਮੀ ਹੈ ਕਿ ਗਿਣਤੀ ਪੂਰੀ ਹੋਣ ਤੋਂ ਪਹਿਲਾਂ ਹਰ ਵਾਰੀ ਹੋਰ ਲੰਮੀ ਹੋ ਜਾਂਦੀ ਹੈ। ਹਰਿਆਣੇ ਵਿਚ ਪਾਰਲੀਮੈਂਟ ਦੀਆਂ ਦਸ ਸੀਟਾਂ ਵਿਚੋਂ ਭਾਜਪਾ ਨੇ ਚਾਰ ਸੀਟਾਂ ਉਨ੍ਹਾਂ ਨੂੰ ਦੇ ਦਿੱਤੀਆਂ, ਜਿਹੜੇ ਇੱਕ ਮਹੀਨਾ ਪਹਿਲਾ ਤੱਕ ਕਾਂਗਰਸੀ ਆਗੂ ਸਨ, ਇੱਕ ਤਾਂ ਇੱਕ ਹਫਤਾ ਪਹਿਲਾਂ ਕਾਂਗਰਸ ਦਾ ਮੰਤਰੀ ਸੀ। ਇਹ ਸਾਰੇ ਉਹ ਹਨ, ਜਿਨ੍ਹਾਂ ਉਤੇ ਕਈ ਚਿਰਾਂ ਤੋਂ ਦੋਸ਼ ਲੱਗ ਰਿਹਾ ਸੀ ਕਿ ਇਹ ਕਾਂਗਰਸ ਪਾਰਟੀ ਵਿਚ ਡੈਪੂਟੇਸ਼ਨ ਉਤੇ ਆਏ ਹੋਏ ਹਨ, ਅੰਦਰੋਂ ਭਾਰਤੀ ਜਨਤਾ ਪਾਰਟੀ ਦਾ ਉਹ ਕੇਡਰ ਹਨ, ਜਿਹੜੇ ਬਚਪਨ ਤੋਂ ਉਸ ਨਾਲ ਜੁੜੇ ਰਹੇ ਹਨ। ਦੇਸ਼ ਦੇ ਇੱਕ ਸਾਬਕਾ ਰਾਸ਼ਟਰਪਤੀ ਦਾ ਪੁੱਤਰ, ਜਿਸ ਦਾ ਅੱਗੋਂ ਆਪਣਾ ਪੁੱਤਰ ਕਤਲ ਦੇ ਕੇਸ ਵਿਚ ਕੈਦ ਕੱਟ ਰਿਹਾ ਹੈ, ਵੀ ਇਸ ਗੱਡੀ ਵਿਚ ਸਵਾਰ ਹੋ ਗਿਆ ਸੀ, ਪਰ ਉਸ ਤੋਂ ਪਹਿਲਾਂ ਉਥੇ ਪਹੁੰਚ ਗਏ ਕਾਂਗਰਸੀਆਂ ਨੇ ਉਸ ਦੇ ਅੱਗੇ ਕੰਡੇ ਖਿਲਾਰ ਦਿੱਤੇ ਹਨ।

ਦੂਸਰੀ ਮਿਸਾਲ ਉਤਰਾਖੰਡ ਦੇ ਕਾਂਗਰਸੀ ਐਮ ਪੀ ਸੱਤਪਾਲ ਮਹਾਰਾਜ ਦੀ ਹੈ। ਪੰਜਾਬ ਦੇ ਨੂਰਮਹਿਲ ਵਿਚ ਦਿਵਿਆ ਜਯੋਤੀ ਜਾਗਰਤੀ ਸੰਸਥਾਨ ਬਣਾਉਣ ਵਾਲਾ ਬਾਬਾ ਆਸ਼ੂਤੋਸ਼ ਪਹਿਲਾਂ ਇਸੇ ਸੱਤਪਾਲ ਮਹਾਰਾਜ ਦਾ ਚੇਲਾ ਹੁੰਦਾ ਸੀ ਤੇ ‘ਦਿਵਿਆ ਜਯੋਤੀ’ ਸ਼ਬਦ ਉਸ ਨੇ ਸੱਤਪਾਲ ਮਹਾਰਾਜ ਦੇ ‘ਦਿਵਿਆ ਲਾਈਟ ਮਿਸ਼ਨ’ ਅਤੇ ‘ਦਿਵਿਆ ਸੰਦੇਸ਼ ਪ੍ਰੀਸ਼ਦ’ ਤੋਂ ਲਿਆ ਸੀ। ਸੱਤਪਾਲ ਮਹਾਰਾਜ ਵਿਦੇਸ਼ ਵਿਚ ਦਿਵਿਆ ਲਾਈਟ ਮਿਸ਼ਨ ਚਲਾਉਂਦੇ ਆਪਣੇ ਸਕੇ ਭਰਾ ਪ੍ਰੇਮ ਰਾਵਤ ਤੇ ਤੀਸਰੇ ਭਰਾ ਭੋਲੇ ਜੀ ਮਹਾਰਾਜ ਨਾਲ ਝਗੜੇ ਵਿਚ ਮਦਦ ਲੈਣ ਲਈ ਰਾਜਨੀਤੀ ਦੀਆਂ ਵੱਡੀਆਂ ਬੇੜੀਆਂ ਵਿਚ ਅਦਲ-ਬਦਲ ਕਰ ਕੇ ਸਵਾਰ ਹੋਣ ਦਾ ਸ਼ੌਕੀਨ ਹੈ। ਹੁਣ ਉਹ ਭਾਜਪਾ ਵਿਚ ਆਣ ਕੇ ਭਾਰਤੀਅਤਾ ਨੂੰ ਹਿੰਦੂਤਵ ਦੇ ਰੰਗ ਦੀ ਚਾਸ਼ਨੀ ਚਾੜ੍ਹਨ ਲਈ ਇਸ ਤਰ੍ਹਾਂ ਬੋਲ ਰਿਹਾ ਹੈ, ਜਿਵੇਂ ਸੰਸਾਰ ਉਤੇ ਇਸੇ ਮਕਸਦ ਲਈ ਆਇਆ ਹੋਵੇ। ਇੱਕ-ਦੋ ਹੋਰ ਕਾਂਗਰਸੀ ਸਾਧ ਵੀ ਅਗਲੇ ਦਿਨੀਂ ਏਧਰ ਆਉਣ ਵਾਲੇ ਹਨ।

ਕਾਂਗਰਸ ਪਾਰਟੀ ਆਖਦੀ ਹੈ ਕਿ ਇਹ ਬੁੱਕਲ ਦੇ ਸੱਪ ਸਨ। ਜਦੋਂ ਲੋਕ ਇਹੋ ਆਖਦੇ ਸਨ ਕਿ ਇਹ ਧਰਮ-ਨਿਰਪੱਖਤਾ ਦਾ ਚੋਲਾ ਪਾ ਕੇ ਨਹਿਰੂ-ਗਾਂਧੀ-ਪਟੇਲ ਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਦੀ ਕਾਂਗਰਸ ਨੂੰ ਫਿਰਕੂਪੁਣੇ ਦੀ ਲੀਹੇ ਪਾਈ ਜਾਂਦੇ ਸਨ, ਉਦੋਂ ਕਾਂਗਰਸ ਲੀਡਰਸ਼ਿਪ ਨੇ ਇਹ ਗੱਲ ਕਦੀ ਨਹੀਂ ਸੀ ਮੰਨੀ। ਜਿਵੇਂ ਉਦੋਂ ਕਾਂਗਰਸ ਦੇ ਆਗੂਆਂ ਦੇ ਸਿਰ ਰਾਜ ਦਾ ਨਸ਼ਾ ਸਵਾਰ ਸੀ, ਅੱਜ ਇਹੋ ਨਸ਼ਾ ਉਨ੍ਹਾਂ ਦੇ ਵਿਰੋਧੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਸਿਰ ਸਵਾਰ ਹੈ, ਪਰ ਇੱਕ ਫਰਕ ਹੈ। ਉਹ ਸਿਰਫ ਸੱਤਾ ਦਾ ਸੁਖ ਮਾਨਣਾ ਅਤੇ ਮਾਇਆ ਦੇ ਢੇਰ ਲਾਉਣ ਲਈ ਅੱਗੇ ਆਉਣਾ ਚਾਹੁੰਦੇ ਸਨ, ਜਦ ਕਿ ਹੁਣ ਅੱਗੇ ਆਉਣ ਨੂੰ ਫਾਵੀ ਹੋਈ ਧਿਰ ਅਯੁੱਧਿਆ ਵਿਚ ਦਿੱਤੇ ਗਏ ‘ਯੇ ਤੋ ਏਕ ਝਾਕੀ ਹੈ, ਕਾਸ਼ੀ-ਮਥਰਾ ਬਾਕੀ ਹੈ’ ਵਾਲੀ ਸੋਚ ਦੇ ਨਾਅਰੇ ਨੂੰ ਸਿਰ ’ਚ ਲੈ ਕੇ ਚੱਲਦੀ ਹੋ ਸਕਦੀ ਹੈ।

ਜਦੋਂ ਭਾਰਤੀ ਜਨਤਾ ਪਾਰਟੀ ਇੱਕ ਇਹੋ ਜਿਹੇ ਆਗੂ ਦੇ ਹੱਥ ਕਮਾਨ ਸੌਂਪ ਚੁੱਕੀ ਹੈ, ਜਿਸ ਦੇ ਢੰਡੋਰਚੀ ਉਸ ਨੂੰ ‘ਹਰ ਹਰ ਮੋਦੀ’ ਕਹਿੰਦੇ ਹਨ, ਇਸ ਵਿਚ ਜਿਹੜੇ ਥੋੜ੍ਹੇ-ਬਹੁਤ ਸੋਚ ਦੀ ਨਰਮੀ ਰੱਖਣ ਵਾਲੇ ਲੀਡਰ ਹਨ, ਉਨ੍ਹਾਂ ਨੂੰ ਪਾਸੇ ਕੀਤਾ ਜਾ ਰਿਹਾ ਹੈ। ਰਾਜਸਥਾਨ ਵਿਚ ਜਸਵੰਤ ਸਿੰਘ ਇਸ ਵਰਤਾਰੇ ਦੀ ਮਿਸਾਲ ਹੈ। ਉਸ ਦੀ ਥਾਂ ਲਿਆਂਦਾ ਗਿਆ ਕਰਨਲ ਸੋਨਾ ਰਾਮ ਨਾ ਤਾਂ ਜਗਦੰਬਿਕਾ ਪਾਲ ਵਾਂਗ ਪੁਰਾਣਾ ਕਾਰ-ਸੇਵਕ ਹੈ, ਨਾ ਭਾਜਪਾ ਦੀ ਰਾਜਸੀ ਸੋਚ ਦੇ ਨਾਲ ਬੱਝ ਕੇ ਚੱਲ ਸਕਣ ਵਾਲਾ, ਸਿਰਫ ਇਸ ਲਈ ਲਿਆਂਦਾ ਹੈ ਕਿ ਭਾਜਪਾ ਵਿਚਲੇ ਨਰਮ-ਪੰਥੀ ਜਸਵੰਤ ਸਿੰਘ ਨੂੰ ਕੱਢਣ ਲਈ ਉਸ ਵਰਗੇ ਧੜੱਲੇਦਾਰ ਦੀ ਲੋੜ ਸੀ। ਭਾਜਪਾ ਵਰਕਰਾਂ ਦੀ ਇਹ ਦੁਬਿਧਾ ਹੈ ਕਿ ਜਿਹੜੇ ਸੋਨਾ ਰਾਮ ਨੂੰ ਹਰਾਉਣ ਲਈ ਹੁਣ ਤੱਕ ਜ਼ੋਰ ਲਾਉਂਦੇ ਰਹੇ ਸਨ, ਹੁਣ ਪਾਰਟੀ ਉਨ੍ਹਾਂ ਨੂੰ ਉਸੇ ਦੀ ਜਿੱਤ ਲਈ ਲੱਕ ਬੰਨ੍ਹਣ ਨੂੰ ਕਹਿ ਰਹੀ ਹੈ ਤਾਂ ਉਨ੍ਹਾਂ ਨੂੰ ਆਮ ਲੋਕਾਂ ਸਾਹਮਣੇ ਜਾਣ ਲਈ ਕੋਈ ਦਲੀਲ ਨਹੀਂ ਲੱਭ ਰਹੀ।

ਸੁਬਰਾਮਨੀਅਮ ਸਵਾਮੀ ਬੜਬੋਲਾ ਬੰਦਾ ਹੈ। ਇਸ ਵਰਤਾਰੇ ਦੌਰਾਨ ਉਸ ਨੇ ਟਵਿੱਟਰ ਉਤੇ ਦਰਜ ਕੀਤਾ ਹੈ ਕਿ ਮੋਦੀ ਦੀ ਲਹਿਰ ਵਿਚ ਕੂੜਾ-ਕਚਰਾ ਵੀ ਰੁੜ੍ਹ ਕੇ ਭਾਜਪਾ ਵਿਚ ਆ ਰਿਹਾ ਹੈ। ਚੋਣਾਂ ਵੇਲੇ ਜਿਹੜੇ ਲੋਕਾਂ ਨੂੰ ਉਸ ਪਾਰਟੀ ਨੇ ਇਸ ਤਰ੍ਹਾਂ ਆਪਣੇ ਗਲ਼ ਨਾਲ ਲਾਇਆ ਹੈ, ਜਿਹੜੀ ਹੁਣ ਤੱਕ ਚਾਲ, ਚਰਿਤਰ ਤੇ ਚੇਹਰੇ ਵਾਲੀ ਪਾਰਟੀ ਹੋਣ ਦੇ ਦਾਅਵੇ ਕਰਦੀ ਸੀ ਤਾਂ ਇਸ ਬਾਰੇ ਸੁਬਰਾਮਨੀਅਮ ਸਵਾਮੀ ਦੀ ਟਿੱਪਣੀ ਕਈਆਂ ਨੂੰ ਢੁਕਵੀਂ ਲੱਗੇਗੀ। ਉਨ੍ਹਾਂ ਦੇ ਏਦਾਂ ਸੋਚਣ ਵਿਚ ਕੁਝ ਗਲਤ ਨਹੀਂ ਹੋਵੇਗਾ। ਅਸੀਂ ਇਸ ਦੀ ਬਜਾਏ ਇਹ ਸੋਚਣਾ ਚਾਹਾਂਗੇ ਕਿ ਜੇ ਸਿਧਾਂਤਾਂ ਦੇ ਦਾਅਵੇ ਕਰਦੀ ਪਾਰਟੀ ਵਿਚ ਕੂੜਾ-ਕਚਰਾ ਆ ਜਾਣਾ ਹੈ ਅਤੇ ਫਿਰਕੂ ਧਾੜ ਨਾਲ ਮਿਲ ਕੇ ਮਸਜਿਦ ਢਾਹੁਣ ਵਾਲੇ ਕਾਰ-ਸੇਵਕ ਨੇ ਧਰਮ-ਨਿਰਪੱਖਤਾ ਦੇ ਤੰਬੂ ਤਾਣਨ ਵਾਲੀ ਕਾਂਗਰਸ ਦੇ ਕੁੱਛੜ ਚੜ੍ਹ ਕੇ ਵੀਹ ਸਾਲ ਮੌਜ ਮਾਣ ਲੈਣੀ ਹੈ ਤਾਂ ਕੀ ਇਸ ਨੂੰ ਵੀ ਅਸੀਂ ਲੋਕਤੰਤਰ ਮੰਨ ਲਈਏ? ਪੰਜਾਬੀ ਦਾ ਇੱਕ ਗੀਤ ‘ਦਿਲ ਤਾਂ ਪਤਾ ਨਹੀਂ ਤੇਰਾ ਕਿਹੋ ਜਿਹਾ ਹੋਣਾ, ਮੈਂ ਤਾਂ ਮੁੱਖੜਾ ਵੇਖ ਕੇ ਮਰ ਗਿਆ ਨੀਂ’ ਜਦੋਂ ਬਹੁਤ ਮਕਬੂਲ ਹੋਇਆ ਤਾਂ ਇਸ ਦੀ ਥਾਂ ਲੋਕਾਂ ਨੇ ਨਵਾਂ ਟੋਟਕਾ ‘ਪਿੰਡ ਤਾਂ ਪਤਾ ਨਹੀਂ ਤੇਰਾ ਕਿਹੋ ਜਿਹਾ ਹੋਣਾ, ਮੈਂ ਤਾਂ ਸੜਕਾਂ ਵੇਖ ਕੇ ਡਰ ਗਿਆ ਨੀਂ’ ਅਲਾਪਣਾ ਸ਼ੁਰੂ ਕਰ ਦਿੱਤਾ ਸੀ। ਇਸ ਨੂੰ ਸ਼ਾਇਦ ਪੈਰੋਡੀ ਕਿਹਾ ਜਾ ਸਕਦਾ ਹੈ। ਜੋ ਕੁਝ ਸਾਡੇ ਦੇਸ਼ ਵਿਚ ਇਸ ਚੋਣ ਮੌਕੇ ਹੁੰਦਾ ਵੇਖਿਆ ਜਾ ਰਿਹਾ ਹੈ, ਉਸ ਵਿਚ ਲੋਕਤੰਤਰ ਕਿੱਥੇ ਹੈ? ਇਹ ਤਾਂ ਲੋਕਤੰਤਰ ਦੀ ਪੈਰੋਡੀ ਜਿਹੀ ਜਾਪਦੀ ਹੈ। ਲੋਕਤੰਤਰ ਨਾਂ ਦਾ ਜਿਹੜਾ ਸੋਹਣਾ ਸੁਨੱਖਾ ਅਸੂਲਾਂ ਵਾਲਾ ਨੌਜਵਾਨ ਸੰਸਾਰ ਦੇ ਜਮਹੂਰੀਅਤ ਪਸੰਦਾਂ ਦੇ ਦਿਲਾਂ ਨੂੰ ਮੋਂਹਦਾ ਹੈ, ਭਾਰਤ ਦੇ ਲੋਕਤੰਤਰੀ ਅਖਾੜੇ ਵਿਚੋਂ ਉਹ ਲੋਕਤੰਤਰ ਗੁੰਮ ਹੈ, ਗੁੰਮ ਹੈ ਤੇ ਸੱਚਮੁੱਚ ਗੁੰਮ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ ’ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

Since 1990

# PCS SACRAMENTO

Non Profit

Presents

(USA)

25ਵਾਂ

ਸਿਲਵਰ ਜੁਬਲੀ ਸੈਲੀਬ੍ਰੇਸ਼ਨਜ਼

# ਵਿਸਾਖੀ ਮੇਲਾ

# Visakhi Mela







**Featuring : Songs, Gidha & Bhangra, Dances, Skits and Much More**

**Celebration On Saturday 19th April 2014 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

Spcl. Appearance

**Bhangra & Gidda**



ਸਹਿਯੋਗੀ ਜਥੇਬੰਦੀਆਂ : ਇੰਡੋ ਅਮੈਰੀਕਨ ਹੈਰੀਟੇਜ ਫੋਰਮ (ਫਰਿਜ਼ਨੋ), ਜੀ. ਐਚ. ਜੀ. ਅਤੇ ਸੰਗੀਤ ਅਕੈਡਮੀ (ਫਰਿਜ਼ਨੋ), ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ (ਯੂਬਾਸਿਟੀ), ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਸੈਂਟਰਲ ਵੈਲੀ (ਫਰਿਜ਼ਨੋ), ਡਾਇਮੰਡ ਕਲੱਬ ਸੈਕਰਾਮੈਂਟੋ, ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ, ਇੰਡਸ ਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰੀਕਾ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ), ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਆਰਗੇਨਾਈਜ਼ੇਸ਼ਨ ਯੂ.ਐਸ.ਏ. ਅਤੇ ਪੰਜਾਬੀ ਵਿਰਸਾ ਸੰਭਾਲ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੰਗਾ ਪੈਲੇਸ, ਇੰਡੀਆ ਹਾਊਸ ਆਫ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬੜਵਾਲ, ਪਿਆਰਾ ਸਿੰਘ ਪਰਹਾਰ, ਮਲਕੀਤ ਬੋਪਾਰਾਏ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿੱਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੈਂਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਮਨਜੀਤ ਸਿੰਘ, ਨਿਰਮਲ ਸਿੰਘ, ਗੁਰਦੀਪ ਢਿੱਲੋਂ, ਜਸਵਿੰਦਰ ਬੋਪਾਰਾਏ, ਜਸਵੀਰ ਬਾਂਦੀ (World Financial Group), ਜੇ.ਆਰ. ਸਿਧਰਾ ਅਮੈਰੀਕਨ ਟ੍ਰੈਵਲਜ਼, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਅਟਵਾਲ ਬ੍ਰਦਰਜ਼ (ਮਰਸਿੱਦ) ਅਤੇ ਕਿਰਨਜੀਤ ਢੱਡਾ।

## ਕੈਲੇਫੋਰਨੀਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

*For More Information Please Contact :* *Participation:* Rashpal Pharwala (916) 880-0531, *Stalls:* Tirath Sahota (916) 271-8382, Amrik Parhar (916) 502-0064, *Host by:* Jaswant S. Shad (209) 992-7185

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)

## Punjabi Pack $24.99



## Hindi Elite Pack $34.99

Daily Gurbani Kirtan From Harmandir Sahib

PROMOTIONAL PRICES START AT $19.99/mo FOR 12 MONTHS NOT ELIGIBLE FOR HOPPER.

# CHOOSE YOUR PACKAGE AND SAVE!

America's Top 120 — 190+ Channels $29.99/mo*

America's Top 200 — 240+ Channels $39.99/mo*

America's Top 250 — 290+ Channels $44.99/mo*

* Promotional prices for 12 months. Monthly DVR and receiver fees apply.



## FREE HOPPER UPGRADE

UNBEATABLE WHOLE-HOME HD DVR

- Watch all your live and recorded TV anywhere*
- Instantly skip commercials*
- Store up to 2,000 hours of your favorite shows
- Record up to 6 different shows at the same time*

*Feature must be enabled by customer.
Available with qualifying American packages. Monthly DVR and receiver fees apply

## ACT NOW AND ALSO GET:

**FREE** PREMIUM CHANNELS for 3 months

Offer subject to change based on premium channel availability.

**FREE** INSTALLATION in up to 6 rooms

**FREE** HD for 24 months
Available with qualifying American packages

All offers require 24-month commitment and credit qualification.

BUNDLE AND SAVE WITH DISH
Ask how you can save $10/mo.
WITH DISHNET HIGH-SPEED INTERNET

Serving the community since 1995. Call us to get the best entertainment in your house today !

Satellite Plus
We Install DISH All Over The US
1.877.593.1510

Fresno: 559.226.1510
Modesto: 559.591.1510
Bay Area: 408.260.1510
Bakersfield: 661.395.1510
Sacramento: 916.368.1510

dish AUTHORIZED RETAILER

Important Terms and Conditions: Promotional Offers: International programming requires additional $10/mo International Basic package or any America's Top package. All prices, fees ,charges, packages, programming, features, functionality and offers subject to change without notice. After 12-month promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.. Activation fee may apply. Additional Requirements: HD Free for 24 Months: Additional $10/mo HD fee waived for first 24 months Requires continuous enrollment in AutoPay with Paperless Billing. After promotional period, then-current everyday monthly price applies and is subject to change. Premium Channels: 3-month premium offer value is $165; after promotional period, then-current everyday monthly prices apply and are subject to change. Blockbuster @Home requires Internet to stream content. HD-only channels not available with select packages. Hopper Features: Auto Hop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 8/12/14. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

## 'ਪੰਜਾਬ ਟਾਈਮਜ਼ ਨਾਈਟ' ਸਨਿਚਰਵਾਰ 5 ਅਪਰੈਲ 2014


ਗਾਇਕ ਮੰਗਜੀਤ ਸਿੰਘ ਮੰਗਾ

ਇੰਡੀਆ ਹਾਊਸ, ਸ਼ਾਮਬਰਗ 1521 W. Schaumburg Rd., Schaumburg, IL 60194

ਸ਼ਾਮ 6 ਤੋਂ 7 ਵਜੇ:
ਸਨੈਕਸ

ਅਰੰਭ ਪ੍ਰੋਗਰਾਮ:
ਠੀਕ 7 ਵਜੇ

ਸੀਮਤ ਸੀਟਾਂ, ਆਪਣੀ ਸੀਟ ਪਹਿਲਾਂ ਹੀ ਰਿਜ਼ਰਵ ਕਰਵਾਓ

ਸੰਪਰਕ ਕਰੋ:
847-359-0746


ਗਾਇਕ ਹਰਪ੍ਰੀਤ ਧਾਮੀ



ਗਾਇਕ ਤਰਸੇਮ ਅਟਵਾਲ

### ਗਰੈਂਡ ਸਪਾਂਸਰ


ਅਮਰਜੀਤ ਸਿੰਘ ਢੀਂਡਸਾ



ਹਰਜਿੰਦਰ ਸਿੰਘ ਸੰਧੂ


ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਹੁੰਦਲ


ਮੇਜਰ ਗੁਰਚਰਨ ਸਿੰਘ ਝੱਜ


ਡਾ. ਹਰਜਿੰਦਰ ਸਿੰਘ ਖਹਿਰਾ


ਨਿੱਕ ਗਾਖਲ

### ਵਿਸ਼ੇਸ਼ ਮਹਿਮਾਨ


ਰਘਬੀਰ ਸਿੰਘ ਘੁੰਨ

### ਸਪਾਂਸਰ

**(ਕੈਲੀਫੋਰਨੀਆ):** ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ), ਹਰਜਿੰਦਰ ਸਿੰਘ ਪੰਧੇਰ, ਸੁਰਿੰਦਰ ਸਿੰਘ ਮੰਡਾਲੀ, ਹਰਜਿੰਦਰ ਢੇਸੀ, ਦਲਜੀਤ ਸਿੰਘ ਰਿਆੜ, ਹਰਜਿੰਦਰ ਸਿੰਘ ਹੈਪੀ, ਹਰਵਿੰਦਰ ਸਿੰਘ ਬਿੱਲਾ, ਐਸ ਪੀ ਸਿੰਘ, ਪਲਵਿੰਦਰ ਸਿੰਘ ਗੁਰਾਇਆ, ਸਰਬਜੋਤ ਸਿੰਘ ਸਵੱਦੀ; **(ਸ਼ਿਕਾਗੋ):** ਸਵਰਨ ਸਿੰਘ ਸੇਖੋਂ, ਦਰਸ਼ਨ ਸਿੰਘ, ਅੰਮ੍ਰਿਤਪਾਲ ਸਿੰਘ ਸੰਘਾ, ਜਗਜੀਤ ਸਿੰਘ ਢੀਂਡਸਾ, ਭੁਪਿੰਦਰ (ਭਿੰਦਾ) ਸਿੰਘ ਢਿੱਲੋਂ, ਰੋਨੀ ਕੁਲਾਰ, ਸੰਨੀ ਕੁਲਾਰ, ਸਤਿੰਦਰ ਸਿੰਘ ਸੁਸਾਣਾ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਬਲਵਿੰਦਰ ਸਿੰਘ ਗਿਰਨ, ਠਾਕਰ ਸਿੰਘ ਬਸਾਤੀ, ਜਗਮੀਤ ਸਿੰਘ, ਕਿਰਪਾਲ ਸਿੰਘ ਰੰਧਾਵਾ, ਜਸਵਿੰਦਰ ਜੱਸੀ, ਜਿੰਦਰ ਸਿੰਘ ਬੈਨੀਪਾਲ, ਰਛਪਾਲ ਖੰਗੂੜਾ, ਹਰਦੀਪ ਗਿੱਲ, ਸੰਤੋਖ ਸਿੰਘ ਡੀ ਸੀ, ਲੱਕੀ ਸਹੋਤਾ, ਅਜਮੇਰ ਸਿੰਘ ਪੰਨੂੰ, ਜਸਕਰਨ ਧਾਲੀਵਾਲ, ਚਰਨਜੀਤ (ਬਿੱਲਾ ਚਾਹ ਵਾਲਾ), ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਸਤਨਾਮ ਸਿੰਘ ਔਲਖ, ਦਰਸ਼ਨ ਸਿੰਘ ਪੰਮਾ, ਹਰਵਿੰਦਰ ਸਿੰਘ ਕੰਗ, ਗੁਰ ਸਿੰਘ ਸਰਕਾਰੀਆ, ਮੱਤ ਸਿੰਘ ਢਿੱਲੋਂ, ਅਮੋਲਕ ਸਿੰਘ ਗਿੱਧਾ; **(ਇੰਡੀਆਨਾ):** ਬਲਦੇਵ ਸਿੰਘ ਸੱਲਾਂ, ਕਮਲਜੀਤ ਵਿਰਕ, ਤੀਰਥ ਅਟਵਾਲ, ਪ੍ਰਿਥਪਾਲ ਸਿੰਘ ਘੋਤੜਾ, ਜਸਪਾਲ ਸਿੰਘ ਬਿੱਟੂ, ਮਨਜਿੰਦਰ ਸਿੰਘ ਸੰਧੂ, ਮਨਜੀਤ ਨਾਗਰਾ; **(ਮਿਸ਼ੀਗਨ):** ਸੁਰਿੰਦਰ ਸਿੰਘ ਕੰਗ, ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ, ਗੁਰਜਿੰਦਰ ਸਿੰਘ ਡਿੰਪਲ; **(ਮਿਲਵਾਕੀ):** ਕੁਲਵਿੰਦਰ ਧਾਲੀਵਾਲ, ਬਿਕਰਮਜੀਤ ਸਿੰਘ ਸੇਖੋਂ।

**ਸਹਿਯੋਗੀ ਸੰਸਥਾਵਾਂ:** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ, ਬੇਏਰੀਆ ਸਪੋਰਟਸ ਕਲੱਬ-ਕੈਲੀਫੋਰਨੀਆ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ, ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ, ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਯੂਬਾ ਸਿਟੀ; ਗੋਲਡਨ ਪੰਜਾਬ ਕਲੱਬ-ਕੈਲੀਫੋਰਨੀਆ, ਸੇਵਾ ਸਿਮਰਨ ਸੁਸਾਇਟੀ-ਯੂਬਾ ਸਿਟੀ, ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਅਨਐਪੋਲਿਸ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਡੇਅਟਨ (ਓਹਾਇਓ), ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ)।

**ਮੀਡੀਆ ਸਹਿਯੋਗੀ:** ਪੰਜਾਬੀ ਲੇਖਕ ਡਾਟ ਕਾਮ, ਰੇਡੀਓ ਚੰਨ ਪਰਦੇਸੀ, ਸਿੱਖ ਟੀ ਵੀ, ਰੇਡੀਓ ਦੇਸੀ ਜੰਕਸ਼ਨ, ਰੇਡੀਓ ਚੜ੍ਹਦੀ ਕਲਾ, ਪੰਜਾਬੀ ਰੇਡੀਓ ਯੂ ਐਸ ਏ।

### ਸਾਡੇ ਕਾਲਮਨਵੀਸ


ਗੁਰਬਚਨ ਭੁੱਲਰ


ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਬਲਜੀਤ ਬਾਸੀ


ਜਤਿੰਦਰ ਪਨੂੰ


ਦਲਜੀਤ ਅਮੀ


ਜਤਿੰਦਰ ਮੌਹਰ


ਮੇਜਰ ਕੁਲਾਰ



ਇਕਬਾਲ ਜੱਬੋਵਾਲ

**ਪੰਜਾਬ ਟਾਈਮਜ਼**

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

*e-mail: punjabtimes1@sbcglobal.net, website: www.punjabtimesusa.com*

# ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿੱਲੋਂ | ਪ੍ਰੋ ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ




ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ



ਮਨਦੀਪ ਸਿੰਘ ਭੂਰਾ | ਜਗਦੀਸ਼ਰ ਸਿੰਘ ਕਲੇਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਥਿਆੜਾ | ਅਯੁਧਿਆ ਸਲਵਾਨ

## ਵਿਸ਼ੇਸ਼ ਸਹਿਯੋਗੀ



ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਇੰਦਰਮੋਹਨ ਸਿੰਘ ਛਾਬੜਾ | ਸੁਰਿੰਦਰ ਸਿੰਘ ਭਾਟੀਆ

## ਮੁੱਖ ਸਪਾਂਸਰ



ਇਕਬਾਲ ਸਿੰਘ ਗਾਖਲ | ਪਲਵਿੰਦਰ ਸਿੰਘ ਗਾਖਲ | ਪਰਸ਼ਨ ਸਿੰਘ ਮਾਨ | ਜਗਮੀਤ ਸਿੰਘ (ਰੀਮੈਕਸ) | ਸੁਰਜੀਤ ਸਿੰਘ ਮਾਵੀ | ਅਵਤਾਰ ਸਿੰਘ ਸਪਰਿੰਗਫੀਲਡ | ਹਰਿੰਦਰ ਵਾਲੀਆ | ਗੁਰਦੇਵ ਸਿੰਘ ਜੌੜਾ | ਅਮਰਜੀਤ ਸਿੰਘ ਸੰਧਰ | ਕਰਨ ਗਿੱਲ | ਬਲਕਾਰ ਸਿੰਘ ਢਿੱਲੋਂ



ਅਮਰੀਕ ਸਿੰਘ ਅਮਰ ਕਾਰਪੈਟਸ | ਬਲਵਿੰਦਰ ਸਿੰਘ ਗਿਰਨ | ਬੇਅੰਤ ਸਿੰਘ ਬੋਪਾਰਾਏ | ਦਲਬਾਰਾ ਸਿੰਘ ਮਾਂਗਟ | ਲਾਲੀ ਧਾਲੀਵਾਲ | ਕੁਲਵਿੰਦਰ ਸਿੰਘ ਗਿੱਲ | ਹਰਪ੍ਰੀਤ ਸਿੰਘ | ਪਰਮਿੰਦਰ ਵਾਲੀਆ | ਨਰਿੰਦਰ ਸਿੰਘ ਮੁੰਦਰ | ਹਰਪਾਲ ਸਿੰਘ ਟਾਂਡਾ | ਮੱਖਣ ਸਿੰਘ ਬੈਂਸ | ਬਿਕਰਮ ਸਿੱਧੂ | ਰਾਜਬੀਰ ਸਿੰਘ ਬੋਪਾਰਾਏ



ਨੀਲਮ ਸੈਣੀ | ਬਲਜੀਤ ਜੰਮੂ | ਪ੍ਰੀਤਮ ਸਿੰਘ ਗਰੇਵਾਲ | ਗੁਰਦਾਵਰ ਸਿੰਘ ਮਹੇੜੂ | ਗੁਰਚਰਨ ਸਿੰਘ ਮਾਨ | ਰਛਪਾਲ ਸਿੰਘ ਫਰਵਾਲਾ | ਪ੍ਰੋ. ਹਰਪਾਲ ਸਿੰਘ | ਚਰਨ ਸਿੰਘ ਜੱਜ | ਗਿਆਨ ਸਿੰਘ ਬਿਲਗਾ | ਕਸ਼ਮੀਰ ਸਿੰਘ ਕਾਂਗਣਾ | ਦਲਵੀਰ ਸਿੰਘ ਗਿੱਲ | ਜਸਵਿੰਦਰ ਸੰਧੂ



ਗੁਰਬਚਨ ਸਿੰਘ ਪੱਪੂ | ਬਹਾਦੁਰ ਸਿੰਘ ਸੇਲਮ | ਹਰਮੇਲ ਸਿੰਘ ਥਿਆੜਾ | ਸਤਵੰਤ ਸਿੰਘ ਨਿੱਜਰ | ਲਾਲੀ ਸਿੱਧੂ | ਗੁਰਬਖਸ਼ ਰਾਹੀ | ਡਾ. ਸਰਬਜੀਤ ਸਿੰਘ ਭੰਡਾਲ | ਗੁਰਮੇਲ ਸਿੰਘ ਕੰਗ | ਕਿਰਪਾਲ ਸਿੰਘ ਰੰਧਾਵਾ | ਅਮਰਦੇਵ ਸਿੰਘ ਬੰਦੇਸ਼ਾ | ਦੀਪਾ ਬੰਦੇਸ਼ਾ | ਜੱਸੀ ਪਰਮਾਰ

*ਵੀਡੀਓ ਅਤੇ ਫੋਟੋਗ੍ਰਾਫੀ: ਸਿਆਨ ਵੀਡੀਓ (ਫੋਨ: 734-261-0936)*

# ਜੰਗਨਾਮਾ ਅਤੇ ਸ਼ਾਹ ਮੁਹੰਮਦ ਦੀ ਸਾਹਿਤਕ ਸਰਦਾਰੀ

ਡਾ. ਗੁਰਨਾਇਬ ਸਿੰਘ
ਫੋਨ: 91-98880-71992

ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਸ਼ਾਹ ਮੁਹੰਮਦ ਦੀ ਉੱਤਮ ਸਾਹਿਤਕ ਕ੍ਰਿਤ ਹੈ। ਇਸ ਦੀ ਉੱਤਮਤਾ ਇਸ ਤੱਥ ਤੋਂ ਸਿੱਧ ਹੁੰਦੀ ਹੈ ਕਿ 105 ਬੈਂਤਾਂ ਵਿਚ ਰਚੀ ਇਸ ਕ੍ਰਿਤ ਨਾਲ ਹੀ ਸ਼ਾਹ ਮੁਹੰਮਦ ਦਾ ਨਾਂ ਪੰਜਾਬੀ ਸਾਹਿਤ ਅੰਦਰ ਸਥਾਪਿਤ ਹੋ ਗਿਆ। ਇਸ ਦੀ ਵਡਿਆਈ ਇਹ ਵੀ ਹੈ ਕਿ ਇਹ ਭਾਰਤ ਨੂੰ ਪੂਰਨ ਰੂਪ ਵਿਚ ਆਪਣੇ ਸਾਮਰਾਜ ਦਾ ਭਾਗ ਬਣਾਉਣ ਲਈ ਅੰਗਰੇਜ਼ਾਂ ਵੱਲੋਂ ਲੜੀ ਆਖ਼ਰੀ ਤੋਂ ਪਹਿਲੀ ਜੰਗ ਦੇ ਇਤਿਹਾਸ ਦਾ ਸਰੋਤ ਮੂਲਕ ਦਸਤਾਵੇਜ਼ ਵੀ ਹੈ। ਇਸ ਜੰਗ ਨਾਲ ਬਰਤਾਨਵੀ ਸਾਮਰਾਜ ਨੇ ਭਾਰਤ ਨੂੰ ਤਕਰੀਬਨ ਮੁਕੰਮਲ ਰੂਪ ਵਿਚ ਆਪਣੇ ਅਧਿਕਾਰ ਅਧੀਨ ਲੈ ਲਿਆ ਸੀ।

ਸਿੱਖ ਧਰਮ ਦੇ ਉਦੈ ਨਾਲ ਪੰਜਾਬ ਇੱਕ ਵਾਰ ਫਿਰ ਭਾਰਤ ਤੋਂ ਸੁਤੰਤਰ ਨਿਵੇਕਲੀ ਹਸਤੀ ਦੇ ਰੂਪ ਵਿਚ ਉੱਭਰਨਾ ਸ਼ੁਰੂ ਹੁੰਦਾ ਹੈ। ਸਿੱਖਾਂ ਦੇ ਰਾਜਨੀਤਕ ਧਿਰ ਵਜੋਂ ਸਥਾਪਿਤ ਹੋਣ ਨਾਲ ਪੰਜਾਬ ਸੁਤੰਤਰ ਰਾਜ ਦਾ ਰੂਪ ਧਾਰਨ ਕਰ ਜਾਂਦਾ ਹੈ। ਸਿੱਖ ਮਿਸਲਾਂ ਅਤੇ ਖ਼ਾਸ ਕਰ ਕੇ ਰਣਜੀਤ ਸਿੰਘ ਇਸ ਦੀ ਭੂਗੋਲਿਕ ਹੋਂਦ ਨੂੰ ਰਾਜਨੀਤਕ ਅਰਥ ਪ੍ਰਦਾਨ ਕਰਵਾਉਂਦੇ ਹਨ ਜਿਸ ਦਾ ਊਰਜਾ ਸਰੋਤ ਗੁਰੂ ਗ੍ਰੰਥ ਸਾਹਿਬ ਅੰਦਰੋਂ ਫੁੱਟਦਾ ਹੈ। ਇਸ ਦਾ ਰਾਜਨੀਤਕ ਰੂਪ ਖ਼ਾਲਸਾ ਪੰਥ ਸੀ। ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਨਾਇਕ ਵੀ ਇਹੋ ਪੰਥ ਹੈ। ਇਸ ਬਾਰੇ ਉਹ ਲਿਖਦਾ ਹੈ:


*ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,*
*ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।*

ਇਹ ਪੰਥ ਪੰਜਾਬ ਨੂੰ ਸੁਤੰਤਰ ਹਸਤੀ ਬਖ਼ਸ਼ਦਾ ਹੈ, ਤਾਂ ਹੀ ਇਹ ਜੰਗ ਹਿੰਦ ਅਤੇ ਪੰਜਾਬ ਦਰਮਿਆਨ ਹੋਈ ਮੰਨੀ ਜਾਂਦੀ ਹੈ:

*ਜੰਗ ਹਿੰਦ ਪੰਜਾਬ ਦਾ ਹੋਣ ਲੱਗਾ*
*ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।*

ਪੰਜਾਬ ਉੱਤੇ ਕਾਬਜ਼ ਸਿੱਖ ਸਰਦਾਰਾਂ ਨੂੰ ਆਪਣੇ ਵਰਗੀ ਹਿੱਤਾਂ ਕਾਰਨ ਪੰਜਾਬ ਦੀ ਖ਼ਾਲਸਈ ਪਛਾਣ ਦੀ ਚੜ੍ਹਤ ਸੂਤ ਨਹੀਂ ਸੀ ਬੈਠਦੀ। ਇਸ ਕਰ ਕੇ ਉਹ ਇਸ ਪਛਾਣ ਦੀ ਨੀਂਹ ਖ਼ਾਲਸਾ ਫ਼ੌਜ ਨੂੰ ਛਲ, ਕਪਟ ਤੇ ਸਾਜ਼ਿਸ਼ ਨਾਲ ਖੋਰਨ ਲਈ ਬਰਤਾਨਵੀ ਸਾਮਰਾਜ ਨਾਲ ਗੁਪਤ ਸੰਧੀ ਕਰਦੇ ਹਨ। ਰਾਣੀ ਜਿੰਦਾਂ ਜਾਂ ਹੋਰ ਸਰਦਾਰਾਂ ਦਾ ਖ਼ਾਲਸਾ ਫ਼ੌਜ ਤੋਂ ਪ੍ਰੇਸ਼ਾਨ ਰਹਿਣਾ ਵੀ ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਸਵੈ-ਵਿਰੋਧ ਦਾ ਕਾਰਨ ਵੀ ਇਹੋ ਵਰਗ ਚੇਤਨਾ ਹੈ। ਉਹ ਇੱਕ ਪਾਸੇ ਤਾਂ ਖ਼ਾਲਸੇ ਦੇ ਗੌਰਵ ਨੂੰ ਚਿਤਰਦਾ ਹੈ, ਤੇ ਦੂਜੇ ਪਾਸੇ ਇਨ੍ਹਾਂ ਨੂੰ 'ਬੂਰਛੇ' ਜਾਂ 'ਭੂਤ ਮੰਡਲੀ' ਤਕ ਆਖ ਜਾਂਦਾ ਹੈ। ਇਸ ਸਵੈ-ਵਿਰੋਧ ਦੀ ਜੜ੍ਹ ਸ਼ਾਹ ਮੁਹੰਮਦ ਦੇ ਵਰਗੀ ਪਿਛੋਕੜ ਵਿੱਚ ਹੈ।

ਸ਼ਾਹ ਮੁਹੰਮਦ ਦਾ ਪੁੱਤਰ ਸ਼ਾਹ ਮੁਹੰਮਦ ਬਖ਼ਸ਼ ਵੀ ਤੋਪਖਾਨੇ ਵਿਚ ਕਰਨੈਲ ਸੀ। ਉਸ ਦੇ ਕਈ ਸਬੰਧੀ ਵੀ ਉੱਚੇ ਅਹੁਦੇਦਾਰ ਤੇ ਜਾਗੀਰਾਂ ਦੇ ਮਾਲਕ ਸਨ। ਉਹ ਖ਼ਾਲਸਾ ਫ਼ੌਜ ਵਿਚ ਤੋਪਖਾਨੇ ਦੇ ਜਰਨੈਲੀ ਅਹੁਦਿਆਂ ਤਕ ਦੇ ਮਾਲਕ ਸਨ। ਭੈਰੋਵਾਲ ਪਿੰਡ ਉਨ੍ਹਾਂ ਨੂੰ ਜਾਗੀਰ ਵਿਚ ਮਿਲਿਆ ਹੋਇਆ ਸੀ, ਪਰ ਇਸ ਦੇ ਬਾਵਜੂਦ ਸ਼ਾਹ ਮੁਹੰਮਦ ਨੇ ਪੰਜਾਬ ਦੀ ਰੂਹ ਨੂੰ ਚਿਤਰਦਿਆਂ ਇਸ ਜੰਗਨਾਮੇ ਵਿਚ ਖ਼ਾਲਸੇ ਦੀ ਹਾਰ ਨੂੰ ਸਿੱਖ ਸਰਦਾਰਾਂ ਦੀ ਕਪਟੀ ਰਾਜਨੀਤੀ ਦੇ ਸਿੱਟੇ ਵਜੋਂ ਪੇਸ਼ ਕਰ ਕੇ ਬਰਤਾਨਵੀ ਸਾਮਰਾਜ ਦੀ ਜਿੱਤ ਨੂੰ ਸਿਫ਼ਰ ਕਰ ਦਿੱਤਾ ਹੈ। ਇਹ ਜਿੱਤ ਇਤਿਹਾਸਕ ਤੱਥ ਹੋਣ ਦੇ ਬਾਵਜੂਦ ਸਾਹਿਤਕ ਸੱਚ ਦਾ ਰੂਪ ਨਹੀਂ ਧਾਰ ਸਕੀ। ਸੰਪੂਰਨ ਜੰਗਨਾਮਾ ਪੰਜਾਬ ਦੀ ਹਾਰ ਨੂੰ ਜਿੱਤ ਵਿਚ ਤਬਦੀਲ ਕਰ ਦਿੰਦਾ ਹੈ। ਸ਼ਾਹ ਮੁਹੰਮਦ ਸਾਹਿਤਕਾਰ ਸੀ। ਇਸ ਲਈ ਉਸ ਦੀ ਸਾਹਿਤਕ ਪ੍ਰਤਿਭਾ ਉਸ ਦੇ ਵਰਗੀ-ਚਰਿੱਤਰ ਨੂੰ ਪਾੜ ਕੇ ਪੰਜਾਬ ਦੇ ਗੌਰਵ ਨੂੰ ਪੂਰੇ ਜਲੌਅ ਨਾਲ ਪੇਸ਼ ਕਰਨ ਵਿਚ ਕਾਮਯਾਬ ਹੁੰਦੀ ਹੈ। ਇਸ ਨਾਲ ਸ਼ਾਹ ਮੁਹੰਮਦ ਪੰਜਾਬ ਦੇ ਕੌਮੀ ਕਵੀ ਹੋਣ ਦਾ ਰੁਤਬਾ ਹਾਸਲ ਕਰ ਜਾਂਦਾ ਹੈ।




ਇਹ ਜੰਗਨਾਮਾ ਪੰਜਾਬ ਦੇ ਗੌਰਵ ਨੂੰ ਸਥਾਪਿਤ ਕਰਦਾ ਹੈ। ਇਸ ਕਰ ਕੇ ਇਹ ਰਚਨਾ ਪੰਜਾਬੀ ਪਾਠਕ ਦੇ ਦਿਲ-ਦਿਮਾਗ਼ ਅੰਦਰ ਵਸ ਗਈ ਹੈ। ਉਸ ਦੀ ਜ਼ੁਬਾਨ ਸੁਤੇ-ਸਿੱਧ ਹੀ ਸ਼ਾਹ ਮੁਹੰਮਦ ਦੇ ਬੈਂਤਾਂ ਦਾ ਅਲਾਪ ਕਰਨ ਲੱਗ ਪੈਂਦੀ ਹੈ। ਇਸ ਵਾਸਤੇ ਉਸ ਨੂੰ ਸੁਚੇਤ ਤਰੱਦਦ ਦੀ ਲੋੜ ਨਹੀਂ ਪੈਂਦੀ ਅਤੇ ਕਈ ਬੈਂਤ ਤਾਂ ਉਸ ਦੇ ਅਚੇਤ ਮਨ ਦਾ ਅੰਗ ਹੀ ਬਣ ਗਏ ਹਨ। ਜਿਵੇਂ:

*ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,*
*ਸਿਰ ਦੋਹਾਂ ਦੇ ਵੱਡੀ ਅਫ਼ਾਤ ਆਈ।*
*ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,*
*ਕੋਈ ਨਹੀਂ ਸੀ ਦੂਸਰੀ ਜਾਤ ਆਈ।*

---

*ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ,*
*ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।*
*ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ,*
*ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।*

---

*ਨੰਦਨ ਟਾਪੂਆਂ ਵਿਚ ਕੁਰਲਾਟ ਹੋਇਆ,*
*ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।*

---

*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,*
*ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।*

---

*ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,*
*ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।*
*ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,*
*ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।*

ਇਸ ਜੰਗਨਾਮੇ ਦੀ ਇਹ ਖ਼ੂਬੀ ਪਾਠਕ ਅੰਦਰ ਇਸ ਦੇ ਅਸਲ ਪਾਠ ਨੂੰ ਪੜ੍ਹਨ-ਸੁਣਨ ਦੀ ਰੀਝ ਨੂੰ ਜਿਉਂਦਾ ਰੱਖਦੀ ਹੈ। ਉਸ ਦੀ ਇਸ ਸੱਧਰ ਨੂੰ ਪੂਰਾ ਕਰਨ ਲਈ ਪੰਜਾਬੀ ਪ੍ਰਕਾਸ਼ਕ ਇਸ ਰਚਨਾ ਦੇ ਅਨੇਕਾਂ ਸੰਸਕਰਨ ਪ੍ਰਕਾਸ਼ਿਤ ਕਰ ਚੁੱਕੇ ਹਨ। ਇਨ੍ਹਾਂ ਸੰਸਕਰਨਾਂ ਦਾ ਕੁੱਲ ਅੰਕੜਾ ਪੰਜਾਬੀ ਜਗਤ ਅੰਦਰ ਫੈਲਾਈ ਜਾ ਰਹੀ ਪਾਠਕਾਂ ਦੀ ਘਾਟ ਹੋਣ ਵਾਲੀ ਧਾਰਨਾ ਨੂੰ ਵੀ ਰੱਦ ਕਰ ਦਿੰਦਾ ਹੈ।

ਸਾਹਿਤ ਦੀ ਰੂਪ ਦ੍ਰਿਸ਼ਟੀ ਤੋਂ ਇਹ ਰਚਨਾ ਵਾਰ ਨਹੀਂ ਅਤੇ ਨਾ ਹੀ ਇਹ ਕਿੱਸਾ ਹੈ। ਇਹ ਜੰਗਨਾਮਾ ਹੈ। ਇਸ ਰੂਪ ਦੀ ਟੇਕ, ਹਾਰੀ ਧਿਰ ਦੀ ਵੀਰਤਾ ਦੇ ਗੌਰਵ ਨੂੰ ਸਥਾਪਿਤ ਕਰਨਾ ਹੁੰਦੀ ਹੈ। ਇਸ ਰੂਪਗਤ ਖ਼ੂਬੀ ਸਦਕਾ ਇਸ ਦੀ ਪ੍ਰਧਾਨ ਸੁਰ ਹਾਰ ਨੂੰ ਜਿੱਤ ਦੇ ਰੂਪ ਵਿਚ ਹੀ ਪੇਸ਼ ਕਰਦੀ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਜੰਗਨਾਮਾ 1848-49 ਈਸਵੀ ਵਿਚ ਅੰਗਰੇਜ਼ਾਂ ਨਾਲ ਹੋਈ ਦੂਜੀ ਤੇ ਆਖ਼ਰੀ ਜੰਗ ਲਈ ਸਿੱਖੀ ਸਿਦਕ ਦਾ ਪ੍ਰੇਰਨਾ ਸਰੋਤ ਵੀ ਸੀ। ਗ਼ੌਰਤਲਬ ਹੈ ਕਿ ਵਿਸ਼ਵ ਸਾਹਿਤ ਅੰਦਰ ਜੰਗਨਾਮਾ ਪਰੰਪਰਾ ਦਾ ਆਧਾਰ ਸਰੋਤ ਕਰਬਲਾ ਦੇ ਯੁੱਧ ਨੂੰ ਮੰਨਿਆ ਗਿਆ ਹੈ।

ਸ਼ਾਹ ਮੁਹੰਮਦ ਦੇ ਜੰਗਨਾਮੇ ਨੂੰ ਅੱਲ੍ਹਾ ਦੇ ਪ੍ਰੇਮੀ ਹੋਣ ਦਾ ਦਾਅਵਾ ਕਰਨ ਵਾਲੇ ਸੱਜਣ ਕਾਫ਼ਰਾਂ ਦੀ ਵਾਰ ਆਖਦੇ ਹਨ। ਕਈ ਇਸ ਨੂੰ ਸਿੱਖ ਸਰਕਾਰ ਦੇ ਵਾਰਸਾਂ ਦੀ ਬਦਖੋਈ ਵਾਲੀ ਕਿਤਾਬ ਮੰਨਦੇ ਹਨ। ਵਰਗ ਦ੍ਰਿਸ਼ਟੀ ਤੋਂ ਸ਼ਾਹ ਮੁਹੰਮਦ ਜੇ ਚਾਹੁੰਦਾ ਤਾਂ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਾ ਆਨੰਦ ਮਾਣ ਸਕਦਾ ਸੀ ਪਰ ਕਵੀ ਹੋਣ ਨਾਤੇ ਉਸ ਨੇ ਗੁਰੂ ਸੁਹਜ-ਸ਼ਾਸਤਰ ਉੱਤੇ ਪਾਬੰਦ ਰਹਿੰਦਿਆਂ ਪੰਜਾਬੀਅਤ ਨਾਲ ਮੁਹੱਬਤ ਨੂੰ ਹੀ ਤਰਜੀਹ ਦਿੱਤੀ ਸੀ। ਇਹ ਤਰਜੀਹ ਉਸ ਦੀਆਂ ਜਗੀਰਾਂ ਖੋਹ ਲੈ ਗਈ, ਪਰ ਬਦਲੇ ਵਿਚ ਉਸ ਨੂੰ ਪੰਜਾਬੀ ਸਾਹਿਤ ਦੀ ਸਰਦਾਰੀ ਬਖ਼ਸ਼ ਗਈ।

ਵੇਲੇ ਦੇ ਹਾਕਮਾਂ ਦੀ ਨਜ਼ਰ ਵਿਚ ਇਸ ਜੰਗਨਾਮੇ ਸਮੇਤ ਸ਼ਾਹ ਮੁਹੰਮਦ ਇੱਕ 'ਸ਼ੱਕੀ' ਬੰਦਾ ਸੀ। ਅਵੇਸ਼ ਵਿਚ ਆਏ ਪੰਜਾਬੀ ਵਿਦਵਾਨ ਡਾ. ਸੁਤਿੰਦਰ ਸਿੰਘ ਨੂਰ ਇਸ ਰਚਨਾ ਨਾਲ ਪੰਜਾਬੀ ਸਾਹਿਤ ਦਾ ਆਧੁਨਿਕ ਕਾਲ ਆਰੰਭ ਹੋਇਆ ਮੰਨ ਲੈਣ ਦਾ ਮੱਤ ਵੀ ਪੇਸ਼ ਕਰਦੇ ਹੁੰਦੇ ਸਨ।

ਇਸ ਜੰਗਨਾਮੇ ਦੇ ਤਕਰੀਬਨ ਸੋਲ੍ਹਾਂ ਨਾਂ ਧਰੇ ਗਏ ਮਿਲਦੇ ਹਨ। ਇਹ ਨਾਂ ਸੰਪਾਦਕਾਂ, ਪ੍ਰਕਾਸ਼ਕਾਂ ਸਮੇਤ ਵੇਲੇ ਦੀ ਵਰਗ ਰਾਜਨੀਤੀ 'ਤੇ ਚਾਨਣਾ ਪਾਉਂਦੇ ਹਨ। ਮੂਲ ਰੂਪ ਵਿਚ ਇਹ ਰਚਨਾ ਉਰਦੂ ਵਿਚ ਲਿਖੀ ਗਈ ਹੋਵੇਗੀ, ਬਾਅਦ ਵਿਚ ਇਸ ਦਾ ਲਿਪੀਅੰਤਰ ਗੁਰਮੁਖੀ ਵਿਚ ਹੋਇਆ। ਇਸ ਦਾ ਰਚਨਾ ਕਾਲ ਸੰਨ 1846 ਦਾ ਮੱਧ ਮੰਨਿਆ ਗਿਆ ਹੈ। ਇਸ ਦਾ ਲਿਖਣ ਸਥਾਨ ਵਟਾਲਾ (ਬਟਾਲਾ) ਹੈ। ਇਸ ਕਾਰਨ ਸ਼ਾਹ ਮੁਹੰਮਦ ਦੇ ਪਿੰਡ ਬਾਰੇ ਭੁਲੇਖਾ ਪੈਦਾ ਹੋਇਆ ਸੀ। ਖੋਜ ਉਪਰੰਤ ਉਸ ਦਾ ਪਿੰਡ ਵਡਾਲਾ ਵੀਰਮ ਤਹਿਸੀਲ ਅੰਮ੍ਰਿਤਸਰ ਸਹੀ ਹੋਇਆ ਹੈ। ਪੰਜਾਬੀ ਸਾਹਿਤ ਦੇ ਖੋਜ ਵਿਦਵਾਨ ਮੌਲਾ ਬਖ਼ਸ਼ ਕੁਸ਼ਤਾ ਦਾ ਵੀ ਇਹੋ ਪਿੰਡ ਹੈ।

ਸ਼ਾਹ ਮੁਹੰਮਦ ਦਾ ਖਾਨਦਾਨ ਕੁਰੈਸ਼ੀ ਸੀ। ਸੱਸੀ ਵਾਲਾ ਹਾਸ਼ਮ ਸ਼ਾਹ ਵੀ ਕੁਰੈਸ਼ੀ ਸੀ। ਇਹ ਲੋਕ ਵਿੱਦਿਅਕ ਖੇਤਰ ਅੰਦਰ ਉੱਘੇ ਹਨ। ਸ਼ਾਹ ਮੁਹੰਮਦ ਦੇ ਜੰਗਨਾਮੇ ਰਾਹੀਂ ਪੰਜਾਬੀ ਸਾਹਿਤ ਅੰਦਰ ਪਹਿਲੀ ਵਾਰ ਕਈ ਅੰਗਰੇਜ਼ੀ ਸ਼ਬਦਾਂ ਜਿਵੇਂ ਕੌਂਸਲ, ਅਫ਼ਸਰ, ਕੰਪਨੀ ਆਦਿ ਨੇ ਪ੍ਰਵੇਸ਼ ਪਾਇਆ ਸੀ। ਸ਼ਾਹ ਮੁਹੰਮਦ ਦਾ ਜਨਮ 1782 ਮੰਨ ਲਿਆ ਗਿਆ ਹੈ। ਉਹ 1862 ਈਸਵੀ ਵਿੱਚ ਪੂਰਾ ਹੋਇਆ ਸੀ। ਉਸ ਨੇ ਕੁੱਲ 80 ਸਾਲ ਉਮਰ ਭੋਗੀ। ਉਸ ਵੱਲੋਂ ਬੈਂਤਾਂ ਵਿੱਚ ਹੀ ਇੱਕ ਹੋਰ ਰਚਨਾ ਕਿੱਸਾ ਸੱਸੀ ਪੁੰਨੂੰ ਲਿਖਣ ਦਾ ਵੀ ਹਵਾਲਾ ਮਿਲਦਾ ਹੈ ਪਰ ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ ਨਾਲ ਉਹ ਸਦਾ ਲਈ ਅਮਰ ਹੋ ਗਿਆ ਹੈ।

*ਜੰਗ ਹਿੰਦ ਪੰਜਾਬ ਦਾ ਹੋਣ ਲੱਗਾ...*



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਪਰੈਲ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-110



*ਮੁੱਠੀ ਭਰ ਚੋਗਾ ਚੁਗ ਸਾਰਾ ਦਿਨ ਝੂਮਣਾ*
*ਬੋਰੀਆਂ 'ਤੇ ਲੱਗਾ ਜਾਪੇ ਤੋਤਿਆਂ ਦਾ ਝੂਮਣਾ!*

## ਕੈਪਸ਼ਨ ਮੁਕਾਬਲਾ-108



ਪਹਿਲਾਂ ਪੱਥ ਕੇ ਫੇਰ ਸੁਕਾ ਕੇ,
ਗੁਹਾਰਿਆਂ ਵਿਚ ਸਜਾਵਾਂਗੇ।
ਸਿਆਲਾਂ ਦਾ ਵੀ ਜੁਗਾੜ ਕਰਾਂਗੇ
ਲੋਹੜੀ ਖੂਬ ਮਨਾਵਾਂਗੇ।
ਰੀਸ ਕਰੂ ਕੀ ਗੈਸ ਏਸ ਦੀ,
ਹਾਰੇ ਵਿਚ ਵੀ ਲਾਵਾਂਗੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਅੱਸੂ-ਕੱਤੇ ਦੀ ਨਿੱਘੀ ਧੁੱਪ ਵਿਚ
ਬੀਬੀ ਪਾਥੀਆਂ ਪੱਥਦੀ ਸੋਚੇ।
ਮੱਘਰ-ਪੋਹ ਵਿਚ ਅੱਗ ਸੇਕਣ ਲਈ
ਨਾਲੇ ਰੋਟੀ ਟੁੱਕ ਲਈ ਬਾਲਣ ਲੋਚੇ।
ਹਾਲੀ ਪਾਲੀ ਸਭ ਤੋਰ ਖੇਤਾਂ ਨੂੰ
ਚੁੱਲ੍ਹੇ ਚੌਕੇ ਦਾ ਕੰਮ ਮੁਕਾ ਕੇ।
ਜੋੜ ਜੋੜ ਪਾਥੀਆਂ ਚਿਣਦੀ ਦੇਖੋ
ਰੱਖਦੀ ਕਿੰਜ ਸੁਕਾ ਕੇ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਗੈਸ ਸਿਲੰਡਰ ਮਹਿੰਗੇ ਹੋ ਗਏ
ਚਿੰਤਾ ਮਾਂ ਨੂੰ ਵੱਢ ਵੱਢ ਖਾਵੇ।
ਪੇਟ ਦੀ ਅੱਗ ਬੁਝਾਵਣ ਖਾਤਰ
ਚੁੱਲ੍ਹੇ ਦੀ ਅੱਗ ਦਾ ਜੁਗਾੜ ਬਣਾਵੇ।

*-ਗੁਰਦੇਵ ਸਿੰਘ ਵਿਰਦੀ, ਕੈਨੇਡਾ*
*ਫੋਨ: 226-345-7126*

---

ਜਦ ਤੱਕ ਜਿੰਦ ਨਿਮਾਣੀ ਰਹਿੰਦੀ,
ਮੁੱਕਦੇ ਨਹੀਂ ਇਹ ਧੰਦੇ।
ਧੰਦਿਆਂ ਦੇ ਨਾਲ ਧੰਦੇ ਹੋ ਕੇ,
ਬੀਤ ਜਾਵਣ ਇੰਉਂ ਬੰਦੇ।
ਜਿੱਦਾਂ ਰੋਜ਼ ਸੰਦੇਹਾਂ ਚੜ੍ਹ ਕੇ,
ਸ਼ਾਮ ਨੂੰ ਸੂਰਜ ਡੁੱਬ ਜਾਂਦਾ।
ਜ਼ਿੰਦਗੀ ਦਾ ਵੀ ਇਹੀ ਗੇੜਾ,
ਕੁਝ ਕਦਮਾਂ ਵਿਚ ਮੁੱਕ ਜਾਂਦਾ।

*-ਮਨਬੀਰ, ਨਿਊ ਯਾਰਕ*

---

ਔਖੇ ਵੇਲਿਆਂ ਦੇ ਲਈ
ਸੇਕ ਪਈ ਸਾਂਭਦੀ ਏ,
ਨਾਲ ਸਾਂਭੇ
ਦਿਲ ਦੀਆਂ ਯਾਦਾਂ ਕੁੜੀਓ!
ਮਾਂਵਾਂ ਨੂੰ ਵੀ ਰੱਬ ਕਰੇ
ਛਾਂਵਾਂ ਹੋਣ ਸਦਾ ਸਦਾ,
ਕਰੋ ਸਾਰੇ ਰਲ
ਫਰਿਆਦਾਂ ਕੁੜੀਓ!

*-ਪਲਵਿੰਦਰ ਸਿੰਘ ਮਿਲਪੀਟਸ*

## ਕੈਪਸ਼ਨ ਮੁਕਾਬਲਾ-107

ਗੰਦਲਾਂ ਦਾ ਸਾਗ
ਵੱਡੀ ਬੇਬੇ ਨੇ ਬਣਾਇਆ ਹੋਵੇ
ਕੂੰਡੇ ਵਿਚ ਰਗੜੇ
ਮਸਾਲੇ ਦਾ ਸਵਾਦ ਹੋਵੇ
ਆਪਣਾ ਪੰਜਾਬ ਹੋਵੇ...।
ਸਰੋਂ ਦੇ ਸਾਗ ਵਿਚ
ਮੈਂ ਘਿਓ ਹੀ ਘਿਓ ਪਾਈ ਜਾਵਾਂ।
ਮੱਕੀ ਦੀਆਂ ਰੋਟੀਆਂ ਨੂੰ
ਬਿਨਾਂ ਗਿਣੇ ਖਾਈ ਜਾਵਾਂ।
ਖੂਹ 'ਤੇ ਜਾ ਕੇ ਗੰਨੇ ਚੂਪਾਂ
ਘਰ ਦਾ ਕਮਾਦ ਹੋਵੇ।
ਆਪਣਾ ਪੰਜਾਬ ਹੋਵੇ...।

*-ਗੁਰਦਾਸ ਮਾਨ*

---

ਮਾਂ ਦੀ ਸਿਫਤ ਬੜੀ ਨਿਆਰੀ
ਜਦ ਵੀ ਆਵੇ ਸਾਗ ਦੀ ਵਾਰੀ।
ਰੀਝਾਂ ਲਾ ਲਾ ਕਰੇ ਤਿਆਰੀ
ਜਿਉਂਦੀ ਰਹੇ ਮਾਂ ਪਿਆਰੀ।

*-ਗੁਰਦੇਵ ਸਿੰਘ ਵਿਰਦੀ, ਕੈਨੇਡਾ*

# ਸਿੱਖ ਪੰਚਾਇਤ ਦੀ ਪਹਿਲੀ ਮੀਟਿੰਗ ਨੂੰ ਭਰਵਾਂ ਹੁੰਗਾਰਾ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਸਿੱਖ ਪੰਚਾਇਤ ਨੇ ਗੁਰਦੁਆਰਾ ਕਮੇਟੀ ਬਣਾਉਣ ਲਈ ਇਕ ਖੁੱਲ੍ਹੀ ਮੀਟਿੰਗ ਕੀਤੀ ਜਿਸ ਵਿਚ 120 ਤੋਂ ਵੱਧ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਵਿਚ ਕਈ ਨਵੇਂ ਮੈਂਬਰ ਵੀ ਸਿੱਖ ਪੰਚਾਇਤ ਵਿਚ ਸ਼ਾਮਲ ਹੋਏ ਜਿਨ੍ਹਾਂ ਨੇ ਕਮੇਟੀ ਵਿਚ ਸੇਵਾ ਕਰਨ ਲਈ ਭਾਰੀ ਉਤਸ਼ਾਹ ਦਿਖਾਇਆ ਅਤੇ ਕਮੇਟੀ ਮੈਂਬਰ ਬਣਨ ਲਈ ਅਰਜ਼ੀਆਂ ਭਰੀਆਂ।

ਸਿੱਖ ਪੰਚਾਇਤ ਦੇ ਇਕ ਸੇਵਾਦਾਰ ਭਾਈ ਕਸ਼ਮੀਰ ਸਿੰਘ ਨੇ ਵੱਖ ਵੱਖ ਕਮੇਟੀਆਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਲਈ ਅਗਲੇ ਸਾਲਾਂ ਵਿਚ ਕਾਫੀ ਵੱਡੇ ਪ੍ਰਾਜੈਕਟ ਵਿੱਢੇ ਗਏ ਹਨ ਜਿਸ ਲਈ ਨਿਸ਼ਕਾਮ ਸੇਵਾਦਾਰਾਂ ਦੀ ਬਹੁਤ ਜ਼ਰੂਰਤ ਹੈ। ਸਿੱਖ ਪੰਚਾਇਤ ਦੀ ਇਸ ਮੀਟਿੰਗ ਵਿਚ ਬੀਬੀਆਂ ਨੇ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।


ਸੁਪਰੀਮ ਕੌਂਸਲ ਨੇ ਸੰਗਤ ਨੂੰ ਅਪੀਲ ਕੀਤੀ ਕਿ ਜੇ ਕੋਈ ਵੀ ਸੰਗਤ ਦਾ ਮੈਂਬਰ ਕਮੇਟੀ ਵਿਚ ਸੇਵਾ ਕਰਨੀ ਚਾਹੁੰਦਾ ਹੈ ਤਾਂ ਆਪਣਾ ਨਾਮ ਜਲਦੀ ਤੋਂ ਜਲਦੀ ਉਨ੍ਹਾਂ ਕੋਲ ਜਾਂ ਲਾਇਬ੍ਰੇਰੀ ਵਿਚ ਦੇ ਜਾਵੇ ਤਾਂ ਜੋ ਸਮੇਂ ਸਿਰ ਕਮੇਟੀ ਬਣਾਈ ਜਾ ਸਕੇ।




## Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted




*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400



## The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



COMMERCIAL GRADE SECURITY SOLUTIONS



MORE THAN SECURITY

LICENCE PLATE READER
BILL READER
LONG RANGE
CASH REGISTER INTERFACE
HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED ~~$1649~~ $1349 +Tax

SPECIAL OFFER 8 CAMERAS INSTALLATION INCLUDED LED MONITOR INCLUDED ~~$2749~~ $2349 +Tax


SPECIAL OFFER 12 CAMERAS INSTALLATION INCLUDED LED MONITOR INCLUDED ~~$4149~~ $3749 +Tax

Vista CCTV TECHNOLOGY

Buy Online : www.ezchase.com
Email : commvision@sbcglobal.net
Call Sukhpal
661-586-5080

# ਉਘੇ ਲੇਖਕ ਤੇ ਪੱਤਰਕਾਰ ਖੁਸ਼ਵੰਤ ਸਿੰਘ ਦਾ ਦੇਹਾਂਤ






ਖੁਸ਼ਵੰਤ ਸਿੰਘ ਦੇ ਨਾਵਲ 'ਟ੍ਰੇਨ ਟੂ ਪਾਕਿਸਤਾਨ' ਦਾ ਟਾਈਟਲ ਜਿਸ ਵਿਚ ਵੰਡ ਬਾਰੇ ਬੜੀ ਹੌਲਨਾਕ ਕਥਾ ਦਰਜ ਹੈ।

**ਨਵੀਂ ਦਿੱਲੀ:** ਨਾਮਵਰ ਲੇਖਕ, ਪੱਤਰਕਾਰ, ਕਾਲਮ ਨਵੀਸ ਖੁਸ਼ਵੰਤ ਸਿੰਘ ਦਾ 99 ਸਾਲ ਦੀ ਉਮਰੇ ਦੇਹਾਂਤ ਹੋ ਗਿਆ। ਇਹ ਨਾਮਵਰ ਲੇਖਕ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਤੇ ਜਨਤਕ ਜੀਵਨ ਵਿਚੋਂ ਤਕਰੀਬਨ ਗੈਰ-ਹਾਜ਼ਰ ਸਨ। ਸਿਵਲ ਠੇਕੇਦਾਰ ਤੇ ਲੁਟਾਇਨ ਦੀ ਦਿੱਲੀ ਦੇ ਬਿਲਡਰ ਸਰ ਸੋਭਾ ਸਿੰਘ ਦੇ ਪੁੱਤਰ ਖੁਸ਼ਵੰਤ ਸਿੰਘ ਨੇ ਆਪਣੇ ਪਿਤਾ ਵੱਲੋਂ ਸੁਜਾਨ ਸਿੰਘ ਪਾਰਕ ਵਿਚ ਬਣਾਏ ਘਰ ਵਿਚ ਹੀ ਸਾਰਾ ਜੀਵਨ ਬਿਤਾਇਆ ਤੇ ਇਥੇ ਹੀ ਆਖ਼ਰੀ ਸਾਹ ਲਿਆ। ਉਹ ਆਪਣੇ ਆਪ ਨੂੰ ਡਰਟੀ ਓਲਡਮੈਨ ਕਹਿ ਕੇ ਸੰਬੋਧਨ ਕਰਿਆ ਕਰਦੇ ਸਨ।

ਉਨ੍ਹਾਂ ਦੇ ਪੱਤਰਕਾਰ ਪੁੱਤਰ ਰਾਹੁਲ ਨੇ ਦੱਸਿਆ ਕਿ ਉਨ੍ਹਾਂ ਨੂੰ ਸਾਹ ਲੈਣ ਬਾਬਤ ਕੁਝ ਦਿੱਕਤਾਂ ਸਨ ਪਰ ਮਾਨਸਿਕ ਤੌਰ 'ਤੇ ਉਹ ਅਖੀਰ ਤੱਕ ਸਚੇਤ ਸਨ। ਪੱਤਰਕਾਰ ਵਜੋਂ ਉਨ੍ਹਾਂ ਇਲਸਟ੍ਰੇਟਿਡ ਵੀਕਲੀ ਆਫ ਇੰਡੀਆ (1979-1980) ਦਾ ਸੰਪਾਦਨ ਕੀਤਾ। ਮਗਰੋਂ ਉਹ ਹਿੰਦੁਸਤਾਨ ਟਾਈਮਜ਼ ਦੇ (1980-83) ਸੰਪਾਦਕ ਰਹੇ। ਉਨ੍ਹਾਂ ਦਾ ਹਫ਼ਤਾਵਾਰੀ ਕਾਲਮ 'ਨਾ ਕਾਹੂੰ ਸੇ ਦੋਸਤੀ' ਬੜਾ ਮਕਬੂਲ ਰਿਹਾ ਤੇ ਕਈ ਅਖ਼ਬਾਰਾਂ ਵਿਚ ਸਿੰਡੀਕੇਟਿਡ ਸੀ। ਖੁਸ਼ਵੰਤ ਸਿੰਘ ਯੋਜਨਾ ਪੱਤਰਿਕਾ ਦੇ ਬਾਨੀ-ਸੰਪਾਦਕ (1951-53) ਵੀ ਸਨ। ਵਿਲੱਖਣ ਨਾਵਲਕਾਰ, ਬੇਬਾਕ ਸਿਆਸੀ ਟਿੱਪਣੀਕਾਰ ਖੁਸ਼ਵੰਤ ਸਿੰਘ ਨੂੰ ਮਰਹੂਮ ਇੰਦਰਾ ਗਾਂਧੀ ਦੀ ਸਰਕਾਰ ਨੇ ਰਾਜ ਸਭਾ ਲਈ ਨਾਮਜ਼ਦ ਕੀਤਾ ਤੇ ਉਹ 1980 ਤੋਂ 86 ਤੱਕ ਸੰਸਦ ਮੈਂਬਰ ਰਹੇ। 1915 ਵਿਚ ਹਡਾਲੀ (ਹੁਣ ਪਾਕਿਸਤਾਨ) ਵਿਚ ਜਨਮੇ ਖੁਸ਼ਵੰਤ ਸਿੰਘ ਨੇ ਮਾਡਰਨ ਸਕੂਲ ਦਿੱਲੀ ਮਗਰੋਂ ਸੇਂਟ ਸਟੀਫਨ'ਜ਼ ਕਾਲਜ ਤੋਂ ਪੜ੍ਹਾਈ ਕੀਤੀ। ਗੌਰਮਿੰਟ ਕਾਲਜ ਲਾਹੌਰ ਵਿਚ ਪੜ੍ਹਾਈ ਮਗਰੋਂ ਉਹ ਕਿੰਗਜ਼ ਕਾਲਜ ਕੈਂਬਰਿਜ ਯੂਨੀਵਰਸਿਟੀ ਗਏ। 1947 ਵਿਚ ਵਿਦੇਸ਼ ਮੰਤਰਾਲੇ ਵਿਚ ਆਉਣ ਤੋਂ ਪਹਿਲਾਂ ਉਨ੍ਹਾਂ ਲਾਹੌਰ ਹਾਈ ਕੋਰਟ ਵਿਚ ਕਈ ਸਾਲ ਪ੍ਰੈਕਟਿਸ ਕੀਤੀ। 1939 ਵਿਚ ਕਵਲ ਮਲਿਕ ਨਾਲ ਉਨ੍ਹਾਂ ਦਾ ਵਿਆਹ ਹੋਇਆ ਤੇ ਪੁੱਤਰ ਰਾਹੁਲ ਤੇ ਧੀ ਮਾਲਾ ਉਨ੍ਹਾਂ ਦੇ ਦੋ ਬੱਚੇ ਸਨ। ਕਵਲ ਦੀ 2002 ਵਿਚ ਮੌਤ ਹੋ ਗਈ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਉਨ੍ਹਾਂ ਨੂੰ 'ਵਰੋਸਾਏ ਹੋਏ ਲੇਖਕ, ਬੇਬਾਕ ਟਿੱਪਣੀਕਾਰ ਤੇ ਆਪਣਾ ਸੱਚਾ ਮਿੱਤਰ ਕਿਹਾ ਜਿਸ ਨੇ ਅਸਲੋਂ ਸਿਰਜਣਾਤਮਕ ਜੀਵਨ ਜੀਵਿਆ।

## ਖੁਸ਼ਵੰਤ ਸਿੰਘ ਦੀ ਸਿੱਖ ਇਤਿਹਾਸ ਨੂੰ ਵੱਡੀ ਦੇਣ

**ਚੰਡੀਗੜ੍ਹ:** ਲੰਦਨ ਤੋਂ ਬਾਰ ਐਟ ਲਾਅ ਦੀ ਡਿਗਰੀ ਹਾਸਲ ਕਰਨ ਵਾਲੇ ਸ. ਖੁਸ਼ਵੰਤ ਸਿੰਘ ਦਾ ਦੁਨੀਆ ਭਰ ਦੇ ਲੋਕਾਂ ਨੂੰ ਸਿੱਖੀ ਬਾਰੇ ਜਾਣਕਾਰੀ ਦੇਣ ਵਿਚ ਵਿਅਕਤੀਗਤ ਤੌਰ 'ਤੇ ਬਹੁਤ ਵੱਡਾ ਯੋਗਦਾਨ ਰਿਹਾ ਹੈ। ਵੱਖ-ਵੱਖ ਖੇਤਰਾਂ ਵਿਚ ਵਿਚਰਨ ਵਾਲੇ ਚਿੰਤਕਾਂ ਤੇ ਲੇਖਕਾਂ ਦਾ ਮੰਨਣਾ ਹੈ ਕਿ ਖੁਸ਼ਵੰਤ ਸਿੰਘ ਵੱਲੋਂ ਲਿਖਿਆ ਸਿੱਖ ਇਤਿਹਾਸ ਉਨ੍ਹਾਂ ਦੀ ਸਭ ਤੋਂ ਵੱਡੀ ਸਿਰਜਣਾਤਮਿਕ ਲਿਖਤ ਸੀ ਤੇ ਇਸ ਲਿਖਤ ਲਈ ਜੋ ਖੋਜ ਵਿਧੀ ਤੇ ਯੁਕਤ ਉਨ੍ਹਾਂ ਵੱਲੋਂ ਅਖਤਿਆਰ ਕੀਤੀ ਗਈ, ਉਹ ਬੜੇ ਹੀ ਉੱਚ ਪਾਏ ਤੇ ਕੌਮਾਂਤਰੀ ਪੈਮਾਨਿਆਂ ਮੁਤਾਬਕ ਸੀ। ਅਮਰੀਕਾ ਵਿਚ ਬੈਠ ਕੇ ਲਿਖੀਆਂ ਤੇ ਉਥੋਂ ਹੀ ਪ੍ਰਕਾਸ਼ਤ ਕੀਤੀਆਂ ਦੋ ਕਿਤਾਬਾਂ 'ਸਿੱਖ ਇਤਿਹਾਸ' ਤੇ 'ਮਹਾਰਾਜਾ ਸਿੰਘ' ਦੁਨੀਆ ਭਰ ਵਿਚ ਵੱਡੀ ਗਿਣਤੀ ਵਿਚ ਪੜ੍ਹੀਆਂ ਗਈਆਂ। ਦੁਨੀਆ ਦੇ ਮੰਨੇ-ਪ੍ਰਮੰਨੇ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਉਨ੍ਹਾਂ ਦੇ ਇਸ ਯਤਨ ਦੀ ਸ਼ਲਾਘਾ ਕੀਤੀ ਸੀ। ਜਪੁਜੀ ਸਾਹਿਬ ਦਾ ਅੰਗਰੇਜ਼ੀ ਤਰਜਮਾ ਉਨ੍ਹਾਂ ਦੀ ਸਿੱਖ ਇਤਿਹਾਸ ਨੂੰ ਇਕ ਹੋਰ ਵੱਡੀ ਦੇਣ ਹੈ ਤੇ ਕਰੋੜਾਂ ਦੀ ਗਿਣਤੀ ਵਿਚ ਇਹ ਤਰਜਮਾ ਦੁਨੀਆ ਭਰ ਵਿਚ ਛਪਿਆ ਹੈ। ਖ਼ਾਲਸੇ ਦੀ ਤਿੰਨ ਸੌ ਸਾਲਾ ਜਨਮ ਸ਼ਤਾਬਦੀ ਮੌਕੇ ਨਿਸ਼ਾਨ-ਏ-ਖ਼ਾਲਸਾ ਦੀ ਉਪਾਧੀ ਮਿਲਣ ਤੇ ਦਰਬਾਰ ਸਾਹਿਬ ਉਪਰ ਹਮਲੇ ਵਿਰੁੱਧ ਰੋਸ ਵਜੋਂ ਪਦਮ ਭੂਸ਼ਣ ਦੀ ਉਪਾਧੀ ਵਾਪਸ ਕਰਨਾ ਵੀ ਉਨ੍ਹਾਂ ਦੇ ਜੀਵਨ ਦੀਆਂ ਦੋ ਹੋਰ ਅਹਿਮ ਘਟਨਾਵਾਂ ਸਨ। ਮਾਸਟਰ ਤਾਰਾ ਸਿੰਘ ਨਾਲ ਉਹ 1950 ਤੋਂ ਤਿੰਨ ਸਾਲ ਲੋਕ ਸੰਪਰਕ ਅਧਿਕਾਰੀ ਵਜੋਂ ਕੰਮ ਕਰਦੇ ਰਹੇ ਤੇ ਫਿਰ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ ਤਾਂ ਸ. ਖੁਸ਼ਵੰਤ ਸਿੰਘ ਪਹਿਲੇ ਵਿਅਕਤੀ ਸਨ ਜਿਹੜੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਦਰਬਾਰ ਸਾਹਿਬ ਮਿਲ ਕੇ ਕਹਿ ਕੇ ਆਏ ਕਿ ਉਨ੍ਹਾਂ ਦੀ ਨੀਤੀ ਠੀਕ ਨਹੀਂ।

ਇਕ ਸਿੱਖ ਸ਼ਖ਼ਸੀਅਤ ਵਜੋਂ ਜਿਸ ਤਰ੍ਹਾਂ ਉਹ ਪੂਰੀ ਦੁਨੀਆ ਵਿਚ ਵਿਚਰੇ, ਉਸ ਲਈ ਉਹ ਸਤਿਕਾਰ ਦੇ ਪਾਤਰ ਹਨ। ਉਨ੍ਹਾਂ ਦੀਆਂ ਲਿਖਤਾਂ ਵਿਚ ਸਿਰੇ ਦੀ ਵਿਲੱਖਣਤਾ ਹੈ। ਉਨ੍ਹਾਂ ਦਾ ਰੋਜ਼ਾਨਾ ਕਾਲਮ ਦੁਨੀਆ ਭਰ ਵਿਚ ਪੜ੍ਹਿਆ ਜਾਂਦਾ ਸੀ ਪਰ ਉਨ੍ਹਾਂ ਦੀ ਸਰਬੋਤਮ ਲਿਖਤ ਦੋ ਵਾਲਿਅਮ ਵਿਚ ਛਪਿਆ ਸਿੱਖ ਇਤਿਹਾਸ ਸੀ। ਇਸ ਤੋਂ ਵੱਡੀ ਸਿਰਜਣਾ ਮੁੜ ਕੇ ਖੁਦ ਖੁਸ਼ਵੰਤ ਸਿੰਘ ਵੀ ਨਹੀਂ ਕਰ ਸਕੇ। ਸਿੱਖ ਇਤਿਹਾਸ ਨੂੰ ਉਨ੍ਹਾਂ ਖੋਜ ਵਿਧੀ ਤੇ ਤਰੀਕਾਕਾਰ ਅਨੁਸਾਰ ਪੇਸ਼ ਕੀਤਾ, ਇਹ ਬੜਾ ਵੱਡਾ ਕੰਮ ਸੀ। ਭਾਵੇਂ ਆਮ ਪ੍ਰਭਾਵ ਇਹ ਲਿਆ ਜਾਂਦਾ ਹੈ ਕਿ ਖੁਸ਼ਵੰਤ ਸਿੰਘ ਦਾ ਧਰਮ ਵਿਚ ਵਿਸ਼ਵਾਸ ਨਹੀਂ ਸੀ, ਪਰ ਉਹ ਫ਼ਿਰਕਾਦਾਰੀ ਤੇ ਕਰਮ ਕਾਂਡ ਵਾਲੇ ਧਰਮ ਵਿਚ ਯਕੀਨ ਨਹੀਂ ਸਨ ਰੱਖਦੇ, ਸਿੱਖ ਧਰਮ ਨਾਲ ਡੂੰਘਾ ਰਿਸ਼ਤਾ ਤੇ ਸਿੱਖ ਭਾਈਚਾਰੇ ਨਾਲ ਜੁੜੀ ਭਾਵਨਾ ਦਰਸਾਉਂਦੀ ਹੈ ਕਿ ਉਹ ਧਰਮ ਤੋਂ ਕਿੰਨੇ ਪ੍ਰਭਾਵਿਤ ਸਨ।

ਪਿਛਲੀ ਅੱਧੀ ਸਦੀ ਤੋਂ ਸ. ਖੁਸ਼ਵੰਤ ਸਿੰਘ ਨੂੰ ਨੇੜਿਓਂ ਤੱਕਦੇ ਆ ਰਹੇ ਸ. ਤਰਲੋਚਨ ਸਿੰਘ ਦਿੱਲੀ ਮੁਤਾਬਕ ਉਹ ਬੱਚੇ, ਬੁੱਢੇ, ਹਰ ਉਮਰ ਦੇ ਬੰਦੇ ਨਾਲ ਉਸ ਦੀ ਦਿਲਚਸਪੀ ਦੀ ਗੱਲ ਕਰ ਸਕਦਾ ਸੀ। ਕਿਸੇ ਪੰਡਿਤ, ਪਾਦਰੀ, ਮੁਲਾਂ ਤੇ ਭਾਈ ਨਾਲ ਵੀ। ਉਹ ਆਪਣੀਆਂ ਹਾਰਾਂ ਦੀ ਖਿੱਲੀ ਉਡਾਉਣਾ ਜਾਣਦਾ ਸੀ। ਉਸ ਨੂੰ ਅਸਫਲਤਾਵਾਂ ਦੀ ਪੈਲ ਪਾਉਣੀ ਆਉਂਦੀ ਸੀ। ਜੇਕਰ ਕੋਈ ਕੰਮ ਉਡਾਰੀ ਨਾ ਭਰੇ ਤਾਂ ਉਹ ਥੋੜ੍ਹੇ ਸਮੇਂ ਲਈ ਉਸ ਨੂੰ ਲਾਂਭੇ ਕਰ ਦਿੰਦਾ ਸੀ। ਉਸ ਦਾ ਜੀਵਨ ਖੇਤਰ ਪੀਣ-ਪਿਲਾਉਣ ਤੋਂ ਗੱਪ-ਸ਼ੱਪ ਤੱਕ ਤੇ ਨਾਵਲਕਾਰੀ ਤੋਂ ਲੈ ਕੇ ਇਤਿਹਾਸਕਾਰੀ ਤੱਕ ਫੈਲਿਆ ਹੋਇਆ ਸੀ, ਉਹ ਭਰਪੂਰ ਜੀਵਿਆ ਤੇ ਉਸ ਨੇ ਭਰਪੂਰ ਲਿਖਿਆ।

## ਭਾਰਤੀ ਫੌਜ ਕੋਲ ਸਿਰਫ 20 ਦਿਨ ਦਾ ਗੋਲਾ ਬਾਰੂਦ!

**ਨਵੀਂ ਦਿੱਲੀ:** ਦੁਨੀਆਂ ਦੀ ਦੂਸਰੀ ਸਭ ਤੋਂ ਵੱਡੀ ਥਲ ਸੈਨਾ ਵਿਚ ਹਥਿਆਰਾਂ ਦੀ ਕਮੀ ਹੈ। ਉਸ ਕੋਲ ਜੋ ਹਥਿਆਰ ਹਨ, ਉਹ ਪੁਰਾਣੇ ਹੁੰਦੇ ਜਾ ਰਹੇ ਹਨ। ਆਰਮਡ, ਹਵਾਈ ਸੈਨਾ ਟੁਕੜੀਆਂ, ਇਨਫੈਂਟਰੀ ਤੇ ਤੋਪਖਾਨਾ ਯੂਨਿਟਾਂ ਵਿਚ ਇਸ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ।

ਸੈਨਾ ਦੇ ਸੀਨੀਅਰ ਅਧਿਕਾਰੀ ਇਸ ਮਾਮਲੇ 'ਤੇ ਫਿਲਹਾਲ ਕੁਝ ਨਹੀਂ ਬੋਲ ਰਹੇ ਪਰ ਜੇਕਰ ਅੱਜ ਜੰਗ ਛਿੜ ਜਾਵੇ ਤਾਂ ਸੈਨਾ ਕੋਲ 20 ਦਿਨ ਤੱਕ ਯੁੱਧ ਲੜਨ ਲਈ ਵੀ ਢੁਕਵੀਂ ਮਾਤਰਾ ਵਿਚ ਲੜਾਈ ਦਾ ਸਾਮਾਨ ਮੌਜੂਦ ਨਹੀਂ ਹੈ। ਇਕ ਅੰਗਰੇਜ਼ੀ ਅਖਬਾਰ ਵਿਚ ਛਪੀ ਖ਼ਬਰ ਅਨੁਸਾਰ ਨਿਯਮ ਹੈ ਕਿ 'ਵਾਰ ਵੇਸਟੇਜ਼ ਰਿਜ਼ਰਵ' (ਡਬਲਯੂ. ਡਬਲਯੂ. ਆਰ.) ਇੰਨਾ ਹੋਣਾ ਚਾਹੀਦਾ ਹੈ ਕਿ ਉਸ ਨਾਲ 40 ਦਿਨ ਤੱਕ ਲਗਾਤਾਰ ਲੜਾਈ ਲੜੀ ਜਾ ਸਕੇ। ਹਾਲ ਹੀ ਵਿਚ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਨੇ ਇਕ ਬਿਆਨ ਦਿੱਤਾ ਸੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਜੇਕਰ ਨਵੇਂ ਹਥਿਆਰਾਂ ਲਈ ਸਹੀ ਬਜਟ ਮਿਲਦਾ ਹੈ ਤਾਂ ਸੈਨਾ ਕੋਲ 50 ਫੀਸਦੀ ਡਬਲਯੂ.ਡਬਲਯੂ.ਆਰ. ਹੋਵੇਗਾ ਤੇ 2015 ਤੋਂ ਸਿਖਲਾਈ ਲਈ ਸੈਨਾ ਕੋਲ ਢੁਕਵਾਂ ਗੋਲਾ ਬਾਰੂਦ ਹੋਵੇਗਾ। ਖ਼ਬਰ ਮੁਤਾਬਕ ਦੂਸਰੇ ਸ਼ਬਦਾਂ ਵਿਚ ਕਹੀਏ ਤਾਂ ਸੈਨਾ ਕੋਲ ਫਿਲਹਾਲ 50 ਫੀਸਦੀ ਡਬਲਯੂ. ਡਬਲਯੂ. ਆਰ. ਨਹੀਂ ਹੈ। ਇਸ ਦਾ ਮਤਲਬ ਹੈ ਕਿ ਜੇਕਰ ਅੱਜ ਯੁੱਧ ਹੋ ਜਾਵੇ ਤਾਂ ਸੈਨਾ ਮੌਜੂਦਾ ਗੋਲਾ ਬਾਰੂਦ ਦੇ ਨਾਲ 20 ਦਿਨ ਤੱਕ ਲਗਾਤਾਰ ਲੜ ਨਹੀਂ ਸਕਦੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ 2019 ਤੱਕ ਹੀ ਸੈਨਾ ਕੋਲ 100 ਫੀਸਦੀ ਡਬਲਯੂ.ਡਬਲਯੂ.ਆਰ. ਹੋਵੇਗਾ। ਗੋਲਾ ਬਾਰੂਦ ਦੀ ਭਾਰੀ ਕਮੀ ਨਾਲ ਜੂਝ ਰਹੀ ਭਾਰਤੀ ਸੈਨਾ ਉਮੀਦ ਕਰ ਰਹੀ ਹੈ ਕਿ ਮਈ ਵਿਚ ਜਿਹੜੀ ਵੀ ਨਵੀਂ ਸਰਕਾਰ ਬਣੇਗੀ, ਉਹ ਸੈਨਾ ਦੀ ਹਥਿਆਰਾਂ ਦੀ ਕਮੀ ਨੂੰ ਪੂਰਾ ਕਰ ਦੇਵੇਗੀ।

## ਜਗਦੀਸ਼ ਟਾਈਟਲਰ ਕੇਸ ਬਾਰੇ ਜਾਂਚ ਰਿਪੋਰਟ ਪੇਸ਼ ਕਰਨ ਦਾ ਹੁਕਮ

**ਨਵੀ ਦਿੱਲੀ:** ਕੜਕੜਡੂੰਮਾ ਅਦਾਲਤ ਦੇ ਜੱਜ ਸੰਜੇ ਬਾਂਸਲ ਨੇ ਜਗਦੀਸ਼ ਟਾਈਟਲਰ ਮਾਮਲੇ ਵਿਚ ਸੀ.ਬੀ.ਆਈ. ਨੂੰ ਤਿੰਨ ਅਪਰੈਲ ਨੂੰ ਹਰ ਹਾਲਤ ਵਿਚ ਜਾਂਚ ਰਿਪੋਰਟ ਅਦਾਲਤ ਵਿਚ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਪਿਛਲੀ ਸੁਣਵਾਈ ਮੌਕੇ ਅਦਾਲਤ ਨੇ ਸੀ.ਬੀ.ਆਈ. ਨੂੰ ਹੁਕਮ ਦਿੱਤਾ ਸੀ ਕਿ ਉਹ 24 ਮਾਰਚ ਨੂੰ ਜਗਦੀਸ਼ ਟਾਈਟਲਰ ਕੇਸ ਵਿਚ ਹੁਣ ਤੱਕ ਦੀ ਕੀਤੀ ਜਾਂਚ ਦੀ ਰਿਪੋਰਟ (ਸਟੇਟਸ ਰਿਪੋਰਟ) ਪੇਸ਼ ਕਰੇ ਪਰ ਸੀ.ਬੀ.ਆਈ. ਅਦਾਲਤ ਅੰਦਰ ਜਾਂਚ ਰਿਪੋਰਟ ਪੇਸ਼ ਕਰਨ ਵਿਚ ਨਾਕਾਮ ਰਹੀ ਤੇ ਸੀ.ਬੀ.ਆਈ. ਵੱਲੋਂ ਪੁੱਜੇ ਅਧਿਕਾਰੀ ਨੇ ਜੱਜ ਪਾਸੋ ਹੋਰ ਸਮਾਂ ਮੰਗਿਆ ਜਿਸ 'ਤੇ ਜੱਜ ਸੰਜੇ ਬਾਂਸਲ ਨੇ ਸੀ.ਬੀ.ਆਈ. ਨੂੰ 3 ਅਪਰੈਲ ਨੂੰ ਹਰ ਹਾਲਤ ਵਿਚ ਜਾਂਚ ਰਿਪੋਰਟ ਅਦਾਲਤ ਵਿਚ ਪੇਸ਼ ਕਰਨ ਦੀ ਹਦਾਇਤ ਕੀਤੀ।

ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਅਦਾਲਤ ਵਿਚ ਪੇਸ਼ ਸਿੱਖਸ ਫਾਰ ਜਸਟਿਸ ਦੀ ਵਕੀਲ ਮੈਡਮ ਕਾਮਨਾ ਵੋਹਰਾ ਨੇ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਉਹ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕਰਕੇ ਹਦਾਇਤ ਜਾਰੀ ਕਰਨ ਕਿ ਉਹ ਨਵੰਬਰ 1984 ਕੇਸ ਦੇ ਮੁੱਖ ਗਵਾਹ ਜਸਬੀਰ ਸਿੰਘ ਤੇ ਰੇਸ਼ਮ ਸਿੰਘ ਦੇ ਬਿਆਨ ਲੈਣ ਜਿਸ 'ਤੇ ਜੱਜ ਸੰਜੇ ਬਾਂਸਲ ਨੇ ਸੀ.ਬੀ.ਆਈ. ਨੂੰ ਜਾਂਚ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ। ਜ਼ਿਕਰਯੋਗ ਹੈ ਕਿ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਨੂੰ ਸੀ.ਬੀ.ਆਈ. ਵੱਲੋਂ ਕਲੀਨ ਚਿੱਟ ਦਿੱਤੇ ਜਾਣ ਤੋਂ ਬਾਅਦ ਸਿੱਖਸ ਫਾਰ ਜਸਟਿਸ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਕਲੀਨ ਚਿੱਟ ਨੂੰ ਚੁਣੌਤੀ ਦਿੱਤੀ ਗਈ ਸੀ।

## ਸੰਸਾਰ ਵਿਚ ਜਲ ਊਰਜਾ ਸੰਕਟ ਦਾ ਖਤਰਾ

**ਪੈਰਿਸ:** ਵਿਕਾਸਸ਼ੀਲ ਦੁਨੀਆ ਵਿਚ ਵਧਦੀ ਅਬਾਦੀ ਤੇ ਅਰਥ ਵਿਵਸਥਾ ਕਰਕੇ ਆਉਣ ਵਾਲੇ ਦਹਾਕਿਆਂ ਵਿਚ ਜਲ ਤੇ ਊਰਜਾ ਦੀ ਮੰਗ ਦੁੱਗਣੀ ਹੋ ਜਾਵੇਗੀ। ਵਿਸ਼ਵ ਜਲ ਦਿਵਸ ਦੀ ਪੂਰਬਲੀ ਸ਼ਾਮ 'ਤੇ ਪ੍ਰਕਾਸ਼ਿਤ ਇਕ ਰਿਪੋਰਟ ਵਿਚ ਸੰਯੁਕਤ ਰਾਸ਼ਟਰ ਨੇ ਖ਼ਬਰਦਾਰ ਕਰਦਿਆਂ ਕਿਹਾ ਹੈ ਕਿ ਸਾਫ਼ ਪਾਣੀ ਤੇ ਬਿਜਲੀ ਦੀਆਂ ਲੋੜਾਂ ਆਪਸ ਵਿਚ ਜੁੜੀਆਂ ਹਨ ਤੇ ਇਨ੍ਹਾਂ ਨਾਲ ਪ੍ਰਿਥਵੀ ਦੇ ਸੀਮਤ ਵਸੀਲਿਆਂ 'ਤੇ ਬੁਰੀ ਤਰ੍ਹਾਂ ਪ੍ਰਭਾਵ ਪੈ ਸਕਦਾ ਹੈ।

ਰਿਪੋਰਟ ਮੁਤਾਬਕ ਆਉਣ ਵਾਲੇ ਦਹਾਕਿਆਂ ਵਿਚ ਵਧਦੀ ਅਬਾਦੀ ਤੇ ਅਰਥ ਵਿਵਸਥਾਵਾਂ, ਬਦਲਦੀ ਜੀਵਨ ਸ਼ੈਲੀ, ਉਪਭੋਗ ਦੇ ਬਦਲਦੇ ਤਰੀਕੇ, ਸੀਮਤ ਕੁਦਰਤੀ ਵਸੀਲੇ ਤੇ ਕੁਦਰਤੀ ਪ੍ਰਣਾਲੀ ਕਾਰਨ ਤਾਜ਼ਾ ਪਾਣੀ ਤੇ ਬਿਜਲੀ ਦੀ ਮੰਗ ਵਧਦੀ ਜਾਵੇਗੀ। ਦੁਨੀਆ ਦੇ 76.8 ਕਰੋੜ ਲੋਕਾਂ ਕੋਲ ਪਾਣੀ ਦੇ ਸੁਰੱਖਿਅਤ ਤੇ ਭਰੋਸੇਯੋਗ ਸ੍ਰੋਤਾਂ ਦੀ ਘਾਟ ਹੈ ਤੇ 1.3 ਅਰਬ ਤੋਂ ਵੱਧ ਲੋਕਾਂ ਕੋਲ ਬਿਜਲੀ ਦੇ ਸਾਧਨ ਨਹੀਂ ਹਨ। ਤਕਰੀਬਨ 20 ਫੀਸਦੀ ਜ਼ਮੀਨ ਹੇਠਲਾ ਪਾਣੀ ਖਤਮ ਹੋ ਗਿਆ ਹੈ। ਰਿਪੋਰਟ ਮੁਤਾਬਕ ਭਾਰਤ ਵਿਚ 2035 ਤੱਕ ਊਰਜਾ ਦੀ ਮੰਗ ਵਿਚ 60 ਫੀਸਦੀ ਵਾਧਾ ਹੋਵੇਗਾ ਤੇ ਵਿਸ਼ਵ ਵਿਚ 2050 ਤੱਕ ਪਾਣੀ ਦੀ ਮੰਗ 55 ਫੀਸਦੀ ਵਧਣ ਦੀ ਸੰਭਾਵਨਾ ਹੈ।

## ਡਾਕਟਰ ਅੰਬੇਦਕਰ ਬਨਾਮ ਮਹਾਤਮਾ ਗਾਂਧੀ

*(ਸਫਾ 13 ਦੀ ਬਾਕੀ)*

ਦੀਆਂ ਜਨਤਕ ਸੇਵਾਵਾਂ ਬਦਲੇ 'ਕੈਸਰ-ਏ-ਹਿੰਦ' (ਹਿੰਦ ਦਾ ਬਾਦਸ਼ਾਹ) ਸਨਮਾਨ ਨਾਲ ਸਨਮਾਨਿਆ ਗਿਆ। ਹੁਣ ਸੋਚੋ, ਇਸ ਦਾ ਨਸਲਵਾਦ ਅਤੇ ਸਾਮਰਾਜਵਾਦ ਵਿਰੁੱਧ ਜੱਦੋਜਹਿਦ ਨਾਲ ਕੀ ਸਬੰਧ ਹੈ?

**ਸਵਾਲ:** ਪਰ ਆਖ਼ਿਰ ਉਸ ਨੇ ਸਾਮਰਾਜਵਾਦ ਵਿਰੁੱਧ ਲੜਾਈ ਦਿੱਤੀ। ਉਸ ਨੇ ਆਜ਼ਾਦੀ ਲੈਣ ਲਈ ਸਾਡੇ ਮੁਲਕ ਦੀ ਅਗਵਾਈ ਕੀਤੀ...

**ਅਰੁੰਧਤੀ:** ਜੋ ਕੁਝ ਲੋਕਾਂ ਵਾਸਤੇ 'ਆਜ਼ਾਦੀ' ਸੀ, ਉਹ ਬਾਕੀਆਂ ਲਈ ਸੱਤਾ-ਬਦਲੀ ਤੋਂ ਵੱਧ ਕੁਝ ਨਹੀਂ ਸੀ। ਇਕ ਵਾਰ ਫਿਰ, ਮੈਂ ਤਾਂ ਕਹਾਂਗੀ ਕਿ ਗਾਂਧੀ-ਅੰਬੇਦਕਰ ਬਹਿਸ 'ਸਾਮਰਾਜਵਾਦ' ਅਤੇ 'ਆਜ਼ਾਦੀ' ਵਰਗੇ ਲਫ਼ਜ਼ਾਂ ਬਾਰੇ ਸਾਡੀ ਸਮਝ ਨੂੰ ਡੂੰਘਾ ਕਰਦੀ ਅਤੇ ਪੇਚੀਦਾ ਹੀ ਬਣਾਉਂਦੀ ਹੈ। 1931 ਵਿਚ ਜਦੋਂ ਅੰਬੇਦਕਰ ਪਹਿਲੀ ਦਫ਼ਾ ਗਾਂਧੀ ਨੂੰ ਮਿਲਿਆ ਤਾਂ ਗਾਂਧੀ ਨੇ ਉਸ ਨੂੰ ਕਾਂਗਰਸ ਦੀ ਤਿੱਖੀ ਆਲੋਚਨਾ ਬਾਰੇ ਸਵਾਲ ਕੀਤਾ, ਜੋ ਉਸ ਵਕਤ ਵਤਨ ਲਈ ਸੰਘਰਸ਼ ਦੀ ਨੁਕਤਾਚੀਨੀ ਕਰਨ ਦੇ ਬਰਾਬਰ ਸੀ। ਅੰਬੇਦਕਰ ਦਾ ਮਸ਼ਹੂਰ ਅਤੇ ਤੋੜ ਕੇ ਦਿੱਤਾ ਜਵਾਬ ਸੀ: "ਗਾਂਧੀ ਜੀ, ਮੇਰਾ ਕੋਈ ਵਤਨ ਨਹੀਂ ਹੈ। ਅਛੂਤ ਕਹਾਉਂਦਾ ਕੋਈ ਬੰਦਾ ਵੀ ਇਸ ਧਰਤੀ 'ਤੇ ਮਾਣ ਨਹੀਂ ਕਰੇਗਾ।" ਦੱਖਣੀ ਅਫ਼ਰੀਕਾ ਤੋਂ ਵਾਪਸ ਆਉਣ ਤੋਂ ਬਾਅਦ ਵੀ ਗਾਂਧੀ ਅਜੇ ਵੀ ਖ਼ੁਦ ਨੂੰ ਸਲਤਨਤ ਦੀ 'ਜ਼ਿੰਮੇਵਾਰ' ਪਰਜਾ ਹੀ ਸਮਝਦਾ ਸੀ ਪਰ ਕੁਝ ਸਾਲਾਂ ਵਿਚ, ਪਹਿਲੀ ਕੌਮੀ ਨਾਮਿਲਵਰਤਣ ਲਹਿਰ ਸਮੇਂ, ਗਾਂਧੀ ਅੰਗਰੇਜ਼ਾਂ ਦੇ ਖ਼ਿਲਾਫ਼ ਹੋ ਗਿਆ ਸੀ। ਦਹਿ-ਲੱਖਾਂ ਲੋਕ ਉਸ ਦੇ ਸੱਦੇ 'ਤੇ ਆ ਜੁੜਦੇ ਸਨ। ਤੇ ਚਾਹੇ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਉਸ ਨੇ ਅੰਗਰੇਜ਼ ਰਾਜ ਤੋਂ ਆਜ਼ਾਦੀ ਲੈਣ ਵਿਚ ਹਿੰਦੁਸਤਾਨ ਦੀ ਅਗਵਾਈ ਕੀਤੀ, ਨਿਸ਼ਚੇ ਹੀ ਉਸ ਦੀ ਭੂਮਿਕਾ ਸ਼ਾਨਦਾਰ ਸੀ। ਚਾਹੇ ਸੰਘਰਸ਼ ਵਿਚ ਗਾਂਧੀ ਬਰਾਬਰੀ ਦੀ ਗੱਲ ਕਰਦਾ ਰਿਹਾ ਅਤੇ ਕੁਝ ਸਮਿਆਂ 'ਤੇ ਤਾਂ ਇਉਂ ਲਗਦਾ ਹੈ ਜਿਵੇਂ ਉਹ ਸਮਾਜਵਾਦੀ ਹੁੰਦਾ ਹੈ, ਪਰ ਉਸ ਨੇ ਕਦੇ ਵੀ ਰਵਾਇਤੀ ਜਾਤਪਾਤੀ ਦਰਜੇਬੰਦੀਆਂ ਜਾਂ ਵੱਡੇ ਜ਼ਿਮੀਦਾਰਾਂ ਨੂੰ ਚੁਣੌਤੀ ਨਹੀਂ ਦਿੱਤੀ।

ਬਿਰਲੇ, ਟਾਟੇ ਅਤੇ ਬਜਾਜ ਘਰਾਣੇ ਗਾਂਧੀ ਦੀਆਂ ਸਿਆਸੀ ਸਰਗਰਮੀਆਂ ਦੇ ਮਾਲੀ ਖ਼ਰਚੇ ਦਿੰਦੇ ਸਨ ਅਤੇ ਉਸ ਨੇ ਉਨ੍ਹਾਂ ਨਾਲ ਸਬੰਧ ਕਦੇ ਵੀ ਨਹੀਂ ਵਿਗਾੜੇ। ਉਨ੍ਹਾਂ ਵਿਚੋਂ ਕਈਆਂ ਨੇ ਪਹਿਲੀ ਆਲਮੀ ਜੰਗ ਦੌਰਾਨ ਖ਼ੂਬ ਕਮਾਈ ਕੀਤੀ ਸੀ ਅਤੇ ਹੁਣ ਰਹਿੰਦੀਆਂ ਰੋਕਾਂ ਵੀ ਤੋੜ ਰਹੇ ਹਨ। ਉਹ ਅੰਗਰੇਜ਼ ਰਾਜ ਤੋਂ ਚਿੜ੍ਹਦੇ ਸਨ। ਅੰਗਰੇਜ਼ ਰਾਜ ਅਤੇ ਨਸਲਵਾਦ ਨਾਲ ਉਨ੍ਹਾਂ ਦੇ ਆਢੇ ਨੇ ਉਨ੍ਹਾਂ ਦਾ ਦਾਇਰਾ ਸੀਮਤ ਕੀਤਾ ਹੋਇਆ ਸੀ। ਲਿਹਾਜ਼ਾ ਉਨ੍ਹਾਂ ਨੇ ਕੌਮੀ ਲਹਿਰ ਦੇ ਪੱਖ 'ਚ ਡੱਕਾ ਸੁੱਟਿਆ। ਜਿਸ ਵਕਤ ਗਾਂਧੀ ਦੱਖਣੀ ਅਫ਼ਰੀਕਾ ਤੋਂ ਵਾਪਸ ਪਰਤਿਆ, ਉਦੋਂ ਮਿੱਲਾਂ ਦੇ ਮਜ਼ਦੂਰਾਂ ਵਿਚ ਬੇਚੈਨੀ ਸੀ ਜਿਨ੍ਹਾਂ ਨੂੰ ਮਿੱਲ ਮਾਲਕਾਂ ਨੂੰ ਮਿਲੇ ਛੱਤ-ਪਾੜ ਮੁਨਾਫ਼ਿਆਂ ਦਾ ਕੋਈ ਫ਼ਾਇਦਾ ਨਹੀਂ ਸੀ ਹੋਇਆ। ਅਹਿਮਦਾਬਾਦ ਦੀਆਂ ਮਿੱਲਾਂ ਵਿਚ ਅਚਾਨਕ ਹੜਤਾਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਮਿੱਲ ਮਾਲਕਾਂ ਨੇ ਗਾਂਧੀ ਨੂੰ ਹੜਤਾਲ ਖ਼ਤਮ ਕਰਾਉਣ ਵਾਸਤੇ ਵਿਚੋਲਗੀ ਕਰਨ ਲਈ ਕਿਹਾ। ਮੈਂ ਗਾਂਧੀ ਵਲੋਂ ਸਾਲਾਂ ਬੱਧੀ ਮਜ਼ਦੂਰਾਂ ਦੇ ਝਗੜਿਆਂ ਵਿਚ ਦਖ਼ਲ ਦੇਣ, ਮਜ਼ਦੂਰ ਯੂਨੀਅਨਾਂ ਨਾਲ ਨਜਿੱਠਣ ਅਤੇ ਹੜਤਾਲਾਂ ਬਾਰੇ ਉਸ ਦੇ ਮਜ਼ਦੂਰਾਂ ਨੂੰ ਉਪਦੇਸ਼ ਬਾਰੇ ਲਿਖਿਆ ਹੈ- ਇਸ ਦਾ ਜ਼ਿਆਦਾਤਰ ਹਿੱਸਾ ਪ੍ਰੇਸ਼ਾਨ ਕਰਨ ਵਾਲਾ ਹੈ। ਹੋਰ ਖੇਤਰਾਂ ਵਿਚ ਵੀ, ਗਾਂਧੀ ਦੀ ਮਸ਼ਹੂਰ 'ਵਿਹਾਰਕ ਪਹੁੰਚ' ਬਹੁਤ ਹੀ ਅਜੀਬ ਮੋੜੇ ਕੱਟਦੀ ਰਹੀ। ਮਸਲਨ, ਜਦੋਂ 1924 ਵਿਚ ਪੂਣੇ ਤੋਂ ਥੋੜ੍ਹਾ ਦੂਰ ਪਿੰਡਾਂ ਦੇ ਲੋਕ ਟਾਟਾ ਵਲੋਂ ਬੰਬਈ ਦੀਆਂ ਮਿੱਲਾਂ ਲਈ ਬਿਜਲੀ ਪੈਦਾ ਕਰਨ ਦੇ ਮਨੋਰਥ ਨਾਲ ਬਣਾਏ ਜਾਣ ਵਾਲੇ ਮੁਲਸ਼ੀ ਡੈਮ ਦੇ ਖ਼ਿਲਾਫ਼ ਰੋਸ ਪ੍ਰਗਟਾ ਰਹੇ ਸਨ, ਗਾਂਧੀ ਨੇ ਖ਼ਤ ਲਿਖ ਕੇ ਉਨ੍ਹਾਂ ਨੂੰ ਆਪਣਾ ਰੋਸ ਖ਼ਤਮ ਕਰਨ ਦਾ ਮਸ਼ਵਰਾ ਦਿੱਤਾ। ਉਸ ਦਾ ਤਰਕ ਸੁਪਰੀਮ ਕੋਰਟ ਦੇ ਸੰਨ 2000 ਦੇ ਉਸ ਫ਼ੈਸਲੇ ਨਾਲ ਬਹੁਤ ਜ਼ਿਆਦਾ ਮਿਲਦਾ-ਜੁਲਦਾ ਹੈ ਜਿਸ ਨੇ ਲੋਕਾਂ ਦੇ ਰੋਸ ਦੇ ਬਾਵਜੂਦ ਸੰਸਾਰ ਬੈਂਕ ਦੇ ਫੰਡਾਂ ਨਾਲ ਬਣਾਏ ਜਾ ਰਹੇ ਸਰਦਾਰ ਸਰੋਵਰ ਡੈਮ ਦੀ ਉਸਾਰੀ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਸੀ। ... ਲਿਹਾਜ਼ਾ ਅੰਬੇਦਕਰ ਐਨ ਸਹੀ ਸੀ ਜਦੋਂ ਉਸ ਨੇ ਕਿਹਾ: "ਕਾਂਗਰਸ ਆਜ਼ਾਦੀ ਲਈ ਲੜ ਰਹੀ ਹੈ, ਇਸ ਸਵਾਲ ਦੀ ਇਸ ਸਵਾਲ ਦੇ ਮੁਕਾਬਲੇ ਬਹੁਤ ਥੋੜ੍ਹੀ ਅਹਿਮੀਅਤ ਹੈ ਕਿ ਕਾਂਗਰਸ ਕਿਸ ਦੀ ਆਜ਼ਾਦੀ ਲਈ ਲੜ ਰਹੀ ਹੈ?"

*(ਚਲਦਾ)*

# ਰਾਜਸਥਾਨ 'ਚ ਭੁੱਕੀ ਕਾਰੋਬਾਰ 'ਤੇ ਪੰਜਾਬੀਆਂ ਦਾ ਕਬਜ਼ਾ

**ਸ੍ਰੀਗੰਗਾਨਗਰ:** ਰਾਜਸਥਾਨ ਵਿਚ ਇਸ ਵਾਰ ਭੁੱਕੀ ਦੇ ਠੇਕੇ ਲੈਣ ਵਿਚ ਪੰਜਾਬੀ ਸਭ ਤੋਂ ਵੱਧ ਸਰਗਰਮ ਹਨ। ਖ਼ਾਸਕਰ ਗੰਗਾਨਗਰ ਵਿਚ ਠੇਕੇ ਲੈਣ ਲਈ ਅਪਲਾਈ ਕਰਨ ਵਾਲੇ ਕੁੱਲ 247 ਲੋਕਾਂ ਵਿਚੋਂ 60 ਫੀਸਦੀ ਪੰਜਾਬ ਦੇ ਲੋਕ ਸਨ ਜਿਨ੍ਹਾਂ ਵਿਚ ਸਭ ਸਿਆਸੀ ਧਿਰਾਂ ਦੇ ਆਗੂ ਤੇ ਨੇੜਲੇ ਵੀ ਸ਼ਾਮਲ ਸਨ। ਹਾਲ ਹੀ ਵਿਚ ਸਾਲ 2014-15 ਵਾਸਤੇ ਭੁੱਕੀ ਦੇ ਠੇਕਿਆਂ ਦਾ ਡਰਾਅ ਕੱਢਿਆ ਗਿਆ ਹੈ ਜਿਨ੍ਹਾਂ ਤੋਂ ਸਰਕਾਰ ਨੂੰ 88 ਕਰੋੜ ਰੁਪਏ ਦੀ ਕਮਾਈ ਹੋਈ ਹੈ।

ਇਸ ਵਿਚੋਂ 26.56 ਕਰੋੜ (30 ਫੀਸਦੀ) ਆਮਦਨ ਇਕੱਲੇ ਗੰਗਾਨਗਰ ਤੇ ਹਨੂਮਾਨਗੜ੍ਹ ਜ਼ਿਲ੍ਹਿਆਂ ਦੇ ਠੇਕਿਆਂ ਤੋਂ ਹੋਈ ਹੈ ਜੋ ਸਭ ਤੋਂ ਜ਼ਿਆਦਾ ਹੈ। ਜ਼ਿਲ੍ਹਾ ਸ੍ਰੀਗੰਗਾਨਗਰ ਤੇ ਹਨੂਮਾਨਗੜ੍ਹ ਵਿਚ 50 ਭੁੱਕੀ ਦੇ ਠੇਕੇ ਹਨ। ਸ੍ਰੀਗੰਗਾਨਗਰ ਦੇ ਠੇਕੇ ਲੈਣ ਖਾਤਰ ਐਤਕੀਂ 247 ਦਰਖਾਸਤਾਂ ਤੇ ਹਨੂਮਾਨਗੜ੍ਹ ਦੇ ਠੇਕੇ ਲੈਣ ਲਈ 217 ਦਰਖਾਸਤਾਂ ਆਈਆਂ ਸਨ ਜਦੋਂ ਕਿ ਪਿਛਲੇ ਸਾਲ ਇਨ੍ਹਾਂ ਦਰਖਾਸਤਾਂ ਦੀ ਦੋਹਾਂ ਜ਼ਿਲ੍ਹਿਆਂ ਵਿਚ ਗਿਣਤੀ 120 ਤੋਂ ਵੀ ਘੱਟ ਸੀ। ਦਰਖਾਸਤ ਫੀਸ ਐਤਕੀਂ 20 ਹਜ਼ਾਰ ਰੁਪਏ ਰੱਖੀ ਗਈ ਸੀ ਜਦੋਂ ਕਿ ਪਹਿਲਾਂ ਪੌਣੇ ਅੱਠ ਲੱਖ ਰੁਪਏ ਹੁੰਦੀ ਸੀ। ਰਾਜਸਥਾਨ ਵਿਚ ਭਾਜਪਾ ਸਰਕਾਰ ਬਣਨ ਮਗਰੋਂ ਦਰਖਾਸਤਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਪੂਰੇ ਰਾਜਸਥਾਨ ਵਿਚ 24 ਗਰੁੱਪ ਬਣਾਏ ਗਏ ਹਨ ਜਿਨ੍ਹਾਂ ਵਾਸਤੇ ਕੁੱਲ 2161 ਦਰਖਾਸਤਾਂ ਪੁੱਜੀਆਂ। ਸਰਕਾਰ ਨੂੰ ਦਰਖਾਸਤ ਫੀਸ ਦੇ ਰੂਪ ਵਿਚ 3.31 ਕਰੋੜ ਰੁਪਏ ਦੀ ਆਮਦਨ ਹੋਈ।

ਸ੍ਰੀਗੰਗਾਨਗਰ ਦੇ ਜ਼ਿਲ੍ਹਾ ਆਬਕਾਰੀ ਅਫਸਰ ਸ਼ੰਕਰ ਲਾਲ ਸ਼ਰਮਾ ਦਾ ਕਹਿਣਾ ਸੀ ਕਿ ਐਤਕੀਂ ਪੰਜਾਬ ਵਿਚੋਂ ਕਾਫ਼ੀ ਲੋਕਾਂ ਨੇ ਅਪਲਾਈ ਕੀਤਾ ਸੀ ਜਿਨ੍ਹਾਂ ਦੀ ਸਹੀ ਗਿਣਤੀ ਦੱਸਣੀ ਮੁਸ਼ਕਲ ਹੈ। ਭੁੱਕੀ ਦੇ ਠੇਕੇ ਲੈਣ ਲਈ ਪੂਰੇ ਦੇਸ਼ ਵਿਚੋਂ ਕੋਈ ਵੀ ਅਪਲਾਈ ਕਰ ਸਕਦਾ ਹੈ। ਮਿਲੀ ਜਾਣਕਾਰੀ ਮੁਤਾਬਕ ਹਨੂਮਾਨਗੜ੍ਹ ਵਿਚ ਪੰਜਾਬ ਦਾ ਇਕ ਵਿਅਕਤੀ ਭੁੱਕੀ ਦੇ ਕਾਰੋਬਾਰ ਵਿਚ ਗੁਪਤ ਹਿੱਸੇਦਾਰ ਬਣਿਆ ਹੈ।

ਪਹਿਲੀ ਅਪਰੈਲ ਤੋਂ ਭੁੱਕੀ ਦਾ ਕਾਰੋਬਾਰ ਨਵੇਂ ਠੇਕੇਦਾਰਾਂ ਕੋਲ ਆ ਜਾਣਾ ਹੈ। ਫੀਸ ਵਿਚ ਕਮੀ ਨੂੰ ਵੀ ਦਰਖਾਸਤਾਂ ਦੀ ਗਿਣਤੀ ਵਿਚ ਵਾਧੇ ਦਾ ਕਾਰਨ ਦੱਸਿਆ ਜਾ ਰਿਹਾ ਹੈ ਜਿਸ ਕਾਰਨ ਪੰਜਾਬ ਤੇ ਚੰਡੀਗੜ੍ਹ ਦੇ ਲੋਕਾਂ ਨੇ ਐਤਕੀਂ ਕਾਫ਼ੀ ਰੁਚੀ ਦਿਖਾਈ ਹੈ। ਵੇਰਵਿਆਂ ਮੁਤਾਬਕ ਸਰਕਾਰ ਨੂੰ ਸ੍ਰੀਗੰਗਾਨਗਰ ਦੇ ਠੇਕਿਆਂ ਤੋਂ 9.66 ਕਰੋੜ ਤੇ ਹਨੂਮਾਨਗੜ੍ਹ ਦੇ ਠੇਕਿਆਂ ਤੋਂ 16.90 ਕਰੋੜ ਦੀ ਕਮਾਈ ਹੋਈ ਹੈ।

ਰਾਜਸਥਾਨ ਵਿਚ ਭੁੱਕੀ ਦਾ ਕਾਰੋਬਾਰ ਦੋ ਨੰਬਰ ਵਿਚ ਜ਼ਿਆਦਾ ਚੱਲਦਾ ਹੈ। ਸਰਕਾਰ ਨੇ ਅਸਲ ਵਿਚ ਭੁੱਕੀ ਦੇ ਠੇਕੇ ਸੂਬੇ ਵਿਚਲੇ 22,500 ਅਮਲੀਆਂ ਵਾਸਤੇ ਖੋਲ੍ਹੇ ਹਨ ਜਿਨ੍ਹਾਂ ਨੂੰ ਬਾਕਾਇਦਾ ਕਾਰਡ ਬਣਾ ਕੇ ਦਿੱਤੇ ਹੋਏ ਹਨ। ਡਾਕਟਰ ਦੀ ਸਿਫਾਰਸ਼ 'ਤੇ ਹਰ ਅਮਲੀ ਦਾ ਪ੍ਰਤੀ ਮਹੀਨੇ ਦਾ ਕੋਟਾ ਤੈਅ ਕੀਤਾ ਜਾਂਦਾ ਹੈ। ਨਿਯਮਾਂ ਮੁਤਾਬਕ ਠੇਕੇਦਾਰ ਸਿਰਫ਼ ਇਨ੍ਹਾਂ ਅਮਲੀਆਂ ਨੂੰ ਹੀ ਸਪਲਾਈ ਦੇ ਸਕਦੇ ਹਨ ਪਰ ਥੋਕ 'ਚ ਭੁੱਕੀ ਬਿਨਾਂ ਕਾਰਡਾਂ ਤੋਂ ਹੀ ਸਪਲਾਈ ਹੁੰਦੀ ਹੈ। ਤੈਅ ਕੀਤੇ ਸਰਕਾਰੀ ਭਾਅ 500 ਰੁਪਏ ਪ੍ਰਤੀ ਕਿਲੋ ਤੋਂ ਜ਼ਿਆਦਾ ਭਾਅ 'ਤੇ ਠੇਕੇਦਾਰ ਭੁੱਕੀ ਵੇਚਦੇ ਹਨ।

# ਸਰਕਾਰ ਵੱਲੋਂ ਨਸ਼ਾ ਤਸਕਰੀ ਕੇਸ ਦੀ ਸੀ.ਬੀ.ਆਈ. ਜਾਂਚ ਦਾ ਵਿਰੋਧ

**ਚੰਡੀਗੜ੍ਹ:** ਸੂਬੇ ਵਿਚ ਨਸ਼ੇ ਦੀ ਅਲਾਮਤ ਨਾਲ ਨਜਿੱਠਣ ਲਈ ਪੰਜਾਬ ਪੁਲਿਸ ਦੀ ਪਿੱਠ ਥਾਪੜਦਿਆਂ ਪੰਜਾਬ ਸਰਕਾਰ ਨੇ ਨਸ਼ਾ ਤਸਕਰੀ ਕੇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦਾ ਤਿੱਖਾ ਵਿਰੋਧ ਕੀਤਾ ਹੈ। ਜਗਜੀਤ ਸਿੰਘ ਚਾਹਲ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਖ਼ਲ ਕਰਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਸੀ ਤੇ ਸੁਣਵਾਈ ਦੌਰਾਨ ਸਰਕਾਰੀ ਵਕੀਲ ਅਨੂਪਇੰਦਰ ਸਿੰਘ ਗਰੇਵਾਲ ਨੇ ਵੇਰਵੇ ਸਹਿਤ ਜੁਆਬ ਦਿੱਤੇ ਤੇ ਰਿਪੋਰਟ ਪੇਸ਼ ਕੀਤੀ। ਪੰਜਾਬ ਸਰਕਾਰ ਨੇ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਨਸ਼ਾ ਤਸਕਰੀ ਮਾਮਲੇ ਵਿਚ ਹੁਣ ਤਕ 58 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਮਾਤਰਾ ਵਿਚ ਨਸ਼ਾ ਬਰਾਮਦ ਕੀਤਾ ਗਿਆ ਹੈ।

ਇਸ ਮਾਮਲੇ 'ਤੇ ਹੁਣ 27 ਮਈ ਨੂੰ ਸੁਣਵਾਈ ਹੋਵੇਗੀ। ਸ. ਚਾਹਲ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਸਰਕਾਰ ਦੀ ਸ਼ਹਿ ਹਾਸਲ ਦਿੱਗਜਾਂ ਨੂੰ ਬਚਾਉਣ ਲਈ ਨਿਰਪੱਖ ਜਾਂਚ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਮੀਡੀਆ ਰਿਪੋਰਟਾਂ ਤੇ ਜਾਂਚ ਏਜੰਸੀ ਦੇ ਦਾਅਵਿਆਂ ਤੋਂ ਸਾਬਤ ਹੋ ਗਿਆ ਹੈ ਕਿ ਨਸ਼ਾ ਤਸਕਰਾਂ ਤੇ ਉੱਚ ਅਹੁਦਿਆਂ 'ਤੇ ਬੈਠੇ ਸਿਆਸੀ ਆਗੂਆਂ ਵਿਚਕਾਰ ਨਾਪਾਕ ਗੱਠਜੋੜ ਹੈ। ਉਨ੍ਹਾਂ ਇਸ ਗੱਠਜੋੜ ਦਾ ਪਰਦਾਫਾਸ਼ ਕਰਨ ਲਈ ਸੀ.ਬੀ.ਆਈ. ਤੋਂ ਪੂਰੇ ਨਸ਼ਾ ਤਸਕਰੀ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਸਲੇ ਨੂੰ ਅੰਜਾਮ ਤਕ ਪਹੁੰਚਾਉਣ ਦੀ ਬਜਾਏ ਉਸ ਨੂੰ ਸਨਸਨੀਖੇਜ਼ ਬਣਾਇਆ ਜਾ ਰਿਹਾ ਹੈ।


Quik Signs
Signs • Graphics • Wraps
ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ







ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi
*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on : Radio Sets (CA, WA, NV)
Dial in 832-551-5029 or 605-475-6868
Android & iPhone App
www.PunjabiRadioUSA.com
Ph: 408-272-5200



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪਛੜੇਪਨ ਦੀ ਪਰਿਭਾਸ਼ਾ ਤੇ ਜਾਟ ਰਾਖਵਾਂਕਰਨ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕੇਂਦਰ ਦੀ ਸਰਕਾਰ ਨੇ ਮੰਡਲ ਕਮਿਸ਼ਨ ਦੀ 1980 ਵਿਚ ਅਰੰਭੀ ਤੇ ਹੁਣ ਇਕ ਦਹਾਕੇ ਤੋਂ ਠੰਢੇ ਬਸਤੇ ਵਿਚ ਬੰਦ ਪਈ ਜਾਟ ਰਾਖਵੇਂਕਰਨ ਵਾਲੀ ਮੰਗ ਨੂੰ ਅਚਾਨਕ ਹੀ ਪ੍ਰਵਾਨਗੀ ਦੇ ਦਿੱਤੀ ਹੈ। ਉਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ, ਉਤਰਾਖੰਡ, ਮੱਧ ਪ੍ਰਦੇਸ਼, ਗੁਜਰਾਤ ਤੇ ਬਿਹਾਰ ਦੇ ਇਹ ਜਾਟ ਭਾਰਤੀ ਵਸੋਂ ਦਾ 6.5% ਤੇ ਗਿਣਤੀ ਦੇ 8.5 ਕਰੋੜ ਹਨ। ਜਾਟ ਭਾਰਤ ਵਿਚ ਆਵਾਸ ਲਈ ਆਏ ਉਹ ਲੋਕ ਹਨ ਜਿਹੜੇ ਸਭ ਤੋਂ ਪਿੱਛੋਂ ਭਾਰਤ ਆਏ ਤੇ ਜਿਨ੍ਹਾਂ ਨੂੰ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਵਾਲੀ ਚਤਰਵਰਣ ਪ੍ਰਣਾਲੀ ਵਿਚ ਕਿਧਰੇ ਵੀ ਨਹੀਂ ਗਿਣਿਆ ਜਾਂਦਾ। ਜਾਟ ਵੀ ਇਹ ਗੱਲ ਜਾਣਦੇ ਹਨ ਪਰ ਜ਼ਮੀਨਾਂ ਤੇ ਪੈਲੀਆਂ ਦੇ ਮਾਲਕ ਹੋਣ ਸਦਕਾ ਉਹ ਆਪਣੇ ਆਪ ਨੂੰ ਪਛੜੀਆਂ ਸ਼੍ਰੇਣੀਆਂ ਵਿਚ ਨਹੀਂ ਗਿਣਦੇ। ਪਰ ਉਪਰੋਕਤ ਨੌਂ ਰਾਜਾਂ ਦੀਆਂ 226 ਲੋਕ ਸਭਾ ਸੀਟਾਂ ਵਿਚੋਂ 30 ਦੀ ਕੁੰਜੀ ਜਾਟ ਵੋਟਰਾਂ ਦੇ ਹੱਥ ਹੈ। ਉਹ ਇਸ ਗੱਲ ਦਾ ਮਾਣ ਕਰਦੇ ਹਨ ਕਿ ਉਨ੍ਹਾਂ ਵਿਚੋਂ ਚੌਧਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣਿਆ ਤੇ ਹਰਿਆਣਾ ਦਾ ਦੇਵੀ ਲਾਲ ਉਪ ਪ੍ਰਧਾਨ ਮੰਤਰੀ। ਇਹ ਵੀ ਕਿ ਅਜ਼ਾਦੀ ਪਿੱਛੋਂ 18 ਜਾਟ ਮੁੱਖ ਮੰਤਰੀ ਬਣੇ, ਤਿੰਨ ਲੋਕ ਸਭਾ ਸਪੀਕਰ, 13 ਗਵਰਨਰ ਤੇ 8 ਰਾਜਦੂਤ। ਭਾਰਤੀ ਸੇਨਾ, ਖੇਡਾਂ, ਫਿਲਮਾਂ ਵਿਚ ਨਾਮਣਾ ਖੱਟਣ ਵਾਲਿਆਂ ਦੀ ਗਿਣਤੀ ਸੈਂਕੜੇ ਦੇ ਨੇੜੇ ਹੋਵੇਗੀ। ਉਹ ਆਪਣੇ ਆਪ ਨੂੰ ਪਛੜੇ ਹੋਏ ਕਿਉਂ ਮੰਨਣ? ਚੌਧਰੀ ਚਰਨ ਸਿੰਘ ਜਾਟਾਂ ਨੂੰ ਪਛੜੇ ਵਰਗ ਵਿਚ ਗਿਣੇ ਜਾਣ ਦਾ ਪੱਕਾ ਵਿਰੋਧੀ ਸੀ। ਸਿੱਖ ਜੱਟਾਂ ਵਿਚੋਂ ਵੀ ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਦੇ ਸਿੱਖ ਜੱਟਾਂ ਨੂੰ ਰਾਖਵੀਂ ਸ਼੍ਰੇਣੀ ਵਿਚ ਸ਼ਾਮਲ ਕੀਤੇ ਜਾਣ ਦੇ ਹਫੜਾ-ਤਫੜੀ ਵਿਚ ਦਿੱਤੇ ਬਿਆਨ ਵੀ ਇਸ ਧਾਰਨਾ ਦੀ ਪੁਸ਼ਟੀ ਕਰਦੇ ਹਨ।

ਮੇਰਾ ਜੱਦੀ ਪਿੰਡ ਪੰਜਾਬ ਦੀ ਸੈਣੀ ਪੱਟੀ ਵਿਚ ਪੈਂਦਾ ਹੈ। ਇੱਕ ਸਮੇਂ ਇਥੋਂ ਦਾ ਸਿਰ ਕੱਢ ਸੈਣੀ ਨੇਤਾ ਦਿਲਬਾਗ ਸਿੰਘ ਸੈਣੀਆਂ ਦਾ ਭਲਾ ਕਰਨ ਲਈ ਆਪਣੇ ਪਤਵੰਤੇ ਮਿੱਤਰਾਂ ਤੇ ਨੇਤਾਵਾਂ ਵਿਚ ਇਹ ਗੱਲ ਛੇੜ ਬੈਠਿਆ ਕਿ ਜੇ ਉਹ ਚਾਹੇ ਤਾਂ ਸੈਣੀ ਬਰਾਦਰੀ ਨੂੰ ਪਛੜੀ ਸ਼੍ਰੇਣੀ ਵਿਚ ਪਵਾ



*ਰਾਖਵੇਂਕਰਨ ਲਈ ਰੇਲ ਰੋਕੋ ਅੰਦੋਲਨ ਕਰ ਰਹੇ ਜਾਟ*

ਸਕਦਾ ਹੈ। ਬਰਾਦਰੀ ਨੇ ਇਹ ਸੁਝਾਓ ਸੁਣਦੇ ਸਾਰ ਉਸ ਦੀ ਖੂਬ ਲਾਹ ਪਾਹ ਕੀਤੀ। ਇਕ ਵਾਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਕੇਸਕਾਰ ਨੇ ਆਪਣੇ ਮੰਤਰਾਲੇ ਵਿਚ ਕੰਮ ਕਰਦੇ ਕੁਲਵੰਤ ਸਿੰਘ ਵਿਰਕ ਤੋਂ ਜਾਟਾਂ ਦੇ ਪਿਛੋਕੜ ਤੇ ਉਨ੍ਹਾਂ ਦੀ ਹੋਂਦ ਬਾਰੇ ਜਾਨਣਾ ਚਾਹਿਆ ਤਾਂ ਵਿਰਕ ਨੇ ਮਹਾਰਾਜਾ ਰਣਜੀਤ ਸਿੰਘ, ਖਿਜ਼ਰ ਹਯਾਤ ਖਾਂ ਤੇ ਪ੍ਰਤਾਪ ਸਿੰਘ ਕੈਰੋਂ-ਤਿੰਨ ਸਿਰ-ਕੱਢ ਜੱਟਾਂ ਦੇ ਨਾਂ ਲਏ ਤਾਂ ਮੰਤਰੀ ਨੇ ਵਿਰਕ ਨੂੰ ਉਥੇ ਹੀ ਰੋਕ ਦਿੱਤਾ ਅਤੇ ਕਿਹਾ, 'ਬਸ ਕਰੋ, ਮੈਨੂੰ ਸਾਰਾ ਮਸਲਾ ਸਮਝ ਆ ਗਿਆ ਹੈ।' ਭਾਵ ਇਹ ਕਿ ਜੱਟ ਜਾਂ ਸਿੱਖ ਜੱਟ ਖੇਤਾਂ ਤੇ ਪੈਲੀਆਂ ਦਾ ਮਾਲਕ ਹੁੰਦਾ ਹੈ। ਉਸ ਦੀ ਜਾਤ ਭਾਵੇਂ ਕੋਈ ਵੀ ਹੋਵੇ।

ਰਾਜਨੀਤੀ ਵਿਚ ਕਿਹੜਾ ਪੈਂਤੜਾ ਠੀਕ ਹੁੰਦਾ ਤੇ ਕਿਹੜਾ ਗਲਤ ਇਹਦੇ ਬਾਰੇ ਭਵਿੱਖਵਾਣੀ ਕਰਨੀ ਸੌਖੀ ਨਹੀਂ ਹੁੰਦੀ। ਪਰ ਜਾਟਾਂ ਤੇ ਜੱਟ ਸਿੱਖਾਂ ਦੇ ਪਛੜੀ ਸ਼੍ਰੇਣੀ ਵਿਚ ਗਿਣੇ ਜਾਣ ਨਾਲ ਪਛੜੀ ਸ਼੍ਰੇਣੀ ਵਾਲੇ ਹੀ ਉਨ੍ਹਾਂ ਦੇ ਉਲਟ ਨਹੀਂ ਹੋਣ ਲੱਗੇ ਸਗੋਂ ਖਾਂਦੇ ਪੀਂਦੇ ਜਾਟ ਵੀ ਲਾਹਨਤਾਂ ਪਾ ਸਕਦੇ ਹਨ।

ਉਂਜ ਵੀ ਜਾਟਾਂ ਤੇ ਜੱਟ ਸਿੱਖਾਂ ਦੇ ਪਛੜੇਵੇਂ ਦਾ ਸਵਾਲ ਬੜਾ ਗੁੰਝਲਦਾਰ ਹੈ। ਕੀ ਆਪਾਂ ਅਜਿਹੇ ਜਾਟਾਂ ਨੂੰ ਜੋ ਆਪਣੀ ਸ਼ਹਿਰਾਂ ਤੇ ਸੜਕਾਂ ਦੇ ਨੇੜੇ ਪੈਂਦੀ ਜ਼ਮੀਨ ਭਵਨ ਉਸਾਰੀ ਕਰਨ ਵਾਲਿਆਂ ਨੂੰ ਵੇਚ ਕੇ ਰਾਤੋ ਰਾਤ ਲੱਖਪਤੀ ਤੇ ਕਰੋੜਪਤੀ ਹੋ ਗਏ, ਉਨ੍ਹਾਂ ਨੂੰ ਪਛੜੇ ਹੋਏ ਕਹਾਂਗੇ? ਇਸ ਦੇ ਉਲਟ ਅਸੀਂ ਜਿਹੜੇ ਜਾਟ ਆਪਣੀਆਂ ਰਵਾਇਤਾਂ ਦਾ ਗਲਤ ਪਾਲਣ ਕਰਕੇ ਆਪਣੀਆਂ ਬੇਟੀਆਂ ਨੂੰ ਮੋਬਾਈਲ ਵਰਤਣ ਤੇ ਜ਼ੀਨਾਂ ਪਹਿਨਣ ਤੋਂ ਮਨ੍ਹਾਂ ਕਰ ਰਹੇ ਹਨ ਜਾਂ ਅੰਤਰਜਾਤੀ ਵਿਆਹਾਂ 'ਤੇ ਅੰਨੇਵਾਹ ਰੋਕਾਂ ਲਾ ਕੇ ਆਪਣੇ ਜਾਂ ਆਪਣੇ ਗਵਾਂਢੀ ਦੇ ਜਿਗਰ ਦੇ ਟੋਟਿਆਂ ਨੂੰ ਮੌਤ ਦੇ ਘਾਟ ਉਤਾਰ ਰਹੇ ਹਨ, ਉਨ੍ਹਾਂ ਨੂੰ ਪਛੜੀ ਆਤਮਾ ਦੇ ਧਾਰਨੀ ਨਹੀਂ ਮੰਨਾਂਗੇ?

ਇਕ ਸਮੇਂ ਪਛੜੀਆਂ ਸ਼੍ਰੇਣੀਆਂ ਨੂੰ ਆਰਥਕ, ਤਕਨੀਕੀ ਤੇ ਕਾਨੂੰਨੀ ਸਹੂਲਤਾਂ ਦੇਣਾ ਵਾਜਬ ਸੀ ਜਿਸ ਦਾ ਲਾਭ ਵੀ ਹੋਇਆ ਹੈ। ਹੁਣ ਇਸ ਰਾਖਵੇਂਕਰਨ ਨੂੰ ਰਾਜਨੀਤੀ ਦੇ ਟੇਟੇ ਚੜ੍ਹਨ ਤੋਂ ਬਚਾਉਣ ਦੀ ਲੋੜ ਹੈ। ਸਮੇਂ ਦੀ ਮੰਗ ਤਾਂ ਇਹ ਹੈ ਕਿ ਹੁਣ ਪਿਛਲੀ ਨੀਤੀ ਉਤੇ ਪੋਚਾ ਫੇਰ ਇਸ ਨੂੰ ਸ਼੍ਰੇਣੀ ਵੰਡ ਵਿਚੋਂ ਕੱਢ ਕੇ ਸਮੇਂ ਦੇ ਹਾਣ ਦੀ ਬਣਾਈਏ ਤੇ ਸਮਾਜ ਭਲਾਈ ਤੇ ਆਰਥਕਤਾ ਨਾਲ ਜੋੜੀਏ।

ਅਜਿਹੇ ਰਾਜਨੀਤਕ ਫੈਸਲਿਆਂ ਤੋਂ ਬਚੀਏ ਜਿਹੜੇ ਭਵਿੱਖ ਲਈ ਅੰਤਾਂ ਦੀਆਂ ਗੁੰਝਲਾਂ ਪੈਦਾ ਕਰਨ। ਉਨ੍ਹਾਂ ਨੂੰ ਉਨ੍ਹਾਂ ਦੇ ਪੁਰਖੇ ਚੇਤੇ ਕਰਵਾਈਏ ਜਿਹੜੇ ਜਾਟ ਵਿਧਵਾ ਨੂੰ ਬਨਾਰਸ ਭੇਜਣ ਦੀ ਥਾਂ ਛੋਟੇ ਭਰਾ ਦੀ ਚਾਦਰ ਪਵਾ ਕੇ ਉਸ ਦੀ ਪਤਨੀ ਬਣਾ ਦਿੰਦੇ ਸਨ। ਉਹੀਓ ਜਾਟ ਹੁਣ ਕਿਹੜੇ ਰਾਹ ਤੁਰ ਪਏ ਹਨ?

**ਮੇਰੀ ਅੱਸੀ ਕੋਹ ਦੀ ਦੌੜ:** ਮੈਂ 22 ਮਾਰਚ ਵਾਲੇ ਦਿਨ ਅੱਸੀ ਸਾਲ ਦਾ ਹੋ ਗਿਆ ਹਾਂ। ਪਿਛਲੇ ਵੀਹ ਸਾਲਾਂ ਤੋਂ ਮੈਂ ਕੇਵਲ ਉਸ ਕੰਮ ਨੂੰ ਹੱਥ ਪਾਉਂਦਾ ਰਿਹਾ ਜਿਹੜਾ ਪੰਜ ਸਾਲਾਂ ਵਿਚ ਨੇਪਰੇ ਚੜ੍ਹ ਜਾਵੇ। ਹੁਣ ਮੈਂ ਇਸ ਪੰਜ ਸਾਲਾ ਯੋਜਨਾ ਨੂੰ ਇੱਕ ਸਾਲਾ ਕਰਨ ਲੱਗਿਆ ਸਾਂ ਤਾਂ ਮੇਰੇ ਮਿੱਤਰ ਤੇ ਅਜੀਤ ਦੇ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਦਾ ਟੈਲੀਫੋਨ ਆ ਗਿਆ ਕਿ ਉਨ੍ਹਾਂ ਨੇ ਮੇਰੀ ਕਈ ਸਾਲਾਂ ਦੀ ਮੰਗ ਪੂਰੀ ਕਰਨ ਦਾ ਫੈਸਲਾ ਕਰ ਲਿਆ ਹੈ। ਉਹ ਇਹ ਕਿ ਅੱਗੇ ਤੋਂ ਮੇਰਾ 'ਨਿੱਕ-ਸੁੱਕ' ਐਤਵਾਰ ਵਾਲੇ ਦਿਨ ਛਾਪਿਆ ਕਰਨਗੇ। ਨਿਸਚੇ ਹੀ ਉਨ੍ਹਾਂ ਨੂੰ ਆਸ ਹੈ ਕਿ ਮੈਂ ਹਾਲੀ ਕਈ ਵਰ੍ਹੇ ਹੋਰ ਜੀਉਣਾ ਹੈ। ਇਹ ਆਸ ਉਨ੍ਹਾਂ ਦੇ ਬੋਲਾਂ ਵਿਚ ਵੀ ਸੀ। ਮੇਰਾ ਖਿਆਲ ਹੈ ਹੁਣ ਮੈਨੂੰ ਅੱਗੇ ਵਾਲੀ ਪੰਜ ਸਾਲਾ ਯੋਜਨਾ ਨੂੰ ਇਕ ਸਾਲ ਤੱਕ ਸੀਮਤ ਕਰਨ ਦੀ ਲੋੜ ਨਹੀਂ। ਹਾਲ ਦੀ ਘੜੀ ਤਿੰਨ ਸਾਲਾ ਬਣਾ ਲੈਂਦਾ ਹਾਂ, ਬਾਕੀ ਫੇਰ ਸਹੀ। ਕੌਣ ਨਹੀਂ ਜਾਣਦਾ ਜੇ ਤੁਹਾਡੇ ਸ਼ੁਭਚਿੰਤਕ ਤੁਹਾਡੇ ਤੋਂ ਵੱਡੀਆਂ ਆਸਾਂ ਰੱਖਣ ਤਾਂ ਤੁਹਾਡਾ ਉਨ੍ਹਾਂ ਆਸਾਂ ਉਤੇ ਪੂਰੇ ਉਤਰਨ ਨੂੰ ਜੀਅ ਕਰਦਾ ਹੈ। ਖੁਦਾ ਹਾਫਿਜ਼!

**ਅੰਤਿਕਾ:** (ਅਮਰਜੀਤ ਕੌਰ ਅਮਰ)
ਛੱਟਾ ਦੇ ਚਾਨਣ ਵਾਲਾ
ਘਰ ਘਰ ਰੌਸਨ ਕੀਤਾ,
ਪਰ ਆਪਣੇ ਹੀ ਵਿਹੜੇ ਵਿਚ
ਨਾ ਸੂਰਜ ਗਿਆ ਉਤਾਰਿਆ।

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ

**ਚੰਡੀਗੜ੍ਹ:** ਬੀਤੇ ਸਾਲ 16 ਜੂਨ, 2013 ਦੀ ਰਾਤ ਨੂੰ ਆਈ ਭਿਆਨਕ ਤਬਾਹੀ ਤੋਂ ਬਾਅਦ ਗੁਰਦੁਆਰਾ ਗੋਬਿੰਦ ਘਾਟ ਨੂੰ ਮੁੜ ਸੰਗਤਾਂ ਦੇ ਠਹਿਰਣ ਯੋਗ ਬਣਾਉਣ ਲਈ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਗੋਬਿੰਦਘਾਟ ਉਤਰਾਖੰਡ ਦੀ ਮੈਨੇਜਮੈਂਟ ਨੇ ਇਸ ਸਾਲ ਜੂਨ ਵਿਚ ਸ਼ੁਰੂ ਹੋਣ ਵਾਲੀ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਹਨ ਤੇ ਨਵੀਆਂ ਉਸਾਰੀਆਂ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਗੋਬਿੰਦਘਾਟ ਉਤਰਾਖੰਡ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਭਾਵੇਂ ਪਿਛਲੇ ਸਾਲ ਭਾਰੀ ਤਬਾਹੀ ਹੋਈ ਤੇ ਗੁਰਦੁਆਰਾ ਗੋਬਿੰਦ ਘਾਟ ਦਾ ਕਰੀਬ 50 ਕਰੋੜ ਦੇ ਕਰੀਬ ਮਾਲੀ ਨੁਕਸਾਨ ਹੋਇਆ ਪਰ ਪਿਛਲੇ ਸਾਰੇ ਸਾਲ ਦੌਰਾਨ ਚੱਲੇ ਨਿਰਮਾਣ ਕਾਰਜਾਂ ਤੇ ਮੁਢਲੀਆਂ ਸਹੂਲਤਾਂ ਸੰਗਤਾਂ ਨੂੰ ਮਿਲਣਯੋਗ ਹੋ ਜਾਣ ਤੋਂ ਬਾਅਦ ਹੁਣ ਉਤਰਾਖੰਡ ਸਰਕਾਰ ਨੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ ਸ਼ੁਰੂ ਕਰਨ ਲਈ ਮਨਜੂਰੀ ਦੇ ਦਿੱਤੀ ਹੈ। ਹੁਣ ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਤੱਕ ਦਾ ਛੇ ਕਿਲੋਮੀਟਰ ਦਾ ਰਸਤਾ ਜੋ ਬਰਫ ਨੂੰ ਕੱਟ ਕੇ ਬਣਾਇਆ ਜਾਂਦਾ ਹੈ, ਉਸ ਨੂੰ ਇਸ ਸਾਲ ਦੀ ਯਾਤਰਾ ਦੇ ਯੋਗ ਬਣਾਉਣ ਲਈ ਭਾਰਤੀ ਫੌਜ ਤੇ ਟਰੱਸਟ ਦੇ ਸੇਵਾਦਾਰ ਅਪਰੈਲ ਦੇ ਪਹਿਲੇ ਹਫਤੇ ਬਣਾਉਣਾ ਸ਼ੁਰੂ ਕਰਨਗੇ।

ਪਿਛਲੇ ਸਾਲ ਇਹ ਯਾਤਰਾ 25 ਮਈ ਨੂੰ ਹੀ ਸ਼ੁਰੂ ਕਰ ਦਿੱਤੀ ਗਈ ਸੀ ਤੇ ਉਮੀਦ ਹੈ ਕਿ ਇਸ ਸਾਲ ਵੀ ਸਮੇਂ 'ਤੇ ਹੀ ਸ਼ੁਰੂ ਕਰ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਪੁਰਾਣੀਆਂ ਪੰਜ ਮੰਜ਼ਲੀ ਰਿਹਾਇਸ਼ੀ ਇਮਾਰਤਾਂ ਦੀ ਮੁਰੰਮਤ ਕਰ ਉਸ ਦੀਆਂ ਤਿੰਨ ਮੰਜ਼ਲਾਂ ਵਿਚ ਦਾਖਲ ਹੋਈ ਰੇਤ ਨੂੰ ਉਪਰ ਦੀਆਂ ਦੋ ਮੰਜ਼ਲਾਂ ਵਿਚੋਂ ਬਾਹਰ ਕੱਢ ਦਿੱਤਾ ਗਿਆ ਤੇ ਸਭ ਤੋਂ ਹੇਠ ਵਾਲੀ ਮੰਜ਼ਲ ਦੇ ਚਾਰੇ ਪਾਸੇ ਰੇਤ ਤੇ ਨਾਲ ਵਗਦੀ ਨਦੀ ਦਾ ਪੱਧਰ ਉੱਚਾ ਹੋ ਜਾਣ ਕਾਰਨ ਉਸ ਵਿਚੋਂ ਰੇਤ ਦਾ ਕੱਢਣਾ ਮੁਸ਼ਕਲ ਹੈ ਪਰ ਫਿਰ ਵੀ ਇਸ ਸਾਲ ਨਵੀਆਂ ਤਿਆਰ ਕੀਤੀਆਂ ਇਮਾਰਤਾਂ ਤੇ ਪੁਰਾਣੀਆਂ ਇਮਾਰਤਾਂ ਵਿਚ ਕਰੀਬ ਚਾਰ ਹਜ਼ਾਰ ਵਿਅਕਤੀ ਉਥੇ ਰਹਿ ਸਕਣਗੇ ਤੇ ਗੋਬਿੰਦ ਘਾਟ ਗੁਰਦੁਆਰਾ ਸਾਹਿਬ ਦੇ ਦਰਬਾਰ ਸਾਹਿਬ ਨੂੰ ਵੀ ਹੁਣ ਨਵਾਂ ਤਿਆਰ ਕਰਕੇ ਇਕ ਵੱਖਰੀ ਦਿੱਖ ਦਿੱਤੀ ਗਈ ਹੈ।

## ਸੰਜੇ ਦੱਤ ਮੁੜ ਪਹੁੰਚਿਆ ਜੇਲ੍ਹ

**ਮੁੰਬਈ (ਬਿਊਰੋ):** ਬਾਲੀਵੁੱਡ ਅਦਾਕਾਰ ਸੰਜੇ ਦੱਤ ਪੈਰੋਲ ਦਾ ਸਮਾਂ ਖ਼ਤਮ ਹੋਣ ਉਪਰੰਤ ਵਾਪਸ ਯੇਰਵੜਾ ਜੇਲ੍ਹ ਚਲਾ ਗਿਆ। ਦੱਤ ਨੂੰ ਪਿਛਲੇ ਸਾਲ 21 ਦਸੰਬਰ ਨੂੰ ਪੈਰੋਲ ਉਪਰ ਰਿਹਾ ਕੀਤਾ ਗਿਆ ਸੀ ਜਿਸ ਵਿਚ ਦੋ ਵਾਰ ਵਾਧਾ ਕੀਤਾ ਗਿਆ ਸੀ।

ਸੰਜੇ ਦੱਤ ਵੱਲੋਂ ਪਤਨੀ ਮਾਨਿਅਤਾ ਦੀ ਬਿਮਾਰੀ ਦੇ ਆਧਾਰ 'ਤੇ ਪੈਰੋਲ ਲਈ ਗਈ ਸੀ। ਦੱਤ ਨੂੰ ਗੈਰ-ਕਾਨੂੰਨੀ ਤੌਰ 'ਤੇ ਖਤਰਨਾਕ ਹਥਿਆਰ ਰੱਖਣ ਦੇ ਮਾਮਲੇ ਵਿਚ ਪੰਜ ਸਾਲ ਬਾਮੁਸ਼ਕਤ ਕੈਦ ਹੋਈ ਸੀ।

## ਕੈਪਟਨ ਕੰਵਲਜੀਤ ਸਿੰਘ ਨੂੰ ਭੁੱਲ ਗਏ ਅਕਾਲੀ

**ਚੰਡੀਗੜ੍ਹ:** ਅਕਾਲੀ ਦਲ ਬਾਦਲ ਵਿਚ ਰਸੂਖ ਰੱਖਣ ਵਾਲੇ ਮਰਹੂਮ ਕੈਪਟਨ ਕੰਵਲਜੀਤ ਸਿੰਘ ਨੂੰ ਪਾਰਟੀ ਆਗੂਆਂ ਨੇ ਵਿਸਾਰ ਦਿੱਤਾ ਹੈ। ਉਨ੍ਹਾਂ ਦੇ ਵਿਧਾਨ ਸਭਾ ਹਲਕੇ ਬਨੂੜ ਵਿਚ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਦੂਜੇ ਪਾਸੇ ਕਾਂਗਰਸੀ ਇਕੱਠਾਂ ਵਿਚ ਕੈਪਟਨ ਵੱਲੋਂ ਇਸ ਖੇਤਰ ਵਿਚ ਕਰਾਏ ਵਿਕਾਸ ਤੇ ਉਨ੍ਹਾਂ ਦੀ ਮੌਤ ਮਗਰੋਂ ਅਕਾਲੀ-ਭਾਜਪਾ ਸਰਕਾਰ ਵੱਲੋਂ ਇਸ ਖੇਤਰ ਨੂੰ ਅਣਗੌਲੇ ਕਰਨ ਦੇ ਮਾਮਲੇ ਜ਼ੋਰ ਨਾਲ ਉਭਾਰੇ ਜਾ ਰਹੇ ਹਨ।




ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਤੋ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ ਦੇ ਹੱਕ ਵਿਚ ਡੇਰਾਬਸੀ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ ਰੈਲੀ ਵਿਚ ਕਿਸੇ ਵੀ ਬੁਲਾਰੇ ਨੇ ਕੈਪਟਨ ਦਾ ਨਾਂ ਨਹੀਂ ਲਿਆ। ਕੈਪਟਨ ਦੇ ਪੁੱਤਰ ਤੇ ਸਾਬਕਾ ਅਕਾਲੀ ਵਿਧਾਇਕ ਜਸਜੀਤ ਸਿੰਘ ਬਨੀ ਵੀ ਹਾਲੇ ਤੱਕ ਚੋਣ ਪ੍ਰਚਾਰ ਵਿਚ ਕਿਧਰੇ ਨਜ਼ਰ ਨਹੀਂ ਆ ਰਹੇ। ਦੂਜੇ ਪਾਸੇ ਕਾਂਗਰਸ ਵਿਚ ਸ਼ਾਮਲ ਹੋਈ ਉਨ੍ਹਾਂ ਦੀ ਭੈਣ ਮਨਪ੍ਰੀਤ ਕੌਰ ਡੌਲੀ ਵੱਲੋਂ ਕਾਂਗਰਸ ਦੀ ਉਮੀਦਵਾਰ ਪ੍ਰਨੀਤ ਕੌਰ ਦੇ ਹੱਕ ਵਿਚ ਸਰਗਰਮ ਹੈ। ਉਹ ਆਪਣੇ ਪਿਤਾ ਵੱਲੋਂ ਕੀਤੇ ਕੰਮਾਂ ਦਾ ਜ਼ਿਕਰ ਹਰ ਥਾਂ ਕਰਦੇ ਹਨ। ਇਸੇ ਤਰ੍ਹਾਂ ਰਾਜਪੁਰਾ ਹਲਕੇ ਦੇ ਕਾਂਗਰਸੀ ਵਿਧਾਇਕ ਹਰਦਿਆਲ ਸਿੰਘ ਕੰਬੋਜ ਵੱਲੋਂ ਵੀ ਬਨੂੜ ਖੇਤਰ ਵਿਚ ਲੰਮੇ ਸਮੇਂ ਤੋਂ ਠੱਪ ਪਏ ਵਿਕਾਸ ਕਾਰਜਾਂ ਨੂੰ ਸਟੇਜਾਂ ਉਤੋਂ ਪ੍ਰਮੁਖਤਾ ਨਾਲ ਬਿਆਨਿਆ ਜਾ ਰਿਹਾ ਹੈ।

# ਸੈਲਮਾ ਸਿਟੀ ਵਲੋਂ ਵਿਸਾਖੀ ਦੇ ਤਿਓਹਾਰ ਨੂੰ ਮਾਨਤਾ

**ਫਰਿਜ਼ਨੋ (ਬਿਊਰੋ):** ਫਾਉਲਰ ਸ਼ਹਿਰ ਅਤੇ ਸੈਲਮਾ ਸਿਟੀ ਕੌਂਸਲ ਨੇ ਵਿਸਾਖੀ ਦੇ ਤਿਓਹਾਰ ਨੂੰ ਇਕ ਭਾਈਚਾਰ ਤਿਓਹਾਰ ਵਜੋਂ ਮਾਨਤਾ ਦੇ ਦਿੱਤੀ ਹੈ। ਇਸ ਸਬੰਧੀ ਸਿੱਖ ਕੁਲੀਸ਼ਨ ਆਫ ਕੈਲੀਫੋਰਨੀਆ ਅਤੇ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਨੇ ਅਹਿਮ ਭੂਮਿਕਾ ਨਿਭਾਈ।

ਸਿੱਖ ਕੁਲੀਸ਼ਨ ਆਫ ਕੈਲੀਫੋਰਨੀਆ ਵਲੋਂ ਕਰਵਾਏ ਗਏ ਇਸ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸਕੂਲਾਂ ਵਿਚ ਸਿੱਖ ਬੱਚਿਆਂ ਨਾਲ ਹੋਰ ਵਰਗਾਂ ਦੇ ਬੱਚਿਆਂ ਵਲੋਂ ਅਜੇ ਵੀ ਦੁਰਵਿਹਾਰ ਦਾ ਸਿਲਸਿਲਾ ਜਾਰੀ ਹੈ। ਫਰਿਜ਼ਨੋ ਇਲਾਕੇ ਦੇ ਆਸ-ਪਾਸ ਦੇ ਸਕੂਲਾਂ ਵਿਚ ਕੀਤੇ ਗਏ ਇਸ ਸਰਵੇਖਣ ਵਿਚ ਸੈਲਮਾ ਗੁਰੂਘਰ ਦੇ ਸਕੱਤਰ ਮਹਿੰਦਰ ਸਿੰਘ ਸੰਧਾਵਾਲੀਆ ਦੀ ਬੇਟੀ ਸਿਮਰਨ ਕੌਰ ਨੇ ਅਹਿਮ ਭੂਮਿਕਾ ਨਿਭਾਈ। ਕੌਂਸਲ ਦੇ ਸਹਿਯੋਗ ਨਾਲ ਸਕੂਲ ਬੋਰਡਾਂ ਨਾਲ ਮਾਪਿਆਂ ਦੀਆਂ ਮੀਟਿੰਗਾਂ ਕਰਵਾਈਆਂ ਗਈਆਂ ਤਾਂ ਜੋ ਇਸ ਦੁਰਵਿਹਾਰ ਨੂੰ ਰੋਕਿਆ ਜਾ ਸਕੇ।

ਕਾਂਗਰਸਮੈਨ ਜਿਮ ਕੌਸਟਾ ਨੇ ਇਸ ਨਾਜ਼ੁਕ ਮੁੱਦੇ 'ਤੇ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ। ਸਿਮਰਨ ਕੌਰ ਨੇ ਦੱਸਿਆ ਕਿ ਬਹੁਤ ਹੀ ਜਲਦ ਫਰਿਜ਼ਨੋ ਸਿਟੀ ਵਲੋਂ ਵੀ ਇਸ ਤਿਓਹਾਰ ਨੂੰ ਮਾਨਤਾ ਦਿਤੇ ਜਾਣ ਦੀ ਸੰਭਾਵਨਾ ਹੈ




*ਸੈਲਮਾ ਸਿਟੀ ਵਲੋਂ ਵਿਸਾਖੀ ਦਿਹਾੜੇ ਨੂੰ ਮਾਨਤਾ ਦਿਤੇ ਜਾਣ ਉਪਰੰਤ ਪਤਵੰਤੇ ਸੱਜਣ*

# ਮਜੀਠੀਆ ਨੇ ਅਪਰਾਧਾਂ 'ਚ ਅਕਾਲੀ ਆਗੂਆਂ ਦੀ ਸ਼ਮੂਲੀਅਤ ਕਬੂਲੀ

**ਚੰਡੀਗੜ੍ਹ:** ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਨੇ ਪਿਛਲੇ ਸਮੇਂ ਤੋਂ ਸੂਬੇ ਵਿਚ ਹੋਈਆਂ ਵੱਡੀਆਂ ਅਪਰਾਧਿਕ ਘਟਨਾਵਾਂ ਵਿਚ ਯੂਥ ਆਗੂਆਂ ਦੀ ਸ਼ਮੂਲੀਅਤ ਨੂੰ ਕਬੂਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨਾਲ ਸਰਕਾਰ ਨੇ ਰਿਆਇਤ ਨਹੀਂ ਵਰਤੀ। ਅਪਰਾਧਿਕ ਘਟਨਾਵਾਂ 'ਚ ਯੂਥ ਆਗੂਆਂ ਦੀ ਸ਼ਮੂਲੀਅਤ ਕਾਰਨ ਪਾਰਟੀ ਦੀ ਬਦਨਾਮੀ ਹੋਈ ਹੈ ਪਰ ਵੱਡੀ ਗਿਣਤੀ ਮੈਂਬਰਾਂ ਵਿਚੋਂ ਸਭ ਬਾਰੇ ਜਾਣਕਾਰੀ ਰੱਖਣਾ ਮੁਸ਼ਕਲ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਦਾ ਨਾਂ ਅਪਰਾਧਿਕ ਮਾਮਲੇ ਨਾਲ ਜੁੜਨ ਤੋਂ ਬਾਅਦ ਕਾਨੂੰਨੀ ਕਾਰਵਾਈ ਤਾਂ ਕੀਤੀ ਹੀ ਗਈ, ਉਸ ਨੂੰ ਪਾਰਟੀ ਵਿਚੋਂ ਵੀ ਕੱਢ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਯੂਥ ਅਕਾਲੀ ਦਲ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਸਰਗਰਮ ਭੂਮਿਕਾ ਨਿਭਾਏਗਾ ਤੇ ਹਾਕਮ ਗਠਜੋੜ ਪਹਿਲਾਂ ਨਾਲੋਂ ਵੱਧ ਸੀਟਾਂ 'ਤੇ ਜਿੱਤੇਗਾ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਅੰਮ੍ਰਿਤਸਰ ਤੋਂ ਅਰੁਣ ਜੇਤਲੀ ਨੂੰ ਟਿਕਟ ਦਿੱਤੀ ਗਈ ਹੈ ਤੇ ਉਹ ਸ੍ਰੀ ਜੇਤਲੀ ਦੀ ਜਿੱਤ ਲਈ ਅੰਮ੍ਰਿਤਸਰ ਹਲਕੇ ਵਿਚ ਸਰਗਰਮ ਰਹਿਣਗੇ। ਪਹਿਲਾਂ ਨਵਜੋਤ ਸਿੰਘ ਸਿੱਧੂ ਦੀ ਜਿੱਤ ਲਈ ਵੀ ਉਨ੍ਹਾਂ ਨੇ ਕੰਮ ਕੀਤਾ ਸੀ ਤੇ ਹੁਣ ਸ੍ਰੀ ਜੇਤਲੀ ਲਈ ਕੰਮ ਕਰਨਗੇ।

## ਜਨਰਲ ਬਰਾੜ ਕੇਸ ਵਿਚ ਇਕ ਹੋਰ ਨੌਜਵਾਨ ਨੂੰ ਕੈਦ

**ਲੰਡਨ:** ਸ੍ਰੀ ਹਰਿਮੰਦਰ ਸਾਹਿਬ ਵਿਚ 1984 ਵਿਚ ਸਾਕਾ ਨੀਲਾ ਤਾਰਾ ਦੀ ਅਗਵਾਈ ਕਰਨ ਵਾਲੇ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਕੁਲਦੀਪ ਸਿੰਘ ਬਰਾੜ 'ਤੇ ਹਮਲਾ ਕਰਨ ਦੇ ਦੋਸ਼ ਵਿਚ 26 ਸਾਲਾ ਸਿੱਖ ਨੌਜਵਾਨ ਨੂੰ ਦਸ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਫੌਜੀ ਹਮਲੇ ਦੇ ਰੋਸ ਵਿਚ ਖਾਲਿਸਤਾਨੀ ਪੱਖੀ ਨੌਜਵਾਨਾਂ ਨੇ ਸੈਂਟਰਲ ਲੰਡਨ ਵਿਚ ਸਾਲ 2012 ਵਿਚ 78 ਸਾਲਾ ਜਨਰਲ ਬਰਾੜ 'ਤੇ ਕਾਤਲਾਨਾ ਹਮਲਾ ਕੀਤਾ ਸੀ। ਲੰਡਨ ਵਿਚ ਸਾਊਥਵਾਰਕ ਕਰਾਊਨ ਕੋਰਟ ਨੇ ਇਸ ਹਮਲੇ ਲਈ ਲਖਵੀਰ ਸਿੰਘ ਨੂੰ ਪੰਜਵੇਂ ਦੋਸ਼ੀ ਵਜੋਂ ਸਜ਼ਾ ਸੁਣਾਈ ਹੈ। ਇਸ ਹਮਲੇ ਦੇ ਦੋਸ਼ ਵਿਚ ਇਕ ਔਰਤ ਸਮੇਤ ਚਾਰ ਜਣਿਆਂ ਨੂੰ ਦਸੰਬਰ ਵਿਚ ਜੇਲ੍ਹ ਭੇਜ ਦਿੱਤਾ ਗਿਆ ਸੀ।

ਗੁਰਮਤਿ ਵਿਚਾਰ

# ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਮੱਕੇ ਵੱਲ ਦੀ ਤੀਜੀ ਉਦਾਸੀ ਤੋਂ ਬਾਅਦ ਜਦੋਂ ਬਗ਼ਦਾਦ ਕਾਬੁਲ ਦੇ ਰਸਤੇ ਗੁਰੂ ਨਾਨਕ ਦੇਵ ਵਾਪਸ ਹਿੰਦੁਸਤਾਨ ਆ ਰਹੇ ਸਨ ਤਾਂ ਉਸੇ ਸਮੇਂ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਅਤੇ ਇਹ ਸੰਨ 1521 ਦਾ ਵਾਕਿਆ ਹੈ। ਬਾਬਰ ਨੇ ਭੇਰਾ ਸਿਆਲਕੋਟ ਮਾਰ ਕੇ ਸੈਦ ਪੁਰ (ਐਮਨਾਬਾਦ) 'ਤੇ ਹਮਲਾ ਕੀਤਾ ਸੀ। ਗੁਰੂ ਸਾਹਿਬ ਉਸ ਸਮੇਂ ਐਮਨਾਬਾਦ ਵਿਚ ਸਨ। ਇਸ ਹਮਲੇ ਵਿਚ ਬਾਬਰ ਦੀ ਮੁਗ਼ਲ ਸੈਨਾ ਹੱਥੋਂ ਜੋ ਦੁਰਗਤ ਐਮਨਾਬਾਦ ਦੇ ਲੋਕਾਂ ਦੀ ਹੋਈ ਉਸ ਬਰਬਾਦੀ ਨੂੰ ਗੁਰੂ ਨਾਨਕ ਸਾਹਿਬ ਨੇ ਅੱਖੀਂ ਦੇਖਿਆ। ਇਹ ਬਰਬਾਦੀ ਤੱਕ ਕੇ ਉਨ੍ਹਾਂ ਰੱਬ ਨੂੰ ਉਲਾਂਭਾ ਦਿੱਤਾ,

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥

ਰਾਗ ਆਸਾ ਵਿਚ ਰਚੇ ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਭਾਈ ਲਾਲੋ (ਗੁਰੂ ਸਾਹਿਬ ਦਾ ਬਹੁਤ ਹੀ ਸ਼ਰਧਾਲੂ ਸਿੱਖ) ਨੂੰ ਸੰਬੋਧਨ ਕਰਦਿਆਂ ਅਕਾਲ ਪੁਰਖ ਨੂੰ ਕਹਿੰਦੇ ਹਨ ਕਿ ਖੁਰਾਸਾਨ ਦਾ ਤਾਂ ਤੂੰ ਰਖਵਾਲਾ ਬਣ ਬੈਠਾ ਪਰ ਹਿੰਦੁਸਤਾਨ ਨੂੰ ਡਰਾ ਦਿੱਤਾ। ਗੁਰੂ ਨਾਨਕ ਸਾਹਿਬ ਅਨੁਸਾਰ ਹਿੰਦੁਸਤਾਨ ਦੇ ਨਿਕੰਮੇ ਪਠਾਣ ਸ਼ਾਸਕਾਂ ਕਰਕੇ ਬਾਬਰ ਦੇ ਹਮਲੇ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪਿਆ। ਇਸ ਦਾ ਉਲਾਂਭਾ ਰੱਬ ਨੂੰ ਦਿੰਦੇ ਹਨ ਕਿ ਹੇ ਕਰਤਾ ਪੁਰਖ ਤੂੰ ਆਪਣੇ 'ਤੇ ਕੋਈ ਦੋਸ਼ ਲੈਣ ਦੀ ਥਾਂ ਪਠਾਣ ਹਾਕਮਾਂ ਨੂੰ ਸਜ਼ਾ ਦੇਣ ਲਈ ਮੁਗ਼ਲਾਂ ਨੂੰ ਜਮਾਂ ਦੇ ਰੂਪ ਵਿਚ ਹਿੰਦੁਸਤਾਨ ਉਤੇ ਹਮਲਾ ਕਰਨ ਲਈ ਚੜ੍ਹਾ ਦਿੱਤਾ। ਪਠਾਣ ਹਾਕਮਾਂ ਦੀ ਕਰਨੀ ਦੀ ਸਜ਼ਾ ਆਮ ਗਰੀਬਾਂ ਨੂੰ ਵੀ ਭੁਗਤਣੀ ਪਈ। ਲੋਕਾਂ ਦੀ ਏਨੀ ਤਬਾਹੀ ਦੇਖ ਕੇ ਕੀ ਤੇਰੇ ਮਨ ਵਿਚ ਕੋਈ ਦਰਦ ਨਹੀਂ ਜਾਗਿਆ? ਤੈਨੂੰ ਆਮ ਲੋਕਾਈ 'ਤੇ ਕੋਈ ਤਰਸ ਨਹੀਂ ਆਇਆ।

ਗੁਰੂ ਨਾਨਕ ਦੇਵ ਰੋਸ ਜ਼ਾਹਰ ਕਰਦੇ ਹਨ ਕਿ ਅਕਾਲ ਪੁਰਖ ਸਭ ਕੁਝ ਕਰਨ-ਕਾਰਨ ਸਮਰੱਥ ਹੈ, ਜੋ ਕੁਝ ਉਹ ਚਾਹੁੰਦਾ ਹੈ, ਸੰਸਾਰ 'ਤੇ ਉਹੀ ਵਾਪਰਦਾ ਹੈ। ਜੇ ਇੱਕ ਸ਼ਕਤੀਸ਼ਾਲੀ ਆਦਮੀ ਦੂਸਰੇ ਸ਼ਕਤੀਸ਼ਾਲੀ ਮਨੁੱਖ ਨਾਲ ਟੱਕਰ ਲੈਂਦਾ ਹੈ ਤਾਂ ਮਨ ਵਿਚ ਰੋਸ ਪੈਦਾ ਨਹੀਂ ਹੁੰਦਾ। ਇਸ ਦੇ ਉਲਟ ਜੇ ਸ਼ਕਤੀਸ਼ਾਲੀ ਸ਼ੇਰ ਗਾਂਵਾਂ ਦੇ ਵੱਗ ਨੂੰ ਮਾਰਨ ਪੈ ਜਾਵੇ ਤਾਂ ਮਨ ਵਿਚ ਰੋਸ ਪੈਦਾ ਹੁੰਦਾ ਹੈ ਅਤੇ ਮਾਲਕ ਨੂੰ ਹੀ ਪੁੱਛਿਆ ਜਾਂਦਾ ਹੈ ਕਿਉਂਕਿ ਸੰਭਾਲ ਦੀ ਜ਼ਿੰਮੇਵਾਰੀ ਮਾਲਕ ਦੀ ਹੁੰਦੀ ਹੈ (ਇਥੇ ਅਕਾਲ ਪੁਰਖ ਮਾਲਕ ਹੈ ਇਸ ਲਈ ਉਸ ਪਾਸ ਰੋਸ ਜ਼ਾਹਰ ਕਰ ਰਹੇ ਹਨ)। ਇਨ੍ਹਾਂ ਪਾੜ ਖਾਣੇ ਕੁੱਤਿਆਂ (ਬਾਬਰ ਦੀ ਫ਼ੌਜ਼ ਦੇ ਮੁਗ਼ਲ) ਨੇ ਰਤਨਾਂ ਵਰਗੇ ਤੇਰੇ ਬਣਾਏ ਸੁਹਣੇ ਬੰਦਿਆਂ ਨੂੰ ਮਾਰ ਕੇ ਮਿੱਟੀ ਵਿਚ ਰੋਲ ਦਿੱਤਾ ਹੈ ਅਤੇ ਮਰੇ ਪਿਆਂ ਦੀ ਸਾਰ ਕੋਈ ਨਹੀਂ ਲੈ ਰਿਹਾ। ਇਹ ਉਸ ਕਰਤਾਰ ਦੀ ਤਾਕਤ ਦਾ ਹੀ ਕ੍ਰਿਸ਼ਮਾ ਹੈ,

ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ॥੧॥ਰਹਾਉ॥

ਧਨ ਦੌਲਤ ਅਤੇ ਰਾਜ-ਸ਼ਕਤੀ ਆਦਿ ਦੇ ਨਸ਼ੇ ਵਿਚ ਮਨੁੱਖ ਆਪਣੀ ਔਕਾਤ ਭੁੱਲ ਜਾਂਦਾ ਹੈ ਅਤੇ ਆਪਣੇ ਤੋਂ ਕਮਜ਼ੋਰ ਬੰਦਿਆਂ ਨੂੰ ਦੁੱਖ ਦਿੰਦਾ ਹੈ, ਉਨ੍ਹਾਂ 'ਤੇ ਹਮਲੇ ਕਰਦਾ ਹੈ ਪਰ ਉਸ ਨੂੰ ਭੁੱਲ ਜਾਂਦਾ ਹੈ ਕਿ ਜੇ ਕੋਈ ਮਨੁੱਖ ਆਪਣੇ ਆਪ ਨੂੰ ਵੱਡਾ ਅਖਵਾ ਲਵੇ ਅਤੇ ਮਨ-ਮਰਜ਼ੀ ਦਾ ਸੁਆਦਾਂ ਵਾਲਾ ਜੀਵਨ ਜੀਵੇ ਤਾਂ ਵੀ ਉਸ ਦੀ ਹਸਤੀ ਅਕਾਲ ਪੁਰਖ ਦੀਆਂ ਨਜ਼ਰਾਂ ਵਿਚ ਉਸ ਕੀੜੇ ਦੇ ਬਰਾਬਰ ਹੈ ਜੋ ਜ਼ਮੀਨ 'ਤੇ ਰੀਂਘਦਾ ਹੋਇਆ ਦਾਣੇ ਚੁਗਦਾ ਹੈ। ਕਹਿਣ ਤੋਂ ਭਾਵ ਹੈ ਕਿ ਮਨੁੱਖ ਆਪਣੀ ਹਉਮੈ ਦੇ ਨਸ਼ੇ ਵਿਚ ਆਪਣੀ ਜ਼ਿੰਦਗੀ ਨੂੰ ਬਿਨਾ ਕਿਸੇ ਮਕਸਦ ਦੇ ਗੁਆ ਲੈਂਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਜਿਹੜਾ ਮਨੁੱਖ ਆਪਣੇ ਮਨ ਨੂੰ ਵਿਕਾਰਾਂ ਵੱਲੋਂ ਮਾਰ ਕੇ ਆਤਮਕ ਅਨੰਦ ਦੀ ਪ੍ਰਾਪਤੀ ਵਿਚ ਜੀਵਨ ਨਿਰਬਾਹ ਕਰਦਾ ਹੈ, ਅਕਾਲ ਪੁਰਖ ਦਾ ਨਾਮ ਸਿਮਰਦਾ ਹੈ, ਉਹੀ ਮਨੁੱਖ ਆਪਣੇ ਜੀਵਨ ਵਿਚ ਇਸ ਸੰਸਾਰ ਤੋਂ ਕੁਝ ਲਾਹਾ ਖੱਟ ਕੇ ਜਾਂਦਾ ਹੈ,

ਜੇ ਕੋ ਨਾਉ ਧਰਾਏ
ਵਡਾ ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ
ਜੇਤੇ ਚੁਗੈ ਦਾਣੇ॥ (ਪੰਨਾ ੩੬੦)

ਬਾਬਰ ਦੇ ਹਮਲੇ ਸਬੰਧੀ ਗੁਰੂ ਨਾਨਕ ਸਾਹਿਬ ਦਾ ਦੂਸਰਾ ਸ਼ਬਦ ਆਸਾ ਰਾਗ ਵਿਚ ਹੀ ਪੰਨਾ ੪੧੭ 'ਤੇ ਦਰਜ਼ ਹੈ। ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਹਮਲੇ ਦਾ ਬਿਆਨ ਕਰਦੇ ਹਨ ਕਿ ਉਹ ਇਸਤਰੀਆਂ ਜਿਨ੍ਹਾਂ ਦੇ ਸਿਰਾਂ ਉਤੇ ਕਦੀ ਪੱਟੀਆਂ ਵਾਹੀਆਂ ਸੋਹਣੀਆਂ ਲੱਗਦੀਆਂ ਸੀ ਅਤੇ ਮਾਂਗ ਵਿਚ ਸੰਧੂਰ ਭਰਿਆ ਹੁੰਦਾ ਸੀ, ਅੱਜ ਉਨ੍ਹਾਂ ਦੇ ਵਾਲ ਮੁੰਨੇ ਹੋਏ ਹਨ ਅਤੇ ਮੂੰਹ ਵਿਚ ਮਿੱਟੀ ਪੈ ਰਹੀ ਹੈ। ਜਿਹੜੀਆਂ ਕਦੀ ਮਹਿਲਾਂ ਵਿਚ ਵਸਦੀਆਂ ਸਨ, ਉਨ੍ਹਾਂ ਨੂੰ ਮਹਿਲਾਂ ਦੇ ਨੇੜੇ ਵੀ ਨਹੀਂ ਜਾਣ ਦਿੱਤਾ ਜਾ ਰਿਹਾ। ਜਦੋਂ ਇਹ ਸੋਹਣੀਆਂ ਇਸਤਰੀਆਂ ਵਿਆਹ ਕੇ ਆਈਆਂ ਸੀ ਤਾਂ ਇਨ੍ਹਾਂ ਕੋਲ ਇਨ੍ਹਾਂ ਦੇ ਲਾੜੇ ਸੋਹਣੇ ਲੱਗ ਰਹੇ ਸਨ, ਪਾਲਕੀਆਂ ਵਿਚ ਬੈਠ ਕੇ ਆਈਆਂ ਸਨ ਅਤੇ ਵੀਣੀਆਂ 'ਤੇ ਹਾਥੀ ਦੰਦ ਦੇ ਚੂੜੇ ਚਮਕ ਰਹੇ ਸਨ। ਉਨ੍ਹਾਂ ਉਤੋਂ ਪਾਣੀ ਵਾਰ ਕੇ ਪੀਤਾ ਜਾ ਰਿਹਾ ਸੀ ਅਤੇ ਉਨ੍ਹਾਂ ਕੋਲ ਸ਼ੀਸ਼ਿਆਂ ਜੜੇ ਪੱਖੇ ਲਿਸ਼ਕ ਰਹੇ ਸਨ। ਸਹੁਰੇ ਘਰ ਬੈਠਦਿਆਂ ਉਠਦਿਆਂ ਲੱਖਾਂ ਰੁਪਏ ਦੇ ਸ਼ਗਨ ਲੈਂਦੀਆਂ ਸਨ। ਸ਼ਗਨਾਂ ਦੇ ਗਰੀ-ਛੁਹਾਰੇ ਖਾਂਦੀਆਂ ਸੀ ਅਤੇ ਸੁੰਦਰ ਸੇਜਾਂ ਮਾਣਦੀਆਂ ਸੀ। ਅੱਜ ਉਨ੍ਹਾਂ ਦੇ ਗਲਾਂ ਦੇ ਮੋਤੀਆਂ ਦੇ ਹਾਰ ਟੁੱਟ ਰਹੇ ਹਨ ਅਤੇ ਜ਼ਾਲਮਾਂ ਨੇ ਰੱਸੀਆਂ ਪਾਈਆਂ ਹੋਈਆਂ ਹਨ,

ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ
ਹੁਣਿ ਬਹਣਿ ਨ ਮਿਲਨਿ ਹਦੂਰਿ॥
(ਪੰਨਾ ੪੧੭)

ਇਨ੍ਹਾਂ ਇਸਤਰੀਆਂ ਦੀ ਦੌਲਤ ਅਤੇ ਜੋਬਨ ਦੋਵੇਂ ਇਨ੍ਹਾਂ ਦੇ ਵੈਰੀ ਹੋ ਗਏ ਹਨ। ਬਾਬਰ ਦੇ ਜ਼ਾਲਮ ਸਿਪਾਹੀ ਇਨ੍ਹਾਂ ਦੀ ਇੱਜ਼ਤ ਲੁੱਟ ਕੇ ਇਨ੍ਹਾਂ ਨੂੰ ਲੈ ਕੇ ਜਾ ਰਹੇ ਹਨ। ਜੇ ਉਸ ਕਰਤਾ ਪੁਰਖ ਨੂੰ ਚੰਗਾ ਲੱਗੇ ਤਾਂ ਉਹ ਮਨੁੱਖਾਂ ਨੂੰ ਇੱਜ਼ਤ ਦਿੰਦਾ ਹੈ, ਜੇ ਉਸ ਦੀ ਰਜ਼ਾ ਹੋਵੇ ਤਾਂ ਸਜ਼ਾ ਦਿੰਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜੇ ਪਹਿਲਾਂ ਹੀ ਆਪਣੇ ਫ਼ਰਜ਼ ਨੂੰ ਚੇਤੇ ਕਰਦੇ ਰਹੀਏ ਤਾਂ ਸਜ਼ਾ ਨਹੀਂ ਭੁਗਤਣੀ ਪੈਂਦੀ। ਪਠਾਣ ਸ਼ਾਸਕਾਂ ਨੇ ਐਸ਼ ਵਿਚ, ਰੰਗ-ਤਮਾਸ਼ਿਆਂ ਵਿਚ ਆਪਣਾ ਫ਼ਰਜ਼ ਭੁਲਾ ਦਿੱਤਾ ਸੀ। ਹੁਣ ਜਦੋਂ ਬਾਬਰ ਦਾ ਬੋਲ-ਬਾਲਾ ਹੋ ਗਿਆ ਹੈ ਤਾਂ ਕੋਈ ਪਠਾਣ ਸ਼ਹਿਜ਼ਾਦਾ ਮੰਗ ਕੇ ਵੀ ਰੋਟੀ ਨਹੀਂ ਖਾ ਸਕਦਾ। ਇਸ ਹਮਲੇ ਦੀ ਦਸ਼ਾ ਵਿਚ ਮੁਸਲਮਾਨ ਇਸਤਰੀਆਂ ਦਾ ਨਮਾਜ਼ ਦਾ ਸਮਾਂ ਖੁੰਝਦਾ ਜਾ ਰਿਹਾ ਹੈ ਅਤੇ ਹਿੰਦੂ ਔਰਤਾਂ ਦਾ ਪੂਜਾ ਦਾ ਸਮਾਂ। ਜਿਹੜੀਆਂ ਨਹਾ ਕੇ, ਟਿੱਕੇ ਲਾ ਕੇ ਸੁੱਚੇ ਚੌਂਕੇ ਵਿਚ ਬੈਠਦੀਆਂ ਸਨ, ਅੱਜ ਨਾ ਇਸ਼ਨਾਨ ਕਰਕੇ ਟਿੱਕੇ ਲਾ ਸਕਦੀਆਂ ਹਨ ਅਤੇ ਨਾ ਹੀ ਸੁੱਚੇ ਚੌਂਕੇ ਬਚੇ ਹਨ। ਜਿਨ੍ਹਾਂ ਨੇ ਆਪਣੀ ਐਸ਼ ਦੇ ਸਮੇਂ ਵਿਚ ਕਦੇ ਰਾਮ ਨੂੰ ਵੀ ਚੇਤੇ ਨਹੀਂ ਸੀ ਕੀਤਾ, ਹੁਣ ਉਨ੍ਹਾਂ ਨੂੰ ਖ਼ੁਦਾ ਆਖਣਾ ਵੀ ਨਹੀਂ ਮਿਲ ਰਿਹਾ। ਬਾਬਰ ਦੇ ਕਤਲੇਆਮ ਅਤੇ ਕੈਦ ਵਿਚੋਂ ਬੱਚ ਕੇ ਜਿਹੜੇ ਘਰ ਪਹੁੰਚਦੇ ਹਨ, ਉਹ ਇੱਕ ਦੂਸਰੇ ਨੂੰ ਮਿਲ ਕੇ ਹਾਲ ਪੁੱਛਦੇ ਹਨ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਮਨੁੱਖ ਵਿਚਾਰੇ ਕੀ ਕਰਨ ਜੋਗੇ ਹਨ, ਜੋ ਕਰਤਾਰ ਨੂੰ ਭਾਉਂਦਾ ਹੈ, ਉਹੀ ਵਾਪਰਦਾ ਹੈ,

ਧਨੁ ਜੋਬਨੁ ਦੁਇ ਵੈਰੀ ਹੋਏ
ਜਿਨੀ ਰਖੇ ਰੰਗੁ ਲਾਇ॥

ਇਸ ਤੋਂ ਅਗਲੇ ਸ਼ਬਦ ਵਿਚ ਫਿਰ ਇਸੇ ਖਿਆਲ ਨੂੰ ਪ੍ਰਗਟ ਕੀਤਾ ਹੈ ਕਿ ਅਕਾਲ ਪੁਰਖ ਤੇਰਾ ਬਣਾਇਆ ਹੋਇਆ ਇਹ ਸੰਸਾਰ ਹੈ। ਇੱਕ ਪਲ ਵਿਚ ਰਚਨਾ ਕਰਕੇ ਫਿਰ ਇੱਕ ਪਲ ਵਿਚ ਹੀ ਤਬਾਹ ਕਰ ਦਿੰਦਾ ਹੈਂ, ਧਨ ਦੌਲਤ ਦੇ ਕੇ ਫਿਰ ਉਸ ਨੂੰ ਵੰਡ ਕੇ ਹੋਰਨਾਂ ਨੂੰ ਦੇ ਦਿੰਦਾ ਹੈਂ। ਤਬਾਹੀ ਦੇਖ ਕੇ ਕਹਿੰਦੇ ਹਨ ਕਿ ਖੇਡ ਤਮਾਸ਼ੇ, ਘੋੜਿਆਂ ਦੇ ਤਬੇਲੇ, ਸ਼ਹਿਨਾਈਆਂ, ਨਗਾਰੇ ਸਭ ਕਿੱਥੇ ਚਲੇ ਗਏ? ਪਸ਼ਮੀਨੇ ਦੇ ਗਾਤਰੇ, ਲਾਲ ਬਰਦੀਆਂ, ਸ਼ੀਸ਼ੇ ਅਤੇ ਸੋਹਣੇ ਮੂੰਹ ਕਿਧਰੇ ਨਜ਼ਰ ਨਹੀਂ ਆਉਂਦੇ? ਸੋਹਣੇ ਘਰ, ਮਹਿਲ, ਮਾੜੀਆਂ, ਸਰਾਵਾਂ, ਸੁੱਖ ਦੇਣ ਵਾਲੀਆਂ ਇਸਤਰੀਆਂ ਦੀ ਸੇਜ ਸਭ ਕਿਧਰ ਗਏ? ਪਾਨ-ਸੁਪਾਰੀਆਂ, ਪਾਨ ਵੇਚਣ ਵਾਲੀਆਂ, ਪਰਦਿਆਂ ਵਿਚ ਰਹਿਣ ਵਾਲੀਆਂ ਇਸਤਰੀਆਂ ਸਭ ਕੁਝ ਖ਼ਤਮ ਹੋ ਗਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਦੌਲਤ ਦੀ ਖ਼ਾਤਰ ਸਾਰੀ ਦੁਨੀਆਂ ਖ਼ੁਆਰ ਹੁੰਦੀ ਹੈ। ਦੌਲਤ ਪਾਪ ਅਤੇ ਜ਼ੁਲਮ ਤੋਂ ਬਿਨਾ ਇਕੱਠੀ ਨਹੀਂ ਹੋ ਸਕਦੀ ਅਤੇ ਮਰਨ 'ਤੇ ਕਿਸੇ ਦੇ ਨਾਲ ਨਹੀਂ ਜਾਂਦੀ। ਰੱਬ ਜਿਸ ਨੂੰ ਕੁਰਾਹੇ ਪਾਉਂਦਾ ਹੈ, ਉਸ ਕੋਲੋਂ ਚੰਗਿਆਈ ਖੋਹ ਲੈਂਦਾ ਹੈ। ਜਦੋਂ ਪਠਾਣਾਂ ਨੇ ਸੁਣਿਆ ਕਿ ਬਾਬਰ ਹਮਲਾ ਕਰ ਰਿਹਾ ਹੈ ਤਾਂ ਉਨ੍ਹਾਂ ਨੇ ਇਸ ਤਬਾਹੀ ਨੂੰ ਟਾਲਣ ਲਈ ਅਨੇਕਾਂ ਪੀਰਾਂ ਨੂੰ ਧਿਆਇਆ। ਮਹਿਲ-ਮਾੜੀਆਂ, ਪੱਕੇ ਮੰਦਰ ਸਭ ਸੜ ਕੇ ਸੁਆਹ ਹੋ ਗਏ, ਪਠਾਣਾਂ ਦੇ ਰਾਜਕੁਮਾਰ ਟੋਟੇ ਟੋਟੇ ਹੋ ਕੇ ਮਿੱਟੀ ਵਿਚ ਮਿਲ ਗਏ। ਕਿਸੇ ਪੀਰ ਨੇ ਕੋਈ ਕਰਾਮਾਤ ਨਹੀਂ ਕੀਤੀ, ਕੋਈ ਇੱਕ ਵੀ ਮੁਗ਼ਲ ਕਰਾਮਾਤ ਨਾਲ ਅੰਨਾ ਨਹੀਂ ਹੋਇਆ। ਜਿਨ੍ਹਾਂ ਦੀ ਉਮਰ ਦੀ ਚਿੱਠੀ ਧੁਰੋਂ ਹੀ ਪਾਟ ਜਾਂਦੀ ਹੈ, ਉਨ੍ਹਾਂ ਨੇ ਮਰਨਾ ਹੀ ਹੁੰਦਾ ਹੈ। ਹਿੰਦੂ, ਮੁਸਲਿਮ, ਭੱਟਾਂ ਅਤੇ ਠਾਕਰਾਂ ਦੀਆਂ ਔਰਤਾਂ-ਸਭ ਦੇ ਬੁਰੇ ਹਾਲ ਹੋ ਗਏ, ਬੁਰਕੇ ਲੀਰੋ-ਲੀਰ ਹੋ ਗਏ ਅਤੇ ਕਈਆਂ ਦਾ ਮਸਾਣਾਂ ਵਿਚ ਵਾਸਾ ਹੋ ਗਿਆ। ਜਿਹੜੀਆਂ ਬਚ ਗਈਆਂ, ਉਨ੍ਹਾਂ ਦੇ ਪਤੀ ਘਰ ਨਹੀਂ ਮੁੜੇ, ਸੋ ਉਨ੍ਹਾਂ ਦਾ ਜੀਵਨ ਵੀ ਬਰਬਾਦ ਹੋ ਗਿਆ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਇਹ ਦਰਦ ਕਿਸ ਨੂੰ ਸੁਣਾਇਆ ਜਾਵੇ? ਕਰਤਾਰ ਆਪ ਹੀ ਸਭ ਕੁਝ ਕਰਨ ਵਾਲਾ ਹੈ। ਉਹ ਆਪਣੀ ਰਜ਼ਾ ਵਿਚ ਹੀ ਇਹ ਸਾਰੀ ਕਾਰ ਚਲਾ ਰਿਹਾ ਹੈ। ਮਨੁੱਖ ਆਪਣੇ ਕੀਤੇ ਕਰਮਾਂ ਅਨੁਸਾਰ ਹੀ ਸਭ ਕੁਝ ਭੋਗਦਾ ਹੈ।

ਬਾਬਰ ਦੇ ਹਮਲੇ ਬਾਰੇ ਗੁਰੂ ਨਾਨਕ ਸਾਹਿਬ ਦਾ ਤੀਸਰਾ ਸ਼ਬਦ ਰਾਗ ਤਿਲੰਗ ਵਿਚ ਪੰਨਾ 722 'ਤੇ ਦਰਜ਼ ਹੈ। ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਭਾਈ ਲਾਲੋ ਨੂੰ ਆਖਦੇ ਹਨ ਕਿ ਉਨ੍ਹਾਂ ਨੂੰ ਜਿਸ ਕਿਸਮ ਦੇ ਗਿਆਨ ਦੀ ਪ੍ਰੇਰਨਾ ਅਕਾਲ ਪੁਰਖ ਵੱਲੋਂ ਹੋਈ ਹੈ, ਉਹ ਉਸੇ ਦਾ ਪ੍ਰਗਟਾਵਾ ਕਰ ਰਹੇ ਹਨ। ਪਿਛਲੇ ਸ਼ਬਦ ਵਿਚ ਉਨ੍ਹਾਂ ਨੇ ਬਾਬਰ ਨੂੰ ਮੌਤ ਦਾ ਜਮ ਕਿਹਾ ਸੀ। ਇਸ ਸ਼ਬਦ ਵਿਚ ਬਾਬਰ ਨੂੰ ਕਾਬੁਲ ਤੋਂ 'ਪਾਪ ਦੀ ਜੰਞ' ਅਰਥਾਤ ਪਾਪ ਅਤੇ ਜ਼ੁਲਮ ਦੀ ਜੰਞ ਲੈ ਕੇ ਆਉਣ ਵਾਲਾ ਕਿਹਾ ਹੈ ਜੋ ਜ਼ਬਰੀ ਹਿੰਦੁਸਤਾਨੀ ਹਕੂਮਤ ਰੂਪ ਲਾੜੀ ਵਿਆਹੁਣ ਆਇਆ ਹੈ। ਔਰਤਾਂ ਦਾ ਦਾਨ ਮੰਗ ਰਿਹਾ ਹੈ। ਅੱਗੇ ਦੱਸਦੇ ਹਨ ਕਿ ਜਿੰਨਾ ਜ਼ੁਲਮ ਬਾਬਰ ਦੇ ਫ਼ੌਜੀਆਂ ਨੇ ਲੋਕਾਂ 'ਤੇ ਢਾਹਿਆ ਹੈ ਅਤੇ ਔਰਤਾਂ ਦੀ ਜਿੰਨੀ ਬੇਪਤੀ ਕੀਤੀ ਹੈ, ਉਸ ਤੋਂ ਜਾਪਦਾ ਹੈ ਜਿਵੇਂ ਸ਼ਰਮ ਅਤੇ ਧਰਮ ਬਿਲਕੁਲ ਖ਼ਤਮ ਹੋ ਗਿਆ ਹੋਵੇ ਅਤੇ ਝੂਠ ਹੀ ਝੂਠ ਦੀ ਚੌਧਰ ਕਾਇਮ ਹੋ ਗਈ ਹੋਵੇ। ਇਸਤਰੀਆਂ 'ਤੇ ਏਨੇ ਅਤਿਆਚਾਰ ਹੋ ਰਹੇ ਹਨ ਜਾਪਦਾ ਹੈ ਜਿਵੇਂ ਮੁਸਲਮਾਨ ਔਰਤਾਂ ਦੇ ਵਿਆਹ ਕਾਜ਼ੀਆਂ ਅਤੇ ਹਿੰਦੂ ਔਰਤਾਂ ਦੇ ਵਿਆਹ ਬ੍ਰਾਹਮਣਾਂ ਦੀ ਥਾਂ ਕੋਈ ਸ਼ੈਤਾਨ ਪੜ੍ਹਾ ਰਿਹਾ ਹੋਵੇ। ਦਾਨੇ ਪੁਰਸ਼ਾਂ ਵਾਲੀ ਮਰਿਆਦਾ ਖ਼ਤਮ ਹੋ ਗਈ ਜਾਪਦੀ ਹੈ। ਮੁਸਲਮਾਨ ਔਰਤਾਂ ਵੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ ਜੋ ਇਸ ਮੁਸੀਬਤ ਵੇਲੇ ਕੁਰਾਨ ਸ਼ਰੀਫ ਦੀਆਂ ਆਇਤਾਂ ਪੜ੍ਹ ਰਹੀਆਂ ਹਨ। ਉਚੀ-ਨੀਵੀ-ਸਭ ਜਾਤਾਂ ਅਤੇ ਤਬਕਿਆਂ ਦੀਆਂ ਇਸਤਰੀਆਂ ਨੂੰ ਬਾਬਰ ਦੀ ਫ਼ੌਜ਼ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਖ਼ੂਨੀ ਵਿਆਹ ਵਿਚ ਚਾਰੇ ਪਾਸੇ ਵਿਰਲਾਪ ਹੋ ਰਹੇ ਹਨ, ਖ਼ੂਨ ਦੇ ਸੋਹਿਲੇ ਗਾਏ ਜਾ ਰਹੇ ਹਨ ਅਤੇ ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ,

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ॥ (ਪੰਨਾ ੭੨੨)

ਸੈਦ ਪੁਰ ਦੀ ਬਾਬਰ ਦੇ ਹਮਲੇ ਦੀ ਇਹ ਘਟਨਾ ਬੇਹੱਦ ਭਿਆਨਕ ਸੀ ਜਿਸ ਨੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਲੋਥਾਂ ਨਾਲ ਭਰੇ ਹੋਏ ਇਸ ਸ਼ਹਿਰ ਵਿਚ ਬੈਠ ਕੇ ਗੁਰੂ ਨਾਨਕ ਉਸ ਅਕਾਲ ਪੁਰਖ ਦਾ ਸਿਮਰਨ ਕਰ ਰਹੇ ਹਨ। ਉਹ ਅਕਾਲ ਪੁਰਖ ਇਸ ਤੋਂ ਨਿਰਲੇਪ ਰਹਿ ਕੇ ਇਸ ਵਿਚ ਜੋ ਵਾਪਰ ਰਿਹਾ ਹੈ, ਉਸ ਨੂੰ ਦੇਖ ਵੀ ਰਿਹਾ ਹੈ ਅਤੇ ਇਸ ਦੀ ਸੰਭਾਲ ਵੀ ਕਰਦਾ ਹੈ। ਉਸ ਕਰਤਾ ਪੁਰਖ ਦਾ ਨਿਆਉਂ ਅਟੱਲ ਹੈ। ਉਹ ਆਪਣੇ ਇਸ ਅਟੱਲ ਨਿਯਮ ਕਾਰਨ ਹੀ ਨਿਆਉਂ ਕਰੇਗਾ। ਮਨੁੱਖਾ ਸਰੀਰ ਟੁਕੜੇ ਟੁਕੜੇ ਹੋ ਰਿਹਾ ਹੈ। ਬਾਬਰ ਦੇ ਹਮਲੇ ਦੀ ਇਸ ਭਿਆਨਕ ਘਟਨਾ ਨੂੰ ਹਿੰਦੁਸਤਾਨ ਕਦੀ ਵੀ ਭੁਲਾ ਨਹੀਂ ਸਕੇਗਾ।

ਭਾਈ ਲਾਲੋ ਨੂੰ ਗੁਰੂ ਨਾਨਕ ਦੱਸ ਰਹੇ ਹਨ ਕਿ ਜਦੋਂ ਤੱਕ ਮਾਇਆ ਦੇ ਮੋਹ ਦੇ ਲਾਲਚ ਵਿਚ ਮਨੁੱਖ ਫਸੇ ਰਹਿਣਗੇ ਉਦੋਂ ਤੱਕ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿਣਗੀਆਂ। ਇਹ ਮੁਗ਼ਲ ਸੰਮਤ ਅਠੱਤਰ ਵਿਚ ਆਏ ਹਨ ਅਤੇ ਸੰਮਤ ਸਤਾਨਵੇਂ ਵਿਚ ਚਲੇ ਜਾਣਗੇ ਅਤੇ ਕੋਈ ਹੋਰ ਸੂਰਮਾ ਵੀ ਉਠ ਖੜਾ ਹੋਵੇਗਾ। ਗੁਰੂ ਸਾਹਿਬ ਅਜਿਹੇ ਸਮੇਂ ਅਕਾਲ ਪੁਰਖ ਨੂੰ ਯਾਦ ਕਰ ਰਹੇ ਹਨ ਅਤੇ ਸਾਰੀ ਉਮਰ ਉਸ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣਗੇ। ਇਹ ਮਨੁੱਖਾ ਜਨਮ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਨ ਲਈ ਮਿਲਿਆ ਹੈ,

ਸਾਹਿਬ ਕੇ ਗੁਣ ਨਾਨਕੁ ਗਾਵੈ
ਮਾਸਪੁਰੀ ਵਿਚਿ ਆਖੁ ਮਸੋਲਾ॥
ਜਿਨਿ ਉਪਾਈ ਰੰਗਿ ਰਵਾਈ
ਬੈਠਾ ਵੇਖੈ ਵਖਿ ਇਕੇਲਾ॥ (ਪੰਨਾ ੭੨੨)

# ਅਉਖੀ ਘੜੀ ਨ ਦੇਖਣ ਦੇਈ

**ਧਨਾਸਰੀ ਮਹਲਾ ੫॥**
ਅਉਖੀ ਘੜੀ ਨ ਦੇਖਣ ਦੇਈ
ਅਪਨਾ ਬਿਰਦੁ ਸਮਾਲੇ॥
ਹਾਥ ਦੇਇ ਰਾਖੈ ਅਪਨੇ ਕਉ
ਸਾਸਿ ਸਾਸਿ ਪ੍ਰਤਿਪਾਲੇ॥੧॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥
ਆਦਿ ਅੰਤਿ ਪ੍ਰਭੁ ਸਦਾ ਸਹਾਈ
ਧੰਨੁ ਹਮਾਰਾ ਮੀਤੁ॥੧॥ ਰਹਾਉ॥
ਮਨਿ ਬਿਲਾਸ ਭਏ
ਸਾਹਿਬ ਕੇ ਅਚਰਜ ਦੇਖਿ ਬਡਾਈ॥
ਹਰਿ ਸਿਮਰਿ ਸਿਮਰਿ ਆਨੰਦ ਕਰਿ ਨਾਨਕ
ਪ੍ਰਭਿ ਪੂਰਨ ਪੈਜ ਰਖਾਈ॥੨॥
(ਪੰਨਾ ੬੮੨)

ਧੰਨੁ ਗੁਰੂ ਅਰਜੁਨ ਦੇਵ ਅੰਮ੍ਰਿਤ ਵਚਨ ਕਰਦੇ ਹਨ, ਪ੍ਰਭੂ ਆਪਣੇ ਸੇਵਕਾਂ ਨੂੰ ਜੀਵਨ ਦੀਆਂ ਮੁਸ਼ਕਲਾਂ ਤੋਂ ਬਚਾ ਕੇ ਆਪਣਾ ਮੁੱਢ ਕਦੀਮਾਂ ਦਾ ਸੁਭਾਉ (ਬਿਰਦੁ) ਪਾਲਦਾ ਹੈ। ਆਪਣੇ ਸੇਵਕਾਂ ਨੂੰ ਆਪ ਹੀ ਕਿਰਪਾ ਕਰਕੇ ਬਚਾਉਂਦਾ ਹੈ ਤੇ ਹਰ ਸਮੇਂ ਉਨ੍ਹਾਂ ਦੀ ਦੇਖ-ਭਾਲ ਕਰਦਾ ਹੈ।

ਸਤਿਗੁਰੂ ਜੀ ਬਖ਼ਸ਼ਸ਼ ਕਰਦੇ ਹਨ ਕਿ ਐਸਾ ਪ੍ਰਭੂ ਸਾਡਾ ਮਿੱਤਰ ਹੈ ਤੇ ਉਸ ਨੂੰ ਸ਼ਾਬਾਸ਼ ਹੈ। ਮੈਂ ਭੀ ਉਸ ਪ੍ਰਭੂ ਨਾਲ ਚਿੱਤ ਜੋੜਿਆ ਹੋਇਆ ਹੈ। ਸੇਵਕ ਦੇ ਮਨ ਵਿਚ ਅਨੰਦਮਈ ਹੁਲਾਰੇ ਪੈਦਾ ਹੁੰਦੇ ਰਹਿੰਦੇ ਹਨ ਜਦੋਂ ਉਹ ਪ੍ਰਭੂ ਦੇ ਹੈਰਾਨ ਕਰਨ ਵਾਲੇ ਚੋਜ ਅਤੇ ਵਡਿਆਈਆ ਅਨੁਭਵ ਕਰਦਾ ਹੈ। ਪ੍ਰਭੂ ਪੂਰਨ ਤੌਰ 'ਤੇ ਭਗਤਾਂ ਦੀ ਪੈਜ ਰੱਖਦਾ ਹੈ। ਹੇ ਨਾਨਕ! ਤੂੰ ਭੀ ਐਸੇ ਪ੍ਰਭੂ ਨੂੰ ਯਾਦਾਂ ਵਿਚ ਵਸਾ ਕੇ ਆਤਮਕ ਅਨੰਦ ਮਾਣਦਾ ਰਹੁ।

**ਪਾਠ ਸੋਧ:** 'ਪ੍ਰਤਿਪਾਲ' ਸ਼ਬਦ 'ਚ (ਿ) ਦੀ ਵਰਤੋਂ 'ਪ' ਅੱਖਰ ਨਾਲ ਨਹੀਂ ਕੀਤੀ ਜਾ ਸਕਦੀ। ਇਹ ਸ਼ਬਦ ਪ੍ਰਤਿਪਾਲੇ ਹੈ। ਸ਼ੁੱਧ ਵਿਸ਼ਰਾਮ ਨਾਲ ਤੁਕ ਇਸ ਤਰ੍ਹਾਂ ਪੜ੍ਹੀ ਜਾਵੇਗੀ,

ਮਨਿ ਬਿਲਾਸ ਭਏ,
ਸਾਹਿਬ ਕੇ ਅਚਰਜ ਦੇਖਿ ਬਡਾਈ॥

ਅਨੰਦ ਸੇਵਕ ਦੇ ਮਨ ਵਿਚ ਪੈਦਾ ਹੁੰਦੇ ਹਨ, ਸਾਹਿਬ ਦੇ ਮਨ ਵਿਚ ਨਹੀਂ ਜੋ ਸਦਾ ਹੀ ਅਨੰਦਮਈ ਹੈ। ਸ਼ਬਦ ਜੋੜ 'ਸਾਹਿਬ ਕੇ' ਹਨ 'ਸਾਹਿਬ ਕੈ' ਨਹੀਂ।

**ਸਾਰ ਅੰਸ਼:** ਪ੍ਰਭੂ ਨੂੰ ਸੱਚਾ ਮਿੱਤਰ ਬਣਾ ਕੇ ਜੀਵਨ ਅਨੰਦਮਈ ਬਣ ਸਕਦਾ ਹੈ।

*-ਕਸ਼ਮੀਰਾ ਸਿੰਘ*
*ਫੋਨ: 801-414-0171*

ਗੁਰਬਾਣੀ ਗਿਆਨ

# ਗੁਰੁ ਪੂਰਾ ਨਮਸਕਾਰੇ॥

**ਸੋਰਠਿ ਮਹਲਾ ੫**
ਗੁਰੁ ਪੂਰਾ ਨਮਸਕਾਰੇ॥
ਪ੍ਰਭਿ ਸਭੇ ਕਾਜ ਸਵਾਰੇ॥
ਹਰਿ ਅਪਣੀ ਕਿਰਪਾ ਧਾਰੀ॥
ਪ੍ਰਭ ਪੂਰਨ ਪੈਜ ਸਵਾਰੀ॥੧॥
ਅਪਨੇ ਦਾਸ ਕੋ ਭਇਓ ਸਹਾਈ॥
ਸਗਲ ਮਨੋਰਥ ਕੀਨੇ ਕਰਤੈ
ਊਣੀ ਬਾਤ ਨ ਕਾਈ॥ਰਹਾਉ॥
ਕਰਤੈ ਪੁਰਖਿ ਤਾਲੁ ਦਿਵਾਇਆ॥
ਪਿਛੈ ਲਗਿ ਚਲੀ ਮਾਇਆ॥
ਤੋਟਿ ਨ ਕਤਹੂ ਆਵੈ
ਮੇਰੇ ਪੂਰੇ ਸਤਗੁਰ ਭਾਵੈ॥੨॥
ਸਿਮਰਿ ਸਿਮਰਿ ਦਇਆਲਾ॥
ਸਭਿ ਜੀਅ ਭਏ ਕਿਰਪਾਲਾ॥
ਜੈ ਜੈ ਕਾਰੁ ਗੁਸਾਈ॥
ਜਿਨਿ ਪੂਰੀ ਬਣਤ ਬਣਾਈ॥੩॥
ਤੂ ਭਾਰੋ ਸੁਆਮੀ ਮੋਰਾ॥
ਇਹੁ ਪੁੰਨੁ ਪਦਾਰਥੁ ਤੇਰਾ॥
ਜਨ ਨਾਨਕ ਏਕੁ ਧਿਆਇਆ॥
ਸਰਬ ਫਲਾ ਪੁੰਨੁ ਪਾਇਆ॥੪॥

ਪੰਜਵੇਂ ਗੁਰਦੇਵ ਜੀ ਆਖ ਰਹੇ ਹਨ, ਗੁਰੁ ਪੂਰਾ ਨਮਸਕਾਰੇ, ਹੇ ਭਾਈ! ਜਿਹੜਾ ਜੀਵ ਪੂਰੇ ਗੁਰੂ ਨੂੰ ਨਮਸਕਾਰ ਕਰਦਾ ਹੈ, ਗੁਰੂ ਦੇ ਚਰਨਾਂ ਕਰਤੈ ਪੁਰਖਿ ਤਾਲੁ ਦਿਵਾਇਆ- ਗੁਰਦੇਵ ਬਖਸ਼ਿਸ਼ ਕਰਦੇ ਹਨ, ਹੇ ਭਾਈ! ਜਿਹੜਾ ਗੁਰੂ ਦੀ ਸ਼ਰਨ ਪੈ ਗਿਆ, ਤਾਂ ਉਸ ਸਰਬ ਵਿਆਪਕ ਪ੍ਰਭ ਨੇ ਗੁਰੂ ਦੇ ਰਾਹੀਂ ਜਾਮ ਰੂਪੀ ਖ਼ਜ਼ਾਨੇ ਦਾ ਤਾਲਾ ਖੁਲ੍ਹਵਾ ਕੇ ਉਸ ਜੀਵ ਨੂੰ ਜਾਮ ਦਾ ਖਜ਼ਾਨਾ ਦੇ ਦਿਤਾ; ਪਿਛੈ ਲਗਿ ਚਲੀ ਮਾਇਆ, ਤੇ ਨਾਮ ਰੂਪੀ ਖਜ਼ਾਨੇ ਪਾ ਕੇ ਉਸ ਵਡਭਾਗੇ ਜੀਵ ਦੀ ਮਾਇਆ ਦੀ ਲਾਲਸਾ ਹੀ ਮੁੱਕ ਗਈ, ਤੇ ਮਾਇਆ ਹੁਣ ਉਸ ਦੇ ਪਿਛੇ ਪਿਛੇ ਤੁਰੀ ਫਿਰਦੀ ਹੈ, ਉਸ ਨੂੰ ਕਿਸੇ ਚੀਜ਼ ਦੀ ਘਾਟ ਜਾਂ ਤੋਟ ਮਹਿਸੂਸ ਹੀ ਨਹੀਂ ਹੁੰਦੀ ਅਤੇ ਮੇਰੇ ਪੂਰੇ ਸਤਿਗੁਰੂ ਨੂੰ ਉਸ ਜੀਵ ਲਈ ਇਹ ਗੱਲ ਚੰਗੀ ਲਗਦੀ ਹੈ।

ਸਿਮਰਿ ਸਿਮਰਿ ਦਇਆਲਾ॥
ਸਭਿ ਜੀਅ ਭਏ ਕਿਰਪਾਲਾ॥
ਜੈ ਜੈ ਕਾਰੁ ਗੁਸਾਈ॥
ਜਿਨਿ ਪੂਰੀ ਬਣਤ ਬਣਾਈ॥੩॥

ਗੁਰਦੇਵ ਆਖਦੇ ਹਨ- ਸਿਮਰਿ ਸਿਮਰਿ ਦਇਆਲਾ, ਹੇ ਭਾਈ! ਉਹ ਜੋ ਦਇਆ ਦਾ ਸਮੁੰਦਰ ਮਿਹਰਬਾਨ ਪ੍ਰਭ ਜੀ ਹੈ, ਉਸ ਦਾ ਜਾਮ ਸਿਮਰ ਸਿਮਰ ਕੇ ਸਿਮਰਨ ਕਰਨ ਵਾਲੇ; ਸਭਿ ਜੀਅ ਭਏ ਕਿਰਪਾਲਾ, ਸਾਰੇ ਹੀ ਜੀਵ ਉਸ ਕ੍ਰਿਪਾ ਸਰੂਪ ਪ੍ਰਭ ਜੀ ਦਾ ਹੀ ਸਰੂਪ ਬਣ ਜਾਂਦੇ ਹਨ; ਜੈ ਜੈ ਕਾਰੁ ਗੁਸਾਈ, ਇਸ ਲਈ ਹੇ ਭਾਈ! ਉਸ ਸੰਸਾਰ ਦੇ ਸੁਆਮੀ ਪ੍ਰਭ ਜੀ ਦੀ ਜੈ ਜੈ ਕਾਰ ਸਿਫ਼ਤ ਸਲਾਹ ਹਰ ਵੇਲੇ ਹੀ ਕਰਦੇ ਰਹਿਣਾ ਚਾਹੀਦਾ ਹੈ; ਜਿਨਿ ਪੂਰੀ ਬਣਤ ਬਣਾਈ, ਪ੍ਰਭ ਜੀ ਨੇ ਜੀਵਾਂ ਨੂੰ ਨਾਲ ਜੋੜਨ ਦੀ ਬਣਤ ਆਪ ਹੀ ਬਣਾਈ ਹੈ।

ਤੂ ਭਾਰੋ ਸੁਆਮੀ ਮੋਰਾ॥
ਇਹੁ ਪੁੰਨੁ ਪਦਾਰਥੁ ਤੇਰਾ॥
ਜਨ ਨਾਨਕ ਏਕੁ ਧਿਆਇਆ॥
ਸਰਬ ਫਲਾ ਪੁੰਨੁ ਪਾਇਆ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਅਰਦਾਸ ਕਰਦੇ ਹਨ- ਤੂ ਭਾਰੋ ਸੁਆਮੀ ਮੋਰਾ, ਹੇ ਮਿਹਰਾਂ ਦੇ ਮਾਲਕ ਪ੍ਰਭ ਜੀਉ! ਤੂੰ ਤਾਂ ਮੇਰਾ ਸਭ ਤੋਂ ਭਾਰਾ ਵੱਡਾ ਮਾਲਕ ਹੈਂ; ਇਹੁ ਪੁੰਨੁ ਪਦਾਰਥੁ ਤੇਰਾ, ਹੇ ਪ੍ਰਭ ਜੀਉ! ਤੇਰਾ ਨਾਮ ਰੂਪੀ ਵੱਡਮੁੱਲਾ ਪਦਾਰਥ ਹੈ ਜੋ ਮੈਨੂੰ ਗੁਰੂ ਦੀ ਬਖ਼ਸ਼ਿਸ਼ ਸਦਕਾ ਮਿਲਿਆ ਹੈ, ਪ੍ਰਭ ਜੀ ਇਹ ਸਭ ਤੇਰੀ ਹੀ ਰਹਿਮਤ ਹੈ; ਜਨ ਨਾਨਕ ਏਕੁ ਧਿਆਇਆ, ਹੇ ਪ੍ਰਭ ਜੀਉ! ਇਹ ਦਾਸ ਨਾਨਕ ਆਖਦਾ ਹੈ, ਜਿਸ ਜੀਵ ਨੇ ਪੂਰੇ ਗੁਰੂ ਦੀ ਮੱਤ ਲੈ ਕੇ ਉਸ ਇਕ ਪਰਮਾਤਮਾ ਦਾ ਸਿਮਰਨ ਕੀਤਾ, ਉਸ ਜੀਵ ਨੇ ਸਾਰੇ ਫਲ ਦੇਣ ਵਾਲੀ ਤੇਰੀ ਬਖ਼ਸ਼ਿਸ਼ ਪਾ ਲਈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕਾਲੇ ਸਮੇਂ ਤੇ ਇਖ਼ਲਾਕੀ ਚੋਣ ਦਾ ਮਸਲਾ

ਰੂਸੀ ਇਨਕਲਾਬੀ ਚਿੰਤਕ ਲਿਓਨ ਤ੍ਰਾਤਸਕੀ ਬਾਰੇ ਮੇਰੇ ਲੇਖ ਦੇ ਪ੍ਰਤੀਕਰਮ ਵਿਚ 'ਪੰਜਾਬ ਟਾਈਮਜ਼' ਦੇ 8 ਮਾਰਚ ਦੇ ਅੰਕ ਵਿਚ ਪ੍ਰਭਸ਼ਰਨਦੀਪ ਸਿੰਘ ਦੇ ਛੋਟੇ ਭਰਾ ਪ੍ਰਭਸ਼ਰਨਬੀਰ ਸਿੰਘ ਦਾ ਲੇਖ "ਗੁਰਦਿਆਲ ਬੱਲ ਦੇ 'ਸਿਆਸੀ ਚਿੰਤਨ' ਦੀਆਂ ਗੁੱਝੀਆਂ ਰਮਜ਼ਾਂ" ਪੜ੍ਹ ਕੇ ਤਸੱਲੀ ਹੋਈ ਕਿ ਪ੍ਰਭਸ਼ਰਨਬੀਰ ਸਿੰਘ ਆਪਣੇ ਵੱਡੇ ਭਰਾ ਦੀਪ ਵਾਂਗ ਮਖੌਲ ਉਡਾਉਣ ਦੇ ਰੌਅ ਵਿਚ ਨਹੀਂ, ਬਲਕਿ ਉਸ ਨੇ ਕੁਝ ਅਹਿਮ ਨੁਕਤੇ ਉਠਾਏ ਹਨ। ਇਨ੍ਹਾਂ ਨੁਕਤਿਆਂ ਉਪਰ ਹੋਰ ਗੱਲ ਕਰਨ ਤੋਂ ਪਹਿਲਾਂ ਮੈਂ ਸਪਸ਼ਟ ਕਰਨਾ ਚਾਹਾਂਗਾ ਕਿ ਦਿੱਲੀ ਦੰਗਿਆਂ ਦੀ ਪਰਿਭਾਸ਼ਾ ਬਾਰੇ ਵਿਵਾਦ ਵਿਚ ਉਲਝਾਉਣ ਦੀ ਕੋਸ਼ਿਸ਼ ਕਰ ਕੇ ਬੀਰ ਨੇ ਮੇਰੇ ਨਾਲ ਬਦਨੀਤੀ ਭਰਿਆ ਧੱਕਾ ਕੀਤਾ ਹੈ। ਇਸ ਨੁਕਤੇ 'ਤੇ ਆ ਕੇ ਉਹ ਆਪਣੇ ਵੱਡੇ ਭਰਾ ਨਾਲੋਂ ਵੀ ਵੱਧ ਕਰੋਧੀ ਸਾਬਤ ਹੋਇਆ ਹੈ ਕਿ ਮੈਂ 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ



**ਗੁਰਦਿਆਲ ਬੱਲ (ਕੈਨੇਡਾ)**
**ਫੋਨ: 647-982-6091**

ਦਿੱਲੀ ਵਿਚ ਵਾਪਰੀਆਂ ਤ੍ਰਾਸਦਿਕ ਘਟਨਾਵਾਂ ਨੂੰ ਦੰਗੇ ਕਿਉਂ ਕਿਹਾ; ਸਿੱਖਾਂ ਦੀ ਨਸਲਕੁਸ਼ੀ ਕਿਉਂ ਨਹੀਂ? ਜ਼ਿੰਦਗੀ ਭਰ ਮੇਰੀ ਇਹ ਪੁਜੀਸ਼ਨ ਰਹੀ ਹੈ ਕਿ ਕਿਸੇ ਵੀ ਬੇਗੁਨਾਹ ਆਦਮੀ ਦੀ, ਕਿਸੇ ਵੀ ਸੂਰਤ ਵਿਚ, ਜਾਨ ਨਹੀਂ ਲਈ ਜਾਣੀ ਚਾਹੀਦੀ। ਬਿਨਾ ਸ਼ੱਕ ਦਿੱਲੀ ਦੀਆਂ ਉਹ ਘਟਨਾਵਾਂ ਬੇਹੱਦ ਮਨਹੂਸ ਸਨ।

ਪ੍ਰਭਸ਼ਰਨਬੀਰ ਸਿੰਘ ਨੇ ਅਜ਼ਰ ਨਫੀਸੀ ਅਤੇ ਮੁਹਾਦੇਸਿਨ ਬਾਰੇ ਮੇਰੀ ਸ਼ਰਧਾ 'ਤੇ ਲੀਕ ਫੇਰੀ ਹੈ; ਉਨ੍ਹਾਂ ਦੇ ਕਰੈਡੈਂਸ਼ਲ ਉਪਰ ਸਵਾਲੀਆ ਨਿਸ਼ਾਨ ਖੜ੍ਹਾ ਕੀਤਾ ਹੈ ਅਤੇ 'ਸਬੂਤਾਂ' ਸਮੇਤ ਉਨ੍ਹਾਂ ਨੂੰ ਅਮਰੀਕੀ ਸਾਮਰਾਜ ਦੇ ਭਾੜੇ ਦੇ ਟੱਟੂ ਬੁੱਧੀਜੀਵੀਆਂ ਦੇ ਪਾਲੇ ਵਿਚ ਖੜ੍ਹੇ ਦਿਖਾ ਦਿੱਤਾ ਹੈ। ਇਹੋ ਤਾਂ 'ਦਹਿਸ਼ਤ ਦੀ ਵਿਧੀ' ਹੈ। 20ਵੀਂ ਸਦੀ ਦਾ ਪੂਰਾ ਇਤਿਹਾਸ ਇਸ ਕਿਸਮ ਦੀ ਦਹਿਸ਼ਤੀ 'ਬੁਰਛਾਗਰਦੀ' ਨਾਲ ਭਰਿਆ ਪਿਆ ਹੈ। ਕਮਿਊਨਿਸਟਾਂ ਅਤੇ ਫਾਸਿਸਟਾਂ ਨੇ ਜਿਸ ਬੇਰਿਹਮੀ ਨਾਲ ਇਨਸਾਨ ਦਾ ਨਾਸ ਮਾਰਿਆ ਹੈ, ਉਸ ਦਾ ਕੋਈ ਲੇਖਾ ਨਹੀਂ ਪਰ ਕਮਿਊਨਿਸਟ ਇਹ ਗੱਲ ਥੋੜ੍ਹੀ ਕੀਤੇ ਮੰਨਦੇ ਵੀ ਨਹੀਂ।

ਆਪਣੇ ਬਚਪਨ ਦੇ ਮਿੱਤਰ ਕਰਨੈਲ ਸਿੰਘ ਰੰਧਾਵਾ ਜੋ 1970 ਤੱਕ ਪੱਕਾ ਕਮਿਊਨਿਸਟ ਬਣ ਗਿਆ ਸੀ, ਨੂੰ ਮੈਂ ਕਮਿਊਨਿਸਟ ਖੁਆਬ ਤੋਂ ਮੋਹ-ਭੰਗ ਹੋਏ ਛੇ ਲੇਖਕਾਂ ਦੇ ਖੁਦ ਦੇ ਅਨੁਭਵਾਂ 'ਤੇ ਆਧਾਰਤ ਕਿਤਾਬ 'ਗੌਡ ਦੈਟ ਫੇਲਡ' ਅਤੇ ਆਰਥਰ ਕੋਸਲਰ ਦੀ 'ਡਾਰਕਨੈਸ ਐਟ ਨੂਨ' ਨਾਂ ਦੀਆਂ ਦੋ ਜਗਤ ਪ੍ਰਸਿੱਧ ਕਲਾਸਿਕ ਕਿਤਾਬਾਂ ਪੜ੍ਹਨ ਲਈ ਦਿੱਤੀਆਂ। ਇਨ੍ਹਾਂ ਵਿਚ ਕਮਿਊਨਿਸਟਾਂ ਦੀ ਬੜੀ ਤਿੱਖੀ ਆਲੋਚਨਾ ਹੈ। ਕਰਨੈਲ ਨੇ ਇਨ੍ਹਾਂ ਦੋਹਾਂ ਕਿਤਾਬਾਂ ਨੂੰ ਉਦੋਂ ਟਰੈਸ਼ ਆਖਿਆ ਸੀ, ਅਖੇ, 'ਕੰਜਰ ਸਾਰੇ ਹੀ ਸੀ.ਆਈ.ਏ. ਦੇ ਟਕਸਾਲੀ ਮੁਖਬਰ ਹਨ।' 40-42 ਸਾਲ ਬਾਅਦ ਮੈਂ ਉਸ ਨੂੰ ਡੋਨਾਲਡ ਰੈਫੀਲਡ ਦੀ ਕਿਤਾਬ 'ਸਤਾਲਿਨ ਐਂਡ ਹਿਜ਼ ਹੈਂਗਮੈਨ' ਪੜ੍ਹਨ ਲਈ ਦਿੱਤੀ ਤਾਂ ਨਿਸ਼ਚੇ ਹੀ ਉਸ ਦਾ ਪ੍ਰਤੀਕਰਮ ਪੁਰਾਣੇ ਵਕਤਾਂ ਵਾਲਾ ਨਹੀਂ ਸੀ। ਦੱਸਣਯੋਗ ਹੈ ਕਿ ਆਰਥਰ ਕੋਸਲਰ ਜਰਮਨ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ। ਕਰਨੈਲ ਜੇ ਅੱਜ ਕੋਸਲਰ ਦੀ ਉਹ ਕਿਤਾਬ ਪੜ੍ਹੇ ਤਾਂ ਭਲਾ ਕੀ ਕਹੇਗਾ? ਆਖਿਰ ਕੋਸਲਰ ਅਤੇ ਉਸ ਦੇ ਸਾਥੀ ਮਹਾਨ ਲੇਖਕਾਂ ਵਿਚੋਂ ਕੋਈ ਵੀ ਸੀ.ਆਈ.ਏ. ਦਾ ਮੁਖਬਰ ਨਹੀਂ ਸੀ। ਇਹ ਕਿਤਾਬ ਅੱਜ ਵੀ ਮੁੱਲਵਾਨ ਹੈ ਅਤੇ ਮੂਲ ਇਨਸਾਨੀ ਕਦਰਾਂ ਦੀ ਰਾਖੀ ਲਈ ਸਰੋਕਾਰ ਰੱਖਦੀ ਹੈ।


ਦਰਅਸਲ, ਬਦੀ ਵਿਰੁਧ ਲੜਨ ਵਾਲਿਆਂ ਨੂੰ ਮੇਰੀ ਸਦਾ ਹੀ ਨਮੋ ਹੈ। ਰੌਲਾ ਤਾਂ ਇਹ ਹੈ ਕਿ ਉਹ ਅੰਨ੍ਹੇ ਜੋਸ਼ ਵਿਚ ਆ ਕੇ ਇਉਂ ਨਾ ਲੜਨ ਕਿ ਬਦੀ ਖ਼ਤਮ ਹੋਣ ਦੀ ਥਾਂ ਉਸ ਨੂੰ ਮਲਟੀਪਲਾਇਰ ਲੱਗ ਜਾਵੇ ਜਿਵੇਂ ਸਤਾਲਿਨ ਜਾਂ ਪੋਲਪੋਟ ਜਾਂ ਆਇਤਉੱਲਾ ਖ਼ੋਮੀਨੀ ਦੇ ਸਮਰਥਕਾਂ ਨੇ ਲਗਾਇਆ। ਰੂਸੀ ਜ਼ਾਰ ਦੇ ਜ਼ਮਾਨੇ ਵਿਚ ਬਾਗ਼ੀਆਂ ਨੂੰ ਸਾਇਬੇਰੀਆ ਦੇ ਕਾਲੇ ਪਾਣੀਆਂ ਵਿਚ ਭੇਜਿਆ ਜਾਂਦਾ ਸੀ। ਉਹ ਡਰਦੇ ਹੀ ਉਥੋਂ ਭੱਜ ਕੇ ਯੂਰਪ ਜਾ ਵੜਦੇ ਸਨ ਪਰ 'ਕਾਮਰੇਡ' ਸਤਾਲਿਨ ਦੇ ਅਹਿਦ ਵਿਚ ਕਿਸੇ ਨੂੰ ਇਉਂ ਬਚ ਕੇ ਨਹੀਂ ਨਿਕਲਣ ਦਿੱਤਾ ਗਿਆ ਸੀ!

***ਰੂਸੀ ਇਨਕਲਾਬ ਦੇ ਆਗੂ ਲਿਓਨ ਤ੍ਰਾਤਸਕੀ ਬਾਰੇ ਚੱਲ ਰਹੀ ਬਹਿਸ ਦੌਰਾਨ ਗੁਰਦਿਆਲ ਸਿੰਘ ਬੱਲ ਦੇ ਲੇਖ ਦੇ ਪ੍ਰਤੀਕਰਮ ਵਿਚ ਪ੍ਰਭਸ਼ਰਨਦੀਪ ਸਿੰਘ ਅਤੇ ਉਸ ਦੇ ਭਰਾ ਪ੍ਰਭਸ਼ਰਨਬੀਰ ਸਿੰਘ ਦੇ ਵਿਚਾਰ ਅਸੀਂ ਛਾਪੇ ਸਨ। ਇਨ੍ਹਾਂ ਦੇ ਜੁਆਬ ਵਿਚ ਗੁਰਦਿਆਲ ਸਿੰਘ ਬੱਲ ਨੇ ਇਸ ਲੇਖ ਵਿਚ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਕੁਝ ਹੋਰ ਗੱਲਾਂ ਕੀਤੀਆਂ ਹਨ। ਤ੍ਰਾਤਸਕੀ ਤੋਂ ਤੁਰੀ ਇਸ ਬਹਿਸ ਨੇ ਵਿਸ਼ਵ ਭਰ ਦੀਆਂ ਬਹੁਤ ਸਾਰੀਆਂ ਲੋਕ ਲਹਿਰਾਂ ਅਤੇ ਵਿਚਾਰਧਾਰਾਵਾਂ ਨੂੰ ਕਲਾਵੇ ਵਿਚ ਲਿਆ ਹੈ, ਪੰਜਾਬ ਅਤੇ ਸਿੱਖ ਪ੍ਰਸੰਗ ਵਿਚ ਵੀ ਕੁਝ ਗੰਭੀਰ ਟਿੱਪਣੀਆਂ ਹੋਈਆਂ ਹਨ। ਵਿਚਾਰਵਾਨਾਂ ਨੂੰ ਫਿਰ ਬੇਨਤੀ ਹੈ ਕਿ ਇਸ ਬਹਿਸ ਦੌਰਾਨ ਨਿਜੀ ਦੋਸ਼ਾਂ ਤੋਂ ਪੂਰਨ ਪਰਹੇਜ਼ ਕਰਦਿਆਂ ਆਪਣੇ ਵਿਚਾਰਾਂ ਨੂੰ ਸ਼ਾਇਸਤਗੀ ਦੇ ਘੇਰੇ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ ਅਤੇ ਹਫਤਾਵਾਰੀ ਅਖਬਾਰ ਦੀਆਂ ਸੀਮਾਵਾਂ ਨੂੰ ਮੁੱਖ ਰੱਖਦਿਆਂ ਗੱਲ ਜਿੰਨਾ ਸੰਭਵ ਹੋ ਸਕੇ, ਸੰਖੇਪ ਵਿਚ ਕੀਤੀ ਜਾਵੇ। ਇਕ ਵਾਰ ਫਿਰ ਸਪਸ਼ਟ ਕਰ ਦਈਏ, ਲੇਖਕ ਦੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

ਯਾਂ ਪਾਲ ਸਾਰਤਰ ਅਤੇ ਅਲਬੇਅਰ ਕਾਮੂ 20ਵੀਂ ਸਦੀ ਦੇ ਮਹਾਨ ਲੇਖਕ ਸਨ। 1960 ਵਿਚ ਕਾਮੂ ਦੀ ਸੜਕ ਹਾਦਸੇ ਵਿਚ ਬੇਵਕਤ ਮੌਤ 'ਤੇ ਸਾਰਤਰ ਨੇ ਆਪਣੇ ਪੁਰਾਣੇ ਮਿੱਤਰ ਨੂੰ ਮਹਾਨ ਦਾਰਸ਼ਨਿਕ ਕਾਂਤ ਤੋਂ ਬਾਅਦ ਪੱਛਮ ਵਿਚ ਇਖਲਾਕੀ ਕਦਰਾਂ ਦਾ ਸਭ ਤੋਂ ਅਹਿਮ ਤਰਜਮਾਨ ਕਰਾਰ ਦਿੱਤਾ ਸੀ, ਤੇ ਫਿਰ 1968 ਦੇ ਫਰਾਂਸੀਸੀ ਇਨਕਲਾਬ ਦੌਰਾਨ ਆਪਣੀ ਜ਼ਮੀਰ ਅਨੁਸਾਰ ਲਿਖਣ ਅਤੇ ਬੋਲਣ ਦੀ ਆਜ਼ਾਦੀ ਦੇ ਨਾਂ 'ਤੇ ਜਦ ਸਾਰਤਰ ਮਾਓਵਾਦੀਆਂ ਦੇ ਹੱਕ ਵਿਚ ਡਟ ਗਿਆ, ਤੇ ਉਸ ਦੀ ਗ੍ਰਿਫਤਾਰੀ ਦੀ ਮੰਗ ਨੂੰ ਮਹਾਨ ਜਰਨਲ ਡੀਗਾਲ ਨੇ ਕੁਝ ਇਉਂ ਆਖ ਕੇ ਨਜ਼ਰਅੰਦਾਜ਼ ਕਰ ਦਿੱਤਾ ਸੀ ਕਿ ਸਾਰਤਰ ਮਹਿਜ਼ ਮਹਾਨ ਚਿੰਤਕ ਨਹੀਂ, ਬਲਕਿ ਪੂਰਾ ਫ਼ਰਾਂਸ ਵੀ ਤਾਂ ਹੈ। ਸਾਰਤਰ ਅਸਤਿਤਵਵਾਦੀ ਫਿਲਾਸਫਰ ਸੀ। ਕਮਿਊਨਿਸਟਾਂ ਨਾਲ ਨੇੜਤਾ ਵਾਲੇ ਦਾਅ 'ਤੇ ਉਸ ਨੂੰ ਉਸ ਦੇ ਬਚਪਨ ਦੇ ਮਿੱਤਰ ਪਾਲ ਨਿਜ਼ਾਂ, ਮਾਰਲੋ ਪੌਂਟੀ ਅਤੇ ਅਲਬੇਅਰ ਕਾਮੂ ਨੇ ਮੋੜਿਆ ਸੀ। ਪਾਲ ਨਿਜ਼ਾਂ ਬਾਕਾਇਦਾ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਿਆ। ਉਹ ਬਹੁਤ ਹੋਣਹਾਰ ਸੀ ਪਰ ਉਹ ਸ਼ੁਰੂ ਵਿਚ ਹੀ ਨਾਜ਼ੀਆਂ ਹੱਥੋਂ ਮਾਰਿਆ ਗਿਆ।

ਅਲਬੇਅਰ ਕਾਮੂ ਅਤੇ ਮਾਰਲੋ ਪੌਂਟੀ ਸਤਾਲਿਨ ਦੇ ਗੁਨਾਹਾਂ ਦਾ ਰਾਜ਼ ਖੁੱਲ੍ਹਦਿਆਂ-ਖੁੱਲ੍ਹਦਿਆਂ ਕਮਿਊਨਿਸਟਾਂ ਤੋਂ ਬਦਜ਼ਨ ਹੋ ਗਏ ਪਰ ਸਥਿਤੀ ਦਾ ਵੱਡਾ ਵਿਅੰਗ ਇਹ ਸੀ ਕਿ ਸਾਰਤਰ ਇਤਿਹਾਸ ਦੇ ਉਸ ਅਹਿਮ ਮੋੜ 'ਤੇ ਉਸੇ ਸ਼ਿੱਦਤ ਨਾਲ ਸਤਾਲਿਨ ਪੁਜੀਸ਼ਨ ਦੇ ਹੱਕ ਵਿਚ ਭੁਗਤਦਾ ਚਲਾ ਗਿਆ। 1950-51 ਵਿਚ ਕਾਮੂ ਨੇ ਕਮਿਊਨਿਜ਼ਮ ਅਤੇ ਫ਼ਾਸ਼ਿਜ਼ਮ ਦੇ ਤਰਕ ਨੂੰ ਰੱਦ ਕਰਨ ਲਈ ਜਦੋਂ 'ਰੈਬੱਲ' ਨਾਂ ਦੀ ਦਾਰਸ਼ਿਨਕ-ਰਾਜਨੀਤਕ ਪੁਸਤਕ ਲਿਖੀ ਤਾਂ ਉਸ ਦੇ ਛਪਣ 'ਤੇ ਸਾਰਤਰ ਅਤੇ ਕਾਮੂ ਵਿਚਾਲੇ ਜ਼ਬਰਦਸਤ ਜੰਗ ਸ਼ੁਰੂ ਹੋ ਗਈ। ਕਮਿਊਨਿਜ਼ਮ ਅਤੇ ਫ਼ਾਸ਼ਿਜ਼ਮ ਨੂੰ ਟੋਟਲੈਟੇਰੀਅਨ ਨਿਜ਼ਾਮ ਆਖਦਿਆਂ ਇਕੋ ਰੱਸੇ ਬੰਨ੍ਹਣ ਵਾਲੀ ਕਾਮੂ ਦੀ ਪਹੁੰਚ ਸਾਰਤਰ ਨੂੰ ਕੱਤਈ ਪ੍ਰਵਾਨ ਨਹੀਂ ਸੀ। ਦਰਅਸਲ ਇਹ 20ਵੀਂ ਸਦੀ ਦੀ ਸਭ ਤੋਂ ਅਹਿਮ ਅਤੇ ਇਕ ਤਰ੍ਹਾਂ ਨਾਲ ਬੇਹੱਦ ਰੁਮਾਂਚਿਕ ਵਿਚਾਰਧਾਰਕ 'ਲੜਾਈ' ਸੀ ਜੋ ਦੰਤ ਕਥਾਵਾਂ ਦਾ ਦਰਜਾ ਹਾਸਲ ਕਰ ਚੁੱਕੀ ਹੈ। 2004 ਵਿਚ ਰੋਨਾਲਡ ਐਰਨਸਨ ਨੇ 'Camus and Sartre: The Story of Friendship and Quarrel That Ended It' ਸਿਰਲੇਖ ਹੇਠ ਕਿਤਾਬ ਲਿਖ ਕੇ ਇੱਕੀਵੀਂ ਸਦੀ ਲਈ ਇਸ ਨੂੰ ਹੋਰ ਵੀ ਵੱਡੀ ਅਹਿਮੀਅਤ ਵਾਲਾ ਦਰਜਾ ਦਿਵਾ ਦਿੱਤਾ ਪਰ ਬਹੁਤ ਪਹਿਲਾਂ 60ਵਿਆਂ ਵਿਚ ਮਹਾਨ ਚਿੰਤਕਾਂ ਦੇ ਇਸ ਵਿਵਾਦ ਬਾਰੇ ਇਤਾਲਵੀ ਬੁੱਧੀਜੀਵੀ ਨਿਕੋਲਾ ਚਿਆਰਮੋ (chiarmonte) ਨੇ ਅਹਿਮ ਲੇਖ ਲਿਖਿਆ ਸੀ। 1962 ਵਿਚ ਛਪੀ 'ਟਵੰਟੀਅਥ ਸੈਂਚਰੀ ਵਿਊਜ਼' ਸੀਰੀਜ਼ ਹੇਠ ਕਾਮੂ ਬਾਰੇ ਲੇਖਾਂ ਦੀ ਕਿਤਾਬ ਵਿਚ ਅੱਜ ਵੀ ਇਹ ਸਭ ਤੋਂ ਅਹਿਮ ਲੇਖ ਹੈ। ਅੱਜ ਵੀ ਉਸ ਦੀ ਸਾਰਥਿਕਤਾ ਘਟੀ ਨਹੀਂ ਹੈ ਪਰ ਇਹ ਲੇਖ ਕਿਉਂਕਿ ਮਹਾਨ ਕਵੀ ਸਟੀਫਨ ਸਪੈਂਡਰ ਦੇ 'ਕੁਐਸਟ' ਨਾਂ ਦੇ ਮੈਗ਼ਜ਼ੀਨ ਵਿਚ ਛਪ ਗਿਆ ਸੀ ਅਤੇ ਪਿਛੋਂ ਪੈੜ ਨੱਪਣ ਵਾਲਿਆਂ ਨੇ ਪੈੜ ਸੀ.ਆਈ.ਏ. ਦੀ ਨੱਪ ਲਈ ਸੀ; ਅਖੇ, ਠੰਢੀ ਜੰਗ ਦੇ ਸਾਲਾਂ ਦੌਰਾਨ ਸੰਪਾਦਕ ਤੋਂ ਵੀ ਚੋਰੀਓਂ ਉਸ ਮੈਗ਼ਜ਼ੀਨ ਨੂੰ ਫੰਡ ਸੀ.ਆਈ.ਏ. ਕਰਦੀ ਰਹੀ ਸੀ। ਸੀ.ਆਈ.ਏ. ਦੇ ਅਜਿਹੇ ਕੰਮਾਂ ਦਾ ਉਦੋਂ ਅੱਜ ਨਾਲੋਂ ਵੀ ਵੱਧ ਰੌਲਾ ਸੀ। ਸਟੀਫਨ ਸਪੈਂਡਰ ਨੇ ਨਮੋਸ਼ੀ ਮੰਨਦਿਆਂ ਸੰਪਾਦਕੀ ਦੇ ਅਹੁਦੇ ਤੋਂ ਕਿਨਾਰਾ ਕਰ ਲਿਆ ਪਰ ਕਾਮੂ ਦੀ ਪੁਜ਼ੀਸ਼ਨ ਦੇ ਹੱਕ ਵਿਚ ਚਿਆਰਮੋ ਨੇ ਜੋ ਮੁੱਦੇ ਉਠਾਏ, ਉਨ੍ਹਾਂ ਦੀ ਅਹਿਮੀਅਤ ਅੱਜ ਵੀ ਘਟੀ ਨਹੀਂ ਹੈ, ਸਗੋਂ ਵਧੀ ਹੀ ਹੈ।

ਇਕ ਗੱਲ ਹੋਰ। 20ਵੀਂ ਸਦੀ ਦੀ ਮਹਾਨ ਤਰਾਸਦਿਕ ਸ਼ਾਇਰਾ ਅੰਨਾ ਅਖ਼ਮਾਤੋਵਾ ਦੀਆਂ ਕਵਿਤਾਵਾਂ ਦੀਆਂ ਕਿਤਾਬਾਂ ਦੇ ਪ੍ਰਕਾਸ਼ਨ ਨੂੰ ਫੰਡ ਕੀਤਾ ਗਿਆ, ਬੋਰਿਸ ਪਾਸਤਰਨਾਕ ਦੇ ਨਾਵਲ 'ਡਾਕਟਰ ਜ਼ਿਵਾਗੋ' ਨੂੰ ਨੋਬਲ ਇਨਾਮ ਦਿਵਾਉਣ ਲਈ ਸਾਜ਼ਿਸ਼ ਰਚੀ ਗਈ ਅਤੇ ਬਾਅਦ ਵਿਚ ਅਲੈਗਜ਼ੈਂਡਰ ਸੋਲਜ਼ਿਨਿਤਸਿਨ ਦੇ ਨਾਵਲਾਂ ਦੇ ਪ੍ਰਕਾਸ਼ਨ ਨੂੰ ਵੀ ਸੀ.ਆਈ.ਏ. ਨੇ ਪ੍ਰੋਮੋਟ ਕੀਤਾ। ਠੰਢੀ ਜੰਗ ਦੇ ਕਾਲੇ ਦੌਰ ਵਿਚ ਇਸ ਤਰ੍ਹਾਂ ਦੇ




ਕੌਤਕ ਇਕ ਨਹੀਂ, ਅਨੇਕਾਂ ਹੋਏ ਸਨ ਅਤੇ ਅਗਾਂਹ ਵੀ ਹੁੰਦੇ ਰਹਿਣਗੇ; ਪਰ ਅੰਨਾ ਅਖ਼ਮਾਤੋਵਾ, ਬੋਰਿਸ ਪਾਸਤਰਨਾਕ, ਸੋਲਜ਼ਿਨਿਤਸਿਨ ਦੀ ਕਲਾਤਮਿਕ ਮਹਾਨਤਾ ਅਤੇ ਅਲਬੇਅਰ ਕਾਮੂ ਦੀ ਇਖ਼ਲਾਕੀ ਉੱਚਤਾ ਬਾਰੇ ਅੱਜ ਕਿਸ ਨੂੰ ਸੰਦੇਹ ਹੈ ਭਲਾ?

20ਵੀਂ ਸਦੀ ਦੇ ਪਹਿਲੇ ਅੱਧ ਦਾ ਇਤਿਹਾਸ ਬੇਹੱਦ ਭਿਆਨਕ ਹੈ। ਕਾਰਲ ਮਾਰਕਸ ਦੇ ਜੀਨੀਅਸ ਜਾਂ ਕਾਮਰੇਡ ਲੈਨਿਨ ਦੀ ਸੁਹਿਰਦਤਾ ਬਾਰੇ ਤਾਂ ਸਾਨੂੰ ਕੋਈ ਸੰਦੇਹ ਨਹੀਂ ਹੈ। ਸਾਨੂੰ ਮਾਰਟਿਨ ਹਾਈਡੇਗਰ ਨੂੰ ਹੈਰਾਕਲਾਈਟਸ ਤੋਂ ਬਾਅਦ ਪੱਛਮ ਦਾ ਸਭ ਤੋਂ ਵੱਧ ਮਹਾਨ ਚਿੰਤਕ ਮੰਨ ਲਏ ਜਾਣ 'ਤੇ ਵੀ ਕੋਈ ਲੰਮਾ ਉਜ਼ਰ ਨਹੀਂ ਹੈ। ਰੌਲਾ ਤਾਂ ਪ੍ਰੈਕਟਿਸ ਦਾ ਹੈ; ਕਾਮਰੇਡ ਸਤਾਲਿਨ ਅਤੇ ਅਡੋਲਫ ਹਿਟਲਰ ਦੀ ਅਤਿਅੰਤ ਵਹਿਸ਼ੀ ਕਾਰਗੁਜ਼ਾਰੀ ਦਾ ਹੈ। ਧਰਤੀ 'ਤੇ ਸਵਰਗ ਉਤਾਰਨ ਦੇ ਜੋਸ਼ ਵਿਚ ਇਹ ਲੋਕ ਕਿਉਂ ਤੇ ਕੀ-ਕੀ ਕਿਵੇਂ ਕਰੀ ਗਏ, ਉਸ ਗੱਲ ਦਾ ਹੈ। ਸੋਵੀਅਤ 'ਗੁਲਾਮ' ਅਤੇ ਨਾਜ਼ੀ ਤਸੀਹਾ ਕੈਂਪਾਂ ਵਿਚ ਲੱਖਾਂ ਕਰੋੜ ਬੇਗੁਨਾਹ ਇਨਸਾਨਾਂ ਨੂੰ ਬਰਬਾਦ ਕਿੰਜ ਕੀਤਾ ਗਿਆ, ਉਨ੍ਹਾਂ ਦਾ ਬੋਝ ਹਰ ਹਾਲ ਵਿਚ ਸਾਡੀਆਂ ਜ਼ਮੀਰਾਂ 'ਤੇ ਰਹਿਣਾ ਚਾਹੀਦਾ ਹੈ।

ਅਸੀਂ ਪ੍ਰਭਸ਼ਰਨਬੀਰ ਸਿੰਘ ਦੇ ਰਿਣੀ ਹਾਂ ਕਿ ਉਹਨੇ ਅਜ਼ਰ ਨਫੀਸੀ ਅਤੇ ਮੁਹਾਦੇਸਿਨ ਵਰਗੀਆਂ ਹਸਤੀਆਂ ਨੂੰ ਸੀ.ਆਈ.ਏ. ਜਾਂ ਕਹੋ, ਬਦੀ ਦੀਆਂ ਧਿਰਾਂ ਦੇ ਪਾਲੇ ਅੰਦਰ ਖੜ੍ਹੇ ਦਿਖਾ ਕੇ ਬਹੁਤ ਅਹਿਮ ਮੁੱਦਾ ਉਠਾ ਦਿੱਤਾ ਹੈ। ਇਸ ਪ੍ਰਥਾਏ ਮੈਨੂੰ ਪੰਜਾਬੀ ਦੇ ਜ਼ਹੀਨ ਸ਼ਾਇਰ ਐਸ.ਐਸ. ਮੀਸ਼ਾ ਦੀ ਸੁੰਦਰ ਨਜ਼ਮ 'ਲੀਕ' ਦੀਆਂ ਸਤਰਾਂ ਵੀ ਚੇਤੇ ਆ ਗਈਆਂ ਹਨ,

ਖੁਦਗਰਜ਼ ਕਹਿਣ, ਗੱਦਾਰ ਕਹਿਣ
ਮੈਨੂੰ ਕੀ-ਕੀ ਮੇਰੇ ਯਾਰ ਕਹਿਣ
ਦੱਸ ਭੇਤ ਤੂੰ ਆਪਣੇ ਖਾਸੇ ਦਾ
ਤੂੰ ਲੀਕੋਂ ਕਿਹੜੇ ਪਾਸੇ ਦਾ
ਖਿੱਚਦੇ ਨੇ ਇਕ ਲਕੀਰ ਜਿਹੀ
ਮੇਰੇ ਦਿਲ 'ਚੋਂ ਉਠਦੀ ਪੀੜ ਜਿਹੀ।

---

ਸਭ ਕੁਝ ਮੁਸਕਾ ਕੇ ਸਹਿ ਜਾਨਾਂ
ਤੇ ਕਹਿੰਦਾ-ਕਹਿੰਦਾ ਰਹਿ ਜਾਨਾਂ
ਇਹ ਲੀਕ ਤਾਂ ਲਹੂ ਦੇ ਰੰਗ ਦੀ ਹੈ
ਮੇਰੇ ਫੇਫੜਿਆਂ 'ਚੋਂ ਲੰਘਦੀ ਹੈ।

60ਵਿਆਂ ਦੇ ਪੰਜਾਬੀ ਸਾਹਿਤਕ ਸਭਿਆਚਾਰਕ ਹਲਕਿਆਂ ਵਿਚ ਕੁਝ ਪੁਰਾਣੇ ਟਕਸਾਲੀ ਕਾਮਰੇਡਾਂ ਦੀ ਅਤੇ 70ਵਿਆਂ ਵਿਚ ਬਾਹਲੇ ਨਕਸਲੀ 'ਮੁਜਾਹਿਦਾਂ' ਦੀ ਕੁਝ ਅਜਿਹੀ ਹੀ ਧੌਂਸ ਹੁੰਦੀ ਸੀ ਜਿਨ੍ਹਾਂ ਨੂੰ ਮੀਸ਼ੇ ਦੀ ਇਹ ਨਜ਼ਮ ਮੁਖ਼ਾਤਿਬ ਹੈ। ਉਹ ਮੀਸ਼ੇ ਵਰਗੇ ਲੋਕਾਂ ਨੂੰ ਅਕਸਰ, ਗਾਹੇ-ਬਗਾਹੇ ਇੰਜ ਹੀ ਘੇਰਦੇ ਸਨ, ਜਿਵੇਂ ਪ੍ਰਭਸ਼ਰਨਬੀਰ ਨੇ ਦੰਗੇ ਜਾਂ ਨਸਲਕੁਸ਼ੀ ਵਾਲੇ ਨੁਕਤੇ 'ਤੇ ਮੈਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮੁਹਾਦੇਸਿਨ ਦੀ 'ਐਨਮੀਜ਼ ਆਫ਼ ਆਇਤੁਲਾਜ਼' ਮੈਂ 4-5 ਸਾਲ ਪਹਿਲਾਂ ਪੜ੍ਹੀ ਸੀ ਅਤੇ ਅਜ਼ਰ ਨਫੀਸੀ ਵਾਲੀ ਕਿਤਾਬ ਪਿੱਛੋਂ। ਜੋ ਕਿੰਤੂ ਪ੍ਰਭਸ਼ਰਨਬੀਰ ਉਠਾ ਰਿਹਾ ਹੈ, ਉਸੇ ਵਿਡੰਬਨਾ ਦੀ ਚਰਚਾ ਹੀ ਤਾਂ ਮੁਹਾਦੇਸਿਨ ਵਾਲੀ ਕਿਤਾਬ ਦੇ ਆਰ-ਪਾਰ ਫੈਲੀ ਹੋਈ ਹੈ। ਸਵਾਲ ਹੈ ਕਿ ਇਰਾਨੀ ਜਮਹੂਰੀਅਤ-ਪਸੰਦ, ਸ਼ਾਹ ਇਰਾਨ ਦੇ ਵਿਰੋਧੀ ਹਨ। ਕਮਿਊਨਿਸਟਾਂ ਦੇ ਦਾਅ-ਪੇਚਾਂ ਤੋਂ ਵੀ ਉਹ ਆਤੰਕਿਤ ਹਨ। ਇਰਾਨੀ ਇਨਕਲਾਬ ਦੇ ਮੁਢਲੇ ਦੌਰ ਵਿਚ ਉਹ ਮੁਲਾਣਿਆਂ ਦਾ ਸਾਥ ਦਿੰਦੇ ਹਨ, ਪਰ ਮੁਲਾਣਿਆਂ ਨੇ ਤਾਂ ਇਰਾਨ ਵਿਚ ਨਵੀਂ ਅਜਿਹੀ ਤਾਨਾਸ਼ਾਹੀ ਆਇਦ ਕਰ ਦਿੱਤੀ ਜੋ ਸ਼ਾਹ ਇਰਾਨ ਦੇ ਜ਼ਮਾਨਿਆਂ ਨਾਲੋਂ ਕਿਤੇ ਵਧੇਰੇ ਜ਼ਾਲਮ ਅਤੇ ਬਦਤਰੀਨ ਸੀ। ਜਮਹੂਰੀ ਕਦਰਾਂ ਲਈ ਲੜਨ ਵਾਲੇ ਉਹ ਲੋਕ ਅਮਰੀਕਾ ਵਿਚ ਪਨਾਹ ਨਹੀਂ ਸੀ ਲੈ ਸਕਦੇ। ਮਜਬੂਰੀਵਸ ਇਰਾਕ ਵਿਚ ਬੈਠੇ ਹੋਣ ਦੇ ਬਾਵਜੂਦ ਸੱਦਾਮ ਹੁਸੈਨ ਦੀ ਸਹਾਇਤਾ ਵੀ ਉਨ੍ਹਾਂ ਨੂੰ ਪ੍ਰਵਾਨ ਨਹੀਂ ਸੀ। ਇਰਾਨ ਅਤੇ ਇਰਾਕ ਦੀ ਬੇਸਿਰ-ਪੈਰ ਜੰਗ ਨੇ ਉਨ੍ਹਾਂ ਦੀ ਹਾਲਤ ਬਹੁਤ ਹੀ ਵਿਡੰਬਨਾਮਈ ਬਣਾ ਦਿੱਤੀ। ਜੰਗ 8-10 ਵਰ੍ਹੇ ਚੱਲੀ; 8-10 ਲੱਖ ਨੌਜਵਾਨ ਭੰਗ ਦੇ ਭਾਣੇ ਮਾਰੇ ਗਏ। ਨਿਰਸੰਦੇਹ ਜੰਗ ਉਹ ਸੱਦਾਮ ਹੁਸੈਨ ਨੇ ਸ਼ੁਰੂ ਕੀਤੀ ਸੀ, ਨਾਲ ਹੀ ਅਮਰੀਕਾ ਵੱਲੋਂ ਸ਼ਿਸ਼ਕਾਰੇ ਜਾਣ 'ਤੇ ਫੰਡ ਉਸ ਨੂੰ ਸਾਊਦੀ ਅਰਬ ਅਤੇ ਹੋਰ ਮੁਲਕਾਂ ਨੇ ਕੀਤਾ ਸੀ ਪਰ ਨਿਰੰਤਰ ਭੜਕਾਹਟ ਪੈਦਾ ਕਰਨ ਲਈ ਆਇਤਉਲਾ ਖ਼ੋਮੀਨੀ ਦੇ ਮਸਤਾਏ 'ਇਸਲਾਮੀ ਇਨਕਲਾਬੀਆਂ' ਦੀ ਬੁਰਛਾਗਰਦੀ ਉਸ ਲਈ ਨਿਸ਼ਚੇ ਹੀ ਮੁੱਖ ਰੂਪ ਵਿਚ ਜ਼ਿੰਮੇਵਾਰ ਸੀ। ਖ਼ਲਕ ਮੁਜਾਹਿਦੀਨ ਦਾ ਇਰਾਨ ਵਿਚ ਜਮਹੂਰੀਅਤ ਦੀ ਬਹਾਲੀ ਲਈ ਖੋਮੀਨੀ-ਤੰਤਰ ਵਿਰੁਧ ਸੰਘਰਸ਼ ਬਿਲਕੁਲ ਸਹੀ ਲੀਹਾਂ 'ਤੇ ਚੱਲ ਰਿਹਾ ਸੀ ਪਰ ਸੱਦਾਮ ਹੁਸੈਨ ਵੱਲੋਂ ਅਰੰਭੀ ਨਹਿਸ਼ ਕਿਸਮ ਦੀ ਜੰਗ ਨੇ ਉਨ੍ਹਾਂ ਨੂੰ ਕਸੂਤੀ ਇਖਲਾਕੀ ਸਥਿਤੀ ਵਿਚ ਫਸਾ ਦਿੱਤਾ। ਇਸੇ ਵਿਰੋਧਾਭਾਸ ਅਤੇ ਦੁਖਾਂਤ ਦੀ ਹੀ ਤਾਂ ਮੁਹਾਦੇਸਿਨ ਨੇ ਆਪਣੀ ਪੁਸਤਕ ਵਿਚ ਪੂਰਨ ਵਿਸਥਾਰ ਵਿਚ ਚਰਚਾ ਕੀਤੀ ਹੈ।

## ਚਰਚਾ-ਦਰ-ਚਰਚਾ

ਹੁਣ ਜਦੋਂ ਮੈਂ ਖ਼ਲਕ ਮੁਜਾਹਦੀਨ ਦੇ ਯੋਧਿਆਂ ਦੀ ਇਖ਼ਲਾਕੀ ਦੁਬਿਧਾ ਬਾਰੇ ਗੱਲ ਕਰ ਰਿਹਾ ਹਾਂ, ਤਾਂ ਮੈਨੂੰ ਲੈਨਿਨ ਦੇ ਮੁਢਲੇ ਦੌਰ ਦੇ ਸਾਥੀ ਅਤੇ ਰੂਸ ਦੇ ਮਾਰਕਸਿਸਟਾਂ ਦੇ ਮੈਨਸ਼ਵਿਕ ਧੜੇ ਦੇ ਆਗੂ ਜੂਲੀਅਸ ਮਾਰਤੋਵ ਦੀ ਯਾਦ ਆ ਰਹੀ ਹੈ। ਮੈਂ ਲੈਨਿਨ ਅਤੇ ਲਿਓਨ ਤ੍ਰਾਤਸਕੀ ਦੀ ਸ਼ਖਸੀਅਤ ਤੋਂ ਸਦਾ ਹੀ ਪ੍ਰਭਾਵਿਤ ਰਿਹਾ ਹਾਂ। ਸਾਡਾ ਵਿਸ਼ਵਾਸ ਹੈ ਕਿ ਉਨ੍ਹਾਂ ਦੁਨੀਆਂ ਅੰਦਰ ਨਿਮਾਣਿਆਂ ਤੇ ਨਿਆਸਰਿਆਂ ਦੀ ਸਰਦਾਰੀ ਸਥਾਪਿਤ ਕਰਨ ਲਈ ਅਕੀਦਤ, ਦ੍ਰਿੜਤਾ ਅਤੇ ਰੋਹ ਨਾਲ ਖੰਡਾ ਖਿਚਿਆ। ਬਦੀ ਵਿਰੋਧੀ ਲੜਾਈ ਲਈ ਲੰਮਾ ਜਬਰ ਦਰਕਾਰ ਹੈ, ਪਰ ਇਉਂ ਕਰ ਕੇ ਬਦੀ ਦਾ ਨਾਸ਼ ਕਿਥੇ ਹੁੰਦਾ ਹੈ। ਇਸੇ ਕਰ ਕੇ ਮੈਨੂੰ ਸਦਾ ਹੀ ਰੂਸ ਦੇ ਦਰਵੇਸ਼ ਕਾਮਰੇਡ ਮਾਰਤੋਵ ਦੀ ਪੁਜੀਸ਼ਨ ਠੀਕ ਲੱਗਦੀ ਹੈ। ਇਜ਼ਰਾਇਲ ਗ਼ੈਜ਼ਲਰ ਨੇ 1967 ਵਿਚ ਇਸ ਕਮਿਊਨਿਸਟ 'ਸੰਤ' ਦੀ ਜੀਵਨੀ ਛਪਵਾਈ। ਅਲੈਗਜੈਂਡਰ ਸ਼ਾਟਮੈਨ 20ਵੀਂ ਸਦੀ ਦੇ ਮੁਢਲੇ 2-4 ਵਰਿਆਂ ਦੌਰਾਨ ਪਾਰਟੀ ਦੀ ਰੂਪ ਰੇਖਾ ਬਾਰੇ ਲੈਨਿਨ ਅਤੇ ਮਾਰਤੋਵ ਵਿਚਾਲੇ ਹੋਈਆਂ ਇਤਿਹਾਸਕ ਅਹਿਮੀਅਤ ਵਾਲੀਆਂ ਬਹਿਸਾਂ ਦਾ ਗਵਾਹ ਸੀ। ਉਹ ਦੱਸਦਾ ਹੈ ਕਿ ਮਾਰਤੋਵ ਮਰੀਅਲ ਜਿਹਾ ਬਹੁਤ ਸਾਦੀ ਜਿਹੀ ਦਿੱਖ ਵਾਲਾ ਇਨਸਾਨ ਸੀ। ਕੱਪੜੇ ਉਹਨੇ ਇੰਜ ਪਹਿਨੇ ਹੁੰਦੇ ਸਨ ਜਿਵੇਂ ਕਿਸੇ ਨੇ ਹੈਂਗਰ 'ਤੇ ਲਟਕਾਏ ਹੋਣ। ਐਨਕਾਂ ਉਸ ਦੀਆਂ ਹਮੇਸ਼ਾ ਹੀ ਡਿੱਗੀਆਂ ਰਹਿੰਦੀਆਂ ਸਨ। ਉਸ ਦੀ ਸ਼ਖਸੀਅਤ ਦੀ ਛਵੀ ਕਿਸੇ ਮਜਾਹੀਆ ਕਾਰਟੂਨ ਹਾਰ ਲੱਗਦੀ ਸੀ ਪਰ ਜਦ ਉਹ ਬੋਲਣ ਲਈ ਉਠਦਾ ਸੀ ਤਾਂ ਉਸ ਦੇ ਚਿਹਰੇ ਉਤੇ ਅਜਬ ਤਜੱਸਵੀ ਕਿਸਮ ਦੀ ਕੋਈ ਚਮਕ ਉਭਰ ਆਉਂਦੀ ਸੀ। ਉਨ੍ਹਾਂ ਦਿਨਾਂ ਦੇ ਇਕ ਹੋਰ ਮਹੱਤਵਪੂਰਨ ਇਤਿਹਾਸਕਾਰ ਨਿਕੋਲਾਈ ਸੁਖਾਨੋਵ ਨੇ ਵੀ ਮਾਰਤੋਵ ਦੀ ਸ਼ਖਸੀਅਤ ਬਾਰੇ ਇਸੇ ਕਿਸਮ ਦੀ ਗਵਾਹੀ ਪਾਈ ਹੋਈ ਹੈ। ਤ੍ਰਾਤਸਕੀ ਬਹੁਤ ਵੱਡਾ ਬੁਲਾਰਾ ਸੀ ਪਰ ਸੁਖਾਨੋਵ ਅਨੁਸਾਰ ਮਾਰਤੋਵ ਦੇ ਮੁਕਾਬਲੇ ਕੁਝ ਵੀ ਨਹੀਂ ਸੀ।

ਜੂਲੀਅਸ ਮਾਰਤੋਵ ਦਾ ਬੇਵਕਤ ਦੇਹਾਂਤ 1923 ਦੇ ਅੱਧ ਤੋਂ ਪਹਿਲਾਂ ਹੀ ਹੋ ਗਿਆ ਸੀ। 1917 ਦੇ ਅਕਤੂਬਰ ਇਨਕਲਾਬ ਤੋਂ ਬਾਅਦ ਰਹਿੰਦੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਉਹ ਸੋਵੀਅਤ ਰੂਸ ਵਿਚ ਹੀ ਰਿਹਾ। ਉਂਜ ਉਹ ਲੈਨਿਨ ਅਤੇ ਲਿਓਨ ਤ੍ਰਾਤਸਕੀ ਦੀ ਅਗਵਾਈ ਹੇਠ ਪੇਸ਼ਕਦਮੀ ਕਰ ਰਹੇ ਬਾਲਸ਼ਵਿਕ ਇਨਕਲਾਬੀਆਂ ਨੂੰ ਨਿਰੰਤਰ ਵਧੀਕੀਆਂ ਅਤੇ ਮਾਅਰਕੇਬਾਜ਼ੀਆਂ ਤੋਂ ਵਰਜਣ ਦੀ ਨਿਰੰਤਰ ਕੋਸ਼ਿਸ਼ ਕਰਦਾ ਰਿਹਾ। ਹਾਲਾਤ ਬੜੇ ਨਾਜ਼ੁਕ ਸਨ। ਕਾਮਰੇਡ ਮਾਰਤੋਵ ਦੀ ਕੋਈ ਵੀ ਚਿਤਾਵਨੀ ਸੁਣੀ ਨਾ ਗਈ; ਹਾਲਾਂਕਿ ਉਹ ਹਰ ਨੁਕਤੇ 'ਤੇ ਵਧੇਰੇ ਸਹੀ ਸੀ। ਅਜਿਹੇ ਇਨਕਲਾਬੀ ਸੰਤ ਨੂੰ ਨਜ਼ਰਅੰਦਾਜ਼ ਕਰ ਕੇ ਰੂਸੀਆਂ ਨੇ ਜੋ ਸਜ਼ਾ ਭੁਗਤੀ, ਉਸ ਦਾ ਅੱਜ ਕਿਸ ਨੂੰ ਨਹੀਂ ਪਤਾ!

ਬਾਲਸ਼ਵਿਕ ਧੜੇ ਦੇ ਮੁਜਾਹਿਦ ਤਾਂ ਇਕੋ ਗੱਲ ਹੀ ਕਰੀ ਗਏ ਕਿ ਮਾਰਤੋਵ ਉਨ੍ਹਾਂ ਦਾ ਵਿਰੋਧ ਕਰ ਰਿਹਾ ਸੀ; ਅਜਿਹਾ ਕਰਦਿਆਂ 'ਪੱਛਮੀ ਸਾਮਰਾਜੀਆਂ' ਦੇ ਢਹੇ ਚੜ੍ਹਿਆ ਹੋਇਆ ਸੀ, ਜੋ ਠੀਕ ਨਹੀਂ ਸੀ। ਮਾਰਤੋਵ ਤੋਂ ਪਿਛੋਂ ਇਸੇ ਤਰ੍ਹਾਂ ਦਾ ਕੁਤਰਕ ਖੜ੍ਹਾ ਕਰ ਕੇ 'ਕਾਮਰੇਡ' ਸਤਾਲਿਨ ਨੇ ਲਿਓਨ ਤ੍ਰਾਤਸਕੀ, ਬੁਖਾਰਿਨ, ਪਿਆਤਾਕੋਵ, ਕਰੈਸਟਿੰਸਕੀ, ਰਾਕੋਵਸਕੀ, ਰਿਕੋਵ ਅਤੇ ਲੱਖਾਂ ਹੀ ਹੋਰ ਲੋਕਾਂ ਨੂੰ ਨਿਹੱਕ ਕਥਿਤ ਖੁੱਲ੍ਹੇ ਮਕੱਦਮਿਆਂ ਰਾਹੀਂ ਗੋਲੀਆਂ ਨਾਲ ਉਡਵਾ ਦਿੱਤਾ ਸੀ। ਸਤਾਲਿਨੀ ਧਿਰ ਦਾ ਤਰਕ ਸਿੱਧਾ ਸੀ ਕਿ ਜੇ ਤੁਸੀਂ ਇਕ ਸ਼ਬਦ ਤੱਕ ਵੀ ਉਨ੍ਹਾਂ ਦੀਆਂ ਵਧੀਕੀਆਂ ਦੇ ਵਿਰੁਧ ਬੋਲਦੇ ਹੋ, ਤਾਂ ਤੁਸੀਂ ਇਕਲਾਬੀਆਂ ਦੇ ਦੁਸ਼ਮਣ ਹੋ, ਤੇ ਨਾਜ਼ੀਆਂ ਦੇ ਨਾਲ ਹੋ; ਜਦੋਂ ਕਿ ਖੁਦ ਉਨ੍ਹਾਂ ਨੇ ਨਾਜ਼ੀ ਹਿਟਲਰ ਨਾਲ ਬਦਨਾਮ ਸੰਧੀ ਕੀਤੀ ਤਾਂ ਕਿਸੇ ਨੂੰ ਪੁੱਛਿਆ ਤੱਕ ਨਹੀਂ ਸੀ। ... ਐਨ ਉਸੇ ਤਰ੍ਹਾਂ ਜਿਵੇਂ ਮਾਓ ਜੇ ਤੁੰਗ ਨੇ ਖਰੁਸ਼ਚੇਵ ਨੂੰ ਸੋਧਵਾਦੀ ਆਖ ਕੇ ਕਥਿਤ ਸਭਿਆਚਾਰਕ ਇਨਕਲਾਬ ਦੇ ਨਾਂ ਹੇਠ ਪੂਰੇ 10 ਵਰ੍ਹੇ ਨਾ ਕੇਵਲ ਚੀਨ ਅੰਦਰ, ਬਲਕਿ ਪੂਰੀ ਦੁਨੀਆਂ ਅੰਦਰ ਹੇਠਲੀ ਉਪਰ ਲਿਆਈ ਰੱਖੀ ਸੀ ਅਤੇ ਚਾਰਲਸ ਬੈਟਲੀਹੀਮ ਤੇ ਉਸ ਵਰਗੇ ਹੋਰ ਅਨੇਕਾਂ ਦਿਗੰਬਰ ਚਿੰਤਕਾਂ ਵੱਲੋਂ ਮਾਓ ਦੇ ਹੱਕ ਵਿਚ ਲਿਖੇ ਕਸੀਦਿਆਂ ਦੇ ਕਾਗ਼ਜ਼ਾਂ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ 'ਬਾਬਿਆਂ' ਨੇ ਰਿਚਰਡ ਨਿਕਸਨ ਅਤੇ ਉਸ ਦੇ ਵਜ਼ੀਰ ਹੈਨਰੀ ਕਿਸਿੰਗਰ ਨਾਲ ਸਿਰੇ ਦਾ ਬੇਅਸੂਲਾ ਯਰਾਨਾ ਲਗਾ ਚਾਣਚੱਕ

*(ਅਗਲੇ ਸਫੇ 'ਤੇ ਜਾਰੀ)*

ਹੀ ਕੱਛ ਵਿਚੋਂ ਮੂੰਗਲੀ ਕੱਢ ਮਾਰੀ ਸੀ।

...ਤੇ ਮਹਾਨ ਸਭਿਆਚਾਰਕ ਇਨਕਲਾਬ ਦੇ ਦੌਰ ਵਿਚ ਮਾਓ ਨੇ ਕਥਿਤ ਰੈਡ ਗਾਰਡਾਂ ਦੇ ਰੂਪ ਵਿਚ ਕੱਚੀ ਉਮਰ ਦੇ ਮੁੰਡੇ-ਕੁੜੀਆਂ ਨੂੰ ਸ਼ਿਸ਼ਕੇਰ ਕੇ ਰਾਸ਼ਟਰਪਤੀ ਲਿਓ ਸ਼ਾਓ ਚੀ ਨੂੰ ਜਿਵੇਂ ਜ਼ਲੀਲ ਕਰ ਕੇ ਮਰਵਾਇਆ ਅਤੇ ਬਾਅਦ ਵਿਚ ਤੈਂਗ ਸਿਆਓ ਪਿੰਗ ਵਰਗੀ ਸ਼ਖਸੀਅਤ ਨੂੰ ਜਿਵੇਂ ਕੁੱਟਿਆ-ਮਾਰਿਆ ਤੇ ਟੱਬਰ ਸਮੇਤ ਬੇਇੱਜ਼ਤ ਕੀਤਾ ਗਿਆ, ਉਹ ਕਹਾਣੀ 20ਵੀਂ ਸਦੀ ਅੰਦਰ ਕਮਿਊਨਿਸਟ 'ਪ੍ਰੋਜੈਕਟ ਦੇ ਮੁਕਟ' ਉਤੇ ਵੱਡੇ ਕਾਲੇ ਦਾਗ ਵਾਂਗੂ ਸਦਾ ਚਟਖਦੀ ਰਹੇਗੀ।

ਅਸੀਂ ਆਪਣੇ ਪਿਛਲੇ ਲੇਖ ਵਿਚ ਪ੍ਰਭਸ਼ਰਨਦੀਪ ਸਿੰਘ ਨੂੰ ਪੱਛਮ ਦੀ ਗਿਆਨਵਾਦੀ ਲਹਿਰ ਨੂੰ ਖਾਹ-ਮਖਾਹ ਰਗੜਾ ਫੇਰਨ ਤੋਂ ਰੁਕਣ ਲਈ ਅਤੇ ਐਵੇਂ ਹਰ ਬੁਰਾਈ ਲਈ ਪੱਛਮ ਦੇ ਸਿਰ ਭਾਂਡਾ ਭੰਨੀ ਜਾਣ ਤੋਂ ਸੰਕੋਚ ਕਰਨ ਲਈ ਸਲਾਹ ਦਿੱਤੀ ਸੀ। ਇਸ ਪ੍ਰਸੰਗ ਵਿਚ ਜ਼ਿਆਉਦੀਨ ਸਰਦਾਰ ਦੀ ਚਰਚਾ ਕਰਨੀ ਬਣਦੀ ਹੈ। ਆਕਸਫੋਰਡ ਯੂਨੀਵਰਸਿਟੀ ਵੱਲੋਂ 2011 ਵਿਚ 'ਰੀਡਿੰਗ ਦਿ ਕੁਰਾਨ: ਇਸਲਾਮ ਦੇ ਪਵਿੱਤਰ ਪਾਠ ਦੀ ਅਜੋਕੀ ਸਾਰਥਿਕਤਾ' ਹੇਠ ਛਪੀ ਉਸ ਦੀ ਅਹਿਮ ਕਿਤਾਬ ਵਿਚਲਾ 'ਮੇਰੇ ਲਈ ਕੁਰਾਨ', 'ਅੱਲ੍ਹਾ ਦੇ ਗੁਣ', 'ਸਿੱਧਾ ਰਸਤਾ', 'ਜੰਗ ਤੇ ਅਮਨ', 'ਵਿਆਹ ਤੇ ਤਲਾਕ', 'ਅੱਲ੍ਹਾ ਨਾਲ ਸੰਵਾਦ', 'ਪ੍ਰਾਰਥਨਾ', 'ਪੈਗ਼ੰਬਰ ਤੇ ਇਲਹਾਮ', 'ਕਾਲ ਤੇ ਇਤਿਹਾਸ', 'ਮਾਨਵਤਾ ਤੇ ਵੰਨ ਸੰਵਨਿਤ', 'ਤਰਕ ਤੇ ਗਿਆਨ', 'ਵਿਅਕਤੀ ਤੇ ਭਾਈਚਾਰਾ', 'ਜੁਰਮ ਤੇ ਸਜ਼ਾ', 'ਫ਼ਰਜ਼ ਤੇ ਹੱਕ'; ਹਰ ਚੈਪਟਰ ਨਵੀਂ ਰੋਸ਼ਨੀ ਬਖ਼ਸ਼ਦਾ ਹੈ, ਪਰ 285 ਤੋਂ 292 ਪੰਨਿਆਂ ਉਤੇ 'ਸ਼ਰੀਅਤ' ਵਾਲਾ ਚੈਪਟਰ ਪੜ੍ਹਨ ਵਾਲਾ ਹੈ। ਸਰਦਾਰ ਸਪਸ਼ਟ ਦੱਸਦਾ ਹੈ ਕਿ ਕਿਵੇਂ ਸ਼ਰੀਅਤ ਦੀ ਪਰਿਭਾਸ਼ਾ ਪਹਿਲੇ ਦਿਨ ਤੋਂ ਹੀ ਤਾਕਤ ਦੀ ਰਾਜਨੀਤੀ ਨਾਲ ਜੁੜੀ ਰਹੀ ਹੈ। ਇਹ ਇਨਸਾਨੀ ਘਾੜਤ ਹੈ ਅਤੇ ਇਸ ਦੀ ਮੂਲੋਂ ਹੀ ਕੋਈ ਇਲਾਹੀ ਵੈਧਤਾ ਨਹੀਂ ਹੈ। ਸਰਦਾਰ ਦਾ ਇਹ ਚੈਪਟਰ ਪੜ੍ਹਦਿਆਂ ਬੜੀ ਹੀ ਸ਼ਿੱਦਤ ਨਾਲ ਮਨ 'ਚ ਆਉਂਦਾ ਰਿਹਾ ਹੈ ਕਿ ਕਾਸ਼! ਸਾਡੇ 'ਸ਼ਹਿਰ' ਅੰਦਰ ਵੀ ਅਜਿਹੀ ਰੂਹਾਨੀ ਸਪਸ਼ਟਤਾ ਵਾਲਾ ਕੋਈ ਚਿੰਤਕ ਹੁੰਦਾ!

ਜ਼ਿਆਉਦੀਨ ਸਰਦਾਰ ਦੀ ਕਿਤਾਬ 'ਇਸਲਾਮ ਪੋਸਟ ਮਾਡਰਨਿਜ਼ਮ ਐਂਡ ਅਦਰ ਫਿਊਚਰਜ਼' (2003) ਦੇ ਪਹਿਲੇ ਹਿੱਸੇ ਵਿਚ 'ਇਸਲਾਮ ਨੂੰ ਨਵੇਂ ਸਿਰਿਓਂ ਵਿਚਾਰਦਿਆਂ', 'ਇਸਲਾਮੀ ਸਭਿਅਤਾ ਨੂੰ ਮੁੜ ਵਿਉਂਤਦਿਆਂ' ਅਤੇ 'ਇਸਲਾਮ ਤੇ ਕੌਮਵਾਦ' ਆਦਿ ਵਧੀਆ ਲੇਖ ਹਨ ਪਰ 'ਪੋਸਟ ਮਾਡਰਨਿਜ਼ਮ' ਸਿਰਲੇਖ ਹੇਠ ਪੁਸਤਕ ਦੇ ਦੂਜੇ ਹਿੱਸੇ ਵਿਚ 'ਪੱਛਮ ਪੱਛਮ' ਜਾਂ ਕਹੋ ਕਿ 'ਬਘਿਆੜ ਉਏ! ਹਾਏ ਮਾਰ ਦਿੱਤੇ ਉਏ!!' ਵਾਲਾ ਉਹੀ ਪੁਰਾਣਾ ਚੀਕ-ਚਿਹਾੜਾ ਸ਼ੁਰੂ ਹੋ ਜਾਂਦਾ ਹੈ। ਸਰਦਾਰ ਪੁਸਤਕ ਦੇ 190 ਤੋਂ 200 ਪੰਨਿਆਂ 'ਤੇ ਪੋਸਟ ਮਾਡਰਨਿਜ਼ਮ ਚਿੰਤਨ ਧਾਰਾ ਦੇ ਨੁਮਾਇੰਦਿਆਂ ਵਜੋਂ ਅਮਬਰਟੋ ਈਕੋ ਦੇ ਨਾਵਲਾਂ ਨਾਲ ਅਤੇ ਉਸ ਤੋਂ ਵੀ ਸਖ਼ਤ ਸ਼ਬਦਾਂ ਵਿਚ ਰਿਚਰਡ ਰੋਰਟੀ ਨਾਲ ਸੰਵਾਦ ਰਚਾਉਂਦਾ ਹੈ। ਮੈਂ ਜਦ ਇਹ ਪੰਨੇ ਪੜ੍ਹ ਰਿਹਾ ਸਾਂ, ਤਾਂ ਮੈਨੂੰ ਦਰਦ ਹੋ ਰਿਹਾ ਸੀ ਕਿ ਭਲਾ ਸਰਦਾਰ, ਰਿਚਰਡ ਰੋਰਟੀ ਦੇ ਚਿੰਤਨ ਨੂੰ ਉਸੇ ਮੁਹੱਬਤ ਜਾਂ ਸੰਵੇਦਨਾ ਨਾਲ ਕਿਉਂ ਨਹੀਂ ਪੜ੍ਹਦਾ ਤੇ ਪ੍ਰਸੰਗ-ਯੁਕਤ ਕਰਦਾ, ਜਿਸ ਮੁਹੱਬਤ ਅਤੇ ਸਤਿਕਾਰ ਨਾਲ ਉਹ ਕੁਰਾਨ ਨੂੰ ਪੜ੍ਹਨ ਅਤੇ ਉਸ ਦੇ ਪ੍ਰਸੰਗ ਨੂੰ ਸਮਝਣ ਦੀ ਵਕਾਲਤ ਕਰਦਾ ਹੈ। ਨਵ-ਮਾਰਕਸਵਾਦੀ ਚਿੰਤਕ ਅਡੋਰਨੋ ਧੰਨ ਸੀ ਜਿਸ ਨੇ ਕਾਵਿ-ਸ਼ਾਸਤਰ ਬਾਰੇ ਆਪਣੀ ਸਭ ਤੋਂ ਅਹਿਮ ਕਿਤਾਬ 'ਗੋਦੋ ਦੀ ਉਡੀਕ ਵਿਚ' ਖੜ੍ਹੇ ਸੇਮੂਅਲ ਬੈਕਟ ਨੂੰ ਸਮਰਪਿਤ ਕਰ ਦਿੱਤੀ ਸੀ।

ਜ਼ਿਆਉਦੀਨ ਸਰਦਾਰ ਦੀ ਗੱਲ ਕਰਦਿਆਂ ਮੇਰੀ ਸਿਮਰਤੀ ਵਿਚ ਮੇਰੇ ਮਿੱਤਰ ਅਮਰਜੀਤ ਸਿੰਘ ਗਰੇਵਾਲ ਦੀਆਂ ਯਾਦਾਂ ਉਭਰ ਆਈਆਂ ਹਨ। ਉਸ ਨੇ 15-20 ਵਰ੍ਹੇ ਪਹਿਲਾਂ '21ਵੀਂ ਸਦੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਪ੍ਰਸੰਗਿਕਤਾ' ਸਿਰਲੇਖ ਹੇਠ ਇਤਿਹਾਸਕ ਅਹਿਮੀਅਤ ਵਾਲਾ ਲੰਮਾ ਲੇਖ ਲਿਖਿਆ ਸੀ। ਗਰੇਵਾਲ ਸਹਿਜੇ ਹੀ ਪਵਿੱਤਰ ਬਾਣੀ ਦੇ ਪ੍ਰਸੰਗ ਵਿਚ ਉਸੇ ਤਰ੍ਹਾਂ ਦਾ ਤਾਜ਼ਗੀ ਭਰਿਆ ਕੰਮ ਕਰਨ ਦੇ ਸਮਰੱਥ ਸੀ ਜਿਸ ਦੀ ਮਹਿਕ ਸਾਨੂੰ ਜ਼ਿਆਉਦੀਨ ਸਰਦਾਰ ਦੇ ਕੰਮ ਵਿਚੋਂ ਆਈ ਹੈ। ਬਾਅਦ ਵਿਚ ਉਸ ਨੇ 'ਅਰਥਾਂ ਦੀ ਰਾਜਨੀਤੀ' ਨਾਂ ਦੀ ਕਿਤਾਬ ਲਿਖੀ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਇਸ ਕਿਤਾਬ ਦੀ ਬਾਕਾਇਦਾ ਲਿਖਤੀ ਰੂਪ ਵਿਚ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਸੀ। ਅਮਰਜੀਤ ਦਾ ਕੰਮ ਵਿਚਾਲੇ ਜਬਰੀ ਛੁਡਵਾ ਦਿੱਤਾ ਗਿਆ, ਜਾਂ ਉਹ ਖੁਦ ਹੀ ਜ਼ਿਆਉਦੀਨ ਸਰਦਾਰ ਦੇ ਹਾਰ

ਅਸੀਂ ਆਪਣੇ ਪਿਛਲੇ ਲੇਖ ਵਿਚ ਪ੍ਰਭਸ਼ਰਨਦੀਪ ਸਿੰਘ ਨੂੰ ਪੱਛਮ ਦੀ ਗਿਆਨਵਾਦੀ ਲਹਿਰ ਨੂੰ ਖਾਹ-ਮਖਾਹ ਰਗੜਾ ਫੇਰਨ ਤੋਂ ਰੁਕਣ ਲਈ ਅਤੇ ਐਵੇਂ ਹਰ ਬੁਰਾਈ ਲਈ ਪੱਛਮ ਦੇ ਸਿਰ ਭਾਂਡਾ ਭੰਨੀ ਜਾਣ ਤੋਂ ਸੰਕੋਚ ਕਰਨ ਲਈ ਸਲਾਹ ਦਿੱਤੀ ਸੀ। ਇਸ ਪ੍ਰਸੰਗ ਵਿਚ ਜ਼ਿਆਉਦੀਨ ਸਰਦਾਰ ਦੀ ਚਰਚਾ ਕਰਨੀ ਬਣਦੀ ਹੈ। ਆਕਸਫੋਰਡ ਯੂਨੀਵਰਸਿਟੀ ਵੱਲੋਂ 2011 ਵਿਚ 'ਰੀਡਿੰਗ ਦਿ ਕੁਰਾਨ: ਇਸਲਾਮ ਦੇ ਪਵਿੱਤਰ ਪਾਠ ਦੀ ਅਜੋਕੀ ਸਾਰਥਿਕਤਾ' ਹੇਠ ਛਪੀ ਉਸ ਦੀ ਅਹਿਮ ਕਿਤਾਬ ਵਿਚਲਾ 'ਮੇਰੇ ਲਈ ਕੁਰਾਨ', 'ਅੱਲ੍ਹਾ ਦੇ ਗੁਣ', 'ਸਿੱਧਾ ਰਸਤਾ', 'ਜੰਗ ਤੇ ਅਮਨ', 'ਵਿਆਹ ਤੇ ਤਲਾਕ', 'ਅੱਲ੍ਹਾ ਨਾਲ ਸੰਵਾਦ', 'ਪ੍ਰਾਰਥਨਾ', 'ਪੈਗ਼ੰਬਰ ਤੇ ਇਲਹਾਮ', 'ਕਾਲ ਤੇ ਇਤਿਹਾਸ', 'ਮਾਨਵਤਾ ਤੇ ਵੰਨ ਸੰਵਨਿਤ', 'ਤਰਕ ਤੇ ਗਿਆਨ', 'ਵਿਅਕਤੀ ਤੇ ਭਾਈਚਾਰਾ', 'ਜੁਰਮ ਤੇ ਸਜ਼ਾ', 'ਫ਼ਰਜ਼ ਤੇ ਹੱਕ'; ਹਰ ਚੈਪਟਰ ਨਵੀਂ ਰੋਸ਼ਨੀ ਬਖ਼ਸ਼ਦਾ ਹੈ, ਪਰ 285 ਤੋਂ 292 ਪੰਨਿਆਂ ਉਤੇ 'ਸ਼ਰੀਅਤ' ਵਾਲਾ ਚੈਪਟਰ ਪੜ੍ਹਨ ਵਾਲਾ ਹੈ। ਸਰਦਾਰ ਸਪਸ਼ਟ ਦੱਸਦਾ ਹੈ ਕਿ ਕਿਵੇਂ ਸ਼ਰੀਅਤ ਦੀ ਪਰਿਭਾਸ਼ਾ ਪਹਿਲੇ ਦਿਨ ਤੋਂ ਹੀ ਤਾਕਤ ਦੀ ਰਾਜਨੀਤੀ ਨਾਲ ਜੁੜੀ ਰਹੀ ਹੈ। ਇਹ ਇਨਸਾਨੀ ਘਾੜਤ ਹੈ ਅਤੇ ਇਸ ਦੀ ਮੂਲੋਂ ਹੀ ਕੋਈ ਇਲਾਹੀ ਵੈਧਤਾ ਨਹੀਂ ਹੈ। ਸਰਦਾਰ ਦਾ ਇਹ ਚੈਪਟਰ ਪੜ੍ਹਦਿਆਂ ਬੜੀ ਹੀ ਸ਼ਿੱਦਤ ਨਾਲ ਮਨ 'ਚ ਆਉਂਦਾ ਰਿਹਾ ਹੈ ਕਿ ਕਾਸ਼! ਸਾਡੇ 'ਸ਼ਹਿਰ' ਅੰਦਰ ਵੀ ਅਜਿਹੀ ਰੂਹਾਨੀ ਸਪਸ਼ਟਤਾ ਵਾਲਾ ਕੋਈ ਚਿੰਤਕ ਹੁੰਦਾ!

ਬਚਪਨ ਤੋਂ ਹੀ ਆਪਣੇ ਧਾਰਮਿਕ ਵਿਰਸੇ ਵਿਚ ਰੂਟਿਡ ਨਹੀਂ ਸੀ, ਤਾਂ ਕਰ ਕੇ ਉਹਨੇ ਖ਼ੁਦ ਛੱਡ ਦਿੱਤਾ; ਪੱਕੀ ਤਰ੍ਹਾਂ ਕਹਿਣਾ ਔਖਾ ਹੈ ਪਰ ਨਿੱਜੀ ਤੌਰ 'ਤੇ ਮੈਨੂੰ ਅਫ਼ਸੋਸ ਜ਼ਰੂਰ ਹੈ। ਹਾਂ! ਪ੍ਰੋ. ਮਹਿਬੂਬ ਦੀ ਉੱਚਤਾ ਅਤੇ ਸੁੱਚਤਾ ਬਾਰੇ ਵੀ ਕੋਈ ਰੌਲਾ ਨਹੀਂ ਹੈ ਪਰ ਉਨ੍ਹਾਂ ਸਿੱਖ ਧਰਮ ਦੀ ਵਿਸ਼ਵ ਦੇ ਬਾਕੀ ਸਭ ਧਰਮਾਂ ਦੇ ਮੁਕਾਬਲੇ ਸ੍ਰੇਸ਼ਠਤਾ ਸਥਾਪਿਤ ਕਰਨ ਦੇ ਰੌਂਅ ਵਿਚ ਆਪਣੇ ਪ੍ਰਵਚਨ ਨੂੰ ਬੇਹੱਦ ਬੋਝਲ ਬਣਾ ਦਿੱਤਾ ਹੈ। ਉਨ੍ਹਾਂ ਦੇ ਕੰਮ ਵਿਚ ਜ਼ਿਆਉਦੀਨ ਸਰਦਾਰ ਵਾਲੀ ਪ੍ਰਸੰਗਿਕਤਾ ਅਤੇ ਸਪਸ਼ਟਤਾ ਨਹੀਂ ਹੈ। ਹੋਰ ਕੋਈ ਸ਼ਖਸ ਹਾਲ ਦੀ ਘੜੀ ਸਾਨੂੰ ਦੀਂਹਦਾ ਨਹੀਂ ਹੈ।

ਹੁਣ ਪ੍ਰਭਸ਼ਰਨਬੀਰ ਦੇ ਲੇਖ ਦੇ ਕੇਂਦਰੀ ਪਹਿਰੇ ਨੂੰ ਵੇਖੋ! "ਸਵਾਲ ਪੈਦਾ ਹੁੰਦਾ ਹੈ ਕਿ ਬੱਲ ਸਾਹਿਬ ਅਮਰੀਕੀ ਸਾਮਰਾਜ ਦੇ ਹੱਕ ਵਿਚ ਖੜ੍ਹਨ ਵਾਲੇ ਲੇਖਕਾਂ ਦੀਆਂ ਕਿਤਾਬਾਂ ਦਾ ਹੀ ਪ੍ਰਚਾਰ ਕਿਉਂ ਕਰਦੇ ਹਨ ਅਤੇ ਉਨ੍ਹਾਂ ਲੇਖਕਾਂ ਦੀ ਗੱਲ ਕਿਉਂ ਨਹੀਂ ਕਰਦੇ ਜਿਹੜੇ ਇਸਲਾਮੀ ਹਾਕਮਾਂ ਦੇ ਨਾਲ ਨਾਲ ਅਮਰੀਕੀ ਧੱਕੇਸ਼ਾਹੀ ਦਾ ਵੀ ਵਿਰੋਧ ਕਰਦੇ ਹਨ? (ਅਖੇ) ਕਿਤੇ ਬੱਲ ਸਾਹਿਬ ਖੁਦ 'ਮੂਲਵਾਸੀ ਮੁਖਬਰ' ਅਤੇ 'ਨਵ-ਬਸਤੀਵਾਦੀ ਏਜੰਟ' ਦੀ ਭੂਮਿਕਾ ਤਾਂ ਨਹੀਂ ਨਿਭਾਅ ਰਹੇ।"



ਜ਼ਿਆਉਦੀਨ ਸਰਦਾਰ

ਅਸਲ ਵਿਚ ਮੈਂ ਹੁਣ ਤੱਕ ਜੋ ਵੀ ਲਿਖਿਆ ਹੈ, ਉਹ ਪ੍ਰਭਸ਼ਰਨਬੀਰ ਦੇ ਇਸ ਖ਼ਦਸ਼ੇ ਦਾ ਜਵਾਬ ਹੀ ਤਾਂ ਹੈ! ਪ੍ਰਭਸ਼ਰਨਬੀਰ ਦੇ ਵੱਡੇ ਭਰਾ ਪ੍ਰਭਸ਼ਰਨਦੀਪ ਸਿੰਘ ਨਾਲ ਦੋ ਚਾਰ ਮਹੀਨੇ ਪਹਿਲਾਂ ਫੋਨ ਉਪਰ ਜੋ ਮੇਰਾ ਸੰਵਾਦ ਸ਼ੁਰੂ ਹੋਇਆ ਸੀ, ਉਸ ਦੇ ਦੋ-ਤਿੰਨ ਮੁੱਦੇ ਸਨ:(1) ਪ੍ਰੋ. ਅਰਵਿੰਦਪਾਲ ਸਿੰਘ ਮੰਡੇਰ ਦੀ ਪੁਸਤਕ ਬਾਰੇ ਗੁਰਦਰਸ਼ਨ ਸਿੰਘ ਢਿੱਲੋਂ ਦਾ ਲੇਖ; (2) ਪੱਛਮੀ ਗਿਆਨਵਾਦ ਦੀ ਲਹਿਰ ਅਤੇ (3) ਰਾਬਰਟ ਫ਼ਿਸਕ ਦਾ 16 ਲੱਖ ਅਰਮੀਨੀਅਨ ਲੋਕਾਂ ਦੀ ਤੁਰਕਾਂ ਹੱਥੋਂ ਨਸਲਘਾਤ ਬਾਰੇ ਬਿਰਤਾਂਤ। ਫ਼ਿਸਕ ਦੀ ਕਿਤਾਬ 'ਗਰੇਟ ਵਾਰ ਫਾਰ ਸਿਵਲਾਈਜੇਸ਼ਨ' 1500 ਤੋਂ ਵੀ ਵੱਧ ਪੰਨਿਆਂ ਦੀ ਹੈ। ਅਮਰੀਕਾ ਦੇ ਦੁਸ਼ਮਣ ਬਿਨ-ਲਾਦਿਨ ਦਾ ਉਹ ਸ਼ਰੇਆਮ ਸਮਰਥਕ ਹੈ ਅਤੇ ਸਾਰੀ ਦੀ ਸਾਰੀ ਕਿਤਾਬ ਅਮਰੀਕਨ ਸਾਮਰਾਜ ਦੀ ਮਨੁੱਖ ਦੁਸ਼ਮਣ ਕਾਰਕਰਦਗੀ ਅਤੇ ਗ਼ਲਤ ਨੀਤੀਆਂ ਦੀ ਬੇਕਿਰਕ ਆਲੋਚਨਾ ਨਾਲ ਭਰੀ ਹੋਈ ਹੈ। ਇਸੇ ਪੁਸਤਕ ਵਿਚ ਆਰਮੀਨੀਅਨ ਇਸਾਈ ਵਸੋਂ ਦੀ ਨਸਲਕੁਸ਼ੀ ਵਾਲਾ ਲੇਖ ਪੜ੍ਹ ਕੇ ਹੀ ਤਾਂ ਦੀਪ ਧੰਨ ਧੰਨ ਕਰ ਉਠਿਆ ਸੀ ਅਤੇ ਨਾਲ ਹੀ ਮੈਨੂੰ ਦੱਸਿਆ ਕਿ ਉਸ ਨੇ ਪ੍ਰਭਸ਼ਰਨਬੀਰ ਸਿੰਘ ਨੂੰ ਵੀ ਇਹ ਭਿਆਨਕ ਤੱਥਾਂ ਵਾਲਾ ਲੇਖ ਭੇਜ ਦਿੱਤਾ ਹੈ।

ਫਿਰ ਮੈਂ ਜ਼ਿਆਉਦੀਨ ਸਰਦਾਰ ਅਤੇ ਅਲਿਸਟੇਅਰ ਹੋਰਨੇ ਦੀ 'Savage War of Peace' ਨਾਂ ਦੀ ਅਹਿਮ ਪੁਸਤਕ ਦੀ ਗੱਲ ਕੀਤੀ ਹੈ। ਪਾਠਕ ਥੋੜ੍ਹੇ ਜਿਹੇ ਅੰਦਾਜ਼ੇ ਨਾਲ ਦੱਸਣ ਕਿ ਸਾਮਰਾਜੀ ਜੰਗੀ ਨੀਤੀਆਂ ਦਾ ਉਸ ਤੋਂ ਵੱਧ ਭਲਾ ਵਿਰੋਧ ਕੀ ਹੋ ਸਕਦਾ ਹੈ ਜਿਸ ਕਿਸਮ ਦਾ ਵਿਰੋਧ ਅਲਜ਼ੀਰੀਅਨ ਮੁਕਤੀ ਦੀ ਜੰਗ ਬਾਰੇ ਇਸ ਪੁਸਤਕ ਵਿਚ ਦਰਜ ਹੈ? ਰਹੀ ਗੱਲ ਫ਼ਰਾਂਜ਼ ਫੈਨਨ ਦੀ 'Wretched of the Earth' ਨਾਂ ਦੀ ਜਗਤ ਪ੍ਰਸਿੱਧ ਪੁਸਤਕ ਦੀ। ਇਸ ਬਾਰੇ ਮੈਂ ਬੇਨਤੀ ਸਿਰਫ ਇਤਨੀ ਹੀ ਕੀਤੀ ਸੀ ਕਿ ਇਨਕਲਾਬੀ ਹਿੰਸਾ ਰਾਹੀਂ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਦੀ ਹਸਤੀ ਦੇ ਜਿਸ ਕਾਇਆ ਕਲਪ ਦਾ ਦਾਅਵਾ ਫਰਾਂਜ਼ ਫੈਨਨ ਕਰਦਾ ਹੈ, ਉਸ ਤਰ੍ਹਾਂ ਦੀ ਕੋਈ ਬਾਤ ਨਹੀਂ ਹੈ। ਫਿਰ ਉਸ ਦੇ ਨਾਲ ਹੀ ਮੈਂ 'Anger of the Dispossessed' ਨਾਂ ਦੀ ਪੁਸਤਕ ਦਾ ਜ਼ਿਕਰ ਕੇਵਲ ਇਹ ਦੱਸਣ ਲਈ ਕੀਤਾ ਕਿ ਪਾਠਕ ਖੁਦ ਹੀ ਵੇਖ ਲੈਣ ਕਿ ਅਲਜ਼ੀਰੀਅਨ ਮੁਕਤੀ ਸੰਗਰਾਮ ਦੀ ਹਿੰਸਾ ਨੇ ਉਥੋਂ ਦੇ ਆਵਾਮ ਦਾ ਕੇਹਾ ਕੁ ਕਾਇਆ ਕਲਪ ਕਰ ਦਿੱਤਾ ਸੀ!

ਵਿਚਲੀ ਗੱਲ ਇਹ ਵੀ ਹੈ ਕਿ ਪ੍ਰਭਸ਼ਰਨਬੀਰ ਦਾ ਅਤੇ ਮੇਰਾ ਜ਼ਿੰਦਗੀ ਬਾਰੇ ਵੱਖੋ ਵੱਖ ਨਜ਼ਰੀਆ ਹੈ। ਮੈਨੂੰ ਖੁਸ਼ੀ ਹੈ ਕਿ ਦੋਵਾਂ ਭਰਾਵਾਂ ਨੂੰ ਮੇਰੇ ਨਾਲੋਂ ਅੰਗਰੇਜ਼ੀ ਅਤੇ ਪੰਜਾਬੀ ਵੀ ਜ਼ਿਆਦਾ ਚੰਗੀ ਤਰ੍ਹਾਂ ਆਉਂਦੀ ਹੈ। ਉਨ੍ਹਾਂ ਦੀ ਵਿਦਵਤਾ ਬਾਰੇ ਵੀ ਕੋਈ ਕਿੰਤੂ ਨਹੀਂ ਹੈ। ਕਿੰਤੂ ਤਾਂ ਉਨ੍ਹਾਂ ਦੇ ਸਿੱਟਿਆਂ ਬਾਰੇ ਹੈ। ਮੈਂ ਉਸ ਦੇ ਲੇਖ ਦੇ ਜਵਾਬ ਵਿਚ ਇਸ ਸਾਰੇ ਝੰਜਟ ਵਿਚ ਕੱਤਈ ਤੌਰ 'ਤੇ ਪੈਣਾ ਨਹੀਂ ਸੀ, ਬਸ਼ਰਤੇ ਕਿ ਉਸ ਨੇ ਸਿਰੇ ਦਾ ਕੱਚ ਮਾਰਦਿਆਂ ਮੈਨੂੰ ਲੋਕ ਕਚਹਿਰੀ ਵਿਚ ਉਤਰ ਕੇ ਇਹ ਦੱਸਣ ਲਈ ਨਾ ਵੰਗਾਰਿਆ ਹੁੰਦਾ ਕਿ ਮੈਂ ਨਵੰਬਰ 1984 ਦਿੱਲੀ ਵਿਚ ਵਾਪਰੀ ਮਨਹੂਸ ਤਰਾਸਦੀ ਨੂੰ ਨਸਲਕੁਸ਼ੀ ਮੰਨਦਾ ਹਾਂ ਕਿ ਨਹੀਂ। ਮੈਂ ਚਾਹਾਂਗਾ ਕਿ ਪਾਠਕ ਹੀ ਮੇਰੀ ਮਦਦ ਕਰਨ ਕਿ ਪ੍ਰਭਸ਼ਰਨਬੀਰ ਨੂੰ ਮੈਂ ਕੀ ਜਵਾਬ ਦੇਵਾਂ?

ਮੈਂ ਆਪਣੇ ਲੇਖ ਵਿਚ ਕਈ ਕਿਤਾਬਾਂ ਦੀ ਚਰਚਾ ਕੀਤੀ ਸੀ। ਨੌਜਵਾਨ ਚਿੰਤਕ ਨੇ ਉਨ੍ਹਾਂ ਵਿਚੋਂ ਦੋ ਕਿਤਾਬਾਂ ਛਾਂਟ ਕੇ ਮੈਨੂੰ ਕਟਹਿਰੇ ਵਿਚ ਖੜ੍ਹਾ ਕਰਨ ਦਾ ਯਤਨ ਕੀਤਾ ਹੈ। ਨਿਰਸੰਦੇਹ, ਦੋਵਾਂ ਲੇਖਕਾਂ ਦੀ ਪੱਛਮੀ ਦੇਸ਼ਾਂ ਦੇ ਨੇਤਾਵਾਂ ਨਾਲ ਕਿਸੇ ਖਾਸ ਪ੍ਰਸੰਗ ਵਿਸ਼ੇਸ਼ ਵਿਚ ਨੇੜਤਾ ਵੀ ਹੋ ਸਕਦੀ ਹੈ ਜਿਨ੍ਹਾਂ ਦੀ ਨਿੱਕੇ ਬੀਰ ਨੇ ਗੱਲ ਕੀਤੀ ਹੈ ਪਰ ਮੈਂ ਮੁੜ ਦੱਸ ਦਿਆਂ ਕਿ ਇਹ ਤਾਂ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਜਗਤ ਪ੍ਰਸਿੱਧ ਨਾਵਲ 'ਡਾਕਟਰ ਜ਼ਿਵਾਗੋ' ਦੇ ਲੇਖਕ ਬੋਰਿਸ ਪਾਸਤਰਨਾਕ ਨੂੰ ਪਹਿਲਾਂ ਖਾਹ-ਮਖਾਹ ਹੀ ਸੋਵੀਅਤ ਸਰਕਾਰ ਨੇ ਨੋਬਲ ਪੁਰਸਕਾਰ ਲੈਣ ਜਾਣ ਤੋਂ ਮਨ੍ਹਾਂ ਕਰ ਦਿੱਤਾ ਅਤੇ ਫਿਰ ਉਸ ਉਤੇ ਪੱਛਮੀ ਸਾਮਰਾਜੀਆਂ ਦਾ ਟਾਊਟ ਹੋਣ ਦਾ ਬੇਸਿਰ-ਪੈਰ ਇਲਜ਼ਾਮ ਲਗਾ ਦਿੱਤਾ। ਪਾਸਤਰਨਾਕ, ਅੰਨਾ ਅਖ਼ਮਾਤੋਵਾ, ਅਜ਼ਰ ਨਫੀਸੀ ਜਾਂ ਮੁਹੰਮਦ ਮੁਹਾਦੇਸਿਨ ਵਰਗੀਆਂ ਰੂਹਾਂ ਕਿਸੇ ਹੋਰ ਹੀ ਮਿੱਟੀ ਦੀਆਂ ਬਣੀਆਂ ਹੁੰਦੀਆਂ ਹਨ। ਅਜਿਹੇ ਲੋਕਾਂ ਨੇ ਕਿਸੇ ਦੇ ਗੁਮਾਸ਼ਤੇ ਜਾਂ ਮੁਖਬਰ ਭਲਾ ਕੀ ਬਣ ਜਾਣਾ ਹੈ! ਪ੍ਰਭਸ਼ਰਨਬੀਰ ਨੇ ਮੈਨੂੰ 'ਮੂਲਵਾਦੀ ਮੁਖਬਰ' 'ਨਵ-ਬਸਤੀਵਾਦੀ ਏਜੰਟ' ਹੋਣ ਦਾ ਤਾਅਨਾ ਦਿੱਤਾ ਹੈ। ਪਾਠਕ ਜਾਣਦੇ ਹੀ ਹਨ ਕਿ (ਨਵ) ਬਸਤੀਵਾਦੀ ਮੁਖਬਰ ਅਤੇ ਏਜੰਟ ਨੂੰ ਸੀ.ਆਈ.ਏ. ਵਾਲੇ ਕਿਵੇਂ ਨਿਵਾਜਦੇ ਹਨ!

ਅਮਰੀਕੀ ਸਾਮਰਾਜੀਆਂ ਦੀਆਂ ਮਾਨਵ ਦੋਖੀ ਨੀਤੀਆਂ ਨਾਲ ਸਾਡੀ ਵੀ ਕੋਈ ਸੰਮਤੀ ਨਹੀਂ ਹੈ ਪਰ ਸਾਮਰਾਜ ਦਾ ਇਸ ਤਰ੍ਹਾਂ ਦਾ ਤਜੱਸਵੀ ਵਿਰੋਧ ਪ੍ਰਭਸ਼ਰਨਬੀਰ ਪ੍ਰਗਟਾ ਰਿਹਾ ਹੈ, ਉਹ ਤਾਂ ਫਰਾਂਜ ਫੈਨਨ ਤੋਂ ਵੀ ਪਾਰ ਹੈ। ਭਾਂਤ ਸੁਭਾਂਤੀਆਂ ਕਿਤਾਬਾਂ ਦੀ ਪ੍ਰਸੰਗ ਵਿਹੂਣੀ ਚਰਚਾ ਦਾ ਸ਼ਿਕਵਾ ਤਾਂ ਸਾਡੇ ਬੀਰ ਭਰਾ ਨੇ ਸਾਡੇ ਉਪਰ ਕਰ ਹੀ ਦੇਣਾ ਹੈ; ਇਸੇ ਲਈ ਮਨ ਵਿਚ ਆ ਰਿਹਾ ਹੈ ਕਿ ਕਿਉਂ ਨਾ ਮਿੱਤਰਾਂ ਤੇ ਪਾਠਕਾਂ ਦੀ ਕਚਹਿਰੀ ਵਿਚ ਮੁਸਲਮਾਨ ਕੁਰਦ ਕੌਮਪ੍ਰਸਤਾਂ ਦੀ ਤਰਾਸਦੀ ਅਤੇ ਇਸ ਨੂੰ ਦਰਸਾਉਂਦੀਆਂ ਘੱਟੋ ਘੱਟ ਇਕ ਦੋ ਕੋਰ ਕਿਤਾਬਾਂ ਦਾ ਜ਼ਿਕਰ ਕਰ ਲਿਆ ਜਾਵੇ। ਕੁਰਦਾਂ ਦਾ ਦੁਖਾਂਤ ਬਹੁਤ ਵੱਡਾ ਹੈ। ਕਾਰਨ ਇਹ ਵੀ ਹੈ ਕਿ ਉਨ੍ਹਾਂ ਦੀ ਵਸੋਂ ਦਾ ਖੇਤਰ ਤੁਰਕੀ, ਇਰਾਨ, ਇਰਾਕ ਅਤੇ ਸੀਰੀਆ ਦੇਸ਼ਾਂ ਵਿਚ ਵੰਡਿਆ ਹੋਇਆ ਹੈ। ਪਹਿਲੀ ਵਿਸ਼ਵ ਜੰਗ ਪਿਛੋਂ ਆਟੋਮਨ ਸਲਤਨਤ ਦੇ ਪਤਨ ਤੋਂ ਬਾਅਦ ਜੇਤੂ ਪੱਛਮੀ ਦੇਸ਼ਾਂ ਨੇ ਆਪੋ ਆਪਣੇ ਪ੍ਰਭਾਵ ਖੇਤਰ ਵਾਲੇ ਇਲਾਕਿਆਂ ਦੀਆਂ ਜਦੋਂ ਵੰਡੀਆਂ ਪਾਈਆਂ ਤਾਂ ਇਤਿਹਾਸ ਦਾ ਅਜੀਬ ਵਿਅੰਗ ਸੀ ਕਿ ਸਭ ਤੋਂ ਵੱਡੀ ਠੱਗੀ ਕੁਰਦ ਕੌਮ ਨਾਲ ਵੱਜ ਗਈ। ਹਾਲਤ ਇਹ ਹੈ ਕਿ ਤੁਰਕੀ ਦੇ ਅਧਿਕਾਰ ਖੇਤਰ ਹੇਠਲੇ ਕੁਰਦ ਖੇਤਰ ਵਿਚ ਵਸੋਂ ਨੂੰ ਥੋੜ੍ਹਾ ਬਹੁਤ ਹੀ ਸਹੀ ਸਵੈ-ਨਿਰਣੇ ਦਾ ਹੱਕ ਤਾਂ ਕੀ ਮਿਲਣਾ ਹੈ, ਕੁਰਦਾਂ ਨੂੰ ਆਪਣੇ ਆਪ ਨੂੰ ਕੁਰਦ ਕਹਿਣ ਕਹਾਉਣ ਦਾ ਹੱਕ ਵੀ ਨਹੀਂ ਹੈ। ਉਨ੍ਹਾਂ ਨੂੰ ਹੁਕਮ ਹੈ ਕਿ ਉਹ ਆਪਣੇ ਆਪ ਨੂੰ ਪਹਾੜੀ ਤੁਰਕ ਹੀ ਕਹਿਣ ਕਹਾਉਣ। 1964-70 ਦੇ ਮਾਰੂ ਦੌਰ ਵਿਚ ਤਾਂ ਕੇਂਦਰੀ ਸਰਕਾਰ ਨੇ ਉਨ੍ਹਾਂ ਨੂੰ ਸਬਕ ਸਿਖਾਉਣ ਅਤੇ ਰਾਹ 'ਤੇ ਲਿਆਉਣ ਲਈ ਤਾਂ ਕੁਰਦ ਭਾਸ਼ਾ ਬੋਲਣ ਲਈ ਬਜ਼ਿਦ ਅਨੇਕਾਂ ਕੁਰਦ ਕੌਮਪ੍ਰਸਤਾਂ ਦੀਆਂ ਜੀਭਾਂ ਹੀ ਕੱਟ ਦਿੱਤੀਆਂ ਸਨ। ਕੁਰਦਾਂ ਦਾ ਇਹ ਹਾਲ ਸ਼ਾਹ ਇਰਾਨ ਦੀ ਸਰਕਾਰ ਕਰਦੀ ਰਹੀ ਸੀ ਅਤੇ ਇਰਾਕ ਦੇ ਤਾਨਾਸ਼ਾਹ ਸੱਦਾਮ ਹੁਸੈਨ ਨੇ ਜਿਸ ਕਿਸਮ ਦੀਆਂ ਕਰਤੂਤਾਂ ਕੀਤੀਆਂ, ਉਨ੍ਹਾਂ ਦਾ ਸਾਰਿਆਂ ਨੂੰ ਪਤਾ ਹੀ ਹੈ। 5-6 ਵਰ੍ਹੇ ਪਹਿਲਾ ਮੈਂ ਕੁਰਦਾਂ ਦੀ ਭਿਆਨਕ ਤਰਾਸਦੀ ਬਾਰੇ Christiane Bird ਦੀ 'A Thousand Sighs: A Thousand Revolts- Journeys in Kurdistan' ਕਿਤਾਬ ਪੜ੍ਹੀ ਸੀ। ਸਾਡੇ ਮਨਾਂ ਅੰਦਰ ਕੁਰਦਾਂ ਦੀ ਤਰਾਸਦੀ ਜਾਂ ਉਨ੍ਹਾਂ ਦੀ ਮੁਕਤੀ ਦੇ ਸੰਗਰਾਮ ਬਾਰੇ ਜਾਣਨ ਦੀ ਸਦਾ ਹੀ ਦਿਲਚਸਪੀ ਰਹੀ ਹੈ। Quil Lawrence ਦੀ 'Invisible Nation' ਕਿਤਾਬ ਦੇ ਅਨੇਕਾਂ ਆਯਾਮ ਹਨ ਪਰ ਕੇਂਦਰੀ ਆਯਾਮ ਜੋ ਮੇਰੀ ਪਕੜ ਵਿਚ ਆਇਆ, ਉਹ ਇਹ ਹੈ ਕਿ 2003-04 ਦੀ ਜੰਗ ਦੌਰਾਨ ਕੁਰਦ ਮੁਕਤੀ ਸੰਗਰਾਮੀਆਂ ਦੇ ਦੋਵੇਂ ਧੜੇ ਸੱਦਾਮ ਹੁਸੈਨ ਵਿਰੁਧ ਅਮਰੀਕੀ ਫੌਜੀਆਂ ਨਾਲ ਮੋਢੇ ਨਾਲ ਮੋਢਾ ਲਾ ਕੇ ਭਲਾ ਕਿਉਂ ਜੂਝੇ ਸਨ? ਕੀ ਸ਼ਰਨ ਭਰਾਵਾਂ ਨੂੰ ਬਦਕਾਰ ਸਾਮਰਾਜੀ ਖ਼ਾਸੇ ਬਾਰੇ ਪੁਰਾਣੇ ਟਕਸਾਲੀ ਕਾਮਰੇਡਾਂ ਤੋਂ ਵੀ ਵੱਧ ਪਤਾ ਹੈ?

ਸ਼ਰਨ ਭਰਾਵਾਂ ਨੂੰ ਮੇਰੀ ਨਿਮਨ ਗੁਜ਼ਾਰਿਸ਼ ਹੈ ਕਿ ਭਾਂਤ ਸੁਭਾਂਤੀਆਂ ਕਿਤਾਬਾਂ ਦੀ ਪ੍ਰਸੰਗ ਵਿਹੂਣੀ ਚਰਚਾ ਦਾ ਇਤਰਾਜ਼ ਉਹ ਮੇਰੇ 'ਤੇ ਉਠਾਈ ਜਾਣ, ਪਰ ਗੰਭੀਰ ਦਰਸ਼ਨ ਦਾ ਕੰਮ ਛੱਡ ਕੇ ਕੁਰਦਾਂ ਦੇ ਮਹਾਂ ਦੁਖਾਂਤ ਬਾਰੇ ਇਹ ਦੋ ਸਾਧਾਰਨ ਇਤਿਹਾਸਕ ਪੁਸਤਕਾਂ ਜ਼ਰੂਰ ਪੜ੍ਹ ਛੱਡਣ।

ਸਵਾਲ ਹੈ ਕਿ ਮੁਸਲਮਾਨ ਕੁਰਦ ਕੌਮਪ੍ਰਸਤਾਂ ਵੱਲੋਂ ਸਵੈ-ਨਿਰਣੇ ਦੇ ਆਪਣੇ ਹੱਕ ਪਿਛਲੇ ਲਗਭਗ 100 ਵਰ੍ਹਿਆਂ ਤੋਂ ਲੜੀ ਜਾ ਰਹੀ ਲਹੂ ਵੀਟਵੀਂ ਭਿਆਨਕ ਜੰਗ ਅਤੇ ਦਿੱਤੀਆਂ ਜਾ ਰਹੀਆਂ ਅਸੀਮ ਕੁਰਬਾਨੀਆਂ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਦੀ ਪ੍ਰਮਾਣਿਕਤਾ 'ਤੇ ਕੋਈ ਸੰਦੇਹ ਕਰ ਸਕਦਾ ਹੈ, ਪਰ ਉਹ ਸੱਦਾਮ ਹੁਸੈਨ ਦੀ ਵਹਿਸ਼ੀ ਬੁਰਛਾਗਰਦੀ ਵਿਰੁਧ ਪੱਛਮੀ ਧਿਰਾਂ ਦੀਆਂ ਫੌਜਾਂ ਨਾਲ ਡਟ ਕੇ ਲੜਦੇ ਰਹੇ ਹਨ। ਭਲਾ ਕਿਉਂ? ਇਹ ਵੀ ਦੱਸਿਆ ਜਾ ਸਕਦਾ ਹੈ ਪਰ ਮਜਬੂਰੀ ਹੈ ਕਿ ਲੇਖ ਬਹੁਤ ਲੰਮਾ ਨਾ ਖਿੱਚਿਆ ਜਾਵੇ। ਇਰਾਨ ਦੇ ਖ਼ਲਕ ਮੁਜਾਹਿਦੀਨ ਜਿਨ੍ਹਾਂ ਨੂੰ ਸਾਡਾ ਨਿੱਕਾ ਬੀਰ ਮੁਜਾਹਿਦੀਨ-ਏ-ਖ਼ਲਕ ਲਿਖਦਾ ਹੈ, ਅਸੀਂ ਉਨ੍ਹਾਂ ਦੇ ਨਾਲ ਹਾਂ।

1978-79 ਦੇ ਸਾਲਾਂ ਦੌਰਾਨ ਸ਼ਾਹ ਨੂੰ ਗੱਦੀਓਂ ਲਾਹ ਕੇ ਆਇਤਉਲਾ ਖੋਮੀਨੀ ਦੇ ਜਨੂੰਨੀ ਸਮਰਥਕਾਂ ਨੇ ਬੁਰਛਾਗਰਦੀ ਦੀ ਜਦੋਂ ਇੰਤਹਾ ਕਰ ਦਿੱਤੀ ਤਾਂ ਇਰਾਨ ਵਿਚ ਜਮਹੂਰੀਅਤ ਬਹਾਲ ਕਰਵਾਉਣ ਲਈ ਖ਼ਲਕ ਮੁਜਾਹਿਦੀਨ ਵਲੰਟੀਅਰਾਂ ਨੇ 'ਇਸਲਾਮੀ ਇਨਕਲਾਬੀ' ਸਰਕਾਰ ਵਿਰੁਧ ਗੁਰੀਲਾ ਜੰਗ ਅਰੰਭ ਦਿਤੀ ਤਾਂ ਮੈਨੂੰ ਯਾਦ ਹੈ ਕਿ ਸਾਨੂੰ ਹਰ ਦਿਨ ਹੀ ਸਵੇਰੇ ਉਨ੍ਹਾਂ ਦੀ ਕਿਸੇ ਸਫ਼ਲਤਾ ਬਾਰੇ ਪੜ੍ਹਨ ਲਈ ਅਖ਼ਬਾਰ ਦੀ ਉਡੀਕ ਕਿੰਜ ਰਹਿੰਦੀ ਸੀ! ਖੋਮੀਨੀ ਸਮਰਥਕਾਂ ਵੱਲੋਂ ਜ਼ਰਾ ਜਿਤਨਾ ਵੀ ਮਤਭੇਦ ਰੱਖਣ ਵਾਲੇ ਅਨਸਰਾਂ ਨੂੰ ਬਿਨਾਂ ਕਿਸੇ ਦਲੀਲ ਦੇ ਹਲਕੇ ਕੁੱਤਿਆਂ ਹਾਰ ਮਾਰਿਆ ਜਾ ਰਿਹਾ ਸੀ ਅਤੇ ਅਜਿਹੇ ਜ਼ੁਲਮਾਂ ਦੀ ਜਦੋਂ ਹੱਦ ਹੋ ਗਈ ਤਾਂ ਖ਼ਲਕ ਗੁਰੀਲਿਆਂ ਨੇ ਜਵਾਬੀ ਕਰਵਾਈ ਕਰਦਿਆਂ ਸਭ ਤੋਂ ਜ਼ਾਲਮ ਇਸਲਾਮੀ ਜੱਜ ਆਇਤੁੱਲਾ ਬਹਿਸ਼ਤੀ ਦੀ, ਹੰਗਾਮੀ ਮੀਟਿੰਗ ਵਿਚ ਬੰਬ ਧਮਾਕੇ ਕਰ ਕੇ ਨਵੀਂ ਨਵੀਂ ਸਰਕਾਰ ਦੇ 70 ਕੌਮੀਸਾਰਾਂ ਦਾ ਸਫਾਇਆ ਕਰ ਦਿੱਤਾ ਸੀ।

ਕਾਲੇ ਸਮਿਆਂ ਵਿਚ ਰਾਜਸੀ ਅਤੇ ਇਖਲਾਕੀ ਚੋਣ ਦੇ ਮਸਲੇ ਬੜੇ ਹੀ ਔਖੇ ਤੇ ਟੇਢੇ ਹੁੰਦੇ ਹਨ। ਮੈਨੂੰ ਮਹਾਨ ਜਰਮਨ ਚਿੰਤਕ Hannah Arndt ਦੀ ਪਿਛਲੇ 40 ਵਰ੍ਹਿਆਂ ਤੋਂ ਸਭ ਤੋਂ ਵੱਧ ਮਨਭਾਉਂਦੀ ਪੁਸਤਕ 'ਮੈਨ ਇਨ ਡਾਰਕ ਟਾਈਮਜ਼' ਦੀ ਯਾਦ ਆ ਗਈ ਹੈ। ਮੈਂ ਚਹਾਂਗਾ ਕਿ ਇਸ ਕਿਤਾਬ ਵਿਚੋਂ ਸ਼ਰਨ ਭਰਾ ਰੋਜ਼ਾ ਲਕਸ਼ਮਬਰਗ, ਵਾਲਟਰ ਬੈਂਜਾਮਿਨ ਅਤੇ ਬਰਤੋਲਤ ਬਰੈਖ਼ਤ ਬਾਰੇ ਹੰਨਾ ਦਾ ਲੇਖ ਜ਼ਰੂਰ ਪੜ੍ਹਨ। ਇਹ ਲਿਖਦਿਆਂ ਮੇਰੇ ਮਨ ਵਿਚ ਸਾਲ 1982 ਤੋਂ 1994 ਤੱਕ ਪੰਜਾਬ ਵਿਚ ਚੱਲੀ ਖਾੜਕੂ ਲਹਿਰ ਦੀਆਂ ਇਕ ਨਹੀਂ, ਅਨੇਕਾਂ ਯਾਦਾਂ ਉਭਰ ਰਹੀਆਂ ਹਨ। ਮੈਂ ਪ੍ਰੋ. ਰਣਧੀਰ ਸਿੰਘ ਦੀ ਅਹਿਮ ਕਿਤਾਬ 'ਕਰਾਇਸਿਸ ਆਫ ਸੋਸ਼ਲਿਜ਼ਮ' ਦੀ ਹਰ ਦਲੀਲ ਨਾਲ ਸਹਿਮਤ ਨਹੀਂ, ਪਰ ਮੈਂ ਉਨ੍ਹਾਂ ਨੂੰ 20ਵੀਂ ਸਦੀ ਦੇ ਪੰਜਾਬ ਦਾ ਸਭ ਤੋਂ ਦਾਨਾ ਅਤੇ ਸਵੱਛ ਇਨਸਾਨ ਤੇ ਚਿੰਤਕ ਮੰਨਦਾ ਹਾਂ। ਉਹ ਅਕਸਰ ਕਹਿੰਦੇ ਕਿ ਉਨ੍ਹਾਂ ਦਿਨਾਂ ਦੌਰਾਨ ਦਿੱਲੀਓਂ ਪੰਜਾਬ ਮੀਟਿੰਗਾਂ ਵਿਚ ਆਉਣ ਲੱਗਿਆਂ ਉਨ੍ਹਾਂ ਨੂੰ ਖਾੜਕੂਆਂ ਹੱਥੀਂ ਜਾਣੇ-ਅਣਜਾਣੇ ਮਾਰੇ ਜਾਣ ਤੋਂ ਕਦੇ ਡਰ ਨਹੀਂ ਲੱਗਿਆ। ਡਰ ਉਨ੍ਹਾਂ ਨੂੰ ਇਸ ਗੱਲ ਦਾ ਹੁੰਦਾ ਸੀ ਕਿ ਕਿਧਰੇ ਅਗਲੇ ਦਿਨ ਅਖ਼ਬਾਰਾਂ ਦੀ ਸੁਰਖੀ ਇਹ ਨਾ ਬਣ ਜਾਵੇ ਕਿ ਪ੍ਰੋ. ਰਣਧੀਰ ਸਿੰਘ ਬੁਰਜੂਆ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਭਾਸ਼ਣ ਕਰਦਾ ਮਾਰਿਆ ਗਿਆ ਸੀ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ, ਕਾਮਰੇਡ ਅਮਰ ਸਿੰਘ ਅੱਚਰਵਾਲ, ਅਰਜਨ ਸਿੰਘ ਮਸਤਾਨਾ, ਦਲੀਪ ਸਿੰਘ ਕੌਲਸਹੇੜੀ, ਬਲਦੇਵ ਮਾਨ, ਡਾ. ਰਵਿੰਦਰ ਰਵੀ, ਤਰਨ ਤਾਰਨ ਵਾਲਾ ਕਾਮਰੇਡ ਦੀਪਕ ਧਵਨ ਅਤੇ ਹੋਰ ਅਨੇਕ ਹੀਰਿਆਂ ਵਰਗੇ ਇਨਸਾਨ ਸਨ। ਇਹ ਲੋਕ ਉਮਰ ਭਰ ਸਹੀ ਅਰਥਾਂ ਵਿਚ ਇਨਸਾਫ ਆਧਾਰਤ ਜਮਹੂਰੀ ਨਿਜ਼ਾਮ ਦੀ ਕਾਇਮੀ ਲਈ ਲੜਦੇ ਰਹੇ। ਉਹ ਦਿੱਲੀ ਸਰਕਾਰ ਦੇ ਹੱਕ ਵਿਚ ਨਹੀਂ ਸਨ, ਪਰ ਉਨ੍ਹਾਂ ਨੂੰ ਸਿੱਖ ਖਾੜਕੂਆਂ ਦਾ ਏਜੰਡਾ ਵੀ ਕੱਤਈ ਮਨਜ਼ੂਰ ਨਹੀਂ ਸੀ। ਜੋ ਲੋਕ ਉਨ੍ਹਾਂ ਨੂੰ ਦਿੱਲੀ ਸਰਕਾਰ ਦੇ 'ਦੱਲੇ' ਕਹੀ ਜਾਂਦੇ ਹਨ, ਉਹ ਉਨ੍ਹਾਂ ਦੀ ਜਾਤ ਨਾਲ ਵਧੀਕੀ ਕਰ ਰਹੇ ਹਨ; ਕਰੀ ਜਾਣ, ਉਨ੍ਹਾਂ ਦੀ ਮੌਜ ਹੈ ਪਰ ਯਾਦ ਰੱਖਣਾ... ਇਸ ਕਿਸਮ ਦੀ ਪਹੁੰਚ ਵਿਚੋਂ ਜ਼ਿੰਦਗੀ ਅੰਦਰ ਅਮਨ ਅਤੇ ਸੁਹੱਪਣ ਦੇ ਕਾਜ ਲਈ ਕੱਖ ਵੀ ਉਸਾਰੂ ਨਹੀਂ ਨਿਕਲੇਗਾ।

ਪ੍ਰਭਸ਼ਰਨਬੀਰ ਫਤਵੇ ਦੀ ਭਾਸ਼ਾ ਵਿਚ ਗੱਲ ਕਰਨ ਲੱਗਿਆਂ ਇਤਨੀਆਂ ਕਾਹਲੀਆਂ ਨਾ ਕਰੇ। ਅਜੇ ਉਸ ਨੇ ਬੜੇ ਲੰਮੇ ਸਫਰ ਤੈਅ ਕਰਨੇ ਹਨ। ਆਖਰੀ ਗੱਲ ਇਹੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਦੀ ਡੇਟ ਵਿਚ ਮੈਨੂੰ ਪਛਾਣ ਸਥਾਪਿਤ ਕਰਨ ਲਈ ਵੱਧ ਤੋਂ ਵੱਧ ਕਿਤਾਬਾਂ ਦੇ ਨਾਂ ਗਿਣਾਉਣ ਦੀ ਕੋਈ ਜ਼ਰੂਰਤ ਨਹੀਂ। ਉਨ੍ਹਾਂ ਨੂੰ ਭੁਲੇਖਾ ਲੱਗ ਰਿਹਾ ਹੈ। ਮਸਲਾ ਕੁਝ ਕਦਰਾਂ ਦਾ ਹੈ ਜਿਨ੍ਹਾਂ 'ਤੇ ਮੁਕੰਮਲ ਅਸਹਿਮਤੀ ਵੀ ਹੋ ਸਕਦੀ ਹੈ।



# ਭੋਲਾ ਬਾਦਸ਼ਾਹ



ਅਜੀਤ ਕੌਰ

***ਖੁਸ਼ਵੰਤ ਸਿੰਘ ਦਾ ਇਹ ਰੇਖਾ ਚਿੱਤਰ ਅਜੀਤ ਕੌਰ ਨੇ ਕੋਈ ਤਿੰਨ ਦਹਾਕੇ ਪਹਿਲਾਂ ਲਿਖਿਆ ਸੀ। ਉਸ ਵੇਲੇ ਖੁਸ਼ਵੰਤ ਸਿੰਘ ਪੂਰੇ ਰੰਗਾਂ ਵਿਚ ਸੀ। ਜਿਸ ਖੁਸ਼ਵੰਤ ਸਿੰਘ ਨੂੰ ਬਹੁਤੇ ਲੋਕ 'ਬਦਮਾਸ਼' ਆਖਣਾ ਪਸੰਦ ਕਰਦੇ ਸਨ, ਅਜੀਤ ਕੌਰ ਨੇ ਉਸ ਬਾਰੇ ਲਿਖੇ ਰੇਖਾ ਚਿੱਤਰ ਦਾ ਨਾਂ 'ਭੋਲਾ ਬਾਦਸ਼ਾਹ' ਰੱਖਿਆ। 'ਭੋਲਾ ਬਾਦਸ਼ਾਹ' ਦਾ ਸੰਖੇਪ ਰੂਪ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ ਜਿਸ ਵਿਚੋਂ ਇਕ ਵੱਖਰੇ ਖੁਸ਼ਵੰਤ ਸਿੰਘ ਦੇ ਦਰਸ਼ਨ ਹੁੰਦੇ ਹਨ। ਖੁਸ਼ਵੰਤ ਸਿੰਘ ਨਾਲ ਸਾਰੀ ਉਮਰ ਕੋਈ ਨਾ ਕੋਈ ਵਿਵਾਦ ਜੁੜਿਆ ਰਿਹਾ, ਪਰ ਬਤੌਰ ਲੇਖਕ ਅਤੇ ਪੱਤਰਕਾਰ ਸਾਰੇ ਉਸ ਦਾ ਸਿੱਕਾ ਮੰਨਦੇ ਹਨ। ਇਸ ਮਾਮਲੇ ਵਿਚ ਉਹ ਨਿਰਵਿਵਾਦ, ਬਹੁਤ ਉਚੀ ਥਾਂ ਉਤੇ ਖਲੋਤਾ ਨਜ਼ਰੀਂ ਪੈਂਦਾ ਹੈ। ਉਹਦਾ ਹਫਤਾਵਾਰੀ ਕਾਲਮ ਸ਼ਾਇਦ ਸੰਸਾਰ ਭਰ ਵਿਚ ਸਭ ਤੋਂ ਵੱਧ ਸਮਾਂ ਚੱਲਣ ਵਾਲਾ ਕਾਲਮ ਹੋਵੇਗਾ। ਇਸ ਵਿਚ ਵਾਧਾ ਇਹ ਕਿ ਇਸ ਕਾਲਮ ਦੀ ਤਰਜ਼ ਉਤੇ ਬਹੁਤ ਸਾਰੇ ਲੇਖਕਾਂ/ਪੱਤਰਕਾਰਾਂ ਨੇ ਕਾਲਮ ਸ਼ੁਰੂ ਕੀਤੇ ਪਰ ਖੁਸ਼ਵੰਤ ਸਿੰਘ, ਖੁਸ਼ਵੰਤ ਸਿੰਘ ਹੀ ਸੀ। ਕੋਈ ਉਸ ਦੀ ਰੀਸ ਨਹੀਂ ਕਰ ਸਕਿਆ। -ਸੰਪਾਦਕ***

ਪਹਿਲੀ ਵਾਰ ਖੁਸ਼ਵੰਤ ਸਿੰਘ ਨੂੰ ਮੈਂ ਕਿਸੇ ਪਾਰਟੀ ਵਿਚ ਮਿਲੀ ਸਾਂ। ਸ਼ਾਇਦ ਕੋਈ ਵੀਹ ਵਰ੍ਹੇ ਪਹਿਲੋਂ।

"ਘਰ ਆ ਨਾ ਕਦੇ।" ਉਹਨੇ ਬੜੀ ਨਿੱਘੀ ਤੇ ਪੁਰਖਲੂਸ ਬੇਤਕੱਲੁਫੀ ਨਾਲ ਕਿਹਾ।

ਉਸ ਤੋਂ ਕੁਝ ਚਿਰ ਪਹਿਲਾਂ ਉਸ ਨੇ ਪੰਜਾਬੀ ਕਹਾਣੀਆਂ ਦੀ ਇਕ ਐਨਥਾਲੋਜੀ ਐਡਿਟ ਕੀਤੀ ਸੀ, ਤੇ ਮੇਰੀ ਕਹਾਣੀ ਉਸ ਵਿਚ ਸ਼ਾਮਲ ਨਹੀਂ ਸੀ। ਸੋ, ਪਹਿਲੋਂ ਤਾਂ ਦਿਲ ਕੀਤਾ ਕਿ ਆਖਾਂ ਕਿ ਜੇ ਤੈਨੂੰ ਮੇਰੀ ਕਹਾਣੀ ਪਸੰਦ ਨਹੀਂ, ਤਾਂ ਮੈਂ ਕਾਹਦੇ ਲਈ ਆਵਾਂ ਤੇਰੇ ਘਰ? ਫੇਰ ਸੋਚਿਆ, ਸ਼ਾਇਦ ਆਪਣੇ ਗੁਨਾਹ ਦੀ ਤਲਾਫੀ ਲਈ ਹੀ ਬੁਲਾ ਰਿਹਾ ਏ।

ਨਾਲੇ ਭੁਲੇਖਿਆਂ ਵਿਚ ਜਿਉਣਾ ਬੜੀ ਮਜ਼ੇਦਾਰ ਚੀਜ਼ ਏ ਦੋਸਤੋ। ਸੋ, ਖਟਾਕ ਇਹ ਭੁਲੇਖਾ ਪੈ ਗਿਆ ਕਿ ਸ਼ਾਇਦ ਉਦੋਂ ਜਦੋਂ ਉਹ ਐਨਥਾਲੋਜੀ ਐਡਿਟ ਕਰ ਰਿਹਾ ਸੀ, ਹਾਲੀ ਨਾ ਹੀ ਪੜ੍ਹੀਆਂ ਹੋਣ ਮੇਰੀਆਂ ਕਹਾਣੀਆਂ। ਹੁਣੇ ਹੀ ਕਿਤੇ ਪੜ੍ਹੀਆਂ ਹੋਣ। ਇਸੇ ਕਰ ਕੇ ਘਰ ਬੁਲਾ ਰਿਹਾ ਏ।

ਬਹਰਹਾਲ ਇਸ ਵਿਚ ਕੋਈ ਸ਼ੱਕ ਨਹੀਂ, ਤੇ ਨਾ ਹੀ ਇਕਬਾਲ ਕਰਨ ਵਿਚ ਮੈਨੂੰ ਕੋਈ ਹਿਚਕਿਚਾਹਟ ਏ ਕਿ ਉਹਦੀ ਗੱਲ ਨਾਲ ਮੈਨੂੰ ਲੱਗਾ, ਮੈਂ ਗਿੱਠ ਉਚੀ ਹੋ ਗਈ ਸਾਂ।

ਆਖ਼ਰ ਖੁਦ ਖੁਸ਼ਵੰਤ ਸਿੰਘ ਮੈਨੂੰ ਆਪਣੇ ਘਰ ਆਉਣ ਲਈ ਕਹਿ ਰਿਹਾ ਸੀ। ਇਹ ਕੋਈ ਛੋਟੀ ਜਿਹੀ ਗੱਲ ਏ?

ਦੋ ਚਹੁੰ ਦਿਨਾਂ ਮਗਰੋਂ ਫੋਨ ਕੀਤਾ, ਤੇ ਉਹਦੇ ਘਰ ਚਲੀ ਗਈ।

ਇੰਨੇ ਵਰ੍ਹੇ ਹੋ ਗਏ ਨੇ ਇਸ ਗੱਲ ਨੂੰ। ਉਹਦੇ ਘਰ ਦੀ ਬਹੁਤੀ ਯਾਦ ਬਾਕੀ ਨਹੀਂ ਬਚੀ। (ਤੇ ਉਸ ਤੋਂ ਮਗਰੋਂ ਉਹਨੇ ਕਦੇ ਬੁਲਾਇਆ ਹੀ ਨਹੀਂ। ਸ਼ਾਇਦ ਉਹਦੀ ਬੀਵੀ ਨੂੰ ਮੈਂ ਪਸੰਦ ਨਾ ਆਈ ਹੋਵਾਂ।) ਸਿਰਫ਼ ਉਹ ਕੋਨਾ ਯਾਦ ਏ ਜਿਸ ਵਿਚ ਖੁਸ਼ਵੰਤ ਬੈਠਾ ਸੀ। ਕਮਰੇ ਦੀ ਸੱਜੀ ਨੁੱਕਰੇ। ਚੇਤੇ ਦੀ ਸਾਰੀ ਸਪਾਟ ਲਾਈਟ ਸਿਰਫ਼ ਇਕ ਚਿਹਰੇ 'ਤੇ ਜਾ ਕੇ ਪੈਂਦੀ ਏ, ਤੇ ਤੇਜ਼ ਰੌਸ਼ਨੀ ਵਿਚ ਉਹ ਕਲੋਜ਼-ਅੱਪ ਅੱਜ ਵੀ ਜਿਵੇਂ ਮੇਰੇ ਕੋਲ ਬੈਠਾ ਏ, ਉਸੇ ਤਰ੍ਹਾਂ ਦਾ ਉਸੇ ਤਰ੍ਹਾਂ। (ਇਹਦੇ ਵਿਚ ਭਾਵੁਕਤਾ ਵਾਲੀ ਕੋਈ ਗੱਲ ਨਹੀਂ), ਤੇ ਤੇਜ਼ ਰੌਸ਼ਨੀ ਵਿਚ ਲਏ ਕਲੋਜ਼-ਅੱਪ ਦੀ ਬੈਕਗ੍ਰਾਊਂਡ ਹਮੇਸ਼ਾ ਸਿਆਹ ਕਾਲੀ ਹੋ ਜਾਂਦੀ ਏ।

ਉਦੋਂ ਖੁਸ਼ਵੰਤ ਹੁਣ ਨਾਲੋਂ ਰਤਾ ਭਾਰਾ ਸੀ। ਮੋਟਾ ਨਹੀਂ, ਸਿਰਫ਼ ਗਦਰਾਇਆ ਹੋਇਆ ਤੇ ਚਿਹਰਾ ਗੋਲ ਸੀ ਉਹਦਾ। ਪੱਗ ਹੁਣ ਵਾਂਗੂੰ ਹੀ ਢਿੱਲੀ, ਠਿੱਬੀ ਜਿਹੀ। ਲਾਪਰਵਾਹੀ ਨਾਲ ਪਾਏ ਹੋਏ ਕੱਪੜੇ। ਮਸਤ ਦਰਿਆ ਵਰਗੀਆਂ ਗੱਲਾਂ।

ਜਦੋਂ ਮੈਂ ਕਮਰੇ ਵਿਚ ਦਾਖ਼ਲ ਹੋਈ, ਉਹ ਸਾਹਮਣੇ ਮੇਜ਼ 'ਤੇ ਬਾਰੀਕ ਟਾਈਪ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਸੈਂਚੀ ਖੋਲ੍ਹ ਕੇ ਬੈਠਾ ਸੀ ਤੇ ਪੈਨਸਿਲ ਨਾਲ ਨਿਸ਼ਾਨ ਲਗਾ ਰਿਹਾ ਸੀ। ਨਾਲ ਵਾਲੇ ਮੇਜ਼ 'ਤੇ ਗਲਾਸ ਪਿਆ ਸੀ ਜਿਸ ਵਿਚ ਸਿਆਹ, ਗਾਰਨੈਟਸ ਦੇ ਰੰਗ ਦੀ ਸ਼ਰਾਬ ਸੀ।

ਜੇ ਮੈਨੂੰ ਠੀਕ ਯਾਦ ਏ, ਉਦੋਂ ਖੁਸਵੰਤ ਰੰਮ ਪੀਂਦਾ ਹੁੰਦਾ ਸੀ। ਕਹਿਣ ਲੱਗਾ, 'ਰੰਮ ਪੀਏਂਗੀ?' ਮੈਂ ਕਿਹਾ, 'ਨਹੀਂ, ਅਜੇ ਪੀਣੀ ਨਹੀਂ ਸਿੱਖੀ।' 'ਹੋਰ ਕੀ ਪੀਏਂਗੀ? ਜਿੰਨ ਐਂਡ ਲਾਈਮ?' ਮੈਂ ਇਸ ਤਰ੍ਹਾਂ ਝੇਪ ਰਹੀ ਸਾਂ ਜਿਵੇਂ ਗੁਨਾਹ ਦਾ ਇਕਬਾਲ ਕਰ ਰਹੀ ਹੋਵਾਂ, 'ਨਹੀਂ ਖੁਸ਼ਵੰਤ, ਮੈਨੂੰ ਕੁਝ ਵੀ ਪੀਣਾ ਨਹੀਂ ਆਉਂਦਾ। ਕੋਕਾ ਕੋਲਾ ਤੋਂ ਸਿਵਾ।' 'ਪੀਣਾ ਨਹੀਂ ਆਉਂਦਾ ਤਾਂ ਲਿਖਦੀ ਕਿਸ ਤਰ੍ਹਾਂ ਏਂ?' ਜਿਵੇਂ ਕਹਿ ਰਿਹਾ ਹੋਵੇ, ਤੁਰਨਾ ਹੀ ਨਹੀਂ ਆਉਂਦਾ ਤਾਂ ਭੱਜ ਕਿਸ ਤਰ੍ਹਾਂ ਲਵੇਂਗੀ?

ਮੈਨੂੰ ਲਗਦਾ ਏ ਕਿ ਜਾਂ ਤੇ ਉਹਦੀ ਬੀਵੀ ਨੇ ਕਿਹਾ ਹੋਵੇਗਾ, 'ਖਬਰਦਾਰ, ਇਸ ਔਰਤ ਨੂੰ ਮੁੜ ਕੇ ਮੇਰੇ ਘਰ ਦੀਆਂ ਦਹਿਲੀਜ਼ਾਂ ਟੱਪਣ ਦਿੱਤਾ ਤੇ।' ਕਿਉਂਕਿ ਔਰਤ ਭਾਵੇਂ ਕਿੰਨੀ ਵੀ ਫਰਾਖ਼-ਦਿਲ ਕਿਉਂ ਨਾ ਹੋਵੇ, ਦੂਜੀ ਔਰਤ ਜਦੋਂ ਖਤਰਾ ਬਣ ਕੇ ਨਜ਼ਰ ਆਵੇ, ਚਾਹੇ ਬਿਲਕੁਲ ਬੋਸੀਦਾ ਜਿਹਾ, ਘੜੀ ਦੋ ਘੜੀ ਦਾ ਖਤਰਾ ਹੀ ਕਿਉਂ ਨਾ ਹੋਵੇ, ਤਾਂ ਬਰਦਾਸ਼ਤ ਨਹੀਂ ਕਰ ਸਕਦੀ। ਜਾਂ ਤਾਂ ਇਹ ਖਤਰਾ ਉਹਨੂੰ ਮੇਰੀਆਂ ਅੱਖਾਂ 'ਚੋਂ ਨਜ਼ਰ ਆ ਗਿਆ ਸੀ, ਕਿਉਂਕਿ ਇਕਬਾਲ ਕਰਦੀ ਹਾਂ ਕਿ ਖੁਸ਼ਵੰਤ ਮੈਨੂੰ ਬੇਹੱਦ ਖੁਸ਼ਨੁਮਾ ਬੰਦਾ ਨਜ਼ਰ ਆਇਆ ਸੀ। ਇਹੋ ਜਿਹੇ ਬੰਦੇ ਬਹੁਤ ਘੱਟ ਨਜ਼ਰ ਆਉਂਦੇ ਨੇ। ਆਮ ਤੌਰ 'ਤੇ ਖੁਸ਼ਵੰਤ ਦੇ ਰੁਤਬੇ 'ਤੇ ਪਹੁੰਚੇ ਬੰਦੇ ਮੁਖੌਟੇ ਪਾਈ ਰੱਖਦੇ ਨੇ, ਇਕ ਅਜੀਬ ਬਦਹਵਾਸ ਬੌਖਲਾਹਟ ਦਾ, ਜਾਂ ਮਸਰੂਫੀਅਤ ਦਾ, ਜਾਂ ਹੇਠਲੀ ਦੁਨੀਆਂ ਨੂੰ ਐਵਰੈਸਟ ਦੀ ਚੋਟੀ 'ਤੇ ਖੜ੍ਹੇ ਹੋ ਕੇ ਤੱਕਣ ਦਾ, ਜਾਂ ਅਜੀਬ ਟੈਂਸ ਭਾਰੀ-ਭਰਕਮਪਣ ਦਾ, ਪਰ ਖੁਸ਼ਵੰਤ ਜਿਵੇਂ ਜੰਗਲ ਦੀ ਹਵਾ ਹੋਵੇ, ਆਜ਼ਾਦ। ਅਲਮਸਤ। ਜੰਗਲਾਂ ਦੀ ਆਵਾਰਾ ਖੁਸ਼ਬੂ ਨਾਲ ਲੱਦੀ। ਤਿਤਲੀਆਂ ਵਾਂਗੂੰ ਉਡਦੀ।

ਜਾਂ ਹੋ ਸਕਦਾ ਏ ਕਿ ਖੁਸ਼ਵੰਤ ਨੂੰ ਹੀ ਮੈਂ ਬੇਅਕਲ ਤੇ ਬੌਰੀ ਲੱਗੀ ਹੋਵਾਂ।

ਬਹਰਹਾਲ ਉਹਨੇ ਮੁੜ ਕੇ ਕਦੇ ਮੈਨੂੰ ਘਰ ਨਹੀਂ ਸੱਦਿਆ। ਤੇ ਮੇਰਾ ਤਾਂ ਉਹਨੂੰ ਕਿਧਰੇ ਸੱਦਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਮੈਂ ਉਦੋਂ ਜ਼ਰਾ ਜ਼ਿਆਦਾ ਹੀ ਖਾਨਾਬਦੋਸ਼ ਸਾਂ। ਯਾਨਿ ਘਰ ਅਸਲੋਂ ਨਦਾਰਦ ਸੀ। ਫੁੱਟਪਾਥਾਂ 'ਤੇ ਰਹਿਣ ਵਾਲੀ ਫਟੇਹਾਲ ਹਾਲਤ ਸੀ।

ਉਂਜ ਹਾਲਤ ਇੰਨੀ ਖਸਤਾ ਤੇ ਇੰਨੀ ਨਾਜ਼ਕ ਸੀ, ਤੇ ਇਕੱਲੇਪਣ ਦੀ ਸੁੰਨ ਇੰਨੀ ਖੌਫਨਾਕ ਸੀ ਕਿ ਜੇ ਖੁਸ਼ਵੰਤ ਜ਼ਰਾ ਕੁ ਵੀ ਹਿੰਮਤ ਕਰਦਾ ਤਾਂ ਇਕ-ਅਦਦ ਇਸ਼ਕ ਹੋ ਸਕਦਾ ਸੀ!

ਪਰ ਦੱਸਿਆ ਏ ਨਾ ਤੁਹਾਨੂੰ, ਖੁਸ਼ਵੰਤ ਬਹੁਤ ਹੀ ਦੱਬੂ ਕਿਸਮ ਦਾ ਬੰਦਾ ਏ। ਅੱਜ ਤਕ ਉਹਨੇ ਜਿੰਨੇ ਵੀ ਇਸ਼ਕ ਕੀਤੇ ਹੋਣ, ਮੈਂ ਦਾਅਵੇ ਨਾਲ ਕਹਿ ਸਕਦੀ ਹਾਂ, ਹਮੇਸ਼ਾ ਔਰਤਾਂ ਨੇ ਹੀ ਉਹਨੂੰ ਵਰਗਲਾਇਆ ਹੋਵੇਗਾ। ਤੇ ਉਹ ਅਗਵਾ ਕੀਤੀ ਔਰਤ ਵਾਂਗੂੰ ਚੁੱਪ-ਚਾਪ ਇਸ਼ਕ ਸਹਿ ਲੈਂਦਾ ਹੋਵੇਗਾ।

---

ਉਦੋਂ ਉਹ 'ਨਿਊ ਦੇਹਲੀ' ਦਾ ਐਡੀਟਰ ਸੀ। ਮੇਰੀ ਧੀ ਅਰਪਨਾ ਨੇ ਦੁਨੀਆਂ ਦੀਆਂ ਚਿਤਰਕਾਰ ਔਰਤਾਂ ਬਾਰੇ ਇਕ ਰਿਸਰਚ ਪੀਸ ਲਿਖਿਆ ਸੀ। 'ਨਿਊ ਦੇਹਲੀ' ਨੂੰ, ਯਾਨਿ ਖੁਸ਼ਵੰਤ ਨੂੰ ਉਹਨੇ ਲਿਖ ਕੇ ਪੁੱਛਿਆ ਕਿ ਉਨ੍ਹਾਂ ਨੂੰ ਚਾਹੀਦਾ ਏ?

ਜੁਆਬ ਆ ਗਿਆ, ਸ਼ਾਇਦ ਤੀਜੇ ਦਿਨ ਹੀ, ਕਿ ਛੇਤੀ ਭੇਜ ਦੇ।

ਅਰਪਨਾ ਨੇ ਮੈਨੂੰ ਮਨ੍ਹਾਂ ਕੀਤਾ ਹੋਇਆ ਸੀ ਕਿ ਮੈਂ ਖੁਸ਼ਵੰਤ ਨੂੰ ਬਿਲਕੁਲ ਨਾ ਦੱਸਾਂ ਕਿ ਇਹ ਅਰਪਨਾ ਮੇਰੀ ਹੀ ਧੀ ਏ। ਸੋ, ਮੈਂ ਚੁੱਪ ਰਹੀ।

ਆਰਟੀਕਲ ਛਪ ਗਿਆ ਤੇ ਅਰਪਨਾ ਤਸਵੀਰਾਂ ਵਾਪਸ ਲੈਣ ਖੁਸ਼ਵੰਤ ਦੇ ਦਫ਼ਤਰ ਗਈ।

ਖੁਸ਼ਵੰਤ ਨੇ ਕੁਝ ਚਿਰ ਉਹਦੇ ਨਾਲ ਗੱਪਾਂ ਮਾਰਨ ਤੋਂ ਮਗਰੋਂ ਉਹਨੂੰ ਕਿਹਾ, "ਤੇਰੀ ਸ਼ਕਲ ਤੇਰੀ ਮਾਂ ਨਾਲ ਬੜੀ ਮਿਲਦੀ ਏ।"

ਇਹ ਐ ਖੁਸ਼ਵੰਤ ਸਿੰਘ। ਮੁਖਤਸਰ ਜਿਹੀ ਦੋਸਤੀ ਸੀ ਉਦੋਂ ਸਾਡੀ। ਸਿਰਫ਼ ਉਹੀ ਇਹ ਲਫ਼ਜ਼ ਮੇਰੀ ਓਪਰਿਆਂ ਬਣ ਕੇ ਮਿਲੀ ਧੀ ਨੂੰ ਕਹਿ ਸਕਦਾ ਸੀ।

---

ਸਿਆਲ ਆਖਰੀ ਸਾਹਾਂ 'ਤੇ ਸੀ। ਦੁਪਹਿਰ ਤੋਂ ਮਗਰੋਂ ਧੁੱਪ ਬਨੇਰਿਆਂ ਤੋਂ ਲਹਿਣ ਲੱਗ ਪਈ ਸੀ। ਹਵਾ ਵਿਚ ਨਿੱਘ ਰੁਮਕ ਰਿਹਾ ਸੀ ਤੇ ਜ਼ਮੀਨ ਤੋਂ ਲੈ ਕੇ ਆਸਮਾਨ ਤੱਕ ਜਿਵੇਂ ਇਕ ਖ਼ਬਰ ਗਰਮ ਸੀ ਕਿ ਇਹ ਹੁਨਾਲ ਦੀ ਸ਼ੁਰੂਆਤ ਏ।

ਗਰਮੀਆਂ ਦੀ ਸਾੜਵੀਆਂ ਲੂਆਂ ਦੀ ਪੇਸ਼ਨੀਗੋਈ ਵਾਲੇ ਉਸ ਲੌਢੇ ਵੇਲੇ ਮੈਂ ਖ਼ਬਰਾਂ ਨਾਲ ਭਰੇ ਦਫ਼ਤਰ ਦੇ ਹਲਕੇ ਸਾਂਵਲੇ ਗਲਿਆਰਿਆਂ ਵਿਚੋਂ ਲੰਘ ਕੇ ਖੁਸ਼ਵੰਤ ਦੇ ਕਮਰੇ ਵੱਲ ਜਾ ਰਹੀ ਸਾਂ। 'ਹਿੰਦੁਸਤਾਨ ਟਾਈਮਜ਼' ਦਾ ਐਡੀਟਰ ਸੀ ਉਹ ਉਦੋਂ। ਮੈਨੂੰ ਲੱਗਾ ਜਿਵੇਂ ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਵਿਚੋਂ ਗੁਜ਼ਰਦੀ ਹੋਈ ਮੈਂ ਵੱਡੀ ਮਹਾਰਾਣੀ ਮੱਖੀ ਦੇ ਘੁਰਨੇ ਵੱਲ ਜਾ ਰਹੀ ਹੋਵਾਂ।





*ਪ੍ਰੈਸ ਦੀ ਆਜ਼ਾਦੀ ਲਈ ਕੀਤੇ ਮਜ਼ਾਹਰੇ ਵਿਚ ਸ਼ਿਰਕਤ।*

ਕਮਰੇ ਵਿਚ ਵੜਦਿਆਂ ਹੀ ਉਹ ਆਪਣੀ ਕੁਰਸੀ ਤੋਂ ਉਠ ਖੜੋਂਦਾ ਏ। ਅੱਧਾ ਦਰਵਾਜ਼ੇ ਵੱਲ ਤੱਕਦਾ ਹੋਇਆ ਤੇ ਅੱਧਾ ਮੇਰੇ ਵੱਲ ਤੁਰਦਾ ਏ, ਤੇ ਇਕ ਬਾਂਹ ਵਾਲੀ, ਅੱਧੋਰਾਣੀ ਜੱਫੀ ਵਿਚ ਮੈਨੂੰ ਲਪੇਟ ਲੈਂਦਾ ਏ।

ਖੁਸ਼ਵੰਤ ਦੀ ਜੱਫੀ ਉਹਦੀ ਪੂਰੀ ਸ਼ਖ਼ਸੀਅਤ ਦੀ ਤਰਜਮਾਨੀ ਏ। ਪੂਰੀ ਸ਼ਖ਼ਸੀਅਤ ਦਾ ਜ਼ਾਇਕਾ ਜਿਸ ਵਿਚ ਕਈ ਚੀਜ਼ਾਂ ਸ਼ਾਮਲ ਨੇ- ਉਹਦੀ ਡੀਂਗ ਕਿ ਉਹ ਬੇਹੱਦ ਆਸ਼ਕ ਮਿਜਾਜ਼ ਏ, ਉਹਦੀ ਬੇਇੰਤਹਾ ਕਾਬਲੀਅਤ ਜਿਸ ਨੇ ਉਹਦੀ ਤਬੀਅਤ ਨੂੰ ਫੁੱਲਾਂ ਵਰਗੀ ਹੌਲੀ ਕਰ ਦਿੱਤਾ ਏ, ਉਹਦੀ ਸ਼ੋਹਰਤ ਨੂੰ ਪਰਬਤਾਂ ਵਰਗੀ ਉਚਾਈ ਤੇ ਠੋਸਪਣ ਦਿੱਤਾ ਏ, ਉਹਦਾ ਆਦਿਮ ਦੱਬੂਪੁਣਾ ਤੇ ਬੁਜ਼ਦਿਲੀ ਜਿਹੜੀ ਉਹਦੇ ਪੇਂਡੂ ਪਿਛੋਕੜ ਤੋਂ ਤੁਰ ਕੇ ਉਹਦੀ ਦਾਦੀ ਦੇ ਪਿਆਰ ਦੀ ਮਹਿਫ਼ੂਜ਼ ਵਲਗਣ ਵਿਚ ਬਿਤਾਏ ਉਹਦੇ ਬਚਪਨ ਨਾਲ ਵਾਬਸਤਾ ਏ, ਤੇ ਉਹਦਾ ਖਲੂਸ ਤੇ ਉਹਦਾ ਨਿੱਘ, ਤੇ ਉਹਦੀ ਹਿਚਕ ਤੇ ਉਹਦਾ ਬੇਬਾਕਪਣ। ਇਕ ਅਜੀਬ ਤਪਾਕ ਤੇ ਗਰਮਜੋਸ਼ੀ ਤੇ ਅਜੀਬ ਹਿਚਕਿਚਾਹਟ। ਉਹਦੀ ਬਾਂਹ ਦੀ ਕੱਸ ਜਿਵੇਂ ਡਰ ਨਾਲ ਕੰਬਦੀ ਹੋਈ ਸੁੰਗੜਦੀ ਵੀ ਜਾਂਦੀ ਏ, ਢਿੱਲੀ ਵੀ ਹੁੰਦੀ ਜਾਂਦੀ ਏ।

ਆਪਣੀ ਕਲਮ ਦੇ ਮਾਮਲੇ ਵਿਚ ਉਹ ਜਿੰਨਾ ਸ਼ੇਰ ਏ, ਜੱਫੀ ਦੇ ਮਾਮਲੇ ਵਿਚ ਓਨਾ ਹੀ ਗਿੱਦੜ।

ਕਹਿਣ ਲੱਗਾ, "ਚੱਲ ਅੱਜ ਕਿਧਰੇ ਭੱਜ ਚੱਲੀਏ। ਏਥੇ ਅੱਜ ਬੜੇ ਲੋਗ ਆ ਰਹੇ ਨੇ। ਬਸ, ਹਮਲਾ ਕਰ ਰਹੇ ਨੇ।"

ਤੇ ਉਹਨੇ ਕਾਹਲੀ ਕਾਹਲੀ ਆਪਣੇ ਕਾਗਜ਼ ਸਮੇਟੇ, ਤੇ ਅਸੀਂ ਦਫ਼ਤਰੋਂ ਬਾਹਰ ਨਿਕਲ ਆਏ।

ਉਹ ਇਸ 'ਭੱਜ ਆਉਣ' ਉਤੇ ਓਨਾ ਹੀ ਖੁਸ਼ ਸੀ ਜਿੰਨਾ ਮਾਸਟਰ ਦੀ ਕੁੱਟ ਤੋਂ ਡਰ ਕੇ ਭੱਜਿਆ, ਤੇ ਖੇਤਾਂ ਵਿਚ ਗੁੱਲੀ ਡੰਡਾ ਖੇਡਦਾ ਮੁੰਡਾ।

ਮੈਂ ਕਿਹਾ, "ਹਮਲਾ ਕਰਨ ਵਾਲੇ ਲੋਗਾਂ ਦੇ ਕਾਬੂ ਕਿਸ ਤਰ੍ਹਾਂ ਆ ਜਾਂਦੇ ਓ ਤੁਸੀਂ? ਬਾਹਰ ਪੀ.ਏ. ਹੋਰ ਕਿਹੜਾ ਚਰਖਾ ਕੱਤਦਾ ਰਹਿੰਦਾ ਏ? ਦਰਸ਼ਨ ਅਭਿਲਸ਼ੀਆਂ ਨੂੰ ਦੁੜਾ ਨਹੀਂ ਸਕਦਾ?"

ਕਹਿਣ ਲੱਗਾ, "ਉਹ ਤੇ ਦੁੜਾ ਹੀ ਦੇਂਦਾ ਏ ਪਰ ਕਈ ਵਾਰੀ ਇਹੋ ਜਿਹੇ ਲੋਗ ਆ ਜਾਂਦੇ ਨੇ ਜਿਨ੍ਹਾਂ ਨੂੰ ਦੁੜਾਇਆ ਨਹੀਂ ਜਾ ਸਕਦਾ। ਜਿਵੇਂ ਅੱਜ ਸਵੇਰੇ ਰੰਧਾਵਾ ਸਾਹਿਬ ਆ ਗਏ। ਪੀ.ਏ. ਨਾਲ ਝਗੜ ਪਏ। ਮੈਂ 'ਵਾਜ ਸੁਣ ਕੇ ਬਾਹਰ ਆਇਆ। ਤੱਕਿਆ ਤਾਂ ਰੰਧਾਵਾ ਸਾਹਿਬ। ਮੁਆਫ਼ੀ ਮੰਗੀ ਪੀ.ਏ. ਵੱਲੋਂ। ਅੰਦਰ ਲੈ ਗਿਆ। ਉਹ ਆਪਣਾ ਸਾਰਾ ਗੁੱਸਾ ਤੇ ਕੰਟੈਂਮਪਟ ਕੱਢਣ ਵਾਸਤੇ ਕਹਿਣ ਲੱਗੇ, "ਪਹਿਲੋਂ ਦੱਸ, ਤੇਰਾ ਟਾਇਲੈਟ ਕਿਥੇ ਵੇ?"

"ਖੁਸ਼ਵੰਤ, ਤੁਹਾਡੇ ਬੱਚੇ ਵੀ ਤੁਹਾਡੇ ਵਾਂਗੂੰ ਹੀ ਹੱਸਦੇ ਹੋਣਗੇ?"

"ਬੱਚਿਆਂ ਦਾ ਤਾਂ ਚੇਤਾ ਨਹੀਂ, ਪਰ ਮੇਰੀ ਦੋਹਤਰੀ... ", ਤੇ ਦੋਹਤਰੀ ਦੀ ਗੱਲ ਕਰਦਿਆਂ ਖੁਸ਼ਵੰਤ ਦੇ ਚਿਹਰੇ 'ਤੇ ਮੈਨੂੰ ਨਵੀਂ ਵਿਆਹੀ ਕੁੜੀ ਦੀ ਸ਼ਰਮੀਲੀ ਤੇ ਪਹੁ-ਫੁਟਾਲੇ ਜਿਹੀ ਮੁਸਕਰਾਹਟ ਨਜ਼ਰ ਆਉਂਦੀ ਏ।

"ਉਹਨੇ ਤੀਹ ਤੇ ਬਿੱਲੀਆਂ ਪਾਲੀਆਂ ਹੋਈਆਂ ਨੇ। ਮੇਰੀ ਬੀਵੀ ਦੇ ਸਾਰੇ ਕਾਨੂੰਨ ਤੋੜ ਦਿੱਤੇ ਨੇ ਉਹਨੇ। ਹਰ ਬਿੱਲੀ ਦੇ ਵੱਖੋ-ਵੱਖ ਨਾਂ ਰੱਖੇ ਹੋਏ ਨੇ। ਕਾਲੂ, ਮੇਨਕਾ ਗਾਂਧੀ, ਛੋਟੂ ਸਕਸੈਨਾ।" ਖੁਸ਼ਵੰਤ ਹੱਸਦਾ ਏ, ਪਹਾੜੀ ਕੂਲਾਂ ਵਰਗੀ ਹਾਸੀ, ਸ਼ਫ਼ਾਫ, ਬਲੌਰੀ ਗੁਟਕਦੀ ਹਾਸੀ। "ਇਹ ਛੋਟੂ ਸਕਸੈਨਾ ਨਾਂ ਪਤਾ ਨਹੀਂ ਉਹਨੂੰ ਕਿਸ ਤਰ੍ਹਾਂ ਸੁਝਿਆ ਏ!"

"ਦੋਹਤਰੀ ਵੀ ਆਖ਼ਰ ਖੁਸ਼ਵੰਤ ਸਿੰਘ ਸਰਦਾਰ ਦੀ ਏ!"

---

ਖੁਸ਼ਵੰਤ ਤੇ ਮੈਂ ਕਨਾਟ ਪਲੇਸ ਦੇ ਵਰਾਂਡਿਆਂ ਵਿਚ ਚਹਿਲ-ਕਦਮੀ ਕਰ ਰਹੇ ਹਾਂ।

(ਇਹੀ ਅੰਦਾਜ਼ ਏ ਖੁਸ਼ਵੰਤ ਦਾ। ਭਾਵੇਂ ਉਹਨੂੰ ਆਪਣੀ ਖਾਲੀ ਸ਼ਾਮ ਨਾਲ ਪਿਆਰ ਆਵੇ ਤੇ ਭਾਵੇਂ ਕਿਸੇ ਦੋਸਤ ਨਾਲ, ਉਹ ਉਹਦੇ ਨਾਲ ਰੌਣਕਾਂ ਵਾਲੀਆਂ ਥਾਂਵਾਂ 'ਤੇ ਚਹਿਲ-ਕਦਮੀ ਕਰਦਾ ਏ। ਖਾਲੀ ਸਵੇਰਾਂ ਨਾਲ ਇਸ਼ਕ ਕਰਨ ਦਾ ਅੰਦਾਜ਼ ਉਹਦਾ ਹੋਰ ਏ- ਲੰਮੀ ਸੈਰ, ਦਰਖ਼ਤਾਂ ਤੇ ਹਵਾਵਾਂ ਤੇ ਚਿੜੀਆਂ ਤੇ ਕੋਇਲਾਂ ਨਾਲ ਦੁਖ-ਸੁਖ ਦੀਆਂ ਗੱਲਾਂ।)

ਅਗਲੇ ਦਿਨ ਉਹਦੀ ਬੀਵੀ ਦਾ ਜਨਮ ਦਿਨ ਸੀ, ਤੇ ਉਹਨੇ ਉਹਦੇ ਲਈ ਤੋਹਫ਼ਾ ਖਰੀਦਣਾ ਸੀ। ਸੋ, ਅਸੀਂ ਕਿਤਾਬਾਂ ਵਾਲੀ ਦੁਕਾਨ 'ਤੇ ਗਏ। ਬੀਵੀ ਲਈ ਤਾਂ ਉਹਨੇ ਸਿੱਖ ਪੇਂਟਿੰਗਜ਼ ਵਾਲੀ ਕਿਤਾਬ ਖਰੀਦੀ, ਤੇ ਆਪਣੇ ਲਈ ਈਰਾਟਿਕ ਪੇਂਟਿੰਗਜ਼ ਦੀ ਨਵੀਂ ਛਪੀ ਕਿਤਾਬ ਜਿਸ ਵਿਚ ਉਹਨੇ ਦੱਸਿਆ ਕਿ ਕਾਂਗੜਾ ਸਕੂਲ ਤੇ ਬਸੌਹਲੀ ਸਕੂਲ ਤੇ ਸਿੱਖ ਸਕੂਲ ਦੀਆਂ ਈਰਾਟਿਕ ਪੇਂਟਿੰਗਜ਼ ਸਨ। ਕਹਿਣ ਲੱਗਾ, ਕਿਸੇ ਦਿਨ ਫੁਰਸਤ ਨਾਲ ਤੈਨੂੰ ਸਮਝਾਵਾਂਗਾ ਇਨ੍ਹਾਂ ਦੀ ਸਾਰੀ ਗੱਲ।

ਕਿਤਾਬਾਂ ਖਰੀਦਣ ਮਗਰੋਂ ਅਸੀਂ ਕਨਾਟ ਪਲੇਸ ਦੇ ਵਰਾਂਡਿਆਂ ਵਿਚ ਘੁੰਮਣ ਲੱਗੇ।

"ਕਨਾਟ ਪਲੇਸ ਘੁੰਮਦਿਆਂ ਤੁਹਾਨੂੰ ਉਹ ਸਾਰੇ ਗੁਜ਼ਰੇ ਜ਼ਮਾਨੇ ਯਾਦ ਆਉਂਦੇ ਹੋਣਗੇ ਜਦੋਂ ਇਹ ਦਿੱਲੀ ਦੀ ਆਕਸਫੋਰਡ ਸਟ੍ਰੀਟ ਤਾਮੀਰ ਹੋ ਰਹੀ ਸੀ?"

"ਬਚਪਨ ਵਿਚ ਜਦੋਂ ਮੈਂ ਇਥੇ ਆਇਆ ਸਾਂ ਤਾਂ ਕਨਾਟ ਪਲੇਸ ਹੁੰਦੀ ਹੀ ਨਹੀਂ ਸੀ। ਪਹਿਲੀ ਦੁਕਾਨ ਪਾਰਸੀਆਂ ਦੀ ਇਥੇ ਖੁੱਲ੍ਹੀ ਸੀ। ਨਾਂ ਸੀ 'ਪੈਸਟਨ ਜੀ'। ਜਿਸ ਥਾਂ 'ਤੇ ਹੁਣ 'ਵੈਂਗਰ' ਏ। ਲਟੀਏਨਜ਼ ਨੇ ਪਲੈਨ ਕੀਤੀ ਸੀ ਇਹ ਕਨਾਟ ਪਲੇਸ ਵੀ। ਜ਼ਮੀਨ ਇਥੇ ਉਦੋਂ ਦੋ ਰੁਪਏ ਗਜ਼ ਹੁੰਦੀ ਸੀ। ਹੁਣ ਤਾਂ ਖ਼ੈਰ, ਕੋਈ ਦੋ ਹਜ਼ਾਰ ਰੁਪਏ ਗਜ਼ ਹੋਵੇਗੀ!" ਉਹ ਬੱਚਿਆਂ ਵਰਗੀ ਮਾਸੂਮੀਅਤ ਨਾਲ ਸੁਣਾ ਰਿਹਾ ਏ ਦਾਸਤਾਨ।

ਮੈਂ ਹੱਸਦੀ ਹਾਂ। ਉਹਦੀ ਇਸ ਮਾਸੂਮੀਅਤ 'ਤੇ। "ਦੋ ਹਜ਼ਾਰ ਰੁਪਏ ਗਜ਼? ਤੁਸੀਂ ਕਿਥੇ ਰਹਿੰਦੇ ਓ ਖੁਸ਼ਵੰਤ? ਇਥੇ ਤਾਂ ਵੀਹ ਹਜ਼ਾਰ ਰੁਪਏ ਗਜ਼ ਵੀ ਮਿਲਣੀ ਮੁਸ਼ਕਲ ਏ।"

"ਹੈਂ? ਨਹੀਂ!" ਉਹ ਵਾਕਈ ਠਿਠਕ ਜਾਂਦਾ ਏ।

ਉਹਦੇ ਇਸੇ ਭੋਲੇਪਣ 'ਤੇ ਮੈਨੂੰ ਲਾਡ ਆਉਂਦਾ ਏ। ਕਨਾਟ ਪਲੇਸ ਵਿਚ ਵੀ ਕਾਫ਼ੀ ਜਾਇਦਾਦ ਦਾ ਉਹ ਮਾਲਕ ਏ। ਤੇ ਉਹਨੂੰ ਪਤਾ ਈ ਨਹੀਂ ਕਿ ਉਹਦੀ ਸ਼ਹਿਨਸ਼ਾਹੀਅਤ ਦੀ ਐਸ ਵੇਲੇ ਕਿੰਨੀ ਕੁ ਕੀਮਤ ਏ। ਅਲਬੱਤਾ ਨਿੱਕੀਆਂ ਗੱਲਾਂ ਦੀ, ਆਪਣੇ ਪਰਸ ਵਿਚ ਪਏ ਚਾਲੀ ਪੰਜਾਹ ਰੁਪਿਆਂ ਦੀ ਉਹਨੂੰ ਬਹੁਤੀ ਫਿਕਰ ਹੁੰਦੀ ਏ। ਮਸਲਨ, ਇਕ ਵਾਰੀ ਅਸੀਂ ਗੇਲਾਰਡ ਵਿਚ ਚਾਹ ਪੀਣ ਗਏ। ਇਕ ਸੈਂਡਵਿਚ ਖਾਧੀ ਤੇ ਚਾਹ ਦਾ ਇਕ ਪਿਆਲਾ ਪੀਤਾ। ਬਿੱਲ ਆਇਆ ਅਠਾਰਾਂ ਰੁਪਏ। ਦਸ ਦਸ ਦੇ ਦੋ ਨੋਟ ਬੈਰੇ ਦੀ ਪਲੇਟ ਵਿਚ ਧਰਨ ਲੱਗਿਆਂ ਉਹਨੂੰ ਵਾਕਈ ਤਕਲੀਫ ਹੋ ਰਹੀ ਸੀ। ਕਹਿਣ ਲੱਗਾ, "ਦਸੋ, ਇਕ ਇਕ ਪਿਆਲਾ ਚਾਹ ਦਾ ਪੀਤਾ ਏ, ਤੇ ਇਕ ਇਕ ਬੁਰਕੀ ਦੀ

***(ਬਾਕੀ ਸਫਾ 30 'ਤੇ)***

# ਮਰਨ ਉਪਰੰਤ ਸ਼ਰਧਾਂਜਲੀਆਂ

ਅੰਗਰੇਜ਼ੀ ਕਹਾਣੀ

*ਲੇਖਕ/ਪੱਤਰਕਾਰ ਖ਼ੁਸ਼ਵੰਤ ਸਿੰਘ (2 ਫਰਵਰੀ 1915-20 ਮਾਰਚ 2014) ਕਈ ਕਾਰਨਾਂ ਕਰ ਕੇ ਸਦਾ ਚਰਚਾ ਵਿਚ ਰਿਹਾ ਹੈ। ਇਕ ਕਾਰਨ ਤਾਂ ਇਹ ਸੀ ਕਿ ਉਸ ਨੇ ਆਪਣੀਆਂ ਰਚਨਾਵਾਂ ਵਿਚ ਔਰਤਾਂ ਬਾਰੇ ਬਹੁਤ ਖੁੱਲ੍ਹ ਕੇ ਲਿਖਿਆ। ਇਹ ਵੀ ਸੱਚ ਹੈ ਕਿ ਸੰਸਾਰ ਭਰ ਵਿਚ ਜਿੰਨੇ ਉਸ ਦੇ ਪ੍ਰਸ਼ੰਸਕ ਹਨ, ਸ਼ਾਇਦ ਉਸ ਤੋਂ ਕਿਤੇ ਵੱਧ ਨਿੰਦਕ ਵੀ ਹਨ, ਪਰ ਇਹ ਮੰਨਣਾ ਪੈਂਦਾ ਹੈ ਕਿ ਉਸ ਦੀਆਂ ਰਚਨਾਵਾਂ ਪੜ੍ਹੀਆਂ ਬਹੁਤ ਗਈਆਂ ਹਨ। ਬਤੌਰ ਪੱਤਰਕਾਰ ਉਸ ਨੇ 'ਇਲੱਸਟਰੇਟਡ ਵੀਕਲੀ ਆਫ ਇੰਡੀਆ', 'ਟਾਈਮਜ਼ ਆਫ ਇੰਡੀਆ' ਅਤੇ 'ਦਿ ਹਿੰਦੁਸਤਾਨ ਟਾਈਮਜ਼' ਵਰਗੀਆਂ ਨਾਮੀ ਰੋਜ਼ਾਨਾ ਅੰਗਰੇਜ਼ੀ ਅਖਬਾਰਾਂ ਦੇ ਸੰਪਾਦਕ ਵਜੋਂ ਜ਼ਿੰਮੇਵਾਰੀਆਂ ਨਿਭਾਈਆਂ। ਉਹਦਾ ਨਾਵਲ 'ਟਰੇਨ ਟੂ ਪਾਕਿਸਤਾਨ' ਅੱਜ ਵੀ ਵੰਡ ਬਾਰੇ ਲਿਖਿਆ ਵਧੀਆ ਨਾਵਲ ਮੰਨਿਆ ਜਾਂਦਾ ਹੈ। 'ਮਰਨ ਉਪਰੰਤ ਸ਼ਰਧਾਂਜਲੀਆਂ' ਨਾਂ ਦੀ ਇਹ ਕਹਾਣੀ ਰਤਾ ਕੁ ਵੱਖਰੇ ਢੰਗ ਦੀ ਹੈ। ਇਸ ਕਹਾਣੀ ਵਿਚ ਉਸ ਨੇ ਸਮਾਜ ਵਿਚ ਵਿਚਰਦੇ ਬੰਦੇ ਅਤੇ ਦੋਸਤੀ ਬਾਰੇ ਬੜੀਆਂ ਕੰਮ ਦੀਆਂ ਅਤੇ ਸੱਚੀਆਂ ਗੱਲਾਂ ਕੀਤੀਆਂ ਹਨ। ਇਨ੍ਹਾਂ ਗੱਲਾਂ ਵਿਚੋਂ ਤੁਹਾਨੂੰ ਆਪਣਾ ਆਲਾ-ਦੁਆਲਾ ਦਿਸਣ ਲੱਗ ਪੈਂਦਾ ਹੈ। ਇਉਂ ਇਹ ਕਹਾਣੀ ਹਰ ਬੰਦੇ ਦੀ ਕਹਾਣੀ ਹੋ ਨਿਬੜਦੀ ਹੈ। -ਸੰਪਾਦਕ*

ਬੁਖ਼ਾਰ ਕਰ ਕੇ ਬਿਸਤਰੇ ਵਿਚ ਹਾਂ। ਹਾਲਤ ਕੋਈ ਗੰਭੀਰ ਨਹੀਂ। ਦਰਅਸਲ ਭੋਰਾ ਭਰ ਵੀ ਚਿੰਤਾਜਨਕ ਨਹੀਂ, ਤਾਹੀਉਂ ਤਾਂ ਮੈਨੂੰ ਆਪਣੀ ਦੇਖ-ਭਾਲ ਲਈ ਇਕੱਲਾ ਛੱਡਿਆ ਹੋਇਆ ਹੈ। ਕਦੀ ਸੋਚਦਾ ਹਾਂ, ਜੇ ਕਿਤੇ ਬੁਖ਼ਾਰ ਵਧ ਜਾਵੇ ਤਾਂ ਕੀ ਬਣੇਗਾ? ਸ਼ਾਇਦ ਫਿਰ ਮੈਂ ਮਰ ਹੀ ਜਾਵਾਂ। ਮੇਰੇ ਮਿੱਤਰਾਂ ਦਾ ਕੀ ਬਣੂੰ? ਉਹ ਹੈਣ ਵੀ ਬਥੇਰੇ ਤੇ ਮੈਂ ਉਨ੍ਹਾਂ ਦਾ ਮਨਪਸੰਦ ਦੋਸਤ ਵੀ ਤਾਂ ਹਾਂ। ਫਿਰ ਖਿਆਲ ਆਉਂਦਾ ਹੈ ਕਿ ਅਖ਼ਬਾਰਾਂ ਵਾਲੇ ਮੇਰੀ ਬਾਬਤ ਕੀ ਲਿਖਣਗੇ? ਮੈਨੂੰ ਨਜ਼ਰੋਂ ਉਹਲੇ ਤਾਂ ਕਰ ਨਹੀਂ ਸਕਦੇ। ਖ਼ਿਆਲ ਤਾਂ ਇਹ ਵੀ ਹੈ ਕਿ 'ਟ੍ਰਿਬਿਊਨ' ਤਾਂ ਆਪਣੇ ਪਹਿਲੇ ਹੀ



ਖ਼ੁਸ਼ਵੰਤ ਸਿੰਘ

ਸਫ਼ੇ 'ਤੇ ਮੇਰੀ ਛੋਟੀ ਜਿਹੀ ਫੋਟੋ ਸਮੇਤ ਖ਼ਬਰ ਛਾਪੇਗਾ। ਸਿਰਲੇਖ ਕੁਝ ਇਸ ਤਰ੍ਹਾਂ ਦਾ ਹੋਵੇਗਾ,

"ਸਰਦਾਰ ਖ਼ੁਸ਼ਵੰਤ ਸਿੰਘ ਸੁਰਗਵਾਸ" ਤੇ ਫਿਰ ਛੋਟੇ ਮਹੀਨ ਛਾਪੇ ਵਿਚ ਕੁਝ ਇਹੋ ਜਿਹੀ ਖ਼ਬਰ ਹੋਵੇਗੀ, "ਸਾਨੂੰ ਬੜੇ ਸੋਗ ਨਾਲ ਇਹ ਖ਼ਬਰ ਦੇਣੀ ਪੈ ਰਹੀ ਹੈ ਕਿ ਸਰਦਾਰ ਖ਼ੁਸ਼ਵੰਤ ਸਿੰਘ ਅਚਾਨਕ ਕੱਲ੍ਹ ਸ਼ਾਮ ਛੇ ਵਜੇ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਆਪਣੀ ਵਿਧਵਾ, ਦੋ ਛੋਟੇ ਬੱਚਿਆਂ, ਕਈ ਦੋਸਤ ਤੇ ਪ੍ਰੇਮੀਆਂ ਨੂੰ ਦੁੱਖ ਵਿਚ ਛੱਡ ਗਏ ਹਨ। ਸਰਦਾਰ ਸਾਹਿਬ ਆਪਣੇ ਘਰ ਦਿੱਲੀ ਨੂੰ ਛੱਡ ਕੇ ਕੋਈ 5 ਸਾਲ ਪਹਿਲਾਂ ਹੀ ਲਾਹੌਰ ਜਾ ਵੱਸੇ ਸਨ। ਇਨ੍ਹਾਂ ਸਾਲਾਂ ਵਿਚ ਉਨ੍ਹਾਂ ਨੇ ਵਕਾਲਤ ਤੇ ਰਾਜਨੀਤੀ ਵਿਚ ਬਹੁਤ ਮਹਾਨਤਾ ਪਾਈ। ਉਨ੍ਹਾਂ ਦੇ ਸਾਥੋਂ ਵਿਛੜਨ ਦਾ ਸੋਗ ਕਰੀਬ ਸਾਰੇ ਹੀ ਸੂਬੇ ਵਿਚ ਮਨਾਇਆ ਜਾਏਗਾ।"

"ਸਰਦਾਰ ਸਾਹਿਬ ਦੇ ਨਿਵਾਸ ਸਥਾਨ 'ਤੇ ਆਉਣ ਵਾਲਿਆਂ ਵਿਚ ਪ੍ਰਧਾਨ ਮੰਤਰੀ ਦਾ ਪੀ.ਏ., ਚੀਫ਼ ਜਸਟਿਸ ਦਾ ਪੀ.ਏ. ਤੇ ਹੋਰ ਮੰਤਰੀ ਤੇ ਹਾਈਕੋਰਟ ਦੇ ਜੱਜ ਸ਼ਾਮਲ ਸਨ।"

ਚੀਫ਼ ਜਸਟਿਸ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਮਹਿਸੂਸ ਕਰਦਾਂ ਕਿ ਇਸ ਬੰਦੇ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ। ਮੌਤ ਦੇ ਜ਼ਾਲਮ ਹੱਥਾਂ ਨੇ ਉਘਾ, ਮਹਾਨ ਤੇ ਸਫ਼ਲ ਬੰਦਾ ਸਾਥੋਂ ਖੋਹ ਲਿਆ ਹੈ।"

ਇਸ ਸਫੇ ਦੇ ਥੱਲੇ ਸੂਚਨਾ ਦਿੱਤੀ ਜਾਵੇਗੀ।

"ਸਰਦਾਰ ਖ਼ੁਸ਼ਵੰਤ ਸਿੰਘ ਦਾ ਸਸਕਾਰ ਅੱਜ ਸੁਬ੍ਹਾ ਦਸ ਵਜੇ ਕੀਤਾ ਜਾਵੇਗਾ।"

ਇਹ ਸਾਰਾ ਕੁਝ ਸੋਚ ਕੇ ਮੈਨੂੰ ਆਪਣੇ ਅਤੇ ਆਪਣੇ ਮਿੱਤਰਾਂ 'ਤੇ ਰਹਿਮ ਆ ਰਿਹਾ ਹੈ। ਬੜੀ ਮੁਸ਼ਕਿਲ ਨਾਲ ਮੈਂ ਆਪਣੇ ਹੰਝੂ ਜੋ ਮੇਰੀ ਹੀ ਮੌਤ ਦਾ ਸੋਗ ਪਰਗਟ ਕਰਨ ਲਈ ਮੇਰੀਆਂ ਅੱਖਾਂ ਵਿਚ ਆ ਰਹੇ ਹਨ, ਰੋਕਣ ਦੀ ਕੋਸ਼ਿਸ਼ ਕਰਦਾ ਹਾਂ। ਕੁਝ ਮਸਤੀ ਜਿਹੀ ਵੀ ਮਹਿਸੂਸ ਕਰ ਰਿਹਾ ਹਾਂ, ਚਾਹੁੰਦਾ ਵੀ ਹਾਂ ਕਿ ਲੋਕ ਮੇਰਾ ਸੋਗ ਮਨਾਉਣ। ਸੋ, ਹਾਸੇ-ਹਾਸੇ ਵਿਚ ਹੀ ਮੈਂ ਮਰਨ ਦਾ ਫੈਸਲਾ ਕਰ ਲਿਆ। ਸ਼ਾਮੀਂ ਪ੍ਰੈਸ ਨੂੰ ਕਾਫ਼ੀ ਸਮਾਂ ਦੇ ਕੇ ਮੈਂ ਮਰ ਹੀ ਗਿਆ। ਆਪਣੀ ਲਾਸ਼ ਵਿਚੋਂ ਨਿਕਲ ਕੇ ਘਰ ਦੇ ਬਾਹਰ ਸੰਗਮਰਮਰ ਦੀ ਪੌੜੀ 'ਤੇ ਬਹਿ ਕੇ ਮੌਤ ਮਗਰੋਂ ਸ਼ਾਨ ਦਾ ਅਨੰਦ ਮਾਣਨਾ ਸ਼ੁਰੂ ਕਰ ਦਿੰਦਾ ਹਾਂ।

ਸਵੇਰ ਹੁੰਦਿਆਂ ਹੀ ਮੈਂ ਆਪਣੀ ਘਰਵਾਲੀ ਤੋਂ ਪਹਿਲਾਂ ਹੀ ਅਖ਼ਬਾਰ ਚੁੱਕ ਲੈਂਦਾ ਹਾਂ। ਮੈਂ ਥੱਲੇ ਹੋਣ ਕਰ ਕੇ ਉਸ ਵਿਚਾਰੀ ਨੂੰ ਪੇਪਰ ਦੇਖਣ ਦਾ ਕੋਈ ਮੌਕਾ ਹੀ ਨਹੀਂ ਦਿੰਦਾ। ਤੇ ਨਾਲੇ ਉਹ ਵਿਚਾਰੀ ਤਾਂ ਮੇਰੀ ਲਾਸ਼ ਦੇ ਦੁਆਲੇ ਰੋਣ-ਧੋਣ ਵਿਚ ਲੱਗੀ ਹੋਈ ਹੈ। ਵੈਸੇ ਟ੍ਰਿਬਿਊਨ ਨੇ ਤਾਂ ਮੇਰੀ ਕਾਫ਼ੀ ਪੱਤ ਲਾਹੀ ਹੈ। ਉਸ ਨੇ ਤਾਂ ਸਿਰਫ਼ ਮੌਤ ਬਾਰੇ ਖ਼ਬਰਾਂ ਜੋ ਸਫ਼ਾ ਤਿੰਨ ਕਾਲਮ ਨੰਬਰ ਇਕ ਦੇ ਥੱਲੇ ਜਿਹੇ ਹੁੰਦੀਆਂ ਹਨ, ਵਿਚ ਮੇਰੇ ਬਾਬਤ ਨਿੱਕੀ ਜਿਹੀ ਖ਼ਬਰ ਘਸੋੜੀ ਹੋਈ ਹੈ। ਮੈਨੂੰ ਬਹੁਤ ਗੁੱਸਾ ਚੜ੍ਹਦਾ ਹੈ। ਸੋਚਦਾ ਹਾਂ ਕਿ ਇਹ ਜ਼ਰੂਰ 'ਸ਼ਫੀ' ਅਖ਼ਬਾਰ ਦੇ ਨੁਮਾਇੰਦੇ ਦੀ ਹੀ ਕਰਤੂਤ ਹੋਣੀ ਹੈ, ਕਿਉਂਕਿ ਉਹ ਤਾਂ ਮੈਨੂੰ ਕਦੀ ਵੀ ਚੰਗਾ ਨਹੀਂ ਸੀ ਸਮਝਦਾ। ਫਿਰ ਵੀ ਇੱਥੋਂ ਤੱਕ ਤਾਂ ਮੈਨੂੰ ਖਿਆਲ ਨਹੀਂ ਸੀ ਕਿ ਮੇਰੇ ਮਰਨ 'ਤੇ ਵੀ ਉਹ ਮੈਨੂੰ ਮਾੜੀ-ਮੋਟੀ ਵੀ ਮਹੱਤਤਾ ਨਹੀਂ ਦੇਵੇਗਾ। ਖ਼ੈਰ, ਉਹਦੇ ਅਖ਼ਬਾਰ ਦੀ ਇਹ ਖ਼ਬਰ ਪੜ੍ਹ ਕੇ ਜੋ ਸਦਮਾ ਸਾਰੇ ਸੂਬੇ ਵਿਚ ਫੈਲੇਗਾ, ਉਸ ਨੂੰ ਤਾਂ ਉਹ ਰੋਕ ਨਹੀਂ ਸਕਦਾ। ਮੇਰੇ ਮਿੱਤਰ ਆਪੇ ਹੀ ਉਹਦੇ ਨਾਲ ਸਿੱਝ ਲੈਣਗੇ।

ਹਾਈਕੋਰਟ ਦੇ ਲਾਗੇ ਤਾਂ ਅਖ਼ਬਾਰ ਕਾਫ਼ੀ ਜਲਦੀ ਪਹੁੰਚ ਜਾਂਦਾ ਹੈ। ਮੇਰੇ ਵਕੀਲ ਦੋਸਤ ਕਾਦਰ ਦੇ ਘਰ ਤਾਂ ਮੂੰਹ ਹਨ੍ਹੇਰੇ ਹੀ ਆ ਜਾਂਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਕਾਦਰ ਤੇ ਉਹਦਾ ਪਰਿਵਾਰ ਛੇਤੀ ਉਠਣ ਵਾਲਿਆਂ 'ਚੋਂ ਹਨ, ਸਗੋਂ ਉਥੇ ਤਾਂ ਨੌਂ ਵਜੇ ਤੋਂ ਪਹਿਲਾਂ ਕੋਈ ਹਿਲਦਾ ਵੀ ਨਹੀਂ। ਕਾਦਰ ਅਸੂਲੀ ਬੰਦਾ ਹੋਣ ਕਰ ਕੇ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਅਖ਼ਬਾਰ ਜਲਦੀ ਆਉਣਾ ਚਾਹੀਦਾ ਹੈ, ਭਾਵੇਂ ਕੋਈ ਪੜ੍ਹੇ ਜਾਂ ਨਾ।

ਰੋਜ਼ ਵਾਂਗ ਕਾਦਰ ਤੇ ਉਹਦੀ ਪਤਨੀ ਨੌਂ ਵਜੇ ਤੱਕ ਬਿਸਤਰੇ ਵਿਚ ਸਨ। ਕਾਦਰ ਰਾਤ ਕਾਫ਼ੀ ਦੇਰ ਤੱਕ ਕੰਮ ਕਰਦਾ ਰਿਹਾ ਸੀ ਤੇ ਪਤਨੀ ਵੈਸੇ ਹੀ ਸੌਣ ਦੀ ਸ਼ੁਕੀਨ ਸੀ। ਨੌਕਰ ਨਿੰਬੂ ਵਾਲਾ ਗਰਮ ਪਾਣੀ ਤੇ ਅਖ਼ਬਾਰ ਟਰੇਅ ਵਿਚ ਰੱਖ ਕੇ ਲੈ ਆਇਆ। ਕਾਦਰ ਨੇ ਸਿਗਰਟ ਦੇ ਸੂਟਿਆਂ ਨਾਲ ਨਿੰਬੂ ਪਾਣੀ ਪੀ ਲਿਆ, ਇਸ ਤਰ੍ਹਾਂ ਕਰਨ ਨਾਲ ਉਸ ਨੂੰ ਟੱਟੀ ਖੁੱਲ੍ਹ ਕੇ ਆ ਜਾਂਦੀ ਸੀ। ਬਿਸਤਰੇ ਵਿਚ ਬੈਠੇ ਨੇ ਅਜੇ ਤੱਕ ਤਾਂ ਅਖ਼ਬਾਰ ਦੀਆਂ ਸੁਰਖੀਆਂ 'ਤੇ ਹੀ ਨਜ਼ਰ ਮਾਰੀ ਸੀ, ਅਸਲੀ ਅਖ਼ਬਾਰ ਤਾਂ ਉਹ ਉਦੋਂ ਪੜ੍ਹਦਾ ਹੈ ਜਦ ਨਿੰਬੂ ਪਾਣੀ ਤੇ ਸਿਗਰਟ ਆਪਣਾ ਅਸਰ ਦਿਖਾਉਂਦੇ ਹਨ। ਮੇਰੀ ਖੋਟੀ ਕਿਸਮਤ ਦੀ ਜਾਣਕਾਰੀ ਤਾਂ ਅਜੇ ਟੱਟੀ ਵਿਚ ਬੈਠ ਕੇ ਮਿਲਣੀ ਸੀ।

ਥੋੜ੍ਹੀ ਹੀ ਦੇਰ ਬਾਅਦ ਕਾਦਰ ਇਥੋਂ ਹੱਥ ਵਿਚ ਅਖ਼ਬਾਰ ਫੜੀ ਤੇ ਥੱਲੇ ਦੇ ਬੁੱਲ੍ਹ ਵਿਚ ਸਿਗਰਟ ਅੜਾਈ ਗੁਸਲਖਾਨੇ ਵੜਿਆ। ਆਰਾਮ ਨਾਲ ਸੀਟ 'ਤੇ ਬੈਠ ਕੇ ਅਖ਼ਬਾਰ ਜ਼ਰਾ ਵੇਰਵੇ ਨਾਲ ਪੜ੍ਹਨਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਉਹਨੇ ਭਾਰਤ ਸਰਕਾਰ ਵੱਲੋਂ ਬਾਹਰੋਂ ਆਉਣ ਵਾਲੀਆਂ ਵਸਤਾਂ ਦੀ ਇਜਾਜ਼ਤ 'ਤੇ ਰੋਕ ਬਾਰੇ ਪੜ੍ਹਿਆ। ਜਦੋਂ ਹੀ ਉਸ ਦੀ ਨਿਗ੍ਹਾ ਸਫ਼ਾ ਤਿੰਨ ਦੇ ਕਾਲਮ ਨੰਬਰ ਇਕ 'ਤੇ ਪਈ ਤਾਂ ਪਲ ਕੁ ਲਈ ਉਹਦੀ ਸਿਗਰਟ ਛੁੱਟ ਗਈ, ਪਰ ਛੁੱਟੀ ਬਿਲਕੁਲ ਥੋੜ੍ਹੇ ਸਮੇਂ ਲਈ ਹੀ। ਸੋਚਦਾ ਸੀ ਕਿ ਸੀਟ ਤੋਂ ਉਠੇ ਤੇ ਆਪਣੀ ਵਹੁਟੀ ਨੂੰ ਆਵਾਜ਼ ਦੇਵੇ, ਤੇ ਫਿਰ ਆਪੇ ਹੀ ਸੋਚਣ ਲੱਗ ਪਿਆ ਕਿ ਇਸ ਤਰ੍ਹਾਂ ਉੱਚੀ-ਉੱਚੀ ਆਵਾਜ਼ਾਂ ਦੇਣੀਆਂ ਫ਼ਜ਼ੂਲ ਦਾ ਦਿਖਾਵਾ ਹੋਵੇਗਾ। ਕਾਦਰ ਤਾਂ ਬੜੇ ਉਚੇ ਵਿਚਾਰਾਂ ਦਾ ਬੰਦਾ ਸੀ। ਜਦੋਂ ਦਾ ਉਹਦਾ ਵਿਆਹ ਜਜ਼ਬਾਤੀ ਤੇ ਕ੍ਰੋਧੀ ਜ਼ਨਾਨੀ ਨਾਲ ਹੋਇਆ ਸੀ, ਉਦੋਂ ਦਾ ਉਹ ਇਸ ਤਰ੍ਹਾਂ ਦੇ ਖਿਆਲਾਂ ਦਾ ਬਣ ਗਿਆ ਸੀ। ਸੋਚਦਾ ਸੀ ਕਿ ਵਿਚਾਰਾ ਖ਼ੁਸ਼ਵੰਤ ਸਿੰਘ ਮਰ ਤਾਂ ਗਿਆ ਹੈ, ਹੁਣ ਹੋ ਕੀ ਸਕਦਾ ਹੈ? ਉਸ ਨੂੰ ਪਤਾ ਸੀ ਕਿ ਜਦ ਹੀ ਉਸ ਦੀ ਵਹੁਟੀ ਨੂੰ ਪਤਾ ਲੱਗਾ ਤਾਂ ਉਸ ਨੇ ਰੋਣਾ ਸ਼ੁਰੂ ਕਰ ਦੇਣਾ ਹੈ। ਉਹ ਇਸ ਜ਼ਿੰਦਗੀ ਦੀ ਸੱਚਾਈ ਨੂੰ ਵਹੁਟੀ ਕੋਲ ਇਸ ਤਰ੍ਹਾਂ ਹੀ ਦੱਸਣਾ ਚਾਹੁੰਦਾ ਸੀ ਜਿਵੇਂ ਕਿਸੇ ਕੇਸ ਦਾ ਹਾਰਨਾ ਸਹਿ-ਸੁਭਾਅ ਹੀ ਦੱਸ ਰਿਹਾ ਹੋਵੇ।

ਕਾਦਰ ਆਪਣੀ ਪਤਨੀ ਤੋਂ ਭਲੀ-ਭਾਂਤ ਜਾਣੂੰ ਸੀ। ਉਹਨੇ ਤਾਂ ਉਹਨੂੰ ਸਾਧਾਰਨ ਤੌਰ 'ਤੇ ਹੀ ਦੱਸਿਆ, ਫਿਰ ਵੀ ਉਹਨੇ ਰੋਣਾ ਸ਼ੁਰੂ ਕਰ ਦਿੱਤਾ। ਸੁਣ ਕੇ ਉਨ੍ਹਾਂ ਦੀ ਦਸ ਸਾਲ ਦੀ ਲੜਕੀ ਵੀ ਭੱਜੀ-ਭੱਜੀ ਆ ਗਈ। ਉਹਨੇ ਪਲ ਕੁ ਆਪਣੀ ਮਾਂ ਨੂੰ ਕੁਰਲਾਉਂਦਿਆਂ ਤੱਕਿਆ ਤੇ ਫਿਰ ਉਹਨੇ ਵੀ ਮਾਂ ਨਾਲ ਰੋਣਾ ਸ਼ੁਰੂ ਕਰ ਦਿੱਤਾ। ਹੁਣ ਕਾਦਰ ਕੁਝ ਸਖ਼ਤ ਹੋਣਾ ਚਾਹੁੰਦਾ ਸੀ।

"ਇੰਨਾ ਰੌਲਾ ਕਾਹਦੇ ਲਈ ਪਾਇਆ ਏ?" ਕਾਦਰ ਨੇ ਸਖ਼ਤੀ ਨਾਲ ਕਿਹਾ, "ਤੂੰ ਕੀ ਸਮਝਦੀ ਏਂ ਕਿ ਤੂੰ ਉਹਨੂੰ ਵਾਪਸ ਲੈ ਆਵੇਂਗੀ?"

ਉਸ ਦੀ ਵਹੁਟੀ ਨੂੰ ਪਤਾ ਸੀ ਕਿ ਪਤੀ ਨਾਲ ਬਹਿਸ ਕਰਨ ਦਾ ਕੋਈ ਲਾਭ ਨਹੀਂ ਕਿਉਂਕਿ ਉਹ ਤਾਂ ਹਮੇਸ਼ਾ ਬਹਿਸ ਜਿੱਤ ਲੈਂਦਾ ਸੀ। ਕਾਦਰ ਦੀ ਪਤਨੀ ਕਹਿਣ ਲੱਗੀ, "ਮੈਂ ਕਿਹਾ ਜੀ, ਮੇਰਾ ਖਿਆਲ ਏ ਕਿ ਸਾਨੂੰ ਹੁਣੇ ਉਨ੍ਹਾਂ ਦੇ ਘਰ ਜਾਣਾ ਚਾਹੀਦਾ ਏ, ਉਨ੍ਹਾਂ ਦੀ ਪਤਨੀ ਇਸ ਵੇਲੇ ਕਿੰਨੀ ਦੁਖੀ ਹੋਵੇਗੀ।" ਕਾਦਰ ਨੇ ਆਪਣੇ ਮੋਢੇ ਛੰਡੇ। "ਭਲੀਏ ਲੋਕੇ! ਮੈਂ ਇਹ ਨਹੀਂ ਕਰ ਸਕਦਾ। ਮੈਂ ਭਾਵੇਂ ਉਹਦੀ ਪਤਨੀ, ਯਾਨਿ ਵਿਧਵਾ ਨਾਲ ਅਫ਼ਸੋਸ ਕਰਨਾ ਚਾਹੁੰਦਾ ਹਾਂ, ਪਰ ਮੇਰੇ ਸਾਇਲਾਂ ਵੱਲ ਮੇਰਾ ਫ਼ਰਜ਼ ਪਹਿਲਾਂ ਬਣਦਾ ਏ, ਸੁਣਦੀ ਏਂ? ਅੱਧੇ ਘੰਟੇ ਵਿਚ ਮੇਰਾ ਕਚਹਿਰੀ ਪਹੁੰਚਣਾ ਜ਼ਰੂਰੀ ਏ।" ਕਾਦਰ ਸਾਰਾ ਦਿਨ ਹੀ ਕਚਹਿਰੀ ਰਿਹਾ ਤੇ ਉਹ ਦੀ ਪਤਨੀ ਘਰ।

ਸ਼ਹਿਰ ਦੇ ਵੱਡੇ ਪਾਰਕ ਤੋਂ ਥੋੜ੍ਹੀ ਹੀ ਦੂਰ ਇਕ ਹੋਰ ਮਿੱਤਰ ਖੋਸਲਾ ਰਹਿੰਦਾ ਹੈ। ਉਹ, ਉਹਦੀ ਪਤਨੀ, ਤਿੰਨ ਮੁੰਡੇ ਤੇ ਇਕ ਕੁੜੀ ਪੌਸ਼ ਇਲਾਕੇ ਵਿਚ ਰਹਿੰਦੇ ਹਨ। ਉਹ ਜੱਜ ਹੋਣ ਕਰ ਕੇ ਵੱਡੇ ਵੱਡੇ ਅਫ਼ਸਰਾਂ ਵਿਚੋਂ ਮੰਨਿਆ ਜਾਂਦਾ ਹੈ।

ਖੋਸਲਾ ਸਵਖਤੇ ਉਠਣ ਵਾਲਿਆਂ 'ਚੋਂ ਹੈ। ਉਹ ਤਾਂ ਇਸ ਲਈ ਵੀ ਸਵੇਰੇ-ਸਵੇਰੇ ਉਠਦਾ ਹੈ ਕਿ ਇਸ ਸਮੇਂ ਨੂੰ ਉਹ ਆਪਣਾ ਸਮਾਂ ਸਮਝਦਾ ਹੈ। ਸਾਰਾ ਦਿਨ ਤਾਂ ਕਚਹਿਰੀ ਵਿਚ ਲੰਘ ਜਾਂਦਾ ਹੈ। ਸ਼ਾਮ ਨੂੰ ਬੱਚਿਆਂ ਨਾਲ ਟੈਨਿਸ ਖੇਡਦਾ ਹੈ, ਤਾਂ ਕੁਝ ਸਮਾਂ ਆਪਣੀ ਪਤਨੀ ਨਾਲ ਰੌਲਾ-ਰੱਪਾ ਪਾਉਣ ਵਿਚ ਲੰਘਾਉਂਦਾ ਹੈ। ਘਰ ਵਿਚ ਲੋਕਾਂ ਦੀ ਆਵਾਜਾਈ ਵੀ ਬਹੁਤ ਹੈ। ਉਹ ਇਸ ਲਈ ਕਿ ਉਹ ਹਰਮਨ-ਪਿਆਰਾ ਵੀ ਬਹੁਤ ਹੈ ਤੇ ਆਪਣੀ ਸ਼ੁਹਰਤ ਨੂੰ ਮਾਣਦਾ ਵੀ ਜ਼ਿਆਦਾ ਹੈ। ਖੋਸਲਾ ਜ਼ਰਾ ਉਚੀ ਸ਼ਾਨ ਦਾ ਵੀ ਚਾਹਵਾਨ ਹੈ। ਛੋਟੇ ਹੁੰਦਿਆਂ ਤੋਂ ਹੀ ਆਪਣੇ ਆਪ ਨੂੰ ਚੁਸਤ ਸਮਝਦਾ ਹੈ। ਜਵਾਨੀ ਵਿਚ ਹੀ ਉਹਦੇ ਵਾਲ ਝੜਨ ਕਰਕੇ ਉਹਦਾ ਮੱਥਾ ਬਹੁਤ ਚੌੜਾ ਤੇ ਗੰਜਾ ਹੋਇਆ ਹੋਇਆ ਹੈ। ਇਸ ਸਾਰੀ ਬਣਤਰ ਨੂੰ ਉਹਨੇ ਕੁਦਰਤ ਦੀ ਖੇਡ ਸਮਝਿਆ ਹੋਇਆ ਸੀ। ਉਹ ਆਪਣੀ ਯੋਗਤਾ ਨੂੰ ਇਸੇ ਦਾ ਨਤੀਜਾ ਸਮਝਦਾ ਹੈ। ਜਦ ਵੀ ਉਹ ਸ਼ੀਸ਼ਾ ਦੇਖਦਾ ਤਾਂ ਉਹਦਾ ਖਿਆਲ ਹੋਰ ਵੀ ਪੱਕਾ ਹੋ ਜਾਂਦਾ ਕਿ ਸ਼ਾਇਦ ਇਸੇ ਦੀ ਬਦੌਲਤ ਉਹ ਇੰਨਾ ਵੱਡਾ ਬੰਦਾ ਬਣਿਆ ਹੋਇਆ ਹੈ। ਆਪਣੀ ਪੜ੍ਹਾਈ ਦੌਰਾਨ ਉਹਨੇ ਕਈ ਵਜ਼ੀਫੇ ਪ੍ਰਾਪਤ ਕੀਤੇ ਸਨ ਤੇ ਫਿਰ ਉਹ ਸਿਵਲ ਸਰਵਿਸ ਇਮਤਿਹਾਨ ਵਿਚ ਪਹਿਲੇ ਨੰਬਰ 'ਤੇ ਆਇਆ ਸੀ। ਉਹਨੇ ਮੁਲਕ ਦੇ ਇੰਨੇ ਮੁਸ਼ਕਿਲ ਮੁਕਾਬਲੇ ਦੇ ਇਮਤਿਹਾਨ ਵਿਚ ਸ਼ੁਹਰਤ ਪਾ ਕੇ ਆਪਣਾ ਵਿਸ਼ਵਾਸ ਸਿੱਧ ਕਰ ਦਿੱਤਾ ਸੀ। ਕੁਝ ਵਰ੍ਹਿਆਂ ਤੱਕ ਤਾਂ ਉਸ ਨੇ ਇਹੋ ਜਿਹਾ ਸਬਰ ਤੇ ਸੰਤੋਖ ਵਾਲਾ ਜੀਵਨ ਬਿਤਾਇਆ ਤੇ ਆਪਣੇ ਆਪ ਨੂੰ ਇਹ ਯਕੀਨ ਦਿਵਾਇਆ ਕਿ ਕਾਮਯਾਬੀ ਸਿਰਫ਼ ਇਸੇ ਦਾ ਹੀ ਨਾਮ ਹੈ।

ਹੋਰ ਕੁਝ ਵਰ੍ਹਿਆਂ ਬਾਅਦ ਇਹ ਸੰਤੁਸ਼ਟੀ ਖ਼ਤਮ ਹੋਣੀ ਸ਼ੁਰੂ ਹੋ ਗਈ। ਜਦ ਉਹ ਆਪਣੇ ਸਿਰ ਦੇ ਥੋੜ੍ਹੇ ਜਿਹੇ ਪਿਛਲੇ ਵਾਲਾਂ ਨੂੰ ਠੀਕ ਕਰਦਾ ਤਾਂ ਸਹਿਜੇ ਹੀ ਉਹਦਾ ਹੱਥ ਆਪਣੇ ਗੰਜ ਵੱਲ ਚਲਾ ਜਾਂਦਾ ਜਿਸ ਨਾਲ ਉਹਨੂੰ ਆਪਣੀਆਂ ਨਾ-ਪ੍ਰਾਪਤ ਖ਼ੁਸ਼ੀਆਂ ਯਾਦ ਆ ਜਾਂਦੀਆਂ। ਇਹੋ ਜਿਹੇ ਸੈਂਕੜੇ ਅਫ਼ਸਰ ਉਹਦੇ ਵਰਗੀ ਕਾਮਯਾਬੀ ਮਾਣਦੇ ਉਹਨੂੰ ਦਿਖਾਈ ਦੇਣ ਲੱਗ ਪੈਂਦੇ। ਹੁਣ ਇਹ ਅਫ਼ਸਰੀ ਉਹਦੇ ਲਈ ਕਾਫ਼ੀ ਨਹੀਂ ਸੀ। ਉਹਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਉਹ ਕੋਈ ਹੋਰ ਕੰਮ ਕਰੇਗਾ। ਉਹ ਕੁਝ ਲਿਖਣ ਦੇ ਕਾਬਿਲ ਹੈ, ਜੋ ਉਹਦੇ ਵੱਡੇ ਸਾਰੇ ਸਿਰ ਤੋਂ ਹੀ ਪਤਾ ਲੱਗਦਾ ਸੀ। ਸੋ, ਖੋਸਲੇ ਨੇ ਲਿਖਣਾ ਸ਼ੁਰੂ ਕਰ ਦਿੱਤਾ। ਚੰਗਾ ਲਿਖਣ ਲਈ ਉਹਨੇ ਪੜ੍ਹਨਾ ਵੀ ਸ਼ੁਰੂ ਕਰ ਦਿੱਤਾ। ਉਹਨੇ ਬਹੁਤ ਵੱਡੀ ਲਾਇਬਰੇਰੀ ਬਣਾ ਲਈ ਅਤੇ ਕੰਮ 'ਤੇ ਜਾਣ ਤੋਂ ਪਹਿਲਾਂ ਕਈ ਘੰਟੇ ਉਹ ਉਥੇ ਗੁਜ਼ਾਰਨ ਲੱਗ ਪਿਆ।

ਅੱਜ ਸਵੇਰੇ ਖੋਸਲੇ ਦਾ ਮੂਡ ਕੁਝ ਲਿਖਣ ਦਾ ਸੀ। ਉਹਨੇ ਆਪੇ ਹੀ ਚਾਹ ਬਣਾਈ ਤੇ ਬਿਜਲੀ ਦੀ ਰੌਸ਼ਨੀ ਥੱਲੇ ਆਰਾਮ ਕੁਰਸੀ 'ਤੇ ਬੈਠ ਗਿਆ। ਉਹਨੇ ਪੈਨਸਿਲ ਮੂੰਹ ਵਿਚ ਅੜਾਈ ਤੇ ਥੋੜ੍ਹਾ ਅੰਤਰ-ਧਿਆਨ ਹੋ ਗਿਆ। ਇਸ ਵੇਲੇ ਤੱਕ ਉਹ ਲਿਖਣ ਲਈ ਕੁਝ ਵੀ ਨਾ ਸੋਚ ਸਕਿਆ। ਸੋ, ਸਭ ਤੋਂ ਪਹਿਲਾਂ ਉਹਨੇ ਰੋਜ਼ਾਨਾ ਡਾਇਰੀ ਹੀ ਲਿਖਣੀ ਚਾਹੀ। ਕੱਲ੍ਹ ਦਾ ਦਿਨ ਉਹਨੇ ਬੜਾ ਮਹੱਤਵਪੂਰਨ ਕੇਸ ਸੁਣਨ ਵਿਚ ਗੁਜ਼ਾਰਿਆ ਸੀ। ਹੋ ਸਕਦਾ ਸੀ ਕਿ ਕਈ ਦਿਨ ਇਸੇ ਤਰ੍ਹਾਂ ਹੀ ਬੀਤਣ। ਕਚਹਿਰੀ ਦਾ ਕਮਰਾ ਖਚਾ-ਖਚ ਭਰਿਆ ਹੋਇਆ ਸੀ ਤੇ ਸਭ ਲੋਕ ਉਹਦੇ ਵੱਲ ਹੀ ਤੱਕ ਰਹੇ ਸਨ। ਇਨ੍ਹਾਂ ਹੀ ਖਿਆਲਾਂ ਵਿਚ ਉਹਨੂੰ ਜਾਪਿਆ ਕਿ ਇਸੇ ਹੀ ਮਜ਼ਮੂਨ 'ਤੇ ਲਿਖਿਆ ਜਾ ਸਕਦਾ ਹੈ। ਸੋ, ਉਹਨੇ ਲਿਖਣਾ ਸ਼ੁਰੂ ਕੀਤਾ।

ਇੰਨੇ ਨੂੰ ਨੌਕਰ ਨੇ ਦਰਵਾਜ਼ਾ ਖੜਕਾ ਕੇ ਉਹਦੀ ਬਿਰਤੀ ਉਖਾੜ ਦਿੱਤੀ। ਨੌਕਰ ਅਖ਼ਬਾਰ ਦੇਣ ਆਇਆ ਸੀ, ਝੱਟ ਹੀ ਉਹਨੇ ਦੁਨੀਆਂ ਦੀ ਇਸ ਝੂਠੀ ਹੋਂਦ ਦੀ ਸੱਚਾਈ ਦੀਆਂ ਖ਼ਬਰਾਂ ਪੜ੍ਹਨ ਲਈ ਅਖ਼ਬਾਰ ਦੇ ਵਰਕੇ ਉਲਟਾਏ। ਖੋਸਲਾ ਕੌਮੀ, ਕੌਮਾਂਤਰੀ ਖ਼ਬਰਾਂ ਦਾ ਇੰਨਾ ਸ਼ੁਕੀਨ ਨਹੀਂ ਸੀ ਜਿੰਨਾ ਵਿਆਹ-ਸ਼ਾਦੀਆਂ ਜਾਂ ਮਰਨ-ਜੰਮਣ ਦੇ ਹਵਾਲਿਆਂ ਦਾ। ਸੋ, ਉਹਨੇ ਸਭ ਤੋਂ ਪਹਿਲਾਂ ਸਫ਼ਾ 3, ਕਾਲਮ ਨੰਬਰ 1 ਪੜ੍ਹਨਾ ਚਾਹਿਆ। ਇਹ ਕਾਲਮ ਤੱਕਦੇ ਸਾਰ ਹੀ ਉਹ ਚੁਕੰਨਾ ਹੋ ਗਿਆ। ਉਹਨੇ ਆਪਣੀ ਪੈਨਸਿਲ ਨਾਲ ਨੋਟ ਬੁੱਕ ਠਕੋਰੀ ਤੇ ਖੰਘਦਿਆਂ-ਖੰਘਦਿਆਂ ਆਪਣੀ ਪਤਨੀ ਨੂੰ ਖ਼ਬਰ ਦਿੱਤੀ। ਉਹਨੇ ਉਬਾਸੀ ਲੈਂਦਿਆਂ ਮਦਹੋਸ਼ ਅੱਖਾਂ ਖੋਲ੍ਹ ਕੇ ਕਹਿਣਾ ਸ਼ੁਰੂ ਕੀਤਾ, "ਮੈਂ ਕਿਹਾ, ਤੁਸੀਂ ਤਾਂ ਅੱਜ ਹਾਈਕਰਟ ਬੰਦ ਕਰੋਗੇ ਨਾ?"

"ਹਾਈਕੋਰਟ ਇਹੋ ਜਿਹੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਬੰਦ ਨਹੀਂ ਹੋ ਸਕਦੀ। ਮੈਂ ਤਾਂ ਜਾਣਾ ਈ ਏ, ਹਾਂ! ਜੇ ਵਕਤ ਲੱਗਾ ਤਾਂ ਰਸਤੇ 'ਚੋਂ ਗੇੜਾ ਮਾਰਦਾ ਜਾਊਂਗਾ, ਜਾਂ ਫਿਰ ਐਤਵਾਰ ਚਲੇ ਚੱਲਾਂਗੇ।"

ਖੋਸਲਾ ਤੇ ਉਹਦੀ ਪਤਨੀ ਵੀ ਨਾ ਆਏ ਤੇ ਉਨ੍ਹਾਂ ਦੋਸਤਾਂ ਵਿਚੋਂ ਵੀ ਕੋਈ ਨਾ ਪਹੁੰਚਿਆ ਜਿਨ੍ਹਾਂ ਵੱਲੋਂ ਆਪਣੇ ਮਰਨ 'ਤੇ ਮੈਂ ਆਪ ਹੀ ਅਫ਼ਸੋਸ ਵਿਚ ਸਾਂ। ਦਸ ਵਜੇ ਥੋੜ੍ਹੇ ਜਿਹੇ ਲੋਕ ਮੇਰੇ ਫਲੈਟ ਦੇ ਥੱਲੇ ਖਾਲੀ ਜਗ੍ਹਾ 'ਤੇ ਇਕੱਠੇ ਹੋ ਗਏ। ਇਹ ਜ਼ਿਆਦਾਤਰ ਉਹ ਲੋਕ ਸਨ ਜਿਨ੍ਹਾਂ ਦੀ ਸਗੋਂ ਉਮੀਦ ਨਹੀਂ ਸੀ। ਕੁਝ ਤਾਂ ਵਕੀਲ ਆਪਣੀ ਕਚਹਿਰੀ ਵਾਲੀ ਪੁਸ਼ਾਕ ਵਿਚ ਹੀ, ਤੇ ਕੁਝ ਗਿਣਤੀ ਦੇ ਲੋਕ ਤਮਾਸ਼ਾ ਦੇਖਣ ਵਾਲੇ ਖੜ੍ਹੇ ਸਨ। ਦੋ ਹੋਰ ਦੋਸਤ ਆ ਗਏ, ਪਰ ਜ਼ਰਾ ਪਰ੍ਹਾਂ ਹੀ ਖੜ੍ਹੇ ਰਹੇ। ਇਕ ਤਾਂ ਪਤਲਾ ਤੇ ਲੰਮਾ ਸੀ ਜੋ ਦੇਖਣ ਵਿਚ ਆਰਟਿਸਟ ਲੱਗਦਾ ਸੀ। ਇਕ ਹੱਥ ਨਾਲ ਉਹ ਆਪਣੀ ਸਿਗਰਟ ਵਾਰ-ਵਾਰ ਸੰਵਾਰ ਰਿਹਾ ਸੀ ਤੇ ਦੂਜੇ ਹੱਥ ਨਾਲ ਘੜੀ-ਮੁੜੀ ਆਪਣੇ ਲੰਮੇ ਵਾਲ ਮੱਥੇ ਤੋਂ ਪਰ੍ਹਾਂ ਹਟਾ ਰਿਹਾ ਸੀ। ਉਹ ਲਿਖਾਰੀ ਸੀ ਜੋ ਇਹੋ ਜਿਹੀ ਮੰਜ਼ਲ ਨਾਲ ਜਾਣ ਵਿਚ ਯਕੀਨ ਨਹੀਂ ਸੀ ਰੱਖਦਾ, ਪਰ ਕਈ ਵਾਰੀ ਕਿਸੇ ਫ਼ਰਜ਼ ਕਰ ਕੇ ਹੀ ਕੁਝ ਦੇਰ ਰੁਕਣਾ ਪੈਂਦਾ ਹੈ। ਉਹਨੂੰ ਤਾਂ ਇਹ ਸਭ ਕੁਝ ਬੁਰਾ ਹੀ ਜਾਪ ਰਿਹਾ ਸੀ ਤੇ ਉਹ ਲਗਾਤਾਰ ਸਿਗਰਟ ਪੀਵੀ ਜਾ ਰਿਹਾ ਸੀ। ਅਰਥੀ ਉਹਨੂੰ ਛੂਤ ਵਾਲੀ ਚੀਜ਼ ਲੱਗਣ ਕਰ ਕੇ ਉਹ ਸਿਗਰਟ ਦਾ ਧੂੰਆਂ ਦੀਵਾਰ ਬਣਾ-ਬਣਾ ਕੇ ਆਪਣੇ ਆਪ ਨੂੰ ਬਾਕੀ ਦੁਨੀਆਂ ਤੋਂ ਅਲਹਿਦਾ ਕਰ ਰਿਹਾ ਸੀ।

ਦੂਜਾ ਮਿੱਤਰ ਜੋ ਬਣਤਰ ਵਿਚ ਛੋਟਾ, ਹਲਕਾ-ਫੁਲਕਾ, ਘੁੰਗਰਾਲੇ ਵਾਲਾਂ ਵਾਲਾ ਤੇ ਖੋਜੀ ਨਜ਼ਰ ਵਾਲਾ ਦਿਖਾਈ ਦਿੰਦਾ ਸੀ, ਕਮਿਊਨਿਸਟ ਸੀ। ਉਹਦੇ ਗੁਸੈਲੇ ਚਿਹਰੇ ਦੀ ਨੁਹਾਰ ਨੇ ਅਗਨੀ ਦੇਵਤਾ ਨੂੰ ਵੀ ਪਿੱਛੇ ਛੱਡਿਆ ਹੋਇਆ ਸੀ। ਉਹਦੀ ਤਾਂ ਹਰ ਗੱਲ ਦੀ ਜਾਂਚ ਮਾਰਕਸਵਾਦੀ ਸੀ ਜਿਸ ਵਿਚ ਜਜ਼ਬਾਤ ਦੀ ਕੋਈ ਥਾਂ ਨਾ ਹੋਵੇ। ਮੌਤਾਂ ਉਹਦੇ ਵਾਸਤੇ ਮਹੱਤਤਾ ਨਹੀਂ ਸਨ ਰੱਖਦੀਆਂ। ਉਹ ਤਾਂ ਕਾਰਨ ਨੂੰ ਮੁੱਖ ਸਮਝਦਾ ਸੀ। ਝੱਟ ਹੀ ਉਹਨੇ ਹੌਲੀ ਜਿਹੀ ਲਿਖਾਰੀ ਦੀ ਸਲਾਹ ਲਈ, "ਯਾਰ! ਤੂੰ ਕਿਥੋਂ ਤੱਕ ਜਾ ਰਿਹਾ ਏਂ।"

"ਬਈ ਮੇਰਾ ਤਾਂ ਕਾਫੀ ਹਾਊਸ ਤੱਕ ਹੀ ਜਾਣ ਦਾ ਵਿਚਾਰ ਏ। ਤੂੰ ਅਖੀਰ ਤੱਕ ਜਾਵੇਂਗਾ?" ਦੂਜੇ ਨੇ ਉਤਰ ਦਿੱਤਾ, "ਯਾਰ ਕੀ ਫਰਕ ਪੈਂਦਾ ਏ।" ਕਮਿਊਨਿਸਟ ਨੇ ਜ਼ੋਰ ਦਿੰਦੇ ਹੋਏ ਕਿਹਾ, "ਅਸਲ ਵਿਚ ਦਸ ਵਜੇ ਮੈਂ ਕਿਸੇ ਮੀਟਿੰਗ ਵਿਚ ਪਹੁੰਚਣਾ ਏ, ਸੋਚਿਆ ਸੀ ਸਾਢੇ ਨੌਂ ਤੱਕ ਇੱਥੋਂ ਫ਼ਾਰਗ ਹੋ ਜਾਵਾਂਗਾ, ਪਰ ਯਾਰ ਤੂੰ ਜਾਣਦਾ ਈ ਏਂ, ਸਾਡੇ ਲੋਕਾਂ ਨੂੰ ਵਕਤ ਦੀ ਤਾਂ ਕਦਰ ਹੀ ਨਹੀਂ। ਅੱਛਾ ਹੁਣ ਮੈਂ ਆਪਣੀ ਪਾਰਟੀ ਦੇ ਦਫ਼ਤਰ ਚਲਦਾ ਹਾਂ ਤੇ ਸਾਢੇ ਯਾਰਾਂ ਵਜੇ ਮੈਂ ਤੈਨੂੰ ਕਾਫ਼ੀ ਹਾਊਸ ਹੀ ਮਿਲਾਂਗਾ। ਹਾਂ ਸੱਚ! ਜੇ ਤੈਨੂੰ ਮੌਕਾ ਲੱਗੇ ਤਾਂ ਜ਼ਰਾ ਲਾਸ਼ ਵਾਲੀ ਗੱਡੀ ਦੇ ਡਰਾਈਵਰ ਨੂੰ ਪੁੱਛ ਵੇਖੀਂ ਕਿ ਉਹ ਟਾਂਗੇ ਵਾਲੀ ਯੂਨੀਅਨ ਦਾ ਮੈਂਬਰ ਬਣਿਆ ਹੋਇਆ ਹੈ ਕਿ ਨਹੀਂ?" ਤੇ ਇਸ ਤਰ੍ਹਾਂ ਕਹਿ ਕੇ ਉਹ ਚਲਾ ਗਿਆ।

ਥੋੜ੍ਹੀ ਦੇਰ ਬਾਅਦ ਲਾਸ਼ ਲਿਜਾਣ ਵਾਲੀ ਗੱਡੀ ਜਿਸ ਨੂੰ ਸੁੱਕਾ ਜਿਹਾ ਭੂਰੇ ਰੰਗ ਦਾ ਘੋੜਾ ਖਿੱਚ ਰਿਹਾ ਸੀ, ਮੇਰੇ ਬੂਹੇ ਅੱਗੇ ਆ ਕੇ ਖੜ੍ਹੀ ਹੋ ਗਈ। ਘੋੜਾ ਤੇ ਉਹਦਾ ਕੋਚਵਾਨ ਮੌਕੇ ਦੀ ਗੰਭੀਰਤਾ ਤੋਂ ਬਿਲਕੁਲ ਅਵੇਸਲੇ ਸਨ। ਕੋਚਵਾਨ ਬੜੇ ਆਰਾਮ ਨਾਲ ਮੂੰਹ ਵਿਚ ਪਾਨ ਚਬਾਉਂਦਾ ਲੋਕਾਂ ਵੱਲ ਤੱਕ ਰਿਹਾ ਸੀ। ਉਹ ਤਾਂ ਸਗੋਂ ਸੋਚ ਰਿਹਾ ਸੀ ਕਿ ਇਸ ਮੌਕੇ 'ਤੇ ਕੁਝ ਦੱਖਣਾ ਮਿਲੇਗੀ ਕਿ ਨਹੀਂ। ਘੋੜੇ ਨੇ ਮੂਤਣਾ ਸ਼ੁਰੂ ਕਰ ਦਿੱਤਾ ਤੇ ਲੋਕ ਪੱਕੇ ਫ਼ਰਸ਼ 'ਤੇ ਡਿਗਦੇ ਪਿਸ਼ਾਬ ਦੀਆਂ ਛਿੱਟਾਂ ਤੋਂ ਡਰਦੇ ਇਧਰ-ਉਧਰ ਖਿਸਕਣ ਲੱਗੇ।

ਲੋਕਾਂ ਨੂੰ ਹੁਣ ਬਹੁਤੀ ਉਡੀਕ ਨਾ ਕਰਨੀ ਪਈ। ਮੇਰੀ ਲਾਸ਼ ਚਿੱਟੀ ਚਾਦਰ ਵਿਚ ਬੰਨ੍ਹ ਕੇ ਥੱਲੇ ਲਿਆਂਦੀ ਗਈ, ਤੇ ਗੱਡੀ ਵਿਚ ਰੱਖ ਦਿੱਤੀ। ਥੋੜ੍ਹੇ ਜਿਹੇ ਫੁੱਲ ਮੇਰੇ ਉਤੇ ਸੁੱਟ ਕੇ ਰਵਾਇਤ

(ਅਗਲੇ ਸਫੇ 'ਤੇ ਜਾਰੀ)



ਖ਼ੁਸ਼ਵੰਤ ਸਿੰਘ ਦੇ ਪੁੱਤਰ ਰਾਹੁਲ ਸਿੰਘ ਨਾਲ ਦੁੱਖ ਸਾਂਝਾ ਕਰ ਰਹੇ ਸਨੇਹੀ

# ਮਰਨ ਉਪਰੰਤ ਸ਼ਰਧਾਂਜਲੀਆਂ

*(ਪਿਛਲੇ ਸਫੇ ਤੋਂ ਜਾਰੀ)*

ਜਿਹੀ ਕੀਤੀ ਗਈ। ਤੇ ਇਸ ਤਰ੍ਹਾਂ ਮੇਰਾ ਜਨਾਜ਼ਾ ਨਿਕਲਣ ਦੀ ਪੂਰੀ ਤਿਆਰੀ ਹੋ ਗਈ।

ਅਜੇ ਅਸੀਂ ਤੁਰੇ ਹੀ ਸਾਂ, ਇਕ ਹੋਰ ਦੋਸਤ ਆਪਣੇ ਸਾਈਕਲ 'ਤੇ ਪਹੁੰਚ ਗਿਆ। ਉਹ ਕੁਝ ਕਾਲਾ ਤੇ ਮੋਟਾ ਜਿਹਾ ਸੀ। ਉਹਦੇ ਸਾਈਕਲ ਦੇ ਕੈਰੀਅਰ ਉਤੇ ਬਹੁਤ ਸਾਰੀਆਂ ਕਿਤਾਬਾਂ ਹੋਣ ਕਰ ਕੇ ਕੁਝ ਵਿਦਵਾਨ ਤੇ ਗੰਭੀਰ ਜਿਹਾ ਪ੍ਰੋਫੈਸਰ ਜਾਪਦਾ ਸੀ। ਗੱਡੀ ਵਿਚ ਪਈ ਮੇਰੀ ਲਾਸ਼ ਦੇਖਦੇ ਸਾਰ ਉਹ ਆਪਣੇ ਸਾਈਕਲ ਤੋਂ ਉਤਰ ਗਿਆ। ਉਹਨੂੰ ਮਰਿਆਂ ਵਾਸਤੇ ਖਾਸ ਹੀ ਆਦਰ ਤੇ ਸਤਿਕਾਰ ਸੀ, ਤੇ ਜਿਸ ਨੂੰ ਉਹ ਜ਼ਾਹਿਰ ਕਰਨ ਤੋਂ ਰਹਿ ਵੀ ਨਹੀਂ ਸੀ ਸਕਦਾ। ਪ੍ਰੋਫੈਸਰ ਨੇ ਆਪਣਾ ਸਾਈਕਲ ਹਾਲ ਵਿਚ ਰੱਖ ਕੇ ਚੇਨ ਲਗਾ ਦਿੱਤੀ ਤੇ ਭੀੜ ਵਿਚ ਸ਼ਾਮਲ ਹੋ ਗਿਆ। ਜਦ ਮੇਰੀ ਪਤਨੀ ਅੰਤਮ ਵਿਦਾਈ ਲਈ ਥੱਲੇ ਉਤਰੀ ਤਾਂ ਉਹ ਆਪ ਵੀ ਡੋਲ ਗਿਆ। ਆਪਣੀ ਜੇਬ ਵਿਚੋਂ ਕਿਤਾਬ ਕੱਢ ਕੇ ਬੜੀ ਸੋਚ ਵਿਚਾਰ ਨਾਲ ਪਤਰੇ ਉਲਟਾਉਂਦੇ ਹੋਏ ਨੇ ਅੱਖਾਂ ਭਰ ਕੇ ਮੇਰੀ ਪਤਨੀ ਨੂੰ ਦੇ ਦਿੱਤੀ।

"ਮੈਂ ਤੁਹਾਡੇ ਲਈ 'ਗੀਤਾ' ਲੈ ਕੇ ਆਇਆ ਹਾਂ। ਇਹ ਕਿਤਾਬ ਤੁਹਾਨੂੰ ਸ਼ਾਂਤੀ ਦੇਵੇਗੀ।"

ਆਪਣੇ ਜਜ਼ਬਾਤ ਦਬਾਉਣ ਲਈ ਉਹ ਪਿੱਛੇ ਹੋ ਕੇ ਅੱਖਾਂ ਪੂੰਝਣ ਲੱਗ ਪਿਆ।

"ਇਹੀ ਸਿਰਫ਼ ਇਨਸਾਨ ਦੀ ਹੋਂਦ ਦਾ ਹਸ਼ਰ ਹੈ, ਇਹੀ ਤਾਂ ਜ਼ਿੰਦਗੀ ਦੀ ਸੱਚਾਈ ਹੈ।"

ਇਹ ਉਹਨੇ ਹਉਕੇ ਲੈਂਦਿਆਂ ਆਪਣੇ ਆਪ ਨੂੰ ਕਿਹਾ।

ਉਹ ਬੜੇ ਉਚੇ ਵਿਚਾਰਾਂ ਵਿਚ ਵਿਸ਼ਵਾਸ ਰੱਖਦਾ ਸੀ। ਸੋਚਦਾ ਸੀ ਕਿ ਉਚਤਾ ਤੇ ਸਾਦਗੀ ਨਾਲ ਹੀ ਗੰਭੀਰਤਾ ਹੁੰਦੀ ਹੈ ਤੇ ਮੌਲਿਕ ਵਿਚਾਰਾਂ ਵਾਲੀ ਤਾਜ਼ਗੀ ਤੇ ਤਾਕਤ।

ਪ੍ਰੋਫੈਸਰ ਫਿਰ ਆਪਣੇ-ਆਪ ਕਹਿ ਉਠਿਆ, "ਜੀਵਨ ਬੁਲਬੁਲੇ ਦੀ ਨਿਆਈਂ ਹੈ ਜੋ ਸਿਰਫ਼ ਛਿਣ ਭਰ ਲਈ ਹੁੰਦਾ ਹੈ, ਪਰ ਮਰ ਕੇ ਕੋਈ ਖ਼ਤਮ ਨਹੀਂ ਹੁੰਦਾ। ਮਾਦਾ ਨਾਸ਼ਵੰਤ ਨਹੀਂ, ਇਹ ਸਿਰਫ਼ ਰੂਪ ਹੀ ਬਦਲਦਾ ਹੈ। 'ਗੀਤਾ' ਵਿਚ ਕਿੰਨੀ ਸੋਹਣੀ ਤਰ੍ਹਾਂ ਕਿਹਾ ਹੈ, "ਜਿਸ ਤਰ੍ਹਾਂ ਇਨਸਾਨ ਪੁਰਾਣੇ ਕੱਪੜੇ ਲਾਹ ਕੇ ਨਵੇਂ ਪਾਉਂਦਾ ਹੈ, ਉਸੇ ਤਰ੍ਹਾਂ ਰੂਹ ਵੀ ਆਪਣਾ ਚੋਲਾ ਬਦਲਦੀ ਹੈ", ਆਦਿ।

ਪ੍ਰੋਫੈਸਰ ਆਪਣੇ ਵਿਚਾਰਾਂ ਵਿਚ ਲੀਨ ਸੀ। ਉਹ ਸੋਚ ਰਿਹਾ ਸੀ ਕਿ ਉਹਦੇ ਦੋਸਤ ਨੇ ਕਿਹੜੇ ਨਵੇਂ ਰੂਪ ਦਾ ਚੋਲਾ ਪਾ ਲਿਆ ਹੋਵੇਗਾ।

ਉਹਦੀਆਂ ਟੰਗਾਂ ਵਿਚ ਕੁਝ ਕੁ ਹੋਈ ਹਰਕਤ ਨੇ ਉਹਦੇ ਖਿਆਲਾਂ ਦੀ ਲੜੀ ਤੋੜ ਦਿੱਤੀ। ਛੋਟਾ ਜਿਹਾ ਕੁੱਤਾ ਉਹਦੀ ਪੈਂਟ ਚੱਟ ਰਿਹਾ ਸੀ ਤੇ ਉਪਰ ਮੂੰਹ ਕਰ ਕੇ ਪ੍ਰੋਫੈਸਰ ਵੱਲ ਦੇਖ ਰਿਹਾ ਸੀ। ਪ੍ਰੋਫੈਸਰ ਮਿਹਰਬਾਨ ਆਦਮੀ ਸੀ। ਉਹਨੇ ਨੀਵਾਂ ਹੋ ਕੇ ਕੁੱਤੇ ਨਾਲ ਪਿਆਰ ਕੀਤਾ ਤੇ ਆਪਣਾ ਹੱਥ ਕੁੱਤੇ ਦੇ ਚੱਟਣ ਲਈ ਅੱਗੇ ਕਰ ਦਿੱਤਾ।

ਪ੍ਰੋਫੈਸਰ ਦਾ ਧਿਆਨ ਇਧਰ-ਉਧਰ ਘੁੰਮ ਰਿਹਾ ਸੀ। ਉਹਨੇ ਕੁਝ ਬੇਚੈਨੀ ਮਹਿਸੂਸ ਕੀਤੀ। ਉਹਨੇ ਲਾਸ਼ ਵੱਲ ਤੱਕ ਕੇ ਤੇ ਫਿਰ ਉਸ ਫਰ ਵਾਲੇ ਕੁੱਤੇ ਵੱਲ ਦੇਖਿਆ। ਉਹਨੂੰ ਵੀ ਉਹ ਰੱਬ ਦੀ ਕਰਾਮਾਤ ਦਾ ਅੰਗ ਹੀ ਸਮਝਦਾ ਸੀ।

"ਜਿਸ ਤਰ੍ਹਾਂ ਇਨਸਾਨ ਪੁਰਾਣੇ ਕੱਪੜੇ ਲਾਹ ਕੇ ਨਵੇਂ ਪਾਉਂਦਾ ਹੈ, ਉਸੇ ਤਰ੍ਹਾਂ ਰੂਹ ਵੀ ਆਪਣਾ ਚੋਲਾ ਬਦਲਦੀ ਹੈ।"

ਨਹੀਂ! ਨਹੀਂ! ਉਹਨੇ ਫਿਰ ਆਪਣੇ ਆਪ ਨੂੰ ਕਿਹਾ। ਉਹਨੂੰ ਇਹੋ ਜਿਹੇ ਬੁਰੇ ਖਿਆਲ ਆਪਣੇ ਮਨ ਵਿਚ ਨਹੀਂ ਲਿਆਉਣੇ ਚਾਹੀਦੇ, ਪਰ ਉਹ ਤਾਂ ਆਪਣੇ ਖਿਆਲਾਂ ਨੂੰ ਰੋਕ ਨਹੀਂ ਸੀ ਸਕਦਾ। ਇਹ ਸਭ ਕੁਝ ਮੁਮਕਿਨ ਤਾਂ ਹੈ। 'ਗੀਤਾ' ਵਿਚ ਵੀ ਤਾਂ ਇਹੀ ਲਿਖਿਆ ਹੈ। ਉਹ ਦੁਬਾਰਾ ਨੀਵਾਂ ਹੋ ਕੇ ਕੁੱਤੇ ਨੂੰ ਪਲੋਸਣ ਲੱਗ ਪਿਆ।

ਹੁਣ ਤੱਕ ਮੇਰਾ ਜਨਾਜ਼ਾ ਚਲ ਚੁੱਕਾ ਸੀ। ਮੈਂ ਸਭ ਤੋਂ ਅੱਗੇ-ਅੱਗੇ ਲਾਸ਼ ਵਾਲੀ ਗੱਡੀ ਦੇ ਸ਼ੀਸ਼ਿਆਂ ਵਿਚ ਘਿਰਿਆ ਹੋਇਆ ਸਾਂ। ਅੱਧੀ ਕੁ ਦਰਜਨ ਬੰਦੇ ਮੇਰੇ ਪਿੱਛੇ-ਪਿੱਛੇ ਆ ਰਹੇ ਸਨ। ਜਨਾਜ਼ਾ ਦਰਿਆ ਵੱਲ ਹੋ ਗਿਆ।

ਜਦੋਂ ਹੀ ਮੇਰਾ ਜਨਾਜ਼ਾ ਮੇਨ ਗਲੀ 'ਚੋਂ ਲੰਘਿਆ, ਮੈਨੂੰ ਆਪਣਾ ਆਪ ਇਕੱਲਾ ਜਾਪਣ ਲੱਗ ਪਿਆ। ਕੁਝ ਵਕੀਲ ਤਾਂ ਹਾਈਕੋਰਟ ਤੱਕ ਹੀ ਆਏ ਸਨ। ਮੇਰਾ ਲਿਖਾਰੀ ਦੋਸਤ ਸਿਗਰਟ ਪੀਂਦਾ-ਪੀਂਦਾ ਮੈਨੂੰ ਕਾਫ਼ੀ ਹਾਊਸ ਤੱਕ ਤਾਂ ਛੱਡ ਹੀ ਗਿਆ ਸੀ। ਕਾਲਜ ਕੋਲ ਆ ਕੇ ਮੇਰੇ ਪ੍ਰੋਫੈਸਰ ਦੋਸਤ ਨੇ ਵੀ ਢਿੱਲਾ ਜਿਹਾ ਮੂੰਹ ਛੱਡ ਕੇ ਮੈਨੂੰ ਆਖਰੀ ਵਿਦਾਇਗੀ ਦੇ ਦਿੱਤੀ ਸੀ ਤੇ ਝਟ ਹੀ ਆਪਣੀ ਜਮਾਤ ਵੱਲ ਰਵਾਨਾ ਹੋ ਗਿਆ ਸੀ। ਬਾਕੀ ਦੇ ਛੇ-ਸੱਤ ਜ਼ਿਲ੍ਹਾ ਕਚਹਿਰੀਆਂ ਵਿਚ ਲੋਪ ਹੋ ਗਏ ਸਨ।

ਮੈਂ ਆਪਣੇ ਆਪ ਨੂੰ ਛੋਟਾ ਮਹਿਸੂਸ ਕਰਨ ਲੱਗਾ। ਮੈਥੋਂ ਘਟੀਆ ਲੋਕਾਂ ਨਾਲ ਵੀ ਕਾਫ਼ੀ ਭੀੜ ਹੁੰਦੀ ਹੈ। ਇੱਥੋਂ ਤੱਕ ਕਿ ਭਿਖਾਰੀ ਦੀ ਲਾਸ਼ ਵੀ ਮਿਊਂਸਿਪਲ ਕਮੇਟੀ ਦੀ ਰੇੜ੍ਹੀ ਵਿਚ ਦੋ ਜਮਾਂਦਾਰ ਲੈ ਕੇ ਗਏ ਸਨ, ਪਰ ਮੇਰੇ ਨਾਲ ਤਾਂ ਸਿਰਫ਼ ਇਕੋ ਹੀ ਬੰਦਾ ਸੀ, ਉਹ ਵੀ ਜੋ ਮੇਰੀ ਰੂਹ ਦੇ ਪਾਪਾਂ ਤੋਂ ਅਚੇਤ ਸੀ; ਉਹ ਰੂਪ ਜਿਸ ਦਾ ਬਚਿਆ-ਖੁਚਿਆ ਭਾਗ ਉਹ ਆਖ਼ਰੀ ਯਾਤਰਾ ਲਈ ਲਿਜਾ ਰਿਹਾ ਹੈ। ਜਿਥੋਂ ਤੱਕ ਘੋੜੇ ਦਾ ਤੁਅੱਲਕ ਸੀ, ਉਹ ਵੀ ਰੁੱਖਾ-ਰੁੱਖਾ ਪੇਸ਼ ਆ ਰਿਹਾ ਸੀ।

ਸ਼ਮਸ਼ਾਨ ਭੂਮੀ ਤੱਕ ਦੇ ਸਾਰੇ ਰਸਤੇ 'ਤੇ ਕਈ ਤਰ੍ਹਾਂ ਦੀ ਦੁਰਗੰਧ ਆ ਰਹੀ ਹੈ। ਜਦ ਵੱਡੀ ਸੜਕ ਤੋਂ ਸ਼ਮਸ਼ਾਨ ਭੂਮੀ ਵੱਲ ਛੋਟੀ ਸੜਕ ਮੁੜਦੀ ਹੈ, ਉਥੋਂ ਦੀ ਗੰਦਾ ਨਾਲਾ ਜਾਣ ਕਰ ਕੇ ਬਦਬੂ ਦੀ ਹੱਦ ਦਾ ਅੰਤ ਨਹੀਂ ਰਹਿੰਦਾ। ਇਸ ਗੰਦੇ ਨਾਲੇ ਵਿਚ ਗੰਦ ਨਾਲ ਕਾਲੇ ਹੋਏ ਪਾਣੀ ਦੇ ਬੁਲਬਲੇ ਉਠਦੇ ਰਹਿੰਦੇ ਹਨ।

ਕਿਸਮਤ ਨਾਲ ਮੈਨੂੰ ਆਪਣੇ ਮਰਨ ਮਗਰੋਂ ਸ਼ੋਭਾ ਤੇ ਮਹੱਤਤਾ ਦੇ ਗਲਤ ਅੰਦਾਜ਼ੇ ਘੋਖਣ ਦਾ ਸਮਾਂ ਮਿਲ ਗਿਆ। ਕੋਚਵਾਨ ਨੇ ਗੱਡੀ ਜਿਥੇ ਸ਼ਮਸ਼ਾਨ ਭੂਮੀ ਦੀ ਸੜਕ ਮੁੜਦੀ ਸੀ, ਇਕ ਪਿੱਪਲ ਥੱਲੇ ਖੜ੍ਹੀ ਕਰ ਦਿੱਤੀ। ਇਸ ਪਿੱਪਲ ਥੱਲੇ ਇਹੋ ਜਿਹੇ ਟਾਂਗਿਆਂ ਦਾ ਅੱਡਾ ਹੈ ਤੇ ਘੋੜਿਆਂ ਲਈ ਪਾਣੀ ਪੀਣ ਦਾ ਚੁਬੱਚਾ ਵੀ ਬਣਿਆ ਹੋਇਆ ਹੈ। ਘੋੜੇ ਨੇ ਮੂਤਿਆ, ਕੋਚਵਾਨ ਨੇ ਪਲਾਕੀ ਮਾਰੀ ਤੇ ਗੱਡੀ ਅੱਗੇ ਬਹਿ ਕੇ ਨਾਲ ਦੇ ਟਾਂਗੇ ਵਾਲਿਆਂ ਤੋਂ ਬੀੜੀ ਜਲਾਉਣ ਲਈ ਤੀਲੀ ਮੰਗਣ ਲੱਗ ਪਿਆ।

ਸਾਰੇ ਟਾਂਗੇ ਵਾਲੇ ਗੱਡੀ ਦੁਆਲੇ ਹੋ ਕੇ ਅੰਦਰ ਝਾਤੀਆਂ ਮਾਰਨ ਲੱਗੇ, "ਜ਼ਰੂਰ ਕੋਈ ਅਮੀਰ ਬੰਦਾ ਹੋਵੇਗਾ।" ਇਕ ਨੇ ਕਿਹਾ।

"ਪਰ ਇਹਦੇ ਨਾਲ ਤਾਂ ਕੋਈ ਵੀ ਨਹੀਂ," ਦੂਜੇ ਨੇ ਪੁੱਛਿਆ।

"ਮੇਰਾ ਖਿਆਲ ਏ ਕਿ ਇਹ ਅੰਗਰੇਜ਼ਾਂ ਦਾ ਰਿਵਾਜ਼ ਹੋਵੇਗਾ ਕਿ ਅਰਥੀ ਨਾਲ ਕੋਈ ਵੀ ਨਾ ਜਾਵੇ।"

ਹੁਣ ਤੱਕ ਮੈਂ ਬਿਲਕੁਲ ਅੱਕ ਗਿਆ ਸਾਂ। ਮੇਰੇ ਲਈ ਹੁਣ ਕੇਵਲ ਤਿੰਨ ਰਸਤੇ ਖੁੱਲ੍ਹੇ ਸਨ। ਪਹਿਲਾ ਤਾਂ ਇਹ ਕਿ ਸ਼ਮਸ਼ਾਨ ਭੂਮੀ ਵਿਚ ਪਹੁੰਚ ਕੇ ਦੂਜਿਆਂ ਵਾਂਗ ਆਪਣੇ ਆਪ ਨੂੰ ਅਗਨੀ ਦੇ ਹਵਾਲੇ ਕਰ ਦੇਵਾਂ ਤੇ ਰਾਖ ਹੋ ਜਾਵਾਂ। ਇਕ ਹੋਰ ਕੱਚੀ ਸੜਕ ਸੀ ਜੋ ਸਿੱਧੀ ਸ਼ਹਿਰ ਜਾਂਦੀ ਸੀ, ਜਿੱਥੇ ਕੋਠੇ ਵਾਲੀਆਂ ਤੇ ਹੋਰ ਬੁਰੇ-ਬੁਰੇ ਲੋਕ ਰਹਿੰਦੇ ਸਨ, ਤੇ ਜੋ ਕੇਵਲ ਸ਼ਰਾਬ ਪੀਂਦੇ, ਜੂਆ ਖੇਡਦੇ ਤੇ ਰੰਡੀਬਾਜ਼ੀ ਤੋਂ ਸਿਵਾ ਹੋਰ ਕੁਝ ਨਹੀਂ ਕਰਦੇ। ਉਨ੍ਹਾਂ ਦੀ ਦੁਨੀਆਂ ਤਾਂ ਨਿਰੀ ਹਲਚਲ ਸੀ ਤੇ ਉਹ ਆਪਣੇ ਜੀਵਨ ਨੂੰ ਹਰ ਪ੍ਰਕਾਰ ਦੀ ਖੁਸ਼ੀ ਨਾਲ ਮਾਣਦੇ ਸਨ। ਤੀਜਾ ਰਸਤਾ ਸੀ ਘਰ ਵਾਪਸੀ, ਪਰ ਫੈਸਲਾ ਕਰਨਾ ਮੁਸ਼ਕਿਲ ਹੀ ਸੀ। ਸੋ, ਇਹੋ ਜਿਹੇ ਹਾਲਾਤ ਵਿਚ ਆਮ ਤੌਰ 'ਤੇ ਸਿੱਕੇ ਨਾਲ ਟਾਸ ਕਰਨਾ ਮਦਦ ਕਰ ਜਾਂਦਾ ਹੈ। ਇਸ ਲਈ ਮੈਂ ਟਾਸ ਕਰਨ ਦਾ ਫੈਸਲਾ ਕਰ ਲਿਆ। ਜੇ ਸਿਰ ਵਾਲਾ ਪਾਸਾ ਆ ਗਿਆ ਤਾਂ ਜਿਹੜੀ ਦੁਨੀਆਂ ਛੱਡ ਕੇ ਆਇਆ ਹਾਂ, ਉਥੇ ਹੀ ਵਾਪਸ ਚਲਾ ਜਾਵਾਂਗਾ। ਜੇ ਦੂਜਾ ਪਾਸਾ ਆ ਗਿਆ ਤਾਂ ਸ਼ਹਿਰ ਵਿਚ ਉਨ੍ਹਾਂ ਬੁਰਾਈਆਂ ਨੂੰ ਮਾਨਣ ਵਾਲਿਆਂ ਵਿਚ ਰਲ ਜਾਵਾਂਗਾ; ਪਰ ਜੇ ਦੋਨੋਂ ਪਾਸੇ ਹੀ ਨਾ ਆਏ ਤੇ ਸਿੱਕਾ ਫਰਜ਼ ਕਰੋ ਸਿੱਧਾ ਹੀ ਖੜ੍ਹਾ ਹੋ ਜਾਵੇ, ਤਾਂ ਮੈਂ ਤੁੱਛ ਤੇ ਨਾਚੀਜ਼ ਬੰਦੇ ਵਾਂਗ ਹਿੰਮਤ ਤੇ ਸਾਹਸ ਤਿਆਗ ਕੇ ਜੋਗ ਅਵਸਥਾ ਧਾਰਨ ਕਰ ਲਵਾਂਗਾ ਤੇ ਜੀਵਨ ਦੀ ਲਾਲਸਾ ਤੋਂ ਬੇਮੁਖ ਹੋ ਜਾਵਾਂਗਾ।

# ਭੋਲਾ ਬਾਦਸ਼ਾਹ

*(ਸਫਾ 28 ਦੀ ਬਾਕੀ)*

ਸੈਂਡਵਿਚ ਤੇ ਅਠਾਰਾਂ ਰੁਪਏ...! ਹੈ ਨਾ ਲੁੱਟ?"

ਇਕ ਵਾਰੀ ਉਹਨੇ ਰਾਮਕ੍ਰਿਸ਼ਨ ਤੋਂ ਕਿਤਾਬ ਖਰੀਦੀ। ਤਿੰਨ ਸੌ ਦੇ ਕਰੀਬ ਸੀ। ਬਿੱਲ 'ਤੇ ਉਹਨੇ ਸਾਈਨ ਕੀਤੇ। ਬਿੱਲ ਵਿਚੋਂ ਉਹਦਾ ਖਾਸ ਡਿਸਕਾਊਂਟ ਵੀ ਕੱਟਿਆ ਹੋਇਆ ਸੀ। ਤਾਂ ਵੀ ਉਹਨੂੰ ਕਾਫੀ ਤਕਲੀਫ ਹੋਈ। "ਦੱਸੋ ਹੁਣ ਅੱਧੇ ਮਹੀਨੇ ਦੀ ਮੇਰੀ ਤਨਖਾਹ ਤਾਂ ਗਈ।" ਉਹ ਐਕਟਿੰਗ ਨਹੀਂ ਸੀ ਕਰ ਰਿਹਾ, ਵਾਕਈ ਪ੍ਰੇਸ਼ਾਨ ਸੀ। ਫੇਰ ਉਹਨੇ ਕਿਤਾਬ ਨੂੰ ਉਲਟ ਪਲਟ ਕੇ ਵੇਖਿਆ, "ਹੈਂ, ਇਹ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦੀ ਏ? ਲਓ, ਮੈਂ ਤੇ ਆਪਣਾ ਨੁਕਸਾਨ ਕਰਵਾ ਲਿਆ। ਉਥੇ ਮੇਰੇ ਜੁਆਈ ਨੇ ਤਾਂ ਮੈਨੂੰ 40-50 ਰੁਪਏ ਹੋਰ ਡਿਸਕਾਊਂਟ ਲੈ ਦੇਣਾ ਸੀ।"

---

ਜਦੋਂ ਖੁਸ਼ਵੰਤ ਆਪਣੇ ਬਚਪਨ ਦੀ ਗੱਲ ਕਰਦਾ ਏ, ਮੈਨੂੰ ਅੱਜ ਵੀ ਉਹ ਭੋਲਾ ਭਾਲਾ ਬਾਲ ਲਗਦਾ ਏ। ਹਡਾਲੀ ਦੇ ਰੇਤੀਲੇ ਟਿੱਬਿਆਂ ਵਿਚ ਖੇਡਦਾ। ਊਠਾਂ ਦੀਆਂ ਟੱਲੀਆਂ ਦੀ ਆਵਾਜ਼ ਨੂੰ ਸੁਣਦਾ। ਤੇ ਦਾਦੀ ਦੇ ਭੋਛਣ ਦੀ ਚੂਕ ਫੜ ਕੇ ਮੱਖਣ ਤੇ ਬਹੀ ਰੋਟੀ ਖਾਂਦਾ।

"ਮੇਰੇ ਭਰਾ ਦਲਜੀਤ ਨੂੰ ਅਜੇ ਤਕ ਬਹੀ ਰੋਟੀ ਤੇ ਬਹੀ ਦਾਲ ਬੇਹੱਦ ਪਸੰਦ ਏ। ਜਿਗਰ ਭਾਵੇਂ ਉਹਦਾ ਕੰਮ ਨਹੀਂ ਕਰਦਾ। ਉਮਰ ਨਾਲ ਆਦਤਾਂ ਬਦਲ ਲੈਣੀਆਂ ਚਾਹੀਦੀਆਂ ਨੇ।"

ਉਮਰ ਨਾਲ ਖਾਣ-ਪੀਣ ਦੀਆਂ ਆਦਤਾਂ ਭਾਵੇਂ ਉਹਨੇ ਬਦਲ ਲਈਆਂ ਹੋਣ, ਪਰ ਉਹਦੀ ਆਤਮਾ ਵਿਚ, (ਨਾ ਸੱਚ, ਆਤਮਾ ਨੂੰ ਤੇ ਉਹ ਮੰਨਦਾ ਹੀ ਨਹੀਂ) ਉਹਦੀ ਸ਼ਖ਼ਸੀਅਤ ਵਿਚ ਰੇਤੀਲੇ ਟਿੱਬਿਆਂ ਦਾ ਵਿਸਥਾਰ ਅਜੇ ਵੀ ਕਾਇਮ ਏ ਤੇ ਚਾਨਣੀਆਂ ਰਾਤਾਂ ਵਿਚ ਚਮਕਦੀ ਰੇਤ ਦਾ ਦਿਲਕਸ਼ ਹੁਸਨ।

---

ਉਸ ਦਿਨ ਸ਼ਾਮ ਨੂੰ ਉਹ ਤੇ ਮੈਂ, ਤੇ ਮੇਰੀ ਧੀ ਅਰਪਨਾ ਗੱਲਾਂ ਕਰ ਰਹੇ ਸਾਂ। ਉਹਦੀ ਸਕਾਚ ਨਾਲ ਦਾਰ ਜੀ, ਯਾਨਿ ਮੇਰੇ ਪਿਤਾ ਜੀ ਨੂੰ ਕੋਫ਼ਤ ਨਾ ਹੋਵੇ, ਇਸ ਕਰ ਕੇ ਉਨ੍ਹਾਂ ਨੂੰ ਮੈਂ ਉਸ ਨਿੱਕੀ ਜਿਹੀ ਮਹਿਫ਼ਲੀ ਵਿਚ ਨਹੀਂ ਸੀ ਬੁਲਾਇਆ। ਉਹ ਆਪਣੇ ਕਮਰੇ ਵਿਚ ਹੀ ਸਨ।

ਖੁਸ਼ਵੰਤ ਘੁੰਮ ਫਿਰ ਕੇ ਅਰਪਨਾ ਦੀਆਂ ਨਵੀਆਂ ਪੇਂਟਿੰਗਜ਼ ਵੇਖਣ ਲੱਗਾ। ਤਾਹੀਏਂ ਪਿਛਲੇ ਵਿਹੜੇ ਵਿਚ ਪਲਾਟੇ ਜਿਹੇ ਹਨੇਰੇ ਵਿਚ ਬੈਠੇ ਦਾਰ ਜੀ 'ਤੇ ਉਹਦੀ ਨਜ਼ਰ ਪਈ। ਤੇ ਉਹ ਰੁਮਕ ਰੁਮਕ ਤੁਰਦਾ ਦਾਰ ਜੀ ਕੋਲ ਚਲਾ ਗਿਆ।

'ਸਤ ਸਿਰੀ ਅਕਾਲ ਜੀ।' ਦਾਰ ਜੀ ਨੇ ਸਤ ਸਿਰੀ ਅਕਾਲ ਦਾ ਜੁਆਬ ਦਿੱਤਾ।

"ਤੁਸੀਂ ਇਥੇ 'ਕੱਲੇ ਕਿਉਂ ਬੈਠੇ ਓ?"

"ਜ਼ਰਾ ਅੰਦਰ ਗਰਮੀ ਸੀ। ਐਥੇ ਹਵਾ ਏ।"

"ਤੁਹਾਡੀ ਬੋਲੀ ਤੋਂ ਲਗਦਾ ਏ ਤੁਸੀਂ ਸਰਗੋਧੇ ਵਾਲੇ ਪਾਸੇ ਦੇ ਓ", ਖੁਸ਼ਵੰਤ ਮੁਸਕਰਾਇਆ, ਜਿਵੇਂ ਲੁਕਣ-ਮੀਟੀ ਖੇਡਦਿਆਂ ਲੁਕੇ ਹੋਏ ਬਾਲ ਨੂੰ ਕੋਈ ਲੱਭ ਲਵੇ।

"ਕਮਾਲ ਓ ਤੁਸੀਂ ਤੇ। ਵੈਰੀ ਇਨਟੈਲੀਜੈਂਟ। ਆਹੋ ਜੀ, ਮੈਂ ਭੇਰੇ ਦਾ ਵਾਂ। ਸਰਗੋਧੇ ਵਿਚ ਹੀ ਸੀ ਨਾ।"

"ਮੈਨੂੰ ਪਤਾ ਏ ਜੀ। ਮੈਂ ਵੀ ਤੇ ਓਧਰ ਦਾ ਈ ਆਂ ਨਾ। ਸ਼ਾਹਪੁਰ ਦਾ।"

"ਖਾਸ ਸ਼ਾਹਪੁਰ?"

"ਨਹੀਂ, ਪਿੰਡ ਹੁੰਦਾ ਸੀ ਹਡਾਲੀ। ਸ਼ਾਹਪੁਰ ਜ਼ਿਲ੍ਹੇ ਵਿਚ।"

"ਮੈਨੂੰ ਪਤਾ ਏ ਜੀ ਹਡਾਲੀ ਦਾ। ਸਾਡੇ ਨੇੜੇ ਈ ਸੀ ਕਿ।"

ਤੇ ਘੜੀ ਕੁ ਵਿਚ ਦੋਵੇਂ ਪੁਰਾਣੇ ਵਿਛੜੇ ਦੋਸਤਾਂ ਵਾਂਗੂੰ ਗੱਲਾਂ ਕਰ ਰਹੇ ਸਨ।

"ਆਓ, ਅੰਦਰ ਆ ਜਾਓ।"

"ਨਹੀਂ, ਮੈਂ ਜ਼ਰਾ ਇਥੇ ਹਵਾ ਵਿਚ ਬੈਠਾਂਗਾ। ਸਾਰਾ ਦਿਨ, ਸਾਰੀ ਰਾਤ ਪੱਖਿਆਂ ਦੀ ਤੇ ਕੂਲਰਾਂ ਦੀ ਹਵਾ ਫੱਕ ਕੇ ਪ੍ਰੇਸ਼ਾਨ ਹੋ ਜਾਈਦਾ ਏ। ਐਸ ਵੇਲੇ, ਤਰਕਾਲਾਂ ਵੇਲੇ ਰਤਾ ਕੁ...!"

ਤੇ ਖੁਸ਼ਵੰਤ ਉਸੇ ਤਰ੍ਹਾਂ ਰੁਮਕਦਾ-ਰੁਮਕਦਾ, ਤਰਕਾਲਾਂ ਦੀ ਸੁਰਮਈ ਸੁੱਤ-ਉਨੀਂਦੀ ਹਵਾ ਵਾਂਗੂੰ ਤੁਰਦਾ, ਦੂਜੇ ਕਮਰੇ ਵਿਚ ਜਾ ਕੇ ਅਰਪਨਾ ਦੀਆਂ ਪੇਂਟਿੰਗਜ਼ ਵੇਖਣ ਲੱਗਾ।

ਦਾਰ ਜੀ ਨੇ ਮੈਨੂੰ ਪੁੱਛਿਆ, "ਇਹ ਕੌਣ ਸੀ?"

ਮੈਨੂੰ ਆਪਣੀ ਬੇਵਕੂਫੀ ਦਾ ਅਹਿਸਾਸ ਹੋਇਆ, ਇੰਟ੍ਰੋਡਿਊਸ ਹੀ ਨਹੀਂ ਸੀ ਕਰਵਾਇਆ ਮੈਂ। ਮੈਂ ਕਿਹਾ, "ਇਹ ਖੁਸ਼ਵੰਤ ਸਿੰਘ ਸੀ।"

"ਹੈਂ? ਖੁਸ਼ਵੰਤ ਸਿੰਘ? 'ਉਹ' ਖੁਸ਼ਵੰਤ ਸਿੰਘ?"

"ਹਾਂ, ਉਹੀ।" ਤੇ ਦਾਰ ਜੀ ਨੂੰ ਹੈਰਾਨ ਬੈਠਿਆਂ ਛੱਡ ਕੇ ਮੈਂ ਅੰਦਰ ਖੁਸ਼ਵੰਤ ਕੋਲ ਆ ਗਈ।

---

ਮੈਂ ਸੋਚ ਰਹੀ ਸਾਂ, ਖੁਸ਼ਵੰਤ ਨੂੰ ਮਿਲ ਕੇ ਹਰ ਕੋਈ ਇਸੇ ਤਰ੍ਹਾਂ ਹੈਰਾਨ ਹੁੰਦਾ ਹੋਵੇਗਾ। ਉਹਦੇ ਬਾਰੇ ਸੁਣ ਕੇ, ਜਾਂ ਪੜ੍ਹ ਕੇ, ਜਾਂ ਉਹਦੀਆਂ ਲਿਖੀਆਂ ਕਿਤਾਬਾਂ ਪੜ੍ਹ ਕੇ ਜੋ ਉਹਦਾ ਇਮੇਜ ਬਣਦਾ ਏ, ਬਹੁਤ ਹੀ ਭਾਰੀ-ਭਰਕਮ ਜਿਹਾ, 'ਇਨਫਲੇਟਿਡ ਗ੍ਰੇਟਨੈਸ' ਦਾ। ਉਹਨੂੰ ਮਿਲ ਕੇ ਲਗਦਾ ਏ, "ਅਰੇ, ਇਹ ਵੇ ਖੁਸ਼ਵੰਤ ਸਿੰਘ? 'ਉਹ' ਖੁਸ਼ਵੰਤ ਸਿੰਘ ਏ? ਜਿਸ ਦਾ ਪਿਓ ਅੱਧੀ ਦਿੱਲੀ ਦਾ ਮਾਲਕ ਸੀ, ਤੇ ਹੁਣ ਉਹਦਾ ਚੌਥਾ ਹਿੱਸਾ ਮਾਲਕ ਖੁਸ਼ਵੰਤ ਆਪ ਏ। ਜਿਸ ਨੇ ਢੇਰਾਂ ਦੇ ਢੇਰ ਕਿਤਾਬਾਂ ਲਿਖੀਆਂ ਨੇ। ਜਿਹੜਾ ਮੁਲਕ ਦੀ ਹਕੂਮਤ ਨੂੰ ਚਲਾਉਣ ਵਾਲੀ ਪਾਰਲੀਮੈਂਟ ਦਾ ਅਹਿਮ ਹਿੱਸਾ ਏ, ਤੇ ਜਿਸ ਦਾ ਮੁਲਕ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ, ਤੇ ਸੰਜੇ ਨਾਲ ਤੇ ਮੇਨਕਾ ਨਾਲ ਬਿਲਕੁਲ ਘਰੇਲੂ ਕਿਸਮ ਦਾ ਰਿਸ਼ਤਾ ਏ। ਜਿਹੜਾ ਹਿੰਦੁਸਤਾਨ ਦੇ ਵੱਡੇ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਦਾ ਐਡੀਟਰ ਏ।

ਉਹਨੂੰ ਮਿਲ ਕੇ ਗਰਮੀਆਂ ਦੀ ਰੁੱਤੇ ਠੰਢੇ ਪਾਣੀ ਵਿਚ ਨਹਾਉਣ ਜਿਹਾ ਸੁਖ ਮਿਲਦਾ ਏ।

---

"ਖੁਸ਼ਵੰਤ, ਮੈਨੂੰ ਲੱਗਦਾ ਏ ਸਾਰੀ ਜ਼ਿੰਦਗੀ ਵਿਚ ਤੁਸੀਂ ਕੋਈ ਇਹੋ ਜਿਹੀ ਗੱਲ ਨਹੀਂ ਕੀਤੀ ਹੋਣੀ ਜਿਸ ਨਾਲ ਮਗਰੋਂ ਕੋਫ਼ਤ ਹੋਵੇ ਜਾਂ ਸ਼ਰਮਿੰਦਗੀ ਹੋਵੇ।"





ਉਹ ਸੋਚਣ ਲੱਗ ਪਿਆ। ਆਪਣੇ ਗੁਜ਼ਾਰੇ ਜ਼ਮਾਨਿਆਂ ਵਿਚੋਂ ਝਾਤ ਮਾਰ ਕੇ ਜਿਵੇਂ ਕੁਝ ਤਾਲਾਸ਼ ਕਰਦਾ ਰਿਹਾ। ਕਹਿਣ ਲੱਗਾ, "ਸ਼ਰਮਿੰਦਗੀ? ਸ਼ਾਇਦ ਨਹੀਂ। ਇਹੋ ਜਿਹੀ ਸ਼ਾਇਦ ਕਦੇ ਕੋਈ ਗੱਲ ਨਹੀਂ ਕੀਤੀ ਮੈਂ, ਜਿਸ ਨਾਲ ਮੈਨੂੰ ਕਿਸੇ ਹੋਰ ਅੱਗੇ ਸ਼ਰਮਸਾਰ ਹੋਣਾ ਪਵੇ, ਪਰ ਆਪਣੇ ਆਪ ਅੱਗੇ ... ਹਾਂ, ਸ਼ਾਇਦ... ਇਕ ਅੱਧੀ ਵਾਰੀ...।"

"ਸ਼ੇਖੀ ਵਾਲੀਆਂ ਗੱਲਾਂ ਤਾਂ ਸਾਰੇ ਈ ਦੱਸ ਦੇਂਦੇ ਨੇ, ਪਰ ਇਹ ਸ਼ਰਮਸਾਰੀ ਵਾਲੀ ਗੱਲ ਦੱਸਣ ਲਈ ਖੁਸ਼ਵੰਤ ਸਿੰਘ ਦਾ ਜਿਗਰਾ ਚਾਹੀਦਾ ਏ", ਮੈਂ ਉਹਨੂੰ ਜਿਵੇਂ ਸ਼ਹਿ ਦਿੱਤੀ।

ਉਹ ਸੰਜੀਦਾ ਹੋ ਗਿਆ। "ਨਿਊ ਯਾਰਕ ਵਿਚ ਇਕ ਮੇਰੀ ਦੋਸਤ ਏ। ਬੜੇ ਸਾਲਾਂ ਤੋਂ। ਜਦੋਂ ਵੀ ਮੈਂ ਜਾਨਾਂ, ਉਹਨੂੰ ਜ਼ਰੂਰ ਮਿਲਨਾਂ।"

"ਮਿਸਟ੍ਰੈਸ ਏ?" ਮੈਂ ਮੁਸਕਰਾਈ।

"ਨਹੀਂ, ਦੋਸਤ ਏ", ਉਹ ਤਾਂ ਸਚਮੁੱਚ ਬਹੁਤ ਸੰਜੀਦਾ ਹੋ ਗਿਆ ਸੀ। "ਜਦੋਂ ਮੈਂ ਉਹਨੂੰ ਪਹਿਲੇ-ਪਹਿਲ ਮਿਲਨਾ ਸ਼ੁਰੂ ਕੀਤਾ, ਉਹਦੀ ਇਕ ਨਿੱਕੀ ਜਿਹੀ ਧੀ ਸੀ। ਬਿਲਕੁਲ ਗੁੱਡੀ ਜਿਹੀ। ਕੁੱਛੜ ਚੁਕ ਕੇ ਉਹਨੂੰ ਮੈਂ ਖਿਡਾਉਂਦਾ ਹੁੰਦਾ ਸਾਂ। ...ਹੌਲੀ-ਹੌਲੀ ਉਹ ਵੱਡੀ ਹੁੰਦੀ ਗਈ, ਪਰ ਮੈਂ ਧਿਆਨ ਨਹੀਂ ਦਿੱਤਾ। ਹਰ ਸਾਲ ਛਮਾਹੀ ਜਦੋਂ ਮੈਂ ਜਾਂਦਾ, ਉਹ ਮੈਨੂੰ ਉਸੇ ਤਰ੍ਹਾਂ ਬੱਚੀ ਜਿਹੀ ਲਗਦੀ। ਪਿਛਲੇ ਵਰ੍ਹੇ ਮੈਂ ਗਿਆ। ਆਪਣੀ ਦੋਸਤ ਨਾਲ, ਉਹਦੇ ਘਰ ਹੀ ਬੈਠਾ ਸਾਂ ਕਿ ਫੋਨ ਆਇਆ। ਉਹਦੀ ਬੱਚੀ ਦਾ ਐਕਸੀਡੈਂਟ ਹੋ ਗਿਆ ਸੀ, ਤੇ ਉਹ ਹਸਪਤਾਲ ਪੁਚਾਈ ਜਾ ਰਹੀ ਸੀ। ਮਾਂ ਨੂੰ ਹਸਪਤਾਲ ਪਹੁੰਚਣ ਲਈ ਆਖਿਆ ਸੀ ਉਨ੍ਹਾਂ ਨੇ ...ਉਹ ਬੇਹੱਦ ਘਬਰਾ ਗਈ। ਮੈਂ ਉਹਦਾ ਹੱਥ ਫੜਿਆ, ਹੱਥ ਦੀ ਤਲੀ ਵਿਚ ਠੰਢੀ ਤ੍ਰੇਲੀ ਸੀ ਤੇ ਉਹ ਕੰਬ ਰਹੀ ਸੀ। ਮੈਂ ਆਖਿਆ, ਫ਼ਿਕਰ ਨਾ ਕਰ। ਮੈਂ ਤੇਰੇ ਨਾਲ ਚਲਨਾ ਵਾਂ। ...ਵਾਹੋ-ਦਾਹੀ ਅਸੀਂ ਹਸਪਤਾਲ ਪਹੁੰਚੇ। ਪਤਾ ਲੱਗਾ, ਉਹਦੇ ਜ਼ਖ਼ਮਾਂ ਨੂੰ ਧੋ-ਪੂੰਝ ਕੇ ਮੱਲ੍ਹਮ ਪੱਟੀ ਕੀਤੀ ਜਾ ਰਹੀ ਸੀ। ਅਸੀਂ ਫਸਟ-ਏਡ ਵਾਲੇ ਕਮਰੇ ਵਿਚ ਪਹੁੰਚੇ। ਉਥੇ ਮੇਜ਼ 'ਤੇ ਉਹ ਲੇਟੀ ਹੋਈ ਸੀ। ਸਾਰੇ ਕੱਪੜੇ ਉਹਦੇ ਉਨ੍ਹਾਂ ਲਾਹੇ ਹੋਏ ਸਨ। ਸੱਟ ਬਹੁਤੀ ਨਹੀਂ ਸੀ ਲੱਗੀ। ਬਹੁਤੀ ਘਬਰਾ ਹੀ ਗਈ ਸੀ ਉਹ। ਸੱਟ ਘੱਟ ਸੀ, ਸੱਟ ਦਾ ਸ਼ਾਕ ਜ਼ਿਆਦਾ। ...ਸਾਹ ਵਿਚ ਸਾਹ ਆਇਆ। ਫ਼ਿਕਰ ਘਟ ਗਿਆ। ਤੇ ਫੇਰ ਮੈਂ ਉਹਨੂੰ ਵੇਖਣ ਲੱਗ ਪਿਆ। ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਕਿ ਕੁੜੀ ਤਾਂ ਜੁਆਨ ਹੋ ਗਈ ਸੀ। ਮੈਦੇ ਵਿਚ ਕੇਸਰ ਘੋਲ ਕੇ ਗੁੰਨ੍ਹੀ ਹੋਈ ਅਛੂਤੀ ਦੇਹ! ਸਫ਼ੈਦ, ਗੁਲਾਬੀ, ਤ੍ਰੇਲ ਨਾਲ ਭਿੱਜੀ, ਨਾਜ਼ਕ, ਫਲਾਲੈਸ। ਉਹਦਾ ਪਿੰਡਾ ਜਿਵੇਂ ਖੁਦਾ ਦਾ ਕ੍ਰਿਸ਼ਮਾ ਸੀ। ਸਾਖ਼ਸ਼ਾਤ ਹੁਸਨ! ਤਲਿਸਮ! ... ਤੇ ਮੇਰੇ ਬਦਨ ਵਿਚ ਇਕ ਪਾਗਲ ਚਾਹਤ ਵਲਿਅੱਸ ਖਾਂਦੀ ਰੀਂਗਣ ਲੱਗੀ।

"ਓ ਖੁਦਾਇਆ, ਇਹ ਮੈਨੂੰ ਕੀ ਹੋ ਰਿਹਾ ਸੀ? ਕਿਹੋ ਜਿਹੇ ਖ਼ਿਆਲ ਆ ਰਹੇ ਸਨ!"

"ਮਗਰੋਂ ਮੈਨੂੰ ਲੱਗਾ, ਇਹ ਬਹੁਤ ਗ਼ਲੀਜ਼ ਹਰਕਤ ਸੀ। ਮੈਂ ਇਹਦਾ ਬੋਝ ਇਕੱਲਾ ਨਹੀਂ ਸਾਂ ਚੁੱਕ ਸਕਦਾ। ਸੋ, ਮੈਂ ਆਪਣੀ ਦੋਸਤ ਨੂੰ ਦੱਸ ਦਿੱਤਾ। ਗੁਨਾਹ ਦਾ ਇਕਬਾਲ ਕਰ ਕੇ ਮੈਂ ਜ਼ਰਾ ਹਲਕਾ ਹੋ ਗਿਆ। ਪਰ... !"

---

ਮੈਂ ਇਕ ਦਿਨ ਖੁਸ਼ਵੰਤ ਕੋਲ ਬੈਠੀ ਸਾਂ। ਉਹਦੇ ਸੈਕਰੇਟਰੀ ਨੇ ਆ ਕੇ ਕਿਹਾ, "ਜਰਨਲਿਜ਼ਮ ਦੇ ਸਟੂਡੈਂਟ ਆਏ ਨੇ, ਚਾਲ੍ਹੀ ਕੁ। ਬਤੇਰੇ। ਚਾਰ ਪੰਜ ਮਿੰਟ ਮਿਲਨਾ ਚਾਹੁੰਦੇ ਨੇ।"

ਇਹੋ ਜਿਹੇ ਵੇਲੇ ਖੁਸ਼ਵੰਤ ਬੜੀ ਦੁਚਿੱਤੀ ਵਿਚ ਪੈਂਦਾ ਏ। ਖ਼ੈਰ, ਬੁਲਾ ਲਿਆ ਉਨ੍ਹਾਂ ਨੂੰ।

ਅੱਧੀਆਂ ਕੁ ਕੁੜੀਆਂ ਸਨ, ਅੱਧੇ ਮੁੰਡੇ। ਪੰਜ ਛੇ ਮਿੰਟ ਤਾਂ ਕੁਰਸੀਆਂ ਦਾ ਇੰਤਜ਼ਾਮ ਕਰਨ ਵਿਚ ਹੀ ਲੱਗ ਗਏ। ਤੇ ਫੇਰ ਕੋਈ ਪੌਣਾ ਘੰਟਾ ਉਹ ਸਭ ਨਾਲ ਗੱਲਾਂ ਕਰਦਾ ਰਿਹਾ।

ਇਕ ਕੁੜੀ ਨੇ ਪੁੱਛਿਆ, "ਜਰਨਲਿਜ਼ਮ ਵਿਚ ਕਿਸ ਤਰ੍ਹਾਂ ਆ ਗਏ ਤੁਸੀਂ?"

ਖੁਸ਼ਵੰਤ ਹੱਸਿਆ, "ਤੁਹਾਡੇ ਵਾਂਗੂੰ ਟ੍ਰੇਨਿੰਗ ਨਹੀਂ ਲਈ ਮੈਂ ਜਰਨਲਿਜ਼ਮ ਦੀ। ਪਹਿਲੋਂ ਵਕਾਲਤ ਕੀਤੀ, ਕਾਮਯਾਬ ਨਹੀਂ ਹੋਇਆ। ਫੇਰ ਡਿਪਲੋਮੈਟ ਬਣਿਆ। ਫਟੀਚਰ! ਫੇਰ ਪ੍ਰੋਫੈਸਰੀ ਕੀਤੀ, ਉਹ ਵੀ ਛੱਡ ਕੇ ਭੱਜ ਆਇਆ। ਤੇ ਫੇਰ ਜਰਨਲਿਸਟ ਬਣ ਗਿਆ। ਇਹਦੇ ਵਿਚ ਜੰਮ ਗਿਆ।"

ਅਖ਼ਬਾਰ ਦੀ ਪਾਲਿਸੀ ਬਾਰੇ ਗੱਲਾਂ ਹੁੰਦੀਆਂ ਰਹੀਆਂ। ਪਾਲਿਟਿਕਸ ਬਾਰੇ, ਪਾਰਲੀਮੈਂਟ ਬਾਰੇ। ਸੰਜੇ ਤੇ ਮੇਨਕਾ ਬਾਰੇ, ਇੰਦਰਾ ਗਾਂਧੀ ਬਾਰੇ।

"ਈਵਨਿੰਗ ਨਿਊਜ਼ ਕੋਈ ਵੀ ਕਾਮਯਾਬ ਕਿਉਂ ਨਹੀਂ ਹੁੰਦਾ ਇਥੇ?" ਇਕ ਮੁੰਡੇ ਨੇ ਪੁੱਛਿਆ।

"ਕਿਉਂਕਿ ਟੈਲੀਪ੍ਰਿੰਟਰ ਤਾਂ ਦੁਪਹਿਰੇ ਚੱਲਣੇ ਸ਼ੁਰੂ ਹੁੰਦੇ ਨੇ, ਖ਼ਬਰਾਂ ਸ਼ਾਮ ਵੇਲੇ ਬਣਦੀਆਂ ਨੇ। ਈਵਨਿੰਗ ਨਿਊਜ਼ ਉਸ ਵੇਲੇ ਛਪ ਕੇ ਵਿਕ ਵੀ ਰਿਹਾ ਹੁੰਦਾ ਏ। ਸਿਰਫ਼ ਦਿੱਲੀ ਵਿਚ ਹੀ ਨਹੀਂ, ਬੰਬਈ ਵਿਚ ਵੀ ਇਹੀ ਹਾਲ ਏ। ਜਰਨਲਿਸਟ ਸਵੇਰੇ ਤੜਕੇ ਕੰਮ ਕਰਨਾ ਨਹੀਂ ਨਾ ਸ਼ੁਰੂ ਕਰਦੇ, ਮੇਰੇ ਵਾਂਗੂੰ। ਸ਼ਾਮ ਦਾ ਅਖ਼ਬਾਰ ਕੀ ਬਣਨਾ ਹੋਇਆ। ਅਖ਼ਬਾਰ ਤਾਂ ਬੱਸ ਰਾਤ ਵੇਲੇ ਬਣਦਾ ਏ, ਤੇ ਸਵੇਰੇ ਵੰਡੀਂਦਾ ਏ। ਉਹੀ ਅਸਲੀ ਅਖ਼ਬਾਰ ਏ।"

"ਇਸੇ ਕਰ ਕੇ ਮਿਸਿਜ਼ ਗਾਂਧੀ ਆਪਣੇ ਸਾਰੇ ਫੈਸਲੇ ਅੱਧੀ ਰਾਤੀਂ ਕਰਦੇ ਨੇ?"

ਸਾਰੇ ਹੱਸੇ। ਖੁਸ਼ਵੰਤ ਵੀ। ਕਹਿਣ ਲੱਗਾ, "ਮੈਨੂੰ ਵੀ ਇਹੋ ਈ ਸ਼ੱਕ ਏ। ਤੇ ਕਈ ਵਾਰੀ ਮੈਂ ਖੁਦ ਸੋਚਨਾਂ ਕਿ ਆਪਣੇ ਮਰਨ ਦਾ ਵਕਤ ਵੀ ਜ਼ਰਾ ਸੋਚ ਸਮਝ ਕੇ ਅੱਧੀ ਰਾਤ ਦੇ ਨੇੜੇ ਈ ਤੈਅ ਕਰਾਂਗਾ, ਤਾਂ ਕਿ ਜ਼ਰਾ ਟੌਹਰ ਨਾਲ ਖ਼ਬਰ ਛਪ ਸਕੇ।"

ਖੁਸ਼ਵੰਤ ਦੇ ਕਹਿ-ਕਹੇ ਨਾਲ ਸਾਰੇ ਹੱਸ ਪੈਂਦੇ ਨੇ।...ਮੈਂ ਉਦਾਸ ਹੋ ਜਾਂਦੀ ਹਾਂ।

# ਇਕ ਹੱਥ ਨਾਲ ਤਾੜੀ ਕਿਉਂ ਨਹੀਂ ਵੱਜਦੀ?

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਖੁਸ਼ੀ ਦੇ ਇਜ਼ਹਾਰ ਲਈ ਅਸੀਂ ਤਾੜੀਆਂ ਵਜਾਉਂਦੇ ਹਾਂ, ਖਾਸ ਤੌਰ 'ਤੇ ਕਿਸੇ ਦੇ ਸਵਾਗਤ ਵਜੋਂ ਜਾਂ ਕਿਸੇ ਬੁਲਾਰੇ ਦੇ ਬੋਲੇ ਅਜਿਹੇ ਸ਼ਬਦਾਂ ਪਿਛੋਂ ਜੋ ਸਾਡੇ ਧੁਰ ਅੰਦਰ ਨੂੰ ਟੁੰਬਦੇ ਹਨ। ਕਿਸੇ ਦਾ ਮਜ਼ਾਕ ਉਡਾਉਣ ਲਈ ਵੀ ਤਾੜੀਆਂ ਵਜਾਈਆਂ ਜਾਂਦੀਆਂ ਹਨ। ਨੋਟ ਕਰੋ ਕਿ ਦੋਹਾਂ ਸਥਿਤੀਆਂ ਵਿਚ ਮਨੁਖ ਨੂੰ ਖੁਸ਼ੀ ਹੀ ਹੁੰਦੀ ਹੈ। ਪਹਿਲੀ ਹਾਲਤ ਵਿਚ ਕਿਸੇ ਦੀ ਪ੍ਰਸ਼ੰਸਾ ਵਜੋਂ ਉਸ ਦੇ ਸਾਹਮਣੇ ਤਾੜੀਆਂ ਵਜਾਈਆਂ ਜਾਂਦੀਆਂ ਹਨ ਜਦ ਕਿ ਦੂਸਰੀ ਹਾਲਤ ਵਿਚ ਕਿਸੇ ਦੇ ਔਗੁਣ ਚਿਤਾਰਦਿਆਂ ਨਿੱਜੀ, ਸਵਾਰਥੀ ਖੁਸ਼ੀ ਪ੍ਰਗਟਾਈ ਜਾਂਦੀ ਹੈ, ਇਸ ਲਈ ਅਜਿਹੀਆਂ ਤਾੜੀਆਂ ਬੰਦੇ ਦੀ ਪਿੱਠ ਪਿਛੇ ਵਜਾਈਆਂ ਜਾਂਦੀਆਂ ਹਨ। ਸ਼ਬਦਾਂ ਅਤੇ ਸੈਣਤਾਂ ਦੇ ਬਹੁਅਰਥੀ ਹੋਣ ਵਿਚ ਮਨੋਅਵਸਥਾਵਾਂ ਦੇ ਅਜਿਹੇ ਬਰੀਕ ਭੇਦ ਹੀ ਹੁੰਦੇ ਹਨ।

ਕਹਾਵਤ ਹੈ ਕਿ ਇਕ ਹੱਥ ਨਾਲ ਤਾੜੀ ਨਹੀਂ ਵੱਜ ਸਕਦੀ। ਗੱਲ ਤਾਂ ਸਹੀ ਹੈ, ਬੇਸ਼ੱਕ ਜਿੰਨੀ ਮਰਜ਼ੀ ਕੋਸ਼ਿਸ਼ ਕਰੋ, ਇੱਕ ਹੱਥ ਨਾਲ ਤਾੜੀ ਨਹੀਂ ਵਜਾਈ ਜਾ ਸਕਦੀ। ਅਸੀਂ ਹੁਣੇ ਦੱਸਦੇ ਹਾਂ ਕਿ ਲੜਾਈ ਲਈ ਦੋ ਜਣਿਆਂ ਦੇ ਤਾਲ-ਮੇਲ ਦੀ ਕਿਉਂ ਜ਼ਰੂਰਤ ਹੁੰਦੀ ਹੈ। ਤੁਸੀਂ ਕਿਸੇ ਦੇ ਤਾੜ ਕਰਦੀ ਚਪੇੜ ਮਾਰੀ ਹੋਵੇਗੀ, ਜੇ ਬਹੁਤੇ ਸ਼ਰੀਫ ਹੋ ਤਾਂ ਅਜਿਹੀ ਚਪੇੜ ਖਾਧੀ ਹੋਵੇਗੀ। ਚਲੋ ਘਟੋ ਘਟ ਕਿਸੇ ਦੇ ਤਾੜ ਤਾੜ ਪੈਂਦੀਆਂ ਦੇਖੀਆਂ ਤਾਂ ਜ਼ਰੂਰ ਹੋਣਗੀਆਂ। ਕਹਿਣ ਦਾ ਭਾਵ ਹੈ ਕਿ ਚਪੇੜ ਤਾਂ ਇਕ ਹੱਥ ਨਾਲ ਹੀ ਮਾਰੀ ਜਾ ਸਕਦੀ ਹੈ। ਇਉਂ ਲਗਦਾ ਹੈ ਕਿ ਦੋ ਹੱਥਾਂ ਦੀ 'ਤਾੜੀ' ਅਤੇ ਚਪੇੜ ਦੀ 'ਤਾੜ ਤਾੜ' ਜਿਹੇ ਸ਼ਬਦ ਅਜਿਹੀ ਕ੍ਰਿਆ ਦੌਰਾਨ ਪੈਦਾ ਹੁੰਦੀ ਧੁਨੀ ਤੋਂ ਬਣੇ ਹਨ ਪਰ ਅਜਿਹਾ ਨਹੀਂ ਹੈ। ਧਿਆਨ ਦਿਓ, ਤਾੜੀ ਦੀ ਤਰ੍ਹਾਂ ਚਪੇੜ ਦੇ ਐਕਸ਼ਨ ਵਿਚ ਵੀ ਦੋ ਧਿਰਾਂ ਦੀ ਜ਼ਰੂਰਤ ਹੁੰਦੀ ਹੈ, ਚਪੇੜ ਮਾਰਨ ਵਾਲਾ ਤੇ ਚਪੇੜ ਖਾਣ ਵਾਲਾ। ਬਹੁਤ ਸਾਰੇ ਸ਼ਬਦਾਂ ਦੀ ਉਤਪਤੀ ਧੁਨੀ ਤੋਂ ਪ੍ਰਤੀਤ ਹੁੰਦੀ ਹੈ ਪਰ ਅਜਿਹਾ ਅਕਸਰ ਅਸਲ ਵਿਚ ਨਹੀਂ ਹੁੰਦਾ। ਕਈ ਵਾਰੀ ਤਾਂ ਗੱਲ ਉਲਟੀ ਹੁੰਦੀ ਹੈ ਅਰਥਾਤ ਧੁਨੀ ਸ਼ਬਦ ਤੋਂ ਬਣਾਈ ਪ੍ਰਤੀਤ ਹੁੰਦੀ ਹੈ। ਤਾੜੀ ਵਜਾਉਣ ਜਾਂ ਚਪੇੜ ਮਾਰਨ ਨਾਲ ਕੀ ਤਾੜ ਦੀ ਅਵਾਜ਼ ਸੁਣਾਈ ਦਿੰਦੀ ਹੈ? ਬਿਲਕੁਲ ਨਹੀਂ।



ਸੰਸਕ੍ਰਿਤ ਵਿਚ ਇਕ ਧਾਤੂ ਹੈ 'ਤਡ' ਜਿਸ ਦਾ ਅਰਥ ਹੁੰਦਾ ਹੈ-ਮਾਰਨਾ, ਵਜਾਉਣਾ। ਇਸ ਤੋਂ ਹੀ ਜਿੰਦੇ/ਜਿੰਦਰੇ ਦੇ ਅਰਥਾਂ ਵਾਲਾ ਤਾਲਾ ਸ਼ਬਦ ਬਣਿਆ। ਤਾਲਾ ਬੰਦ ਕਰਨ ਦੇ ਆਸ਼ੇ ਲਈ ਅਸੀਂ ਤਾਲਾ ਮਾਰਨਾ ਉਕਤੀ ਵਰਤਦੇ ਹਾਂ। ਦਰਅਸਲ ਮੁਢਲੇ ਤੌਰ 'ਤੇ ਤਾਲਾ ਇਕ ਅਜਿਹਾ ਜੰਤਰ ਹੁੰਦਾ ਸੀ ਜਿਸ ਦਾ ਇਕ ਸਿਰਾ ਦੂਜੇ ਵਿਚ ਮਾਰਿਆ ਜਾਂਦਾ ਹੈ। (ਪ੍ਰਸੰਗਵਸ ਦੱਸ ਦਈਏ ਕਿ ਤਾਲੇ ਲਈ ਪੰਜਾਬੀ ਦਾ ਠੇਠ ਸ਼ਬਦ ਜਿੰਦਾ ਜਾਂ ਜਿੰਦਰਾ ਜੰਤਰ ਸ਼ਬਦ ਤੋਂ ਬਣਿਆ ਹੈ।) ਪੱਥਰ ਜੁੱਗ ਵਿਚ ਤਾਂ ਕਿਸੇ ਗੁਫਾ ਦਾ ਲਾਂਘਾ ਬੰਦ ਕਰਨ ਲਈ ਸਾਹਮਣੇ ਪੱਥਰ ਹੀ ਰੱਖੇ ਜਾਂਦੇ ਹੋਣਗੇ ਜੋ ਇਕ ਤਰ੍ਹਾਂ ਨਾਲ ਉਸ ਜ਼ਮਾਨੇ ਦੇ ਜੰਦਰੇ ਜਾਂ ਤਾਲੇ ਹੋਏ। ਹੌਲੀ ਹੌਲੀ ਸਭਿਅਤਾ ਦੇ ਵਿਕਾਸ ਨਾਲ ਘਰਾਂ ਨੂੰ ਦਰਵਾਜ਼ੇ ਲੱਗਣ ਲੱਗੇ, ਦਰਵਾਜ਼ੇ ਨੂੰ ਬੰਦ ਕਰਨ ਲਈ ਕੁੰਡਾ ਲਾਇਆ ਜਾਣ ਲੱਗਾ। ਦਿਲਚਸਪ ਗੱਲ ਹੈ ਕਿ ਸੰਸਕ੍ਰਿਤ ਵਿਚ ਕੁੰਡੇ ਜਾਂ ਚਿਟਕਣੀ ਲਈ ਵੀ ਤਾਲਾ ਸ਼ਬਦ ਦੀ ਵਰਤੋਂ ਹੁੰਦੀ ਹੈ। ਅਸੀਂ ਅੱਜ ਵੀ ਕੁੰਡਾ ਲਾਉਣਾ ਲਈ ਕੁੰਡਾ ਮਾਰਨਾ ਉਕਤੀ ਵਰਤਦੇ ਹਾਂ। ਹੌਲੀ ਹੌਲੀ ਸਭਿਅਤਾ ਦੇ ਹੋਰ ਵਿਕਾਸ ਤੇ ਨਿਘਾਰ ਨਾਲ ਅਸੁਰੱਖਿਆ ਦੀ ਭਾਵਨਾ ਕਾਰਨ ਆਧੁਨਿਕ ਤਾਲੇ ਹੋਂਦ ਵਿਚ ਆਏ। ਕੁੰਜੀ ਲਈ ਤਾਲੀ ਸ਼ਬਦ ਵੀ ਇਸੇ ਨਾਲ ਜੁੜਦਾ ਹੈ। ਤਾੜਨਾ ਕ੍ਰਿਆ ਦਾ ਅਰਥ ਬੰਦ ਕਰਨਾ ਹੁੰਦਾ ਹੈ, ਜਿਵੇਂ ਕੁੱਕੜੀਆਂ ਨੂੰ ਖੁੱਡੇ ਵਿਚ ਤਾੜਨਾ। ਇਸ ਦਾ ਭਾਵ ਹੈ ਕਿ ਅੰਦਰ ਬੰਦ ਕਰਕੇ ਬਾਹਰੋਂ ਕੁੰਡਾ ਮਾਰਨਾ। ਤਾੜਨਾ ਦਾ ਇਕ ਹੋਰ ਅਰਥ ਡਾਂਟਣਾ, ਧਮਕਾਉਣਾ, ਦੰਡ ਦੇਣਾ ਹੁੰਦਾ ਹੈ। ਇਸ ਵਿਚ ਮਾਰਨ ਦੇ ਭਾਵ ਸਪਸ਼ਟ ਮਾਲੂਮ ਹੁੰਦੇ ਹਨ। ਬੰਗਾਲੀ ਵਿਚ ਤਾੜਾਨ ਦਾ ਅਰਥ ਹੈ-ਹੱਕਣਾ। ਗੁਜਰਾਤੀ ਤਾੜਵੂੰ ਦਾ ਅਰਥ ਹੈ- ਮਾਰਨਾ। ਇਸੇ ਧਾਤੂ ਤੋਂ ਬਣੇ ਤੜੀ ਸ਼ਬਦ ਦਾ ਅਰਥ ਹੈ-ਧੌਂਸ, ਝਾੜ ਜਿਵੇਂ ਤੜੀ ਦੇਣਾ ਜਾਂ ਤੜੀ ਵਿਚ ਆਉਣਾ। ਹਿੰਦੀ ਵਿਚ ਅਜਿਹੇ ਸ਼ਖਸ ਲਈ ਤੜੀਪਾਰ ਸ਼ਬਦ ਚਲਦਾ ਹੈ। ਰੂੰ ਪਿੰਜਣ ਵਾਲੀ ਧੁਣਖੀ ਲਈ ਤਾੜਾ ਸ਼ਬਦ ਵਰਤਿਆ ਜਾਂਦਾ ਹੈ। ਧੁਣਖੀ ਦੀ ਤਾਰ ਨਾਲ ਰੂੰ ਨੂੰ ਇਕ ਤਰ੍ਹਾਂ ਨਾਲ ਸੱਟ ਮਾਰੀ ਜਾਂਦੀ ਹੈ।

ਸੋ, ਹੱਥਾਂ ਨਾਲ ਵਜਾਉਣ ਵਾਲੀ ਤਾੜੀ ਜਾਂ ਤਾਲੀ ਵਿਚ ਚੋਟ ਦੇ ਭਾਵ ਸਪੱਸ਼ਟ ਹਨ। ਤਾੜ ਤਾੜ ਚਪੇੜਾਂ ਮਾਰਨਾ ਵੀ ਇਥੇ ਥਾਂ ਸਿਰ ਪ੍ਰਤੀਤ ਹੁੰਦਾ ਹੈ। ਤਾਲੀ ਤੋਂ ਘੰਟੀ ਦੇ ਅਰਥਾਂ ਵਾਲਾ ਇਕ ਦਿਲਚਸਪ ਸ਼ਬਦ ਬਣਿਆ ਹੈ, ਟੱਲੀ। ਟੱਲੀਆਂ ਵੀ ਵਜਦੀਆਂ ਹੀ ਹਨ। ਨਸ਼ੇ ਵਿਚ ਟੱਲੀ ਹੋ ਜਾਈਦਾ ਹੈ, ਮਾਨੋਂ ਅੰਦਰ ਟੱਲੀਆਂ ਵੱਜਦੀਆਂ ਹਨ। ਵੱਡੀ ਟੱਲੀ ਨੂੰ ਟੱਲ ਕਹਿੰਦੇ ਹਨ, "ਬਿੱਲੀ ਚੜ੍ਹੀ ਅਸਮਾਨ ਟੱਲ ਵਜਾ ਕੇ, ਚੂਹੇ ਆਏ ਖਾਣ ਧੋਤੀਆਂ ਲਾ ਕੇ।" ਮਰਾਠੀ ਵਿਚ ਤਾੜੀ ਜਾਂ ਤਾਲੀ ਲਈ ਟਾਲੀ ਸ਼ਬਦ ਹੈ। ਗੁਜਰਾਤੀ ਵਿਚ ਘੜਿਆਲ ਨੂੰ ਟਾਲ ਕਹਿੰਦੇ ਹਨ, "ਝਾਂਜਰ ਟਾਲ ਬਜੈ ਕਰਨਾਈ।" ਹਿੰਦੀ ਟਾਲ ਦਾ ਅਰਥ ਪਸ਼ੂ ਦੇ ਗਲ ਵਿਚ ਪਾਉਣ ਵਾਲੀ ਟੱਲੀ ਹੈ। 'ਤ' ਅਤੇ 'ਟ' ਧੁਨੀ ਅਕਸਰ ਹੀ ਕਈ ਸ਼ਬਦਾਂ ਵਿਚ ਇਕ ਦੂਜੇ ਦੀ ਥਾਂ ਲੈ ਲੈਂਦੀਆਂ ਹਨ।

ਖਜੂਰ ਦੀ ਕਿਸਮ ਦਾ ਇਕ ਦਰਖਤ ਹੁੰਦਾ ਹੈ ਜਿਸ ਨੂੰ ਤਾੜ ਕਹਿੰਦੇ ਹਨ। ਇਸ ਦੇ ਰਸ ਤੋਂ ਤਾੜੀ ਨਾਂ ਦੀ ਸ਼ਰਾਬ ਬਣਦੀ ਹੈ। ਇਸ ਦੇ ਪੱਤਿਆਂ ਤੋਂ ਪੱਖੇ ਬਣਾਏ ਜਾਂਦੇ ਹਨ। ਪੁਰਾਣੇ ਜ਼ਮਾਨੇ ਵਿਚ ਤਾੜਪੱਤਰ ਲਿਖਣ ਲਈ ਕਾਗਜ਼ ਦੇ ਥਾਂ ਵਰਤੇ ਜਾਂਦੇ ਸਨ। ਭਗਤ ਰਵਿਦਾਸ ਜੀ ਨੇ ਇਹ ਸ਼ਬਦ ਵਰਤਿਆ ਹੈ,

ਤਰੁ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬਿਚਾਰੰ॥
ਭਗਤਿ ਭਗਉਤੁ ਲਿਖੀਐ ਤਿਹ ਊਪਰੈ
ਪੂਜੀਐ ਕਰਿ ਨਮਸਕਾਰੰ॥

ਅਰਥਾਤ ਤਾੜ ਦੇ ਰੁਖ ਨੂੰ ਅਪਵਿੱਤਰ ਮੰਨਿਆ ਜਾਣ ਕਰਕੇ ਇਸ ਦੇ ਕਾਗਜ਼ ਨੂੰ ਵੀ ਅਪਵਿਤਰ ਮੰਨਿਆ ਜਾਂਦਾ ਹੈ। ਪਰ ਜਦੋਂ ਪਰਮਾਤਮਾ ਲਈ ਸ਼ਰਧਾ ਦੇ ਸ਼ਬਦ ਇਸ ਉਪਰ ਲਿਖੇ ਜਾਂਦੇ ਹਨ ਤਾਂ ਅਸੀਂ ਇਸ 'ਤੇ ਮੱਥਾ ਟੇਕਦੇ ਹਾਂ। ਇਥੇ ਇਹ ਦੱਸਣਾ ਬਣਦਾ ਹੈ ਕਿ ਤਾੜ ਦੇ ਦਰਖਤ ਦਾ ਇਹ ਨਾਂ ਇਸ ਲਈ ਪਿਆ ਕਿ ਇਸ ਦੇ ਪੱਤੇ ਹੱਥ ਦੀ ਹਥੇਲੀ ਵਰਗੇ ਹੁੰਦੇ ਹਨ। ਤਾੜ ਦੇ ਦਰੱਖਤ ਅਤੇ ਹਥੇਲੀ ਦੀ ਸਾਂਝ ਸਾਨੂੰ ਅੰਗਰੇਜ਼ੀ ਦੇ ਸ਼ਬਦ ਪਾਮ (palm) ਵਿਚ ਵੀ ਦਿਖਾਈ ਦਿੰਦੀ ਹੈ। ਇਸ ਦੇ ਅਰਥ ਹਥੇਲੀ ਅਤੇ ਇਕ ਕਿਸਮ ਦਾ ਚੌੜੇ ਪੱਤਿਆਂ ਵਾਲਾ ਰੁੱਖ ਵੀ ਹੁੰਦਾ ਹੈ।

ਇਸੇ ਨਾਲ ਇਕ ਜੁੜਦਾ ਸ਼ਬਦ ਹੈ-ਤਾਲ। ਸੰਸਕ੍ਰਿਤ ਵਿਚ ਇਸ ਦਾ ਅਰਥ ਤਾਲਾ ਵੀ ਹੁੰਦਾ ਹੈ ਪਰ ਸਭ ਤੋਂ ਵਧ ਇਹ ਸ਼ਬਦ ਸੰਗੀਤ ਦੇ ਪ੍ਰਸੰਗ ਵਿਚ ਜਾਣਿਆ ਜਾਂਦਾ ਹੈ। ਮਹਾਨ ਕੋਸ਼ ਮੁਤਾਬਿਕ, "ਸੰਗੀਤ ਅਨੁਸਾਰ ਸਮੇਂ ਅਤੇ ਲੈ ਦੀ ਵੰਡ ਲਈ ਤਾਲੀ ਦੀ ਧੁਨਿ 'ਰੋਟੀਆਂ ਕਾਰਣਿ ਪੂਰਹਿ ਤਾਲ' (ਵਾਰ ਆਸਾ) ਸੰਗੀਤ ਸ਼ਾਸਤਰ ਵਿਚ ਲਿਖਿਆ ਹੈ ਕਿ ਸ਼ਿਵ ਦੀ ਤਾਂਡਵ ਨ੍ਰਿਤ ਤੋਂ 'ਤਾ' ਅਤੇ ਪਾਰਵਤੀ ਦੀ ਲਾਸ ਨ੍ਰਿਤ ਤੋਂ ਲੈ ਕੇ ਤਾਲ ਸ਼ਬਦ ਬਣਿਆ ਹੈ।" ਸ਼ਾਸਤਰਾਂ ਵਿਚ ਸ਼ਬਦਾਂ ਦੇ ਅਜਿਹੇ ਮਨਘੜਤ ਅਰਥ ਹੀ ਕੀਤੇ ਜਾਂਦੇ ਹਨ। ਤਾਲ ਦਾ ਅਰਥ ਝਾਂਜ, ਛੈਣੇ ਵੀ ਹੁੰਦਾ ਹੈ, "ਭਗਤਿ ਕਰਤ ਮੇਰੇ ਤਾਲ ਛਿਨਾਏ" -ਭਗਤ ਨਾਮਦੇਵ।

ਧਿਆਨ ਦਿਓ ਅੰਗਰੇਜ਼ੀ ਵਿਚ ਤਾਲ ਲਈ ਬੀਟ (beat) ਸ਼ਬਦ ਵਰਤਿਆ ਜਾਂਦਾ ਹੈ ਜਿਸ ਦਾ ਅਰਥ ਮਾਰਨਾ ਹੀ ਹੁੰਦਾ ਹੈ। ਖੜਤਾਲ ਵਿਚ ਵੀ ਤਾਲ ਝਲਕਦਾ ਹੈ। ਬਹੁਤ ਸਾਰੇ ਸ਼ਬਦਾਂ ਵਿਚ ਤਾਲ ਅਗੇਤਰ ਜਾਂ ਪਿਛੇਤਰ ਵਜੋਂ ਆਉਂਦਾ ਹੈ।

# ਪੰਜਾਬੀ ਰੰਗ-ਮੰਚ ਤੇ ਨੋਰ੍ਹਾ ਰਿਚਰਡਜ਼

ਅਜ਼ੀਮ ਸ਼ਖਸੀਅਤਾਂ

ਹਰਬੀਰ ਸਿੰਘ ਭੰਵਰ

ਹਰ ਸਾਹਿਤਕਾਰ, ਕਲਾਕਾਰ ਤੇ ਹੋਰ ਪ੍ਰੋਫੈਸ਼ਨਲ ਆਪਣੇ ਪਿੱਛੇ ਵਿਰਾਸਤ ਛੱਡ ਕੇ ਜਾਂਦਾ ਹੈ ਜਿਸ ਤੋਂ ਅਗਲੀਆਂ ਪੀੜ੍ਹੀਆਂ ਅਗਵਾਈ ਅਤੇ ਪ੍ਰੇਰਨਾ ਲੈ ਕੇ ਆਪਣਾ ਯੋਗਦਾਨ ਪਾਉਂਦੀਆਂ ਹਨ। ਪੰਜਾਬੀ ਨਾਟਕ ਦੀ ਨੱਕੜਦਾਦੀ ਵਜੋਂ ਜਾਣੀ ਜਾਂਦੀ ਮਿਸਿਜ਼ ਨੋਰ੍ਹਾ ਰਿਚਰਡਜ਼ (29 ਅਕਤੂਬਰ 1876-3 ਮਾਰਚ 1971) ਨੇ ਆਪਣੇ ਪਿੱਛੇ ਅਮੀਰ ਵਿਰਾਸਤ ਛੱਡੀ ਹੈ ਜਿਸ ਤੋਂ ਪ੍ਰੇਰਨਾ ਲੈ ਕੇ ਪੰਜਾਬੀ ਰੰਗ-ਮੰਚ ਵਿਚ ਸੇਵਾ ਕਰਨ ਵਾਲੇ ਕਰਮੀ ਆਪਣਾ ਬਹੁਮੁੱਲਾ ਯੋਗਦਾਨ ਪਾ ਰਹੇ ਹਨ। ਅੱਜ ਪੰਜਾਬੀ ਰੰਗ-ਮੰਚ ਦਾ ਨਾਂ ਹੈ, ਆਪਣੀ ਵੱਖਰੀ ਪਛਾਣ ਹੈ ਜਿਸ 'ਤੇ ਸਾਨੂੰ ਬੜਾ ਮਾਣ ਹੈ।

ਨੋਰ੍ਹਾ ਆਇਰਲੈਂਡ ਦੀ ਨਾਟ-ਪਰੰਪਰਾ ਵਿਚ ਜੰਮੀ-ਪਲੀ ਸੀ। ਉਸ ਨੇ ਆਪਣੀ ਵਿੱਦਿਆ ਆਕਸਫੋਰਡ ਤੇ ਸਿਡਨੀ ਤੋਂ ਪ੍ਰਾਪਤ ਕੀਤੀ। ਆਇਰਲੈਂਡ ਨਾਟਕ ਪਰੰਪਰਾਵਾਂ ਲਈ ਮਸ਼ਹੂਰ ਹੈ। ਇਸ ਦਾ ਉਸ 'ਤੇ ਵੀ ਡੂੰਘਾ ਪ੍ਰਭਾਵ ਸੀ ਅਤੇ ਸ਼ੁਰੂ ਤੋਂ ਹੀ ਉਸ ਨੂੰ ਸਟੇਜ 'ਤੇ ਅਭਿਨੈ ਕਰਨ ਅਤੇ ਗਾਉਣ ਦਾ ਸ਼ੌਕ ਸੀ। ਉਸ ਨੇ ਨੋਰ੍ਹਾ ਡਾਇਲ ਦੇ ਨਾਂ ਨਾਲ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ। ਰੂਸੀ ਲੇਖਕ ਤੇ ਚਿੰਤਕ ਟਾਲਸਟਾਏ ਦਾ ਸਾਹਿਤ ਪੜ੍ਹ ਕੇ ਉਹ ਰੰਗ-ਮੰਚ ਛੱਡ ਕੇ ਵੁਡਲੈਂਡਜ਼ ਨਾਂ ਦੇ ਇਕ ਪਿੰਡ ਵਿਚ ਜਾ ਕੇ ਰਹਿਣ ਲੱਗੀ।

ਉਹ ਬਹੁਤ ਸਿੱਧਾ ਸਾਦਾ ਜੀਵਨ ਬਿਤਾਉਣ ਲੱਗੀ। ਸਾਲ 1908 ਵਿਚ ਉਸ ਦਾ ਵਿਆਹ ਪ੍ਰੋ. ਪੀ.ਈ. ਰਿਚਰਡਜ਼ ਨਾਲ ਹੋਇਆ। ਉਹ ਆਪਣੇ ਪਤੀ ਨਾਲ 1911 ਵਿਚ ਹਿੰਦੋਸਤਾਨ ਆਈ। ਉਸ ਸਮੇਂ ਉਸ ਦੇ ਪਤੀ ਦਿਆਲ ਸਿੰਘ ਕਾਲਜ ਲਾਹੌਰ ਵਿਚ ਅੰਗਰੇਜ਼ੀ ਸਾਹਿਤ ਦੇ ਅਧਿਆਪਕ ਸਨ। ਇੱਥੇ ਉਸ ਨੇ ਕਾਲਜ ਦੇ ਵਿਦਿਆਰਥੀਆਂ ਨਾਲ ਨਾਟਕਾਂ ਵਿਚ ਫਿਰ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦਿਨਾਂ ਵਿਚ ਕਾਲਜਾਂ ਵਿਚ ਅੰਗਰੇਜ਼ੀ ਦੇ ਨਾਟਕ ਖੇਡੇ ਜਾਂਦੇ ਸਨ ਜੋ ਪੰਜਾਬ ਦੇ ਪਿੰਡਾਂ ਵਿਚੋਂ ਆਏ ਵਿਦਿਆਰਥੀਆਂ ਦੇ ਮੂੰਹੋਂ ਬੜੇ ਓਪਰੇ ਤੇ ਰੁਖੇ ਜਾਪਦੇ ਸਨ। ਉਚਾਰਨ ਵੀ ਸ਼ੁੱਧ ਨਹੀਂ ਹੁੰਦਾ ਸੀ। ਨੋਰ੍ਹਾ ਨੇ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਵਿਚ ਭਾਰਤੀ ਜੀਵਨ ਬਾਰੇ ਨਾਟਕ ਲਿਖਣ ਤੇ ਖੇਡਣ ਲਈ ਪ੍ਰੇਰਿਆ ਤੇ ਇਕ ਨਾਟ ਮੁਕਾਬਲਾ ਵੀ ਰੱਖਿਆ। ਪਹਿਲੇ ਨੰਬਰ 'ਤੇ ਆਉਣ ਵਾਲੇ ਨਾਟਕ ਨੂੰ ਇਕ ਗਿੰਨੀ ਇਨਾਮ ਦੇਣ ਦਾ ਐਲਾਨ ਕੀਤਾ। ਇਨਾਮ ਦੇਣ ਦੀ ਪ੍ਰਥਾ ਯੂਨਾਨੀ ਥੀਏਟਰ ਤੋਂ ਚਲੀ ਆ ਰਹੀ ਸੀ। ਪੰਜਾਬ ਵਿਚ ਇਹ ਪ੍ਰਥਾ ਉਸ ਨੇ ਤੋਰੀ।



ਨੋਰ੍ਹਾ ਰਿਚਰਡਜ਼

ਇਸ ਪ੍ਰੇਰਨਾ ਅਤੇ ਉਤਸ਼ਾਹ ਸਦਕਾ 1913 ਵਿਚ ਈਸ਼ਵਰ ਚੰਦਰ ਨੰਦਾ ਨੇ ਸਟੇਜ ਨੂੰ ਮੁੱਖ ਰੱਖ ਕੇ ਪੰਜਾਬੀ ਦਾ ਪਹਿਲਾ ਸਾਹਿਤਕ ਨਾਟਕ 'ਦੁਲਹਨ' ਲਿਖਿਆ ਅਤੇ ਪਹਿਲਾ ਇਨਾਮ ਪ੍ਰਾਪਤ ਕੀਤਾ। ਇਹ 14 ਅਪਰੈਲ 1914 ਨੂੰ ਦਿਆਲ ਸਿੰਘ ਕਾਲਜ ਦੀ ਸਟੇਜ 'ਤੇ ਨੋਰ੍ਹਾ ਦੇ ਨਿਰਦੇਸ਼ਨ ਵਿਚ ਖੇਡਿਆ ਗਿਆ ਜਿਸ ਦੇ ਨਾਲ ਹੀ ਆਧੁਨਿਕ ਪੰਜਾਬੀ ਰੰਗ-ਮੰਚ ਦੀ ਬੁਨਿਆਦ ਰੱਖੀ ਗਈ। ਅਗਲੇ ਸਾਲ ਰਾਜਿੰਦਰ ਲਾਲ ਸਾਹਨੀ ਨੇ 'ਦੀਨੇ ਦੀ ਜੰਞ' ਲਿਖ ਕੇ ਪਹਿਲਾ ਇਨਾਮ ਪ੍ਰਾਪਤ ਕੀਤਾ ਜਦੋਂ ਕਿ ਨੰਦਾ ਦਾ ਨਾਟਕ 'ਬੇਬੇ ਰਾਮ ਭਜਨੀ' ਦੂਜੇ ਨੰਬਰ 'ਤੇ ਰਿਹਾ।

ਨੋਰ੍ਹਾ ਨੇ ਉਸ ਸਮੇਂ ਪੰਜਾਬੀ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਵਿਚ ਨਾਟਕ ਲਿਖਣ ਤੇ ਖੇਡਣ ਲਈ ਪ੍ਰੇਰਨਾ ਦਿੱਤੀ ਜਦੋਂ ਅੰਗਰੇਜ਼ੀ ਹਕੂਮਤ ਦਾ ਬੋਲਬਾਲਾ ਸੀ। ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ। ਪੜ੍ਹੇ-ਲਿਖੇ ਲੋਕ ਸ਼ੁੱਧ ਅੰਗਰੇਜ਼ੀ ਬੋਲਣ, ਅੰਗਰੇਜ਼ੀ ਸਭਿਅਤਾ ਤੇ ਉਥੋਂ ਦੇ ਜੀਵਨ ਢੰਗ ਦੀ ਨਕਲ ਕਰਨ 'ਤੇ ਜ਼ੋਰ ਦੇ ਰਹੇ ਸਨ ਤਾਂ ਨੋਰ੍ਹਾ ਨੇ ਪੰਜਾਬੀ ਵਲਵਲੇ ਅਤੇ ਬੋਲੀ ਦੇ ਗੁਣਾਂ ਨੂੰ ਸਲਾਹਿਆ।

ਨੋਰ੍ਹਾ ਰਿਚਰਡਜ਼ ਨੇ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਪਹਿਲੋਂ ਖੁੱਲ੍ਹਾ ਰੰਗ-ਮੰਚ ਅਤੇ ਨਾਟਕ ਲਿਖਣ, ਖੇਡਣ ਅਤੇ ਨਿਰਦੇਸ਼ਨ ਦੀ ਕਲਾ ਸਿਖਾਉਣ ਲਈ 'ਸਰਸਵਤੀ ਸਟੇਜ ਸੁਸਾਇਟੀ' ਨਾਂ ਦਾ ਸਕੂਲ ਵੀ ਖੋਲ੍ਹਿਆ ਜਿਸ ਦੇ ਸਰਪ੍ਰਸਤ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਏ.ਸੀ. ਵੂਲਨਰ ਸਨ। ਇਸ ਆਸ਼ੇ ਲਈ 'ਸਰਸਵਤੀ' ਨਾਂ ਦਾ ਮਾਸਿਕ ਪਰਚਾ ਵੀ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ।

ਨਾਟਕ ਬਾਰੇ ਇਹ ਲਹਿਰ ਵੇਖ ਕੇ ਲਾਹੌਰ ਦੇ 'ਸਿਵਲ ਐਂਡ ਮਿਲਟਰੀ ਗਜ਼ਟ' ਨੇ ਇਨ੍ਹਾਂ ਸ਼ਬਦਾਂ ਨਾਲ ਸਰਾਹਨਾ ਕੀਤੀ, "ਅੱਜ ਕੱਲ੍ਹ ਲਾਹੌਰ ਦੇ ਕਾਲਜਾਂ ਵਿਚ ਜਿਹੜੀ ਨਾਟਕਾਂ ਦੀ ਲਹਿਰ ਚਲ ਰਹੀ ਹੈ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਨਵੇਂ ਯੁੱਗ ਦਾ ਅਰੰਭ ਹੋ ਗਿਆ ਹੈ। ਸ਼ੇਕਸਪੀਅਰ ਦੇ ਕਾਲਜਾਂ ਵਿਚ ਪੜ੍ਹਾਏ ਜਾਣ ਵਾਲੇ ਨਾਟਕਾਂ ਨੂੰ ਖੇਡਣ ਨਾਲੋਂ ਤਾਂ ਕਾਲਜਾਂ ਦੇ ਆਪਣੇ ਰਚੇ ਨਾਟਕਾਂ ਨੂੰ ਖੇਡਿਆ ਜਾਣਾ ਕਿਧਰੇ ਚੰਗਾ ਲੱਗੇ। ਜੇ ਇਹ ਹੋਣ ਲਗ ਜਾਏ ਤਾਂ ਯੂਨੀਵਰਸਿਟੀ 'ਕਲਾ ਦੀ ਜਨਨੀ' ਦੇ ਤੌਰ 'ਤੇ ਆਪਣਾ ਰੋਲ ਨਿਭਾਏਗੀ। ਨਵੇਂ ਅਤੇ ਜਵਾਨ ਕਲਾਕਾਰਾਂ ਨੂੰ ਉਤਸ਼ਾਹ ਮਿਲੇਗਾ ਤੇ ਨਤੀਜੇ ਵਜੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਅਸਲ ਕੀਮਤ ਵੀ ਪਛਾਣ ਹੋਏਗੀ।"

ਸਾਲ 1935 ਤੋਂ ਆਪਣੇ ਆਖਰੀ ਸਾਹ ਤਕ ਨੋਰ੍ਹਾ ਜ਼ਿਲ੍ਹਾ ਕਾਂਗੜਾ ਦੇ ਛੋਟੇ ਜਿਹੇ ਪਿੰਡ ਅੰਦਰੇਟਾ ਵਿਖੇ ਰਹੀ। ਕਾਲਜਾਂ ਦੇ ਪ੍ਰੋਫੈਸਰ ਤੇ ਵਿਦਿਆਰਥੀ ਨਾਟ ਸਿੱਖਿਆ ਲਈ ਉਸ ਪਾਸ ਆਉਂਦੇ ਰਹਿੰਦੇ। ਪੰਜਾਬ ਸਰਕਾਰ ਵੀ ਆਪਣੇ ਡਰਾਮਾ ਵਿਭਾਗ ਤੇ ਸਮਾਜਕ ਸਿੱਖਿਆ ਅਫਸਰਾਂ ਨੂੰ ਰੰਗ-ਮੰਚ ਦੀ ਸਿੱਖਿਆ ਲਈ ਉਸ ਪਾਸ ਭੇਜਦੀ ਰਹੀ।

ਇਸ ਲੇਖਕ ਨੂੰ ਜੁਲਾਈ 1960 ਤੋਂ ਦੋ ਦਹਾਕੇ ਅੰਦਰੇਟੇ ਰਹਿੰਦੇ ਹੋਏ ਨੋਰ੍ਹਾ ਨੂੰ ਬਹੁਤ ਨੇੜਿਉਂ ਦੇਖਣ ਤੇ ਅਨੇਕਾਂ ਵਾਰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਥੀਏਟਰ ਉਸ ਦਾ ਸ਼ੌਕ ਨਹੀਂ ਧਰਮ ਸੀ, ਜਨੂੰਨ ਸੀ। ਅੰਦਰੇਟੇ ਅਕਸਰ ਰੰਗ-ਮੰਚ ਬਾਰੇ ਕੋਈ ਗੋਸ਼ਟੀ ਜਾਂ ਵਰਕਸ਼ਾਪ ਜਾਂ ਕੈਂਪ ਲੱਗਾ ਰਹਿੰਦਾ ਸੀ। ਰੰਗ-ਮੰਚ ਦੇ ਕੋਈ ਨਾ ਕੋਈ ਕਲਾਕਾਰ ਆਏ ਹੀ ਰਹਿੰਦੇ ਸਨ। ਇਨ੍ਹਾਂ ਵਿਚ ਪ੍ਰਿਥਵੀ ਰਾਜ ਕਪੂਰ, ਹਬੀਬ ਤਨਵੀਰ, ਮੁਸ਼ਤਾਕ ਅਹਿਮਦ, ਬਲਵੰਤ ਗਾਰਗੀ, ਮੁਰਲੀਧਰ ਅਤੇ ਜੈ ਦਿਆਲ ਦੇ ਨਾਂ ਵਰਣਨਯੋਗ ਹਨ।

ਨੋਰ੍ਹਾ ਬਹੁਤ ਹੀ ਸਾਦਾ ਰਹਿੰਦੀ ਸੀ। ਉਸ ਦਾ ਵਿਚਾਰ ਸੀ ਕਿ ਸਾਨੂੰ ਪਿੰਡਾਂ ਵਿਚ ਰਹਿਣਾ ਚਾਹੀਦਾ ਹੈ। ਭਾਰਤ ਪਿੰਡਾਂ ਦਾ ਦੇਸ਼ ਹੈ, ਇਸ ਦਾ ਸਰਬ-ਪੱਖੀ ਵਿਕਾਸ ਤਾਂ ਹੀ ਹੋ ਸਕਦਾ ਹੈ ਜੇ ਪਿੰਡਾਂ ਦਾ ਵਿਕਾਸ ਹੋਵੇ। ਉਨ੍ਹਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਪਿੰਡ ਵਿਚ ਰਹਿਣ ਵਾਲਾ ਕੁਦਰਤ ਦੇ ਬਹੁਤ ਨੇੜੇ ਹੁੰਦਾ ਹੈ ਅਤੇ ਕੁਦਰਤ ਨਾਲ ਇਕ-ਮਿੱਕ ਹੋ ਜਾਂਦਾ ਹੈ। ਉਸ ਦਾ ਕਹਿਣਾ ਸੀ ਕਿ ਜਦੋਂ ਇੰਗਲੈਂਡ ਦੇ ਲੋਕ ਦਿਹਾਤ ਵਿਚ ਰਹਿੰਦੇ ਸਨ ਤਾਂ ਉਸ ਨੇ ਬੜੇ ਵੱਡੇ-ਵੱਡੇ ਲੇਖਕ, ਚਿੰਤਕ, ਕਲਾਕਾਰ ਤੇ ਨੀਤੀਵਾਨ ਪੈਦਾ ਕੀਤੇ।

ਨੋਰ੍ਹਾ ਚਾਹੁੰਦੀ ਸੀ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਨਾਟਕ ਮਜ਼ਮੂਨ ਵਜੋਂ ਪੜ੍ਹਾਇਆ ਜਾਵੇ। ਅਜ ਅਨੇਕ ਯੂਨੀਵਰਸਿਟੀਆਂ ਵਿਚ ਰੰਗ-ਮੰਚ ਦੀ ਇਕ ਮਜ਼ਮੂਨ ਵਜੋਂ ਸਿੱਖਿਆ ਦਿੱਤੀ ਜਾ ਰਹੀ ਹੈ। ਉਸ ਦਾ ਇਕ ਸੁਪਨਾ ਪੂਰਾ ਹੋ ਗਿਆ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਸ ਦੀਆਂ ਪੰਜਾਬੀ ਰੰਗ-ਮੰਚ ਲਈ ਇਨ੍ਹਾਂ ਮਹਾਨ ਸੇਵਾਵਾਂ ਨੂੰ ਮੁੱਖ ਰੱਖ ਕੇ ਉਸ ਨੂੰ ਡਾਕਟਰ ਆਫ ਲਿਟਰੇਚਰ ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਤ ਕੀਤਾ ਸੀ। ਆਪਣੀ ਵਸੀਅਤ ਰਾਹੀਂ ਨੋਰ੍ਹਾ ਨੇ ਆਪਣਾ ਰਿਹਾਇਸ਼ੀ ਘਰ ਵਾਲਾ ਕੰਪਲੈਕਸ ਤੇ ਨਿੱਜੀ ਲਾਇਬਰੇਰੀ ਯੂਨੀਵਰਸਿਟੀ ਨੂੰ ਦਿੱਤੀ ਜਿਥੇ ਯੂਨੀਵਰਸਿਟੀ ਨੇ 'ਵਿਦਿਆਰਥੀ ਭਵਨ' ਬਣਾਇਆ ਹੈ। ਯੂਨੀਵਰਸਿਟੀ ਦੇ ਅਧਿਆਪਕ ਤੇ ਵਿਦਿਆਰਥੀ ਇਥੇ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ। ਵੈਸੇ ਤਾਂ ਪੰਜਾਬੀ ਰੰਗ-ਮੰਚ ਨਾਲ ਜੁੜੇ ਸਾਰੇ ਰੰਗ-ਕਰਮੀ ਨੋਰ੍ਹਾ ਦੀ ਵਿਰਾਸਤ ਦਾ ਹਿੱਸਾ ਹਨ, ਪਰ ਕਾਨੂੰਨੀ ਤੇ ਅਸਲੀ ਅਰਥਾਂ ਵਿਚ ਪੰਜਾਬੀ ਯੂਨੀਵਰਸਿਟੀ ਉਸ ਦੀ ਵਾਰਿਸ ਹੈ ਤੇ ਇਸ ਅਮੀਰ ਵਿਰਾਸਤ ਦੀ ਦੇਖ ਭਾਲ ਤੇ ਪਸਾਰ ਲਈ ਹਰ ਸੰਭਵ ਯਤਨ ਕਰ ਰਹੀ ਹੈ।



ਅੰਦਰੇਟਾ ਵਿਚ ਨੋਰ੍ਹਾ ਰਿਚਰਡਜ਼ ਦਾ ਘਰ ਜੋ ਹੁਣ ਅਜਾਇਬ-ਘਰ ਹੈ।

# ਇਕ ਹੱਥ ਕਲਮ, ਦੂਜੇ ਹੱਥ ਤੂੰਬੀ

**ਨਿੰਦਰ ਘੁਗਿਆਣਵੀ-1**



*ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸੰਪਾਦਕ ਰਹਿ ਚੁਕੇ ਸ. ਗੁਰਬਚਨ ਸਿੰਘ ਭੁੱਲਰ ਦੀਆਂ ਲਿਖਤਾਂ ਪੰਜਾਬ ਟਾਈਮਜ਼ ਦੇ ਪਾਠਕ ਇਕ ਅਰਸੇ ਤੋਂ ਪੜ੍ਹਦੇ ਆ ਰਹੇ ਹਨ। ਉਹ ਸਾਹਿਤ ਅਕਾਦਮੀ ਇਨਾਮ ਜੇਤੂ ਨਾਮੀ ਕਹਾਣੀਕਾਰ ਵੀ ਹਨ ਅਤੇ ਪੱਤਰਕਾਰ ਵੀ। ਉਨ੍ਹਾਂ ਨੂੰ ਕਹਾਣੀ ਵਿਚ ਪੱਤਰਕਾਰੀ ਤੇ ਪੱਤਰਕਾਰੀ ਵਿਚ ਕਹਾਣੀ ਰਲਾਉਣ ਦੀ ਵੀ ਪੂਰੀ ਜਾਚ ਹੈ। ਪੰਜਾਬੀ ਦੇ ਸ਼੍ਰੋਮਣੀ ਨਾਟਕਕਾਰ ਮਰਹੂਮ ਬਲਵੰਤ ਗਾਰਗੀ ਬਾਰੇ ਭੁੱਲਰ ਸਾਹਿਬ ਦਾ ਲੰਮਾ ਰੇਖਾ-ਚਿਤਰ ਨੁਮਾ ਲੇਖ ਪਾਠਕ ਪੜ੍ਹ ਹੀ ਚੁਕੇ ਹਨ। ਰੇਖਾ-ਚਿਤਰ ਲਿਖਦਿਆਂ ਸ਼ਾਇਦ ਆਪਣੇ ਜ਼ਿਲ੍ਹੇ ਦੇ ਹਮਵਾਸੀ ਬਲਵੰਤ ਗਾਰਗੀ ਦੀ ਉਂਗਲ ਫੜਦਿਆਂ ਉਹ ਵਿਅਕਤੀ ਦੀਆਂ ਸਿਫਤਾਂ ਵੀ ਕਰੀ ਜਾਂਦੇ ਹਨ ਤੇ ਉਸ ਨੂੰ ਚੋਭਾਂ ਵੀ ਲਾਈ ਜਾਂਦੇ ਹਨ। ਇਹੋ ਕੁਝ ਉਨ੍ਹਾਂ ਬਲਵੰਤ ਗਾਰਗੀ ਨਾਲ ਕੀਤਾ ਸੀ ਅਤੇ ਫਿਰ ਪ੍ਰਿੰ. ਸਰਵਣ ਸਿੰਘ ਬਾਰੇ ਲੇਖ ਵਿਚ। ਇਹੋ ਜੁਗਤ ਉਨ੍ਹਾਂ ਹੁਣ ਨਿੰਦਰ ਘੁਗਿਆਣਵੀ ਬਾਰੇ ਲਿਖੇ ਇਸ ਲੇਖ ਵਿਚ ਵਰਤੀ ਹੈ। -ਸੰਪਾਦਕ*

ਨਿੰਦਰ ਘੁਗਿਆਣਵੀ ਨੂੰ ਪਰਦੇਸੀਂ ਵਸਦੇ ਬਹੁਤੇ ਪੰਜਾਬੀ ਉਹਦੇ ਵੱਖ ਵੱਖ ਗੁਣਾਂ ਸਦਕਾ ਚੰਗੀ ਤਰ੍ਹਾਂ ਜਾਣਦੇ-ਪਛਾਣਦੇ ਹਨ। ਉਹ ਕਈ ਦੇਸ਼ਾਂ ਦੇ ਕਈ ਅਖ਼ਬਾਰਾਂ ਵਿਚ ਕਈ ਕਈ ਸਾਲ ਤੋਂ ਕਾਲਮ ਲਿਖ ਰਿਹਾ ਹੈ। ਉਹ ਝੋਲੇ ਵਿਚ ਤੂੰਬੀ ਪਾ ਕੇ ਕਿਸੇ ਦੇਸ਼ ਜਾ ਪਹੁੰਚਦਾ ਹੈ ਅਤੇ ਲੋਕਮੁਖੀ ਗਾਇਕ ਸਵਰਗੀ ਯਮਲਾ ਜੱਟ ਦਾ ਸਭ ਤੋਂ ਛੋਟੀ ਉਮਰ ਦਾ ਤੇ ਸਭ ਤੋਂ ਲਾਡਲਾ ਚੇਲਾ ਹੋਣ ਸਦਕਾ ਉਹਦੀਆਂ ਰਚਨਾਵਾਂ ਉਹਦੀ ਹੀ ਲੈਅ, ਸੁਰ ਤੇ ਆਵਾਜ਼ ਵਿਚ ਗਾ ਕੇ ਮੇਲਾ ਲੁੱਟ ਲੈਂਦਾ ਹੈ। ਇਹਦੀ ਤੂੰਬੀ ਦੀ ਟੁਣਕਾਰ ਲੋਕਾਂ ਦੇ ਦਿਲ ਵਿਚ ਤਾਂ ਥਾਂ ਬਣਾਉਂਦੀ ਹੀ ਹੈ, ਉਨ੍ਹਾਂ ਦੇ ਘਰਾਂ ਦੇ ਬੂਹੇ ਵੀ ਅਪਣੱਤ ਨਾਲ ਖੁਲ੍ਹਵਾ ਲੈਂਦੀ ਹੈ। ਸਾਹਿਤ ਤੇ ਸਭਿਆਚਾਰ ਬਾਰੇ ਹੁਣ ਤੱਕ ਇਹ



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਅਨੇਕ ਪੁਸਤਕਾਂ ਲਿਖ ਚੁੱਕਿਆ ਹੈ। ਕਈ ਪੁਸਤਕਾਂ ਪਰਵਾਸੀਆਂ ਦੇ ਦਿਲਾਂ ਵਿਚ ਤੇ ਘਰਾਂ ਵਿਚ ਨੀਝ ਨਾਲ ਦੇਖੇ ਅਤੇ ਮਹਿਸੂਸੇ ਦਾ ਬਹੁਪੱਖੀ ਤੇ ਬਹੁਰੰਗਾ ਵਰਨਣ ਹਨ। ਪਰ ਅਜਿਹੀਆਂ ਗੱਲਾਂ ਨੂੰ ਲੈ ਕੇ ਕੁਛ ਹੋਰ ਸਫ਼ਰਨਾਮਾ ਲੇਖਕਾਂ ਨਾਲੋਂ ਇਹਦਾ ਇਕ ਵੱਡਾ ਫ਼ਰਕ ਹੈ। ਜਿਥੇ ਕਈ ਗ਼ੈਰ-ਜ਼ਿੰਮੇਵਾਰ ਲੋਕ ਜਿਸ ਥਾਲੀ ਵਿਚ ਖਾ ਕੇ ਆਏ



*ਸਾਹਿਤਕ ਰਾਹਨੁਮਾ ਗੁਰਬਚਨ ਸਿੰਘ ਭੁੱਲਰ ਨਾਲ*

ਹੁੰਦੇ ਹਨ, ਲੇਖਾਂ ਤੇ ਪੁਸਤਕਾਂ ਵਿਚ ਉਸੇ ਦੀ ਬੇਅਦਬੀ ਕਰਦੇ ਹਨ, ਇਹ ਇਕ ਵੀ ਸ਼ਬਦ ਕਿਸੇ ਮੇਜ਼ਬਾਨ ਵਾਸਤੇ ਨਿਰਾਦਰੀ ਵਾਲਾ ਨਹੀਂ ਲਿਖਦਾ। ਇਹ ਉਨ੍ਹਾਂ ਦੇ ਦੁਖ-ਸੁਖ, ਝੋਰੇ ਤੇ ਹਾਸਲ ਅਪਣੱਤ ਤੇ ਹਮਦਰਦੀ ਨਾਲ ਪੇਸ਼ ਕਰਦਾ ਹੈ।

ਹੁਣ ਇਹਨੇ ਪਰਦੇਸ-ਫੇਰੀਆਂ ਬਾਰੇ ਇਕ ਨਵੀਂ ਪੁਸਤਕ 'ਠੰਢੀ ਧਰਤੀ, ਤਪਦੇ ਲੋਕ' ਦਾ ਖਰੜਾ ਮੈਨੂੰ ਮੁੱਖ-ਸ਼ਬਦ ਲਿਖਣ ਵਾਸਤੇ ਭੇਜਿਆ। ਮੈਂ ਫੋਨ ਕਰ ਕੇ ਉਮਰ ਪੁੱਛੀ। ਇਹ ਕੁੱਲ 35 ਸਾਲ ਦਾ ਹੈ। ਮੈਂ ਪੁੱਛਿਆ, ਇਹ ਤੇਰੀ ਕਿੰਨੀਵੀਂ ਪੁਸਤਕ ਹੈ? ਕਹਿੰਦਾ, ਅਠੱਤੀਵੀਂ। 35 ਸਾਲ ਦੀ ਉਮਰ ਤੇ 38 ਪੁਸਤਕਾਂ! ਮੇਰਾ ਹੈਰਾਨ ਹੋਣਾ ਕੁਦਰਤੀ ਸੀ। ਹਰ ਸਾਲ ਦੀ ਇਕ ਪੁਸਤਕ ਗਿਣੀਏ, ਤਾਂ ਵੀ ਤਿੰਨ ਬਚ ਰਹੀਆਂ! ਪਰ 35 ਸਾਲ ਕਿਥੇ, ਬੰਦਾ ਜੰਮਦਾ ਹੀ ਥੋੜ੍ਹੋ ਲਿਖਣ ਲੱਗ ਪੈਂਦਾ ਹੈ! ਜੇ ਨਾਬਾਲਗ਼ ਉਮਰ ਦੇ 18 ਵਰ੍ਹੇ ਕੱਢ ਦੇਈਏ, 17 ਸਾਲਾਂ ਦੀਆਂ 38 ਪੁਸਤਕਾਂ; ਹਰ ਸਾਲ ਦੇ ਹਿੱਸੇ ਦੋ ਆ ਕੇ ਫੇਰ ਚਾਰ ਬਚ ਰਹੀਆਂ। ਮੈਂ ਪੁੱਛਿਆ, "ਹਿਸਾਬ ਕਿਵੇਂ ਵੀ ਲਾਈਏ, ਸਾਲਾਂ ਨਾਲੋਂ ਤੇਰੀਆਂ 3-4 ਪੁਸਤਕਾਂ ਵਾਧੂ ਬਚ ਰਹਿੰਦੀਆਂ ਨੇ। ਇਹ ਤੂੰ ਨਾਲ ਲੈ ਕੇ ਜੰਮਿਆ ਸੀ?" ਹੱਸ ਕੇ ਕਹਿੰਦਾ, "ਆਹੋ ਐਂਕਲ ਜੀ, ਇਕ ਹੱਥ ਵਿਚ ਇਹ ਪੁਸਤਕਾਂ ਸੀ ਤੇ ਦੂਜੇ ਵਿਚ ਤੂੰਬੀ। ਉਹ ਵੀ ਮੇਰੇ ਨਾਲ ਹੀ ਆਈ ਸੀ!"

ਨਿੰਦਰ ਨੂੰ ਮੈਂ ਪਹਿਲੀ ਵਾਰ ਪਟਿਆਲੇ ਭਾਸ਼ਾ ਭਵਨ ਵਿਚ ਦੇਖਿਆ ਸੀ। 1996 ਜਾਂ 97 ਦੀ ਗੱਲ ਹੋਣੀ ਹੈ। ਇਹ ਉਥੇ ਕੱਚਾ-ਪੱਕਾ ਜਿਹਾ ਮੁਲਾਜ਼ਮ ਸੀ। ਕੰਮ ਆਉਣ ਲਈ ਤਤਪਰ ਅਤੇ ਸੇਵਾ ਦੀ ਭਾਵਨਾ ਨਾਲ ਭਰਪੂਰ। 'ਐਂਕਲ ਜੀ ਐਂਕਲ ਜੀ' ਕਰਦੇ ਦਾ ਮੂੰਹ ਨਾ ਥਕਦਾ। ਗੱਲ-ਗੱਲ ਉਤੇ ਹਸਦਾ। ਮੈਂ ਉਸ ਸਮੇਂ ਤੱਕ ਇਹਦੀ ਕੋਈ ਰਚਨਾ ਤਾਂ ਨਹੀਂ ਸੀ ਪੜ੍ਹੀ ਹੋਈ ਪਰ ਇਹਦਾ ਨਾਂ ਸਾਹਿਤ ਸਭਾਵਾਂ ਦੀਆਂ ਖ਼ਬਰਾਂ-ਖ਼ੁਬਰਾਂ ਵਿਚ ਪੜ੍ਹਿਆ ਹੋਇਆ ਸੀ। ਇਕ ਵਾਰ ਮੈਂ ਤੇ ਸੰਤੋਖ ਸਿੰਘ ਧੀਰ ਉਥੇ ਲੇਖਕ ਭਵਨ ਵਿਚ ਠਹਿਰੇ ਤਾਂ ਨਿਘੋਚੀ ਸੁਭਾਅ ਦੇ ਬਾਵਜੂਦ ਉਹ ਵੀ ਇਹਦੇ ਸੇਵਾ-ਭਾਵ ਤੇ ਰਚਨਾ-ਕਾਰਜ ਤੋਂ ਬਹੁਤ ਖ਼ੁਸ਼ ਹੋਏ।

ਦੂਜੀ ਵਾਰ ਇਹ ਇਕ ਸਾਹਿਤਕ ਇਕੱਠ ਵਿਚ ਮਿਲਿਆ। ਇਹਦਾ ਹਾਸਾ ਗ਼ਾਇਬ ਸੀ। ਇਹ ਖਾਸਾ ਦੁਖੀ ਹੋਇਆ ਫਿਰਦਾ ਸੀ। ਇਹਦੀ ਉਹ ਕੱਚੀ ਨੌਕਰੀ ਜਾਂਦੀ ਰਹੀ ਸੀ। ਇਹ ਹਰ ਵੱਡੇ ਲੇਖਕ ਨੂੰ ਆਖ ਰਿਹਾ ਸੀ, "ਐਂਕਲ ਜੀ, ਕਹੋ ਖਾਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ, ਵਿਭਾਗ ਵਾਲੇ ਮੇਰੇ ਨਾਲ ਕੀਤਾ ਧੱਕਾ ਦੂਰ ਕਰਨ।" ਅਸਲ ਗੱਲ ਇਹ ਸੀ ਕਿ ਵਿਭਾਗ ਦੇ ਅਧਿਕਾਰੀ, ਜਿਨ੍ਹਾਂ ਵਿਚੋਂ ਕਈਆਂ ਨੂੰ ਚਿੱਠੀ ਲਿਖਣੀ ਵੀ ਨਹੀਂ ਸੀ ਆਉਂਦੀ, ਪ੍ਰੇਸ਼ਾਨ ਸਨ, ਉਨ੍ਹਾਂ ਦਾ ਇਕ ਮਾਮੂਲੀ ਚਪੜਾਸੀ-ਮਾਲੀ ਪੁਸਤਕਾਂ ਲਿਖ ਲਿਖ ਉਨ੍ਹਾਂ ਦੀ ਬੇਇੱਜ਼ਤੀ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਨਜ਼ਰਾਂ ਵਿਚ ਡੇਗ ਰਿਹਾ ਸੀ!

ਮੈਂ ਇਹਨੂੰ ਬਾਬਾ ਨਾਨਕ ਦੀ ਸਾਖੀ ਸੁਣਾਈ। ਉਨ੍ਹਾਂ ਨੇ ਇਕ ਉਜੱਡ ਪਿੰਡ ਨੂੰ ਵਸਦੇ ਰਹਿਣ ਦਾ ਵਰ ਦਿੱਤਾ ਸੀ, ਤਾਂ ਜੋ ਉਹ ਆਪਣੀ ਉਜੱਡਤਾ ਫੈਲਾ ਨਾ ਸਕੇ ਅਤੇ ਇਕ ਸਭਿਅਕ ਸਾਊ ਪਿੰਡ ਨੂੰ ਉਜੜ ਜਾਣ ਦਾ ਬਚਨ ਕੀਤਾ ਸੀ, ਤਾਂ ਜੋ ਉਹਦਾ ਸੁਚੱਜ-ਸਦਾਚਾਰ ਦੂਰ-ਦੂਰ ਫੈਲ ਜਾਵੇ। ਉਜਾੜਾ ਕਈ ਵਾਰ ਵਸੇਵੇ ਨਾਲੋਂ ਅੰਤ ਨੂੰ ਵਧੀਕ ਵਸਾਊ ਸਿੱਧ ਹੁੰਦਾ ਹੈ। ਮੈਂ ਇਹਨੂੰ ਆਪਣੀ ਮਿਸਾਲ ਦਿੱਤੀ। ਜਦੋਂ ਕੈਰੋਂਸ਼ਾਹੀ ਵੇਲੇ ਮੈਨੂੰ ਅਧਿਆਪਕ ਲਹਿਰ ਦੀਆਂ ਸਰਗਰਮੀਆਂ ਅਤੇ ਖੱਬੇ ਵਿਚਾਰਾਂ ਕਾਰਨ ਦਸ ਸਾਲ ਦੀ ਪੱਕੀ ਨੌਕਰੀ ਮਗਰੋਂ ਹਟਾ ਕੇ ਪਹਿਲਾ ਨਿਸ਼ਾਨਾ ਬਣਾਇਆ ਗਿਆ ਸੀ, ਮੈਂ ਵੀ ਇਕ ਵਾਰ ਉਦਾਸ ਹੋ ਗਿਆ ਸੀ। ਉਸ ਸਮੇਂ ਦੇ ਮਾਨਸਿਕ ਦਿਸਹੱਦੇ ਨਾਲ ਲਗਦਾ ਸੀ ਕਿ ਕੋਈ ਵੀ ਰਾਹ ਖੁੱਲ੍ਹਾ ਨਹੀਂ, ਹੁਣ ਮੈਂ ਹੋਰ ਕੀ ਕਰ ਸਕਾਂਗਾ। ਪਰ ਹੁਣ ਪਿੱਛਲ-ਝਾਤ ਰਾਹੀਂ ਲਗਦਾ ਹੈ ਕਿ ਜੇ ਮੇਰੇ ਉਤੇ ਇਹ 'ਸਰਕਾਰੀ ਕਿਰਪਾ' ਨਾ ਹੋਈ ਹੁੰਦੀ, ਮੈਂ ਬਠਿੰਡਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਾ ਕੇ ਰਿਟਾਇਰ ਹੋ ਗਿਆ ਹੁੰਦਾ ਅਤੇ ਸੰਭਵ ਤੌਰ ਉਤੇ ਨਾ ਹੀ ਸਾਹਿਤ ਵਿਚ ਤੇ ਨਾ ਹੀ ਪਰਿਵਾਰ ਵਿਚ ਹੁਣ ਵਾਲੀਆਂ ਪ੍ਰਾਪਤੀਆਂ ਕਰ ਸਕਦਾ।

ਮੈਂ ਇਹਨੂੰ ਕਿਹਾ, "ਤੂੰ ਬੇਦਿਲ ਨਾ ਹੋ, ਕੋਈ ਰਾਹ ਜ਼ਰੂਰ ਨਿਕਲੇਗਾ। ਤੇ ਮੇਰਾ ਲੱਖਣ ਹੈ, ਜੇ ਤੂੰ ਭਾਸ਼ਾ ਵਿਭਾਗ ਦੀ ਨੌਕਰੀ ਕਰਦਾ ਰਹਿੰਦਾ, ਉਸ ਰਾਹ ਉਤੇ ਏਨਾ ਅੱਗੇ ਨਾ ਤੁਰ ਸਕਦਾ, ਜਿਸ ਉਤੇ ਹੁਣ ਤੁਰਿਆ ਹੋਇਆ ਹੈਂ।"

ਫੇਰ 1998-1999 ਵਿਚ ਜਦੋਂ ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ, ਇਕ ਦਿਨ ਇਹ ਮੇਰੇ ਦਫ਼ਤਰ ਆਇਆ। ਮੁੱਢਲੀਆਂ ਗੱਲਾਂ ਮਗਰੋਂ ਇਹਨੇ ਜੱਜ ਬਾਰੇ ਲਿਖੇ ਆਪਣੇ ਲੇਖਾਂ ਦੀਆਂ ਚਾਰ ਕਿਸ਼ਤਾਂ ਮੈਨੂੰ ਫੜਾਉਂਦਿਆਂ ਕਿਹਾ, "ਐਂਕਲ ਜੀ, ਇਹ ਛਾਪੋ ਜੀ ਤੁਸੀਂ, ਇਕ ਇਕ ਕਰ ਕੇ... ਵਧੀਆ ਨੇ ਜੀ... ਛਾਪ ਦਿਉਂਗੇ ਐਂਕਲ ਜੀ?...ਹੈਂ ਜੀ?"

ਮੈਂ ਉਸ ਸਮੇਂ ਤੱਕ ਵੀ ਇਹਦੀ ਕੋਈ ਲਿਖਤ ਨਹੀਂ ਸੀ ਪੜ੍ਹੀ ਹੋਈ। ਮੈਂ ਦੁਬਾਰਾ ਇਸ ਵੱਲ ਗਹੁ ਨਾਲ ਦੇਖਿਆ। ਇਹ ਮੈਨੂੰ ਬਚੂੰਗੜਾ ਜਿਹਾ ਲੱਗਿਆ, ਥੋੜ੍ਹਾ-ਥੋੜ੍ਹਾ ਨਿਆਣ-ਮੱਤੀਆ ਜਿਹਾ। ਮੈਂ ਕਿਹਾ, "ਪਹਿਲਾਂ ਵੀ ਕਦੇ ਕੁਛ ਲਿਖਿਆ ਹੈ?" ਇਹ ਕਹਿੰਦਾ, "ਮੇਰੀਆਂ ਚਾਰ ਕਿਤਾਬਾਂ ਛਪ ਚੁੱਕੀਆਂ ਨੇ ਜੀ। ਐਂਕਲ ਜੀ, ਲਉ ਮੈਂ ਅੱਜ ਤੁਹਾਨੂੰ ਭੇਟ ਕਰਨ ਵਾਸਤੇ ਲਿਆਉਣੀਆਂ ਭੁੱਲ ਹੀ ਗਿਆ ਜੀ। ਕਿਤੇ ਫੇਰ ਦੇ ਕੇ ਜਾਊਂਗਾ ਜੀ।"

ਮੈਂ ਬੇਯਕੀਨੀ ਜਿਹੀ ਨਾਲ ਪੁੱਛਿਆ, "ਨਾਨੀ, ਦਾਦੀ, ਤੋਤੇ, ਚਿੜੀ ਬਾਰੇ ਬਾਲ-ਕਵਿਤਾਵਾਂ ਦੀਆਂ ਕਿਤਾਬਾਂ ਨੇ?"

ਇਹ ਕੱਚਾ ਜਿਹਾ ਹੋ ਕੇ ਕਾਹਲੀ ਨਾਲ ਬੋਲਿਆ, "ਨਹੀਂ ਜੀ, ਐਂਕਲ ਜੀ, ਤੁਸੀਂ ਤਾਂ ਜੀ ਝੇਡ ਕਰ ਦਿੱਤੀ। ਇਕ ਕਿਤਾਬ ਗਾਇਕਾਂ ਦੀਆਂ ਜੀਵਨੀਆਂ ਦੀ ਐ ਜੀ, ਇਕ ਨਾਵਲੈਟ ਐ ਜੀ, ਇਕ ਮੇਰੇ ਉਸਤਾਦ ਜੀ ਯਮਲਾ ਜੱਟ ਜੀ ਦੀ ਜੀਵਨੀ ਐ ਜੀ ਤੇ ਚੌਥੀ ਕਿਤਾਬ ਗਾਇਕ ਪੂਰਨ ਸ਼ਾਹਕੋਟੀ ਦੀ ਜੀਵਨੀ ਐ ਜੀ। ਪੰਜਵੀਂ, ਹੰਸ ਰਾਜ ਹੰਸ ਦੀ ਜੀਵਨੀ ਛਪ ਰਹੀ ਐ ਜੀ।"

ਮੈਂ ਹੈਰਾਨ ਹੋ ਕੇ ਇਕ ਵਾਰ ਉਹਨੂੰ ਫੇਰ ਧਿਆਨ ਨਾਲ ਦੇਖਿਆ ਅਤੇ ਹੈਰਾਨੀ ਛੁਪਾ ਕੇ ਛੇੜਿਆ, "ਕੀਹਤੋਂ ਲਿਖਵਾਉਂਦਾ ਹੈਂ ਤੂੰ ਇਹ ਕਿਤਾਬਾਂ, ਆਬਦੇ ਨਾਂ ਹੇਠ?"

ਇਹ ਸੰਗ ਜਿਹੀ ਨਾਲ ਹੱਸਿਆ ਤੇ ਕੁਰਸੀ ਉਤੇ ਥੋੜ੍ਹਾ ਜਿਹਾ ਬੁੜ੍ਹਕਿਆ, "ਲਉ ਜੀ ਐਂਕਲ ਜੀ, ਹੱਦ ਕਰਦੇ ਐਂ ਜੀ। ਮੈਨੂੰ ਗ਼ਰੀਬ ਨੂੰ ਕੌਣ ਲਿਖ ਕੇ ਦੇਊ ਜੀ ਕਿਤਾਬਾਂ? ਮੈਂ ਉਨ੍ਹਾਂ ਵੱਟੇ ਕੀ ਦੇ ਦੇਊਂਗਾ ਜੀ ਕਿਸੇ ਨੂੰ? ਆਪ ਲਿਖੀਆਂ ਨੇ ਜੀ ਮੈਂ ਉਹ ਸਾਰੀਆਂ। ਤੁਸੀਂ ਜੀ ਮੇਰੇ ਇਹ ਲੇਖ ਪੜ੍ਹ ਕੇ ਦੇਖਣੇ। ਆਪੇ ਤੁਹਾਨੂੰ ਪਤਾ ਲੱਗ ਜਾਊ ਜੀ ਬਈ ਮੈਂ ਵਧੀਆ ਲਿਖਦੈਂ ਜੀ! ਪੜ੍ਹ ਕੇ ਦੇਖੋਂਗੇ ਨਾ ਜੀ? ਛਾਪ ਦਿਉਂਗੇ ਨਾ ਜੀ ਐਂਕਲ ਜੀ? ਪਾਠਕ ਪਸਿੰਦ ਕਰਨਗੇ ਜੀ। ਵਧੀਆ ਲੇਖ ਨੇ ਜੀ।"

ਮੈਂ ਹੋਰ ਠਿੱਠ ਕਰਨਾ ਠੀਕ ਨਾ ਸਮਝਿਆ। ਮੈਨੂੰ ਇਹਦੀ ਅਨਭੋਲਤਾ ਵੀ ਚੰਗੀ ਲੱਗੀ ਤੇ ਆਪਣੇ ਲਿਖੇ ਬਾਰੇ ਭਰੋਸਾ ਵੀ ਚੰਗਾ ਲਗਿਆ। ਮੈਂ ਕਿਹਾ, "ਪੜ੍ਹ ਕੇ ਦੇਖੂੰ। ਉਨੀ-ਇੱਕੀ ਦਾ ਫ਼ਰਕ ਤਾਂ ਚੱਲ ਅਣਦੇਖਿਆ ਹੋ ਜਾਊ, ਪਰ ਬਿਨਾਂ ਪੜ੍ਹੇ ਹੀ ਛਾਪਣ ਦਾ ਇਕਰਾਰ ਕਿਵੇਂ ਕਰ ਦਿਆਂ ਮੈਂ ਤੇਰੇ ਨਾਲ?"

ਇਹਦੀ ਰਾਇ ਪੱਕੀ ਸੀ, "ਨਾ ਐਂਕਲ ਜੀ, ਇਹ ਤਾਂ ਬਹੁਤ ਵਧੀਆ ਨੇ ਜੀ। ਮੇਰੇ ਕਈ ਦੋਸਤਾਂ-ਮਿੱਤਰਾਂ ਨੇ ਪੜ੍ਹੇ ਨੇ।"

"ਜਿਹੋ ਜਿਹਾ ਤੂੰ, ਉਹੋ ਜਿਹੇ ਤੇਰੇ ਦੋਸਤ-ਮਿੱਤਰ, ਖ਼ੁਆਜੇ ਦਾ ਗਵਾਹ ਡੱਡੂ" ਮੈਂ ਇਹਦੇ ਲੇਖ ਫ਼ਾਈਲ ਵਿਚ ਰਖਦਿਆਂ ਕਿਹਾ। ਇਹ ਫੇਰ ਕੱਚਾ ਜਿਹਾ ਹੋ ਕੇ ਹੱਸ ਪਿਆ।

ਇਹਦੇ ਜਾਣ ਮਗਰੋਂ ਮੈਂ ਦਾਲ ਵਿਚੋਂ ਦਾਣਾ ਟੋਹਣ ਲਈ ਇਹਦਾ ਪਹਿਲਾ ਲੇਖ ਫ਼ਾਈਲ ਵਿਚੋਂ ਕੱਢ ਲਿਆ। ਛੇਤੀ ਹੀ, ਤਿੰਨ-ਚਾਰ ਪੈਰਿਆਂ ਉਤੇ ਤਰਦੀ-ਤਰਦੀ ਸੰਪਾਦਕੀ ਨਜ਼ਰ ਮਾਰਨ ਮਗਰੋਂ ਮੈਨੂੰ ਲੱਗਿਆ ਕਿ ਇਹ ਤਾਂ ਮੁੱਢੋਂ ਪੜ੍ਹਨਾ ਚਾਹੀਦਾ ਹੈ ਤੇ ਹੋਰ ਕੰਮ ਛੱਡ ਕੇ ਮੈਂ ਉਹ ਚਾਰੇ ਲੇਖ ਪੂਰੇ ਦੇ ਪੂਰੇ ਪੜ੍ਹ ਗਿਆ।

ਮੈਨੂੰ ਹੈਰਾਨੀ ਵੀ ਹੋਈ ਅਤੇ ਖ਼ੁਸ਼ੀ ਵੀ।



*ਗੀਤ-ਸੰਗੀਤ ਦੇ ਉਸਤਾਦ ਸ੍ਰੀ ਯਮਲਾ ਜੱਟ ਦਾ ਸਭ ਤੋਂ ਛੋਟੀ ਉਮਰ ਦਾ ਅਤੇ ਲਾਡਲਾ ਚੇਲਾ।*

ਇਹ ਲੇਖ ਆਪਣੀਆਂ ਕੁਝ ਵਿਸ਼ੇਸ਼ਤਾਵਾਂ ਸਦਕਾ ਸੱਚ-ਮੁੱਚ ਹੀ ਵਧੀਆ ਸਨ। ਇਨ੍ਹਾਂ ਨੂੰ 'ਵਧੀਆ' ਕਹਿਣ ਵਾਲੇ ਦੋਸਤਾਂ-ਮਿੱਤਰਾਂ ਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਪਤਾ ਸੀ ਕਿ ਨਹੀਂ, ਮੈਨੂੰ ਪਤਾ ਨਹੀਂ। ਨਿੰਦਰ ਨੂੰ ਆਪ ਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਪਤਾ ਸੀ ਕਿ ਨਹੀਂ, ਮੈਨੂੰ ਇਹ ਵੀ ਪਤਾ ਨਹੀਂ।

ਨਿੰਦਰ ਦੇ ਉਨ੍ਹਾਂ ਲੇਖਾਂ ਵਿਚ ਇਕ ਤਾਂ ਇਕਾਗਰਤਾ ਅਤੇ ਵਿਸ਼ਾ-ਕੇਂਦਰਿਤਾ ਸੀ। ਵਾਧੂ ਕੁਝ ਭੋਰਾ-ਭਰ ਵੀ ਨਹੀਂ ਸੀ। ਇਹ ਉਨ੍ਹਾਂ ਲੇਖਕਾਂ ਦੇ ਲੇਖਾਂ ਵਾਂਗ ਨਹੀਂ ਸਨ, ਜੋ ਲੇਖ ਨੂੰ, ਮਿਸਾਲ ਵਜੋਂ, ਫ਼ਿਰਕਾਪ੍ਰਸਤਾਂ ਵਿਰੁੱਧ ਲਿਖਣਾ ਸ਼ੁਰੂ ਕਰਦਿਆਂ ਉਨ੍ਹਾਂ ਨੂੰ ਮੱਝ ਤੋਂ ਵੀ ਬੇਅਕਲ ਆਖ ਕੇ ਦੋ ਪੈਰੇ ਮੱਝ ਬਾਰੇ ਲਿਖ ਦਿੰਦੇ ਹਨ। ਮੱਝ ਨੂੰ ਰੇਲਵੇ ਲਾਈਨ ਕੋਲ ਘਾਹ ਚਰਦੀ ਦੱਸ ਕੇ ਦੋ ਪੈਰੇ ਰੇਲਾਂ ਬਾਰੇ ਪਾ ਦਿੰਦੇ ਹਨ। ਫੇਰ ਰੇਲਵੇ ਸਟੇਸ਼ਨ ਉਤੇ ਰੇੜ੍ਹੀਆਂ ਵਾਲਿਆਂ ਦਾ ਜ਼ਿਕਰ ਕਰ ਕੇ ਦੋ ਪੈਰੇ ਪੂਰੀਆਂ-ਛੋਲਿਆਂ ਬਾਰੇ ਜੋੜ ਦਿੰਦੇ ਹਨ। ਅੰਤ ਵਿਚ ਵੱਖ-ਵੱਖ ਥਾਂਵਾਂ ਉਤੇ ਪੈਦਾ ਹੋਏ ਛੋਲਿਆਂ ਨੂੰ ਇਕੋ-ਜਿਹੇ ਦੱਸ ਕੇ ਫ਼ਿਰਕਾਪ੍ਰਸਤਾਂ ਨੂੰ ਮੱਤ ਦਿੰਦੇ ਹਨ ਕਿ ਉਹ ਛੋਲਿਆਂ ਵਾਂਗ ਸਾਰੇ ਮਨੁੱਖਾਂ ਨੂੰ ਇੱਕੋ ਜਿਹੇ ਸਮਝਣ। ਨਿੰਦਰ ਸੱਜੇ-ਖੱਬੇ ਦੀ ਛੋਲਿਆਂ ਦੀ ਫ਼ਸਲ ਮਿੱਧੇ ਬਿਨਾਂ ਸਿੱਧਾ ਆਪਣੇ ਨਿਸਚਿਤ ਵਿਸ਼ੇ ਦੀ ਡੰਡੀ-ਡੰਡੀ ਤੁਰਿਆ ਜਾਂਦਾ ਸੀ।

ਦੂਜੀ ਗੱਲ, ਭਾਸ਼ਾ ਦੀ ਚੁਸਤੀ। ਇਹਨੂੰ ਆਪਣੀ ਗੱਲ ਪੇਸ਼ ਕਰਨ ਲਈ, ਆਪਣੀ ਭਾਵਨਾ ਪ੍ਰਗਟ ਕਰਨ ਲਈ ਢੁਕਵੇਂ ਸ਼ਬਦ ਚੁਣਨ ਦੀ ਜਾਚ ਸੀ। ਕਿਤੇ ਵੀ ਇਹ ਮਹਿਸੂਸ ਨਹੀਂ ਸੀ ਹੁੰਦਾ ਕਿ ਇਹਨੇ ਜੋ ਕਹਿਣਾ ਚਾਹਿਆ ਹੈ, ਉਹ ਕਹਿ ਨਹੀਂ ਹੋਇਆ।

ਤੀਜੀ ਗੱਲ, ਕਿਸੇ ਪਾਤਰ ਬਾਰੇ ਸਿੱਧੀਆਂ ਟਿੱਪਣੀਆਂ ਕਰੇ ਬਿਨਾਂ, ਘਟਨਾਵਾਂ ਵਿਚੋਂ ਉਹਦਾ ਚੰਗਾ-ਮਾੜਾ ਸੁਭਾਅ, ਨੇਕ-ਬਦ ਚਰਿੱਤਰ ਉਜਾਗਰ ਕਰਨ ਦੀ ਇਹਦੀ ਯੋਗਤਾ। ਇਹ ਕਿਸੇ ਵਿਅਕਤੀ ਨਾਲ ਜੁੜੀਆਂ ਹੋਈਆਂ ਦੋ-ਚਾਰ ਘਟਨਾਵਾਂ ਦਸਦਾ ਸੀ ਅਤੇ ਉਸ ਵਿਅਕਤੀ ਨੂੰ ਬਿਨਾਂ ਕਿਸੇ ਪਰਦੇ ਤੋਂ, ਬਿਨਾਂ ਕਿਸੇ ਮਖੌਟੇ ਤੋਂ ਪਾਠਕ ਦੇ ਸਾਹਮਣੇ ਖੜ੍ਹਾ ਕਰ ਦਿੰਦਾ ਸੀ, ਉਹਦੇ ਚੰਗੇ ਜਾਂ ਮਾੜੇ ਜਾਂ ਮਾੜੇ-ਚੰਗੇ ਰੂਪ ਵਿਚ।

ਚੌਥੀ ਅਤੇ ਅੰਤਲੀ ਗੱਲ, ਇਨ੍ਹਾਂ ਲੇਖਾਂ ਦੀ ਸਮਾਜਕ ਮਹੱਤਤਾ। ਭਾਵੇਂ ਨਿਆਂਪਾਲਿਕਾ ਨੂੰ ਜਮਹੂਰੀਅਤ ਦੇ ਚਾਰ ਥੰਮ੍ਹਾਂ ਵਿਚੋਂ ਇਕ ਗਿਣਿਆ ਜਾਂਦਾ ਹੈ, ਪਰ ਅਸਲੀਅਤ ਇਹ ਹੈ ਕਿ ਇਹ ਸਭ ਤੋਂ ਮਹੱਤਵਪੂਰਨ ਥੰਮ੍ਹ ਹੈ। ਜਿੱਥੇ ਵਿਧਾਨਸਾਜ਼ੀ ਕੁੱਕੜਾਂ ਦੀ ਲੜਾਈ ਦਾ ਤਮਾਸ਼ਾ ਬਣ ਚੁੱਕੀ ਹੈ, ਕਾਰਜਪਾਲਕਾ ਅੱਡੀ ਤੋਂ ਚੋਟੀ ਤੱਕ ਭ੍ਰਿਸ਼ਟਾਚਾਰ ਦੇ ਮੁਸ਼ਕੇ ਹੋਏ ਗਾਰੇ ਵਿਚ ਲਿੱਬੜੀ ਹੋਈ ਹੈ, ਸੰਚਾਰ-ਮਾਧਿਅਮ ਜਨਹਿਤ ਦੇ ਪਹਿਰੇਦਾਰ ਹੋਣ ਦੀ ਥਾਂ ਵੱਡੀ ਹੱਦ ਤੱਕ ਸੱਤਾ ਦੇ ਕੌਲੀ-ਚੱਟ ਬਣ ਚੁੱਕੇ ਹਨ, ਉਥੇ ਨਿਓਟਿਆਂ ਦੀ ਆਖ਼ਰੀ ਓਟ, ਨਿਆਸਰਿਆਂ ਦਾ ਆਖ਼ਰੀ ਆਸਰਾ ਅਤੇ ਬੰਦ ਬੂਹਿਆਂ ਵਿਚਕਾਰ ਇੱਕੋ-ਇੱਕ ਖੁੱਲ੍ਹਾ ਬੂਹਾ ਨਿਆਂਪਾਲਿਕਾ ਹੀ ਰਹਿ ਜਾਂਦੀ ਹੈ। ਪਰ ਜੇ ਨਿਆਂਕਾਰ ਦਾ ਸਰੂਪ ਨਿੰਦਰ ਦੇ ਜੱਜ ਸਾਹਿਬ ਵਾਲਾ ਹੋਵੇ, ਤਾਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਇਸ ਥੰਮ੍ਹ ਨੂੰ ਵੀ ਕਿਸ ਹੱਦ ਤੱਕ 'ਰੇਹੀ' ਅਤੇ 'ਖੋਰੇ' ਨੇ ਬੋਦਾ ਬਣਾ ਦਿੱਤਾ ਹੋਇਆ ਹੈ।

## ਅਜੋਕੇ ਪੰਜਾਬੀ

ਪੰਜਾਬੀ ਪੁੱਤਰ ਸੀ ਚੋਬਰਾਂ ਵਰਗੇ,
ਦੁੱਧਾਂ ਵਿਚ ਨਹਾਉਂਦੇ।
ਬੂਰੀ ਮੱਝ ਦੀਆਂ ਧਾਰਾਂ ਚੁੰਘਦੇ,
ਮਾਣਮੱਤੇ ਸੀ ਅਖਵਾਉਂਦੇ।
ਪਿੰਡਾਂ ਵਿਚ ਨਸ਼ਿਆਂ ਦੇ ਵੱਲ,
ਕਦੇ ਕਿਸੇ ਦਾ ਨਹੀਂ ਸੀ ਰੁਝਾਨ।
'ਕੱਲਾ ਕਾਰਾ ਅਮਲੀ ਹੁੰਦਾ ਸੀ,
ਡੋਡੇ ਅਫ਼ੀਮ ਦਾ ਜਿਹਨੂੰ ਗਿਆਨ।
ਹੁਣ ਤਾਂ ਉਲਟੇ ਹੀ ਨਸ਼ੇ ਕਰ ਕੇ,
ਇੰਤਹਾ ਪੀੜਾ ਦੀ ਸਹਿੰਦੇ।
ਸਿਵਿਆਂ ਕੰਨੀ ਤੁਰਦੇ ਜਾਂਦੇ,
ਭੈੜੀ ਮੌਤ ਨੇ ਮੁਰਦੇ ਰਹਿੰਦੇ।
ਚੁੰਨੀਆਂ ਅੱਖਾਂ ਸੁੱਕੀਆਂ ਹੜਬਾਂ,
ਅੱਜ ਦੇ ਨੇ ਪੰਜਾਬੀ ਪੁੱਤਰ।
ਦੁੱਧ ਘਿਉ ਨਹੀਂ ਵਿਚ ਨਸੀਬਾਂ,
ਔਖਾ ਲੱਭਦਾ ਢਿੱਡ ਭਰ ਟੁੱਕਰ।
ਅੱਖਾਂ ਦੇ ਵਿਚ ਘੋਰ ਨਿਰਾਸ਼ਾ,
ਹਉਕਿਆਂ ਵਿਚ ਜਵਾਨੀ ਡੁੱਬੀ।
ਹਮਦਰਦੀ ਦੇ ਬੋਲ ਭਾਲਦਿਆਂ,
ਕਮਰ ਵੀ ਹੋ ਗਈ ਕੁੱਬੀ।
ਸਰਕਾਰੀ ਅਦਾਰੇ ਆਪਣੀ ਹੱਥੀਂ,
ਨਾਸੂਰ ਪਏ ਨੇ ਵੰਡਦੇ।
ਪਿੰਡਾਂ 'ਚ ਨਵੇਂ ਖੁਲ੍ਹਾ'ਤੇ ਠੇਕੇ,
ਜੋ ਵਸਨੀਕਾਂ ਨੂੰ ਪਏ ਡੰਗਦੇ।
ਨਵੀਆਂ ਹੋਰ ਮਿੱਲਾਂ ਲੱਗ ਰਹੀਆਂ,
ਦਾਰੂ ਦੀ ਵੱਧ ਸਪਲਾਈ।
ਇਸ ਹੜ੍ਹ ਵਿਚ ਹੋਰ ਡੁੱਬੂ ਪੰਜਾਬੀ,
'ਐਸ.ਪੀ.' ਕੁਝ ਨਾ ਕਰ ਪਾਈ।

*-ਸ਼ਰਨਪਾਲ ਸਿੰਘ*
*ਫੋਨ: 818-367-5106*

# ਆਰਟ ਤੇ ਸਿੱਖੀ

***ਪ੍ਰੋ. ਪੂਰਨ ਸਿੰਘ (17 ਫਰਵਰੀ 1881-31 ਮਾਰਚ 1931) ਪੰਜਾਬੀ ਦੇ ਅਜਿਹੇ ਅਲਬੇਲੇ ਸ਼ਾਇਰ ਸਨ ਜਿਨ੍ਹਾਂ ਨੇ ਕਵਿਤਾ ਨੂੰ ਛੰਦ ਦੀ ਨਵਾਬੀ ਜੁੱਤੀ ਤੋਂ ਮੁਕਤ ਕੀਤਾ। ਉਹ ਅਜਿਹੇ ਵਾਰਤਕਕਾਰ, ਚਿੰਤਕ, ਧਰਮ ਸ਼ਾਸਤਰੀ ਅਤੇ ਵਿਗਿਆਨੀ ਸਨ ਜਿਨ੍ਹਾਂ ਨੇ ਖੁੱਲ੍ਹੇ ਆਕਾਸ਼ ਵਿਚ ਬਹੁਤ ਉਚੀ ਉਡਾਣ ਭਰੀ। ਪੰਜਾਬੀ ਸਾਹਿਤ ਵਿਚ ਉਹ ਆਪਣੀ ਮਿਸਾਲ ਆਪ ਹਨ, ਉਨ੍ਹਾਂ ਵਰਗਾ ਕੋਈ ਹੋਰ ਨਹੀਂ। ਉਨ੍ਹਾਂ ਸਾਹਿਤ ਨੂੰ ਲੌਕਿਕ ਪੱਧਰ 'ਤੇ ਲਿਆਉਣ ਅਤੇ ਧਾਰਮਿਕ ਵਲਗਣਾਂ ਵਿਚੋਂ ਕੱਢਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਪੰਜਾਬੀ, ਪੰਜਾਬੀ ਸਭਿਆਚਾਰ ਅਤੇ ਸਿੱਖੀ ਬਾਰੇ ਰੂਹ ਨਾਲ ਲਿਖਿਆ। 'ਆਰਟ ਤੇ ਸਿੱਖੀ' ਨਾਂ ਦੇ ਇਸ ਲੇਖ ਵਿਚ ਉਨ੍ਹਾਂ ਉਸ ਬੰਦੇ (ਸਿੱਖ) ਨੂੰ ਝੁਣਕੇ ਮਾਰੇ ਹਨ ਜਿਸ ਨੇ ਹੋਰ ਵਿਹੜਿਆਂ ਵਿਚ ਬਾਬੇ ਨਾਨਕ ਦੇ ਫੇਰੇ ਵਾਂਗ ਫੇਰਾ ਪਾਉਣਾ ਸੀ। ਉਹ ਸਿੱਖੀ ਦਾ ਅਸਲ ਚੇਤੇ ਕਰਵਾਉਂਦਾ, ਪਿਆਰ ਦੀਆਂ ਕਣੀਆਂ ਧਾਰਨ ਕਰਨ ਲਈ ਆਖਦਾ ਹੈ। ਇਹੀ ਉਸ ਨੂੰ ਸਿੱਖੀ ਦਾ ਨਿਆਰਾਪਨ ਅਤੇ ਨਿਵੇਕਲਾਪਣ ਜਾਪਦਾ ਹੈ।-ਸੰਪਾਦਕ***

ਬੁੱਧ ਦੇਵ ਦਾ ਮੱਤ ਹਿੰਦੁਸਤਾਨੀ ਗਵਾ ਬੈਠੇ ਹਨ। ਇਨ੍ਹਾਂ ਪਾਸ ਇਸ ਨੂੰ ਰੱਖਣ ਦਾ ਬਰਤਨ ਨਹੀਂ ਸੀ। ਚੀਨ ਤੇ ਜਪਾਨ ਵਾਲਿਆਂ ਪਾਸ ਆਰਟ ਦੁਆਰਾ ਸੁੱਝੀ ਸੁਰਤ ਸੀ। ਆਰਟ ਦੁਆਰਾ ਮਨ ਟਿਕਾਇਆ ਹੋਇਆ ਸੀ। ਟਿਕੇ ਮਨ ਵਿਚ ਉਹ ਅਦਭੁੱਤ ਕਮਾਈ, ਜਿਸ ਨਾਲ ਬੁੱਧ ਦੇਵ ਦਾ ਸ਼ਾਂਤੀ ਭਰਿਆ ਮੁਖੜਾ ਗੰਧਾਰਾ ਦੇ ਨੀਲੇ ਪੱਥਰਾਂ ਵਿਚ ਉਕਰਿਆ ਹੈ, ਹੁਣ ਤਕ ਮਨੁੱਖ ਭਾਈਚਾਰਿਆਂ ਵਿਚ ਸਿੰਜਰ ਰਹੀ ਹੈ। ਜਪਾਨ ਦੇ ਬਾਲਕ ਮੁਸ਼ਕਲ ਹੀ ਰੋਂਦੇ ਹਨ। ਜਪਾਨ ਦੀਆਂ ਇਸਤਰੀਆਂ ਖਿੜੇ ਮੱਥੇ ਸਭ ਨੂੰ ਮਿਲਦੀਆਂ ਹਨ। ਉਨ੍ਹਾਂ ਦੇ ਵਚਨ, ਹੋਠ ਪਰੋਈਆਂ, ਮੱਧਮ-ਮੱਧਮ ਫੁੱਲ ਝਾੜਨ ਹਾਰ ਮੁਸਕਰਾਹਟਾਂ ਵਾਂਗ ਨਰਮ ਲਚਕਦਾਰ ਤੇ ਹਲਕੇ ਫੁੱਲ ਗੁਟਕਦੇ ਹਨ। ਇਹ ਨਹੀਂ ਕਿ ਸਾਡੇ ਵਾਂਗ ਉਤੋਂ-ਉਤੋਂ, ਯਾ ਸਿਰਫ਼ ਦਿਖਾਵੇ ਲਈ ਦਿਖਾਵਣ। ਪਰ ਘਰੋਗੀ ਜੀਵਨ ਦੇ ਅੰਦਰਲੇ ਥੀਂ ਅੰਦਰਲੀ ਤਹਿਆਂ ਵਿਚ ਤੇ ਪਤਲੇ ਤੋਂ ਪਤਲੇ ਮੁਲੈਮਿਆਂ ਵਿਚ ਉਹੋ 'ਮਿੱਠੇ



ਪ੍ਰੋ. ਪੂਰਨ ਸਿੰਘ

ਬੋਲ' ਹਨ। ਆਪਣੇ ਕੰਮ ਨਾਲ ਵਾਸਤਾ; ਦੂਸਰੇ ਦੇ ਕੰਮਾਂ, ਗੱਲਾਂ ਵਿਚ ਕੋਈ ਦਖ਼ਲ ਨਾ ਦੇਣਾ, ਇਕ ਤਰ੍ਹਾਂ ਦੀ ਕੌਮੀ ਰੂਹ ਦੀ ਸਮਾਧੀ ਤੇ ਨਿਰਵਾਣ ਦਾ ਅਰਥ ਰੱਖਦੀ ਹੈ। ਮਿੱਠਾ ਬੋਲਣਾ, ਨਿਵ ਚੱਲਣਾ, ਆਪਾ ਨਾ ਜਣਾਵਣਾ, ਪਵਿੱਤਰਤਾ, ਸਾਦਗੀ, ਹਲਕਾਪਨ, ਆਪਣੇ ਕੰਮ 'ਚ ਮਗਨਤਾ; ਜਿਨ੍ਹਾਂ ਨਾਲ ਰਿਸ਼ਤੇ ਪੈਣ ਯਾ ਪਾਣੇ, ਉਹ ਇੰਨੇ ਡੂੰਘੇ ਨਾ ਪਾਣੇ ਜਿਸ ਕਰ ਕੇ ਬਖੇੜੇ ਨਿਕਲਣ, ਹਲਕੇ ਫੁੱਲ ਸਲੂਕ, ਕੋਮਲ ਰਿਸ਼ਤੇ ਪਾਣੇ ਇਕ ਤਰ੍ਹਾਂ ਦਾ ਕੌਮੀ ਵੈਰਾਗ ਤੇ ਤਿਆਗ ਦੇ ਚਿੰਨ੍ਹ ਹਨ।

ਜਪਾਨ ਵਿਚ ਕੋਈ ਆਦਮੀ ਸਾਰੀ ਧਰਤੀ ਫਿਰ ਕੇ ਕੁਲ ਮੁਲਕਾਂ ਨੂੰ ਮਿਲ ਕੇ ਆਇਆ ਹੋਵੇਗਾ, ਪਰ ਉਸ ਦੀ ਸ਼ਕਲ ਤੇ ਪਹਿਰਾਵੇ ਆਦਿ ਥੀਂ ਕੋਈ ਨਹੀਂ ਜਾਣ ਸਕਦਾ ਕਿ ਇਹ ਇਤਨਾ ਲਾਇਕ ਹੈ। ਇਹ ਉਸ ਸ਼ਖ਼ਸੀ ਰੂਪ ਵਿਚ ਭਿਖੂਆਂ ਦੀ ਸਾਧ ਭਰਾਵੇਂ ਦਾ ਵਟਿਆ ਕੌਮੀ ਰੂਪ ਹੈ। ਕੰਮ ਕਰਨਾ, ਬਾਹਰਲੀਆਂ ਗੱਲਾਂ ਨਾ ਕਰਨੀਆਂ, ਮਿਹਨਤ ਕਰ ਕੇ ਆਪਣੀ ਕਿਰਤ ਤੇ ਸੁੱਚੀ ਮਿਹਨਤ ਕਰ ਰੋਟੀ ਖਾਣੀ, ਇਹ ਉਸ ਸ਼ਖ਼ਸੀ ਸੰਜਮ ਦਾ ਵਟਾਇਆ ਰੂਪ ਹੈ। ਇਉਂ ਆਰਟ ਨੇ ਸੁਰਤ, ਮਨ ਤੇ ਦਿਲ ਮਾਂਜ ਕੇ ਸੰਵਾਰ ਕੇ ਰੱਖੇ ਹੋਏ ਹਨ। ਜਦ ਬੁੱਧ ਦੇ ਭਿਖੂਆਂ ਦਾ ਨਿਰਵਾਣ ਸੁੱਖ ਨਾਲ ਭਖਦਾ ਚਿਹਰਾ, ਮਨੁੱਖੀ ਚਰਿਤਰ ਦੇਖਿਆ; ਤਕ (ਕੇ) ਦ੍ਰਿੜ ਧਿਆਨ ਹੋ ਕੇ ਦਿਲ ਵਿਚ ਖੁਭ ਗਿਆ।

ਸਿੱਖੀ ਆਦਰਸ਼ ਨੇ ਭੀ ਇਸ ਤਰ੍ਹਾਂ ਦਾ ਮਨ ਆਪਣੇ ਨਿਵਾਸ ਲਈ ਟੋਲਿਆ ਸੀ। ਅਮੀਰਾਂ ਪਾਸ ਨਹੀਂ ਗਿਆ। ਜੋ ਸ਼ਰਨ ਆਇਆ, ਸੋ ਨਿਵਾਜਿਆ ਗਿਆ। ਉਹਨੂੰ ਲੋੜੀਂਦੀ ਗਰੀਬੀ ਬਖ਼ਸ਼ੀ। ਗਰੀਬੀ ਉਪਰ ਉਸ ਜ਼ੋਰ ਨਹੀਂ ਦਿਤਾ। ਜੋ ਗਰੀਬ ਸ਼ਰਨ ਆਇਆ, ਉਸੇ ਨੂੰ ਲੋੜੀਂਦੀ ਅਮੀਰੀ ਬਖ਼ਸ਼ੀ ਤੇ ਗਰੀਬੀ ਅਮੀਰੀ ਥੀਂ ਪਰੇ ਦਾ ਜੀਵਨ ਅੰਦਾਜ਼ ਸਿਖਾਇਆ। ਇਸ ਲਈ ਮਨ ਦੀਆਂ ਗਰੀਬੀਆਂ ਅਮੀਰੀਆਂ (ਤਾਂ) ਪੈਰ ਰੱਖਣ ਵਾਸਤੇ ਉਸ ਤਰ੍ਹਾਂ ਦੇ ਪੱਥਰ ਦੱਸੇ ਜਿਹੜੇ ਪਹਾੜਾਂ ਵਿਚ ਨਦੀਆਂ ਨੂੰ ਪਾਰ ਕਰਨ ਲਈ ਪਹਾੜੀ ਲੋਕ ਰੱਖ ਲੈਂਦੇ ਹਨ; ਝੱਟ ਦਾ ਝੱਟ ਲੰਘਾਉਣ ਲਈ, ਪਾਰ ਜਾਣ ਲਈ। ਗਰੀਬੀ-ਅਮੀਰੀ ਪੈਰ ਰੱਖਣ ਲਈ ਪੱਥਰ ਹਨ, ਪਰ ਸਿੱਖੀ ਆਦਰਸ਼ ਨੇ ਟੋਲ ਕੀਤੀ ਕਿ ਉਹ ਬੰਦੇ ਕਿਥੇ ਹਨ ਜਿਨ੍ਹਾਂ ਨੂੰ ਆਪਣੀ ਕਿਰਤ ਤੇ ਰਸਿਕ ਕਿਰਤ ਥੀਂ ਵਿਹਲ ਨਹੀਂ, ਤੇ ਜਿਹੜੇ ਕਿਰਤ ਦੁਆਰਾ ਤੇ ਖਾਸ ਕਰ ਰਸਿਕ ਕਿਰਤ ਦੁਆਰਾ ਆਪੇ ਵਿਚ ਮਿਟੇ ਸਿਕੇ ਚੁੱਪੇ ਬੰਦੇ ਹਨ?

ਬਾਬਾ (ਨਾਨਕ) ਜੀ, ਭਾਈ ਲਾਲੋ ਦੇ ਗੂੜ੍ਹੇ ਮਿੱਤਰ ਨਿਕਲੇ। ਉਨ੍ਹਾਂ ਦੇ ਘਰ ਜਾ ਕੇ ਮਹਿਮਾਨ ਹੋਏ। ਕਿਰਤ ਦੁਆਰਾ ਸੁਰਤੀ ਸੁਰਤ ਵਾਲੇ ਕਮਾਈ ਕਰਨ ਵਾਲੇ ਸਾਈਂ ਲੋਕ ਸਨ। ਗੁਰੂ ਨਾਨਕ ਦੇਵ ਜੀ ਦੀ ਪੂਰਨ ਸਿੱਖੀ ਤੇ ਪੂਰਨ ਬੁੱਧ ਹੋਣ ਦੀ ਕਿਰਤ ਆਤਮਿਕ ਕਿਰਤ ਗਲੋਖੜ ਲੋਕਾਂ ਵਿਚ ਜੜ੍ਹ ਨਹੀਂ ਪਕੜ ਸਕਦੀ ਸੀ। ਫ਼ਿਲਾਸਫ਼ੀ ਵਿਚ ਬਹਿ ਚੁੱਕੀ ਫੋਕੀ ਚਰਚਾ ਕਰਨ ਵਾਲੇ ਲੋਕ ਬਾਬਾ ਜੀ ਦੇ ਆਦਰਸ਼ ਨੂੰ ਧਾਰਨ ਨਹੀਂ ਕਰ ਸਕਦੇ। ਚੁੱਪ ਤੇ ਮਿਹਨਤੀ ਬੰਦੇ ਬਾਬਾ ਜੀ ਦੇ ਨਾਮ ਨੂੰ ਆਪਣੇ ਦਿਲ ਦਾ ਦੇਵਤਾ ਬਣਾ ਸਕਦੇ ਹਨ।

'ਓ' ਪਿਆਰ ਕਰਨ ਦਾ ਆਰਟ ਸਭ ਆਰਟਾਂ ਦੀ ਸ਼੍ਰੋਮਣੀ ਹੈ। ਸਭ ਆਰਟਾਂ ਥੀਂ ਵੱਧ ਪਿਆਰ, ਸੁਰਤ ਨੂੰ ਮਾਂਜਦਾ ਹੈ। ਦਿਲ ਨੂੰ ਟਿਕਾਅ ਵਿਚ ਲਿਆਂਦਾ ਹੈ 'ਪਰ' ਤੇ 'ਬਾਹਰ ਮੁਖੀ' ਮਨ ਦੀਆਂ ਕਰਤੂਤਾਂ ਥੀਂ ਉਪਰਾਮ ਕਰਕੇ ਪਿਆਰ ਚਿੰਤਨ ਵਿਚ ਚੇਤੇ ਨੂੰ ਇਕਰਾਰ ਸੂਤੇ ਕਰਦਾ ਹੈ। ਸੋ, ਬਾਬਾ ਜੀ ਨੇ ਹੋਰ ਆਰਟਾਂ ਦਾ ਆਸਰਾ ਨਾ ਲੈਂਦੇ ਹੋਏ, 'ਪਿਆਰ ਆਰਟ' ਨੂੰ ਮੁੱਖ ਰੱਖਿਆ ਹੈ। ਇਹ 'ਪਿਆਰ ਆਰਟ' ਵੀ ਗੱਲਾਂ ਕਰਨ ਵਾਲੀਆਂ ਪਰ ਨਿੰਦਾ ਕਰਨ ਵਾਲੀਆਂ ਨਿਕੰਮੀਆਂ ਕੌਮਾਂ ਵਿਚ ਨਾ ਜੰਮ ਸਕਦਾ ਹੈ, ਨਾ ਵੱਡਾ ਹੋ ਸਕਦਾ ਹੈ। ਕੰਮ ਕਰਨ ਵਾਲੇ ਲੋਕਾਂ ਵਿਚ ਸੁਤੇ ਸਿੱਧ ਪਿਆਰ ਦੀ ਅੰਸ਼ ਜੰਮਦੀ ਉਗਦੀ ਤੇ ਬਲਦੀ ਹੈ, ਜੋ ਹੋਰ ਕਿਸੇ ਤਰ੍ਹਾਂ ਨਹੀਂ ਆ ਸਕਦੀ। ਕੰਮ ਕਰਨ ਨਾਲ ਸੁਤੇ ਸਿੱਧ ਆਪ ਨੂੰ ਭੁੱਲ ਜਾਂਦਾ ਹੈ। ਮਨੁੱਖ ਮਨ ਯਾ ਮਨ ਥੀਂ ਵੀ ਉਚੀ ਹਾਲਤ ਵਿਚ ਆਪ ਮੁਹਾਰਾ ਚੜ੍ਹ ਜਾਂਦਾ ਹੈ। ਹਰ ਕੋਈ ਚੜ੍ਹ ਜਾਂਦਾ ਹੈ ਤੇ ਆਪ ਮੁਹਾਰੀ ਪਿਆਰ ਦੀ ਕਣੀ ਦੁਨੀਆਂ ਦੇ ਦੁੱਖਾਂ ਸੁੱਖਾਂ 'ਚ ਨਿਵਾਸ ਕਰਦੀ ਦਿੱਸ ਪੈਂਦੀ ਹੈ।

ਇਕ ਗਰੀਬ ਜੋੜਾ ਇਕ ਵੇਰੀ ਕਿਸੀ ਬਿਪਤਾ ਕਰ ਕੇ ਪੂਅਰ ਹਾਊਸ (ਗਰੀਬਾਂ ਲਈ ਜੋ ਖਾਸ ਘਰ ਹੁੰਦੇ ਹਨ, ਜਿਥੇ ਉਨ੍ਹਾਂ ਨੂੰ ਮਜ਼ਦੂਰੀ ਤੇ ਮਿਹਨਤ ਕਰਨ ਨੂੰ ਮਿਲਦੀ ਹੈ) ਵਿਚ ਲਿਆਂਦਾ ਗਿਆ। ਗਰੀਬ ਕਿਸਾਨ ਕਿਰਤੀ ਮਿਹਨਤੀ ਜੋੜਾ ਸੀ ਤੇ ਮਰਦ ਨੂੰ ਮਰਦਾਂ ਵਿਚ ਥਾਂ ਦਿਤੀ ਗਈ ਤੇ ਉਹਦੀ ਬੰਨੜੀ ਨੂੰ ਜਨਾਨੀਆਂ ਵਿਚ ਥਾਂ ਦਿਤੀ ਗਈ। ਜਦ ਮਜ਼ਦੂਰੀ ਕਰ ਚੁੱਕਾ, ਰਾਤ ਪਈ ਸੌਣ ਦਾ ਵੇਲਾ ਆਇਆ, ਤਦ ਪੁੱਛਣ ਲੱਗਾ, "ਮੇਰੀ 'ਮੇਰੀ' ਕਿੱਥੇ ਹੈ?" ਜਵਾਬ ਮਿਲਦਾ ਹੈ, ਉਹ ਤਾਂ ਅੱਜ ਰਾਤ ਨੂੰ ਨਹੀਂ ਮਿਲ ਸਕਦੀ। ਉਹ ਗਰੀਬ ਬੰਦਾ ਹੈਰਾਨ ਹੋ ਕੇ ਕਹਿੰਦਾ ਹੈ, "ਹੈਂ! ਅੱਜ ਰਾਤ ਮੈਨੂੰ ਮੇਰੀ 'ਮੇਰੀ' ਦੇ ਦੀਦਾਰ ਨਹੀਂ ਹੋਣਗੇ? ਕਿਉਂ? ਚਾਲੀ ਸਾਲ ਹੋ ਗਏ ਹਨ, ਮੈਂ ਹਰ ਰਾਤ ਆਪਣੀ 'ਮੇਰੀ' ਨੂੰ ਗੁੱਡ ਨਾਈਟ ਦਾ ਪਿਆਰ ਦੇ ਲੈ ਕੇ ਸੌਣ ਜਾਂਦਾ ਰਿਹਾ ਹਾਂ।"

ਇਹ ਪਿਆਰ ਮਿਹਨਤੀ ਤੇ ਸੁੱਚੀ ਕਿਰਤ ਕਰਨ ਵਾਲਿਆਂ ਵਿਚ ਆਪ ਮੁਹਾਰਾ ਪੈਦਾ ਹੁੰਦਾ ਹੈ। ਉਨ੍ਹਾਂ ਨੂੰ ਪੈਸੇ ਰੁਪਏ ਥੀਂ ਬੰਦੇ ਵੱਧ ਪਿਆਰੇ ਲੱਗਦੇ ਹਨ। ਬਾਬਾ ਜੀ ਦਾ ਸਿੱਖੀ ਆਦਰਸ਼ ਕੰਮ ਕਰਨ ਵਾਲਿਆਂ ਇਹੋ ਜਿਹੀਆਂ ਸੋਹਣੀਆਂ ਜੋੜੀਆਂ ਵਿਚ ਸਮਾ ਸਕਦਾ ਹੈ। ਭੋਲੇ-ਭਾਲੇ ਮੂੰਹ ਤਲੇ ਕੀਤੇ ਕਿਰਤੀ ਲੋਕਾਂ ਵਿਚ ਆਪ ਮੁਹਾਰਾ ਸਿੰਜਰ ਸਕਦਾ ਹੈ। ਪਰ ਸਤਿਗੁਰੂ ਦੀ ਸਿੱਖੀ ਦੇ ਚਰਨ ਸ਼ਰਨ ਆਏ ਹੋਰ ਸਭ ਆਰਟ ਉਸ ਪਿਆਰ ਦੀ ਇਕ ਲਿਸ਼ਕ ਹਨ, ਜਿਹੜੀ ਸਾਡੇ ਸਿਰ ਪਏ ਝਮੇਲਿਆਂ ਕਰ ਕੇ ਅਜੇ ਨਹੀਂ ਲਿਸ਼ਕੀ। ਤੇ ਆਰਟ ਦੀ ਵ੍ਰਿਧੀ ਇਕ ਅੰਦਰਲੇ ਜੀਵਨ ਤੇ ਜੀਵਨ ਦੇ 'ਸੁਭਰ ਭਰੇ ਪ੍ਰੇਮ ਰਸ ਰੰਗ' ਦਾ ਆਪ ਮੁਹਾਰਾ ਛਿੜ ਪਿਆ ਰਾਗ ਹੈ। ਸਿੱਖੀ ਵਿਚ ਹਾਲੇ ਇਸ ਲਿਸ਼ਕ ਦਾ ਨਾ ਆਉਣਾ ਦੱਸਦਾ ਹੈ ਕਿ ਸਾਡੇ ਵਿਚ ਉਸ ਜਗਮਗ ਦਗ ਦਗ ਬਲਦੇ ਪਿਆਰ ਪ੍ਰਕਾਸ਼ ਦਾ ਘਾਟਾ ਹੈ। ਅਸੀਂ ਆਪਣੇ ਆਸ ਪਾਸ ਵਸਦੇ ਲੋਕਾਂ ਗਲੋਖੜ ਲੋਕਾਂ ਨਾਲ ਮਿਲ ਕੇ ਲਾਭਦਾਇਕ ਕਿਰਤ ਦਾ ਰਾਹ ਭੁੱਲੀ ਬੈਠੇ ਹਾਂ। ਆਸ਼ਾ ਤ੍ਰਿਸ਼ਨਾ ਦੇ ਕਾਲੇ ਸਮੁੰਦਰ ਦੀਆਂ ਲਹਿਰਾਂ ਉਪਰ ਚੜ੍ਹ ਕੇ ਉਸ ਬੇ-ਨੈਣ ਕਸ਼ਮਕਸ਼ ਜਿਹਤੀ ਵਿਹਲੇ ਸ਼ਖ਼ਸਾਂ ਤੇ ਨਿਕੰਮੀਆਂ ਕੌਮਾਂ ਵਿਚ ਉਨ੍ਹਾਂ ਦੇ ਜੀਵਨ ਦੇ ਛੱਕੇ ਛੁੜਾਂਦੀ ਹੈ, ਵਿਚ ਪੈ ਕੇ ਆਪਣਾ ਉਸ ਚੁੱਪ ਰਸ ਭਰੇ ਲੱਖ ਨੈਣਾਂ ਵਾਲੇ ਜੀਵਨ ਆਦਰਸ਼ ਨੂੰ ਭੁਲਾ ਬੈਠੇ ਹਾਂ। ਨਹੀਂ ਤਾਂ ਜਦ ਇਟਲੀ ਨੂੰ ਈਸਾ ਦੇ ਪਿਆਰ ਦੀ ਚਿਣਗ ਮਿਲੀ ਸੀ, ਉਥੇ ਕੁਲ ਪੱਛਮੀ ਦੁਨੀਆਂ ਦਾ ਆਲੀਸ਼ਾਨ ਆਰਟ, ਰਫ਼ੈਲ ਤੇ ਮਾਈਕਲ ਏਂਜਲੋ ਤੇ ਲੀਨਾਰਡੋ ਆਦਿ ਦੀ ਜੀਨੀਅਸ ਵਿਚ ਪ੍ਰਗਟ ਹੋਇਆ। ਗਿਰਜੇ ਬਨਾਣ ਵਿਚ ਪਿਆਰ, ਆਰਟ ਰੂਪ ਹੋ ਫੁੱਟ ਪਿਆ। ਹੁਣ ਤਕ ਉਨ੍ਹਾਂ ਪਿਆਰ ਮੰਦਰਾਂ ਨੂੰ ਵੇਖ-ਵੇਖ ਈਸਾ ਦੇ ਨਾ ਮਨੇ ਜੋ ਉਤਸ਼ਾਹ (ਇਨਸਪੀਰੇਸ਼ਨ) ਕੁੱਝ ਪੱਛਮੀ ਸਭਿਅਤਾ ਨੂੰ ਦਿਤਾ, ਉਹ ਆਰਟ ਦੇ ਅਮੁੱਲ ਕਿਰਤਾਂ ਤੇ ਕਰਨੀਆਂ ਵਿਚ ਸਦਾ ਲਈ ਅੰਕਿਤ ਹੋਇਆ ਹੈ। ਕਦੀ ਅੱਖੋਂ ਓਹਲੇ ਨਹੀਂ ਹੋ ਸਕਦਾ। ਦਿਲ ਦੀ ਪਿਆਰ ਧੜਕਨ ਪੱਥਰ ਵਿਚ ਪ੍ਰਗਟ ਕਰਨਾ ਪਿਆਰ ਕਾਵਿ ਥੀਂ, ਪਿਆਰ ਰਾਗ ਥੀਂ, ਪਿਆਰ ਸੇਵਾ ਥੀਂ ਕਿਸੀ ਹਾਲਤ ਘੱਟ ਨਹੀਂ।

ਜਿਥੇ ਗੁਰੂ ਨਾਨਕ ਦੇਵ ਜੀ ਦਾ ਫੇਰਾ ਹੋਇਆ, ਉਥੇ ਸਾਡੇ ਪਿਆਰ ਨੇ ਮੁੜ ਫੇਰਾ ਉਸ ਤਰ੍ਹਾਂ ਨਹੀਂ ਪਾਇਆ। ਨਹੀਂ ਤਾਂ ਅੱਜ ਤਕ ਸਿੱਖ ਕੌਮ ਨੇ ਗੁਰੂ ਗ੍ਰੰਥ ਸਾਹਿਬ ਦਾ ਉਚ ਮਨੁੱਖੀ ਆਦਰਸ਼ ਤਾਰਿਆਂ ਦੇ ਅੱਖਰਾਂ ਵਿਚ ਕੁੱਲ ਦੁਨੀਆਂ ਦਾ ਆਕਾਸ਼ ਬਣਾ ਦੇਣਾ ਸੀ। ਸਾਡੇ ਗੁਰਦੁਆਰਿਆਂ ਦੀਆਂ ਇਮਾਰਤਾਂ ਤਾਜ ਮਹਲ ਨੂੰ ਫਿੱਕਾ ਪਾਣ ਵਾਲੀਆਂ ਹੋਣੀਆਂ ਚਾਹੀਦੀਆਂ ਸਨ। ਤਾਜ ਮਹਲ ਇਕ 'ਪੂਰੀ ਰੂਹ' ਦੇ ਪਿਆਰ ਵਿਚ ਬਣੀ ਮੂਰਤ ਹੈ; ਪਰ ਜਿਸ ਗੁਰੂ ਦੀ ਚਰਨ ਧੂੜ ਲੈ ਪਰੀ ਸੁਹੱਪਣ ਦਾ ਜਨਮ ਹੁੰਦਾ ਹੈ, ਉਸ ਗੁਰੂ ਦੇ ਨਾਮ ਵਿਚ ਹੁੰਦੀਆਂ ਥਾਂਵਾਂ ਹੁਣ ਤਕ ਸਾਡੇ ਪਿਆਰ ਨੇ ਚੰਨਾਂ ਨਾਲ ਜੜ੍ਹ ਛੱਡਣੀਆਂ ਲੋੜੀਦੀਆਂ ਸਨ। ਹਾਲੇ ਤਕ ਕੁੱਛ ਨਹੀਂ ਕਿਹਾ ਜਾ ਸਕਦਾ। ਅਸੀਂ ਗਰੀਬ ਕੌਮ ਹਾਂ, ਇਹ ਮਾਇਆ ਦੀਆਂ ਖੇਡਾਂ ਹਨ। ਈਸਾ ਦੇ ਹਵਾਰੀਆਂ ਪਾਸ ਕੋਈ ਮਾਇਆ ਦੀ ਖੇਡ ਨਹੀਂ ਸੀ। ਸੇਂਟ ਪਾਲ ਇਕ ਹੱਥਕੜੀ ਲੱਗਾ ਕੈਦੀ ਦੀ ਹੈਸੀਅਤ ਵਿਚ ਯਰੂਪ ਪਹੁੰਚਿਆ ਸੀ ; ਮਾਇਕਲ ਏਂਜਲੋ ਪਾਸ ਹੁਨਰ ਸੀ, ਪੈਸਾ ਨਹੀਂ ਸੀ; ਰਫ਼ੈਲ ਰਾਜਾ ਨਹੀਂ ਸੀ। ਇਹ ਜੀਨੀਅਸ ਅਰਸ਼ੋਂ ਉਤਰਦੇ ਹਨ। ਇਹ ਅਮੀਰੀ, ਰੱਬੀ, ਅਬਚਲੀ ਜੋਤ ਪਿਆਰ ਭਰੇ ਦਿਲਾਂ ਦੇ ਮੰਦਰਾਂ ਮਿਨਾਰਾਂ 'ਤੇ ਉਤਰਦੀ ਹੈ।

ਆਰਟ ਦੀ ਜੀਨੀਅਸ ਬਾਦਸ਼ਾਹੀਆਂ ਨੂੰ ਤਾਂ ਇੱਟਾਂ, ਗਾਰੇ, ਚੂਨੇ ਵਾਂਗ ਹੱਥਾਂ ਵਿਚ ਫੇਰਦੀ ਹੈ। ਪਿਆਰ ਸੁਫ਼ਨੇ ਰੂਪੀ ਧਨ ਦੀ ਲੋੜ ਹੈ, ਕਿਸੀ ਉਚੇ ਮਹਲ, ਕਿਸੀ ਤਾਜ ਦੇ ਬਨਾਣ ਵਾਲੇ ਦੀ ਲੋੜ ਹੈ। ਬਾਕੀ ਮਿਸਾਲ ਹੈ ਤੇ ਮਿਲ ਸਕਦੀ ਹੈ। ਮਿਸਾਲ 'ਤੇ ਉਹ ਸਿਦਕ ਰੱਖਦੇ ਹਨ, ਜਿਨ੍ਹਾਂ ਅੰਦਰ ਜੀਵਨ ਕਣੀ ਹੈ। ਉਹ ਚੀੜ ਦੇ ਬੂਟੇ ਵਾਂਗ ਜੀਂਦੀ ਸੈਲ ਸੁੱਕੀਆਂ ਚਟਾਨਾਂ ਵਿਚੋਂ ਆਪਣਾ ਭੋਜਨ ਖਿੱਚ ਲੈਂਦੀ ਹੈ। ਸੋ, ਜੀਵਨ ਕਣੀ ਵਾਲੀ ਜੀਨੀਅਸ ਦੀ ਲੋੜ ਹੈ। ਇਹ ਸੰਸਾਰ ਇਕੱਲਾ ਨਹੀਂ। ਉਪਰਲੇ ਮਹਾਂਪੁਰਖ ਜਿਉਂਦੇ ਹਨ। ਸਾਡੇ ਨਾਮ ਜਪਣ ਵਾਲੇ



ਵੰਡ ਛੱਕਣ ਵਾਲੇ, ਕਮਾਈ ਵਾਲੇ ਸਿੱਖ ਸਤਿਗੁਰੂ ਜੀ ਦਾ ਅਕਾਲੀ ਬੇੜਾ ਸਾਡੀ ਚੋਣ (ਚੁਆਇਸ) ਨੂੰ ਵੇਖਦਾ ਹੈ। ਜੇ ਅਸਾਂ ਚੁਣੀ ਦੁਨੀਆਂਦਾਰੀ, ਮਾਇਆ, ਖ਼ੁਦਗਰਜ਼ੀ; ਤਦ ਉਹ ਪਰ੍ਹੇ ਹੋ ਗਏ, ਤੇ ਸਾਨੂੰ ਵੇਖਦੇ ਹਨ ਕਿ ਕਦ ਸੱਟ ਲੱਗੇ, ਕੱਦ ਹੋਸ਼ ਆਵੇ, ਜੋ ਅਸੀਂ ਇਨ੍ਹਾਂ ਮੂਰਖਾਂ ਦੀ ਮਦਦ ਕਰ ਸਕੀਏ।

ਜੇ ਅਸਾਂ ਚੁਣਿਆ ਸਤਿਗੁਰੂ ਦਾ ਪਿਆਰ, ਤੀਬਰ ਪਿਆਰ, ਮੁੜ ਪਿਆਰ, ਤਦ ਉਹ ਸਾਡੇ ਪਰ ਅਮੀਰੀ ਗੁਣਾਂ ਦੀ ਬਰਖਾ ਅਵੱਸ਼ਯ ਕਰ ਰਹੇ ਹਨ। ਬਰਤਨ ਸਿੱਧਾ ਹੋਏ ਤਦ ਪੈਸੀ, ਜੇ ਬਰਤਨ ਮੂਧਾ ਪਾ ਦਿਤਾ; ਤਦ ਮਿਹਰ ਦੇ ਹੜ੍ਹਾਂ ਦੇ ਹੜ੍ਹ ਉਪਰੋਂ ਲੰਘ ਜਾਂਦੇ ਹਨ।

ਵੇਲਾ ਹੈ ਕਿ ਅਸੀਂ ਆਪਣੇ ਦਿਲ ਵਿਚ ਕੰਘੀ ਮਾਰ ਕੇ ਦੇਖੀਏ ਕਿ ਸਾਡੀ ਚੋਣ (ਚੁਆਇਸ) ਕੀ ਹੈ?

ਪਿਆਰ ਕਿ ਗਾਲ੍ਹਾਂ;

ਕਮਾਈ ਕਿ ਨਿੰਦਾ, ਉਸਤਤ, ਝਗੜੇ;
ਮਿਹਰ ਕਣੀ ਦਾ ਪਾਲਣਾ ਕਿ
ਮ੍ਰਿਗ ਤ੍ਰਿਸ਼ਨਾ ਵੱਲ ਦੌੜਨਾ;
ਅੰਤਰਮੁਖੀ ਕਿਰਤ ਦਵਾਰਾ ਹੋਣਾ ਕਿ...

ਅਖ਼ਬਾਰਾਂ ਤੇ ਲੋਕਾਂ ਮਗਰ ਸਾਹੋ ਸਾਹੀ ਨੱਸੀ ਜਾਣਾ, ਬਦਫ਼ੈਲੀਆਂ ਵੱਲ ਆਪਣੇ ਆਤਮਾ ਦੇ ਟੋਟੇ ਕਰ ਕਰ ਸੁੱਟਣਾ।

ਆਪਣੇ ਮਨ, ਜਿਸਮ 'ਤੇ ਸੁਰਤ ਦੀ ਸਰੀਰਕ ਮਾਨਸਿਕ ਕੰਮ ਨਾਲ ਰੱਬ ਵੱਲ ਭਾਣਾ ਕਿ ਆਪੇ ਨੂੰ ਚੱਕ ਮਾਰ ਮਾਰ ਪੁੱਟਣਾ ਤੇ ਆਪਣੇ ਲਹੂ ਦਾ ਸਵਾਦ ਲੈਣਾ।

ਦੁਨੀਆਂ ਦਾ ਬਾਵਲ ਹੈ ਹੀ; ਪਰ ਸਤਿਗੁਰੂ ਦੇ ਆਦਰਸ਼ ਦਾ ਦਮ ਭਰਨ ਵਾਲਿਆਂ ਦੀ ਚੋਣ ਕੀ ਹੋਣੀ ਚਾਹੀਦੀ ਹੈ? ਹੁਣ ਵੇਲਾ ਹੈ ਕਿ ਹਰ ਸਿੱਖ ਸਿੱਖੀ ਨੂੰ ਧਾਰਨ ਕਰੇ ਤੇ ਪਾਲੇ। ਜਦ ਸਾਡੀ ਸ਼ਖ਼ਸੀ ਤੇ ਕੌਮੀ ਚੋਣ (ਚੁਆਇਸ) ਗੁਰਮੁਖਾਂ ਵਾਲੀ ਹੋ ਜਾਏਗੀ, ਤਦ ਗੁਰਮੁਖੀ ਗੁਣ ਜਿਨ੍ਹਾਂ ਵਿਚੋਂ ਇਕ ਪਿਆਰ ਕਿਰਤ ਥੀਂ ਪੈਦਾ ਹੋਈ ਰਸਿਕ ਕਿਰਤ ਹੈ, ਸਾਡੇ ਅੰਦਰ ਅਰਸ਼ਾਂ ਥੀਂ ਆਪ ਮੁਹਾਰੀ ਸਿੰਜਰੇਗੀ; ਤੇ ਜਦ ਤਕ ਸਹਿਜ ਵਿਚ ਸਹਿਜੇ ਸਹਿਜੇ ਅਰਸ਼ੀ ਗੁਣਾਂ ਨੂੰ ਸਿੰਜਣ ਦੀ ਥਾਂ ਨਹੀਂ ਦਿੰਦੇ, ਤਦ ਤਕ ਸ਼ਖ਼ਸੀਅਤ, ਸਿੱਖ ਪਰਸਨੈਲਿਟੀ, ਹੌਲੇ-ਹੌਲੇ ਡਿਸਿਪੇਟ, ਅਰਥਾਤ ਬੇਅਰਥ ਧੂੜ ਵਿਚ ਧੂੜ ਸਮਾਨ ਗੁੰਮ ਜਾਏਗੀ। ਤਦ ਸਿੱਖ ਪਰਸਨੈਲਿਟੀ ਅਰਥਾਤ ਸਿੱਖ ਸੂਰਤ ਆਪਣੀਆਂ ਬੇਚੈਨੀਆਂ ਤੇ ਬਾਹਰ ਮੁਖੀ ਨਿਕੰਮੀਆਂ ਗੱਲਾਂ ਵਿਚ, ਬਿਖਰੇ ਕੇਸਾਂ ਵਾਂਗ, ਉਲਝਾਵਾਂ ਵਿਚ, ਘਬਰਾਵਾਂ ਵਿਚ ਘੱਪ ਸੁੱਟਾਂਗੇ; ਤਦ ਕੀ ਪਿਆਰ ਤੇ ਕੀ ਆਰਟ ਤੇ ਕੀ ਹੋਰ ਮਨੁੱਖੀ ਗੁਣ ਸਭ ਥੀਂ ਵਾਂਝੇ ਜਾਵਾਂਗੇ।

ਹਰੀ-ਮੰਦਿਰ ਦਰਬਾਰ ਸਾਹਿਬ ਦੀ ਛੱਤ ਵਿਚ ਸਾਡੇ ਹੀਰੇ ਨਾ ਚਮਕਣਾ, ਪਰ ਸਾਡੀਆਂ ਜਨਾਨੀਆਂ ਦੇ ਕੰਨਾਂ ਵਿਚ ਹੀਰੇ ਲਟਕਣਾ ਦੱਸਦੇ ਹਨ ਕਿ ਸਾਡਾ ਗੁਰੂ ਨਾਲ ਪਿਆਰ ਹਾਲੇ ਉਸ ਤੀਬਰਤਾ 'ਤੇ ਨਹੀਂ ਪੁੱਜਾ, ਜਿਸ ਵਿਚ ਅਰਸ਼ਾਂ ਥੀਂ ਜੀਨੀਅਸ ਤੇ ਪਿਆਰ ਉਤਰਦਾ ਹੈ। ਨਨਕਾਣੇ ਸਾਹਿਬ ਜੀ ਦੀ ਇਮਾਰਤ ਹੀ ਇੰਨੀ ਆਲੀਸ਼ਾਨ ਹੋਣੀ ਚਾਹੀਦੀ ਹੈ ਕਿ ਸਾਰੀ ਦੁਨੀਆਂ ਦੇ ਆਰਟ ਰਸਿਕ ਉਹਦੇ ਦੀਦਾਰ ਨੂੰ ਆਉਣ। ਸਾਡੇ ਰਹਿਣ ਦੇ ਘਰਾਂ ਦੀ ਬਨਾਵਟ ਸਾਡਿਆਂ ਵਿਹੜਿਆਂ ਦੀ ਲੰਬਾਈ ਚੌੜਾਈ ਅਨੋਖੀ ਹੋਣੀ ਚਹੀਦੀ ਹੈ। ਜੇ ਸਿੱਖਾਂ ਦੇ ਵਿਹੜੇ ਵਿਚ ਸਾਰਾ ਜਸ ਨਾ ਮਿਟਿਆ, ਤਦ ਇਸ ਵਿਹੜੇ ਤੇ ਹੋਰਨਾਂ ਦੇ ਵਿਹੜੇ ਵਿਚ ਫਰਕ ਕੀ? ਸਿੱਖ ਦਾ ਪਿਆਰ ਚਾਨਣੀ ਰਾਤ ਵਾਂਗ ਅਮੀਰ ਗਰੀਬ 'ਤੇ ਇਕੋ ਜਿਹਾ ਨਾ ਪਿਆ, ਸਿੱਖ ਦੇ ਮੁਖੜੇ ਦਾ ਗੁਰਮੁਖੀ ਅਨੋਖਾਪਣ ਕੀ, ਜੇ ਬਿਨ ਗਹਿਣੇ ਸਿੱਖਣੀ ਤੇ ਸਿੱਖ ਦੇ ਕਿਸੀ ਥਾਂ 'ਤੇ ਖੜੋ ਜਾਣ ਨਾਲ ਹੀ ਉਹ ਸੁਹਾਵਾ ਤੇ ਪਿਆਰ ਪੈਦਾ ਕਰਨ ਵਾਲਾ ਨਵਾਂ ਕੇਂਦਰ ਨਾ ਬਣਿਆ? ਸਿੱਖਾਂ ਦੇ ਦਰਸ਼ਨ ਦਾ ਲਾਭ ਕੀ?

ਸੋ, ਹੇ ਸਤਿਗੁਰਾਂ ਦੀ ਸਜਾਈ ਕੌਮ! ਤੇਰਾ ਜਲ-ਪਾਣੀ ਸਤਿਗੁਰੂ ਦੀ ਨੀਲੀ ਅਕਾਲੀ ਪਿਆਰ ਪਾਤੀ ਵਿਚ ਹੈ। ਇਥੇ ਨਹੀਂ, ਜਿਥੇ ਨਿਰਾ ਜਾਨਵਰਾਂ ਦਾ ਚੋਗ ਧਰਿਆ ਹੈ। ਪਿਆਰ ਦੀ ਕਣੀ ਧਾਰਨ ਕਰਨ ਨਾਲ ਤੇਰੀ ਧਰਤੀ ਤੇਰੀ ਨਵੀਂ ਬਣੀ ਸੁਰਤਿ ਵਿਚ ਤੇਰੇ ਰਹਿਣ ਲਈ ਉਤਰੇਗੀ। ਤੂੰ ਤਾਂ ਉਹ ਹੈਂ ਜਿਸ ਦਾ ਹੁਕਮ ਤਾਰੇ ਤੇ ਚੰਦ ਮੰਨਣਗੇ। ਤੂੰ ਉਹ ਹੈਂ ਜਿਸ ਦੇ ਪਿਆਰ ਨਾਲ ਸਭ ਜਗਤ ਦਾ ਦਿਲ ਪਰੋਇਆ ਹੋਇਆ ਹੈ। ਅਰਸ਼ ਕੁਰਸ਼ ਤੇਰੀ ਵੱਲ ਵੇਖ ਰਹੇ ਹਨ। ਬੱਸ, ਚੋਣ ਗੁਰਮੁਖੀ ਕਰ ਤੇ ਦੇਵੀ ਦੇਵਤਿਆਂ ਦੇ ਸਮੂਹ ਤੇਰੇ ਸਤਿਗੁਰੂ ਜੀ ਦੀ ਆਗਿਆ 'ਚ ਤੇਰੀ ਮਦਦ ਲਈ ਖੜ੍ਹੇ ਹਨ।

## ਪ੍ਰੋ. ਪੂਰਨ ਸਿੰਘ ਦੀ ਕਵਿਤਾ

## ਆਪੇ ਨਾਲ ਗੱਲਾਂ ਕਰਦੀ ਜਵਾਨ ਨੱਢੀ ਪੰਜਾਬ ਦੀ

ਨਿੱਕਾ ਜਿਹਾ ਫੁੱਲ ਗੁਲਾਬ ਦਾ
ਇਹ ਕੀ ਵੇਖ ਖਿੜਿਆ?
ਇਹਦੇ ਨੈਣ ਨਸ਼ੀਲੇ ਕਿਸ ਪਿਆਰ ਵਿਚ?
ਇਹਨੂੰ ਪਤਾ ਹੈ
ਹਾਏ ਮੈਂ ਕਿੰਨੀ ਅਯਾਣ ਹਾਂ;
ਚੰਨ ਚੜ੍ਹਿਆ
ਇਹ ਕੀ ਸਵਾਦ ਹੈ
ਆਪਣਾ ਹੀ ਮੂੰਹ ਤੱਕਣਾ ਉਠ ਅੱਧੀ ਰਾਤ ਨੂੰ
ਨੈਣਾਂ ਤਾਰੇ ਹੁੰਦੀਆਂ
ਜਦ ਚੰਨ ਉਹਲੇ ਹੁੰਦਾ ਅਕਾਸ਼ ਥੀਂ
ਕਿਸ ਨੂੰ ਤਾਰੇ ਵੇਖਦੇ?
ਤਾਰਿਆਂ ਨੂੰ ਪਤਾ ਹੈ;
ਹਾਏ ਮੈਂ ਕਿੰਨੀ ਅਯਾਣ ਹਾਂ-
ਕਿਸ ਲਈ ਪਾਣੀਆਂ ਵਿਚੋਂ
ਬਾਹਰ ਆਉਂਦੀਆਂ ਇਹ ਕੰਵਲ ਕਲੀਆਂ
ਕੀ ਉਹ ਕਿਰਨਾਂ ਚਿੱਟੀਆਂ ਵਿਚ ਛੁਪਿਆ ਕੋਈ ਰਾਗ
ਇਨ੍ਹਾਂ ਨੂੰ ਪਤਾ ਹੈ,

ਹਾਏ ਮੈਂ ਕਿੰਨੀ ਅਯਾਣ ਹਾਂ,
ਅੰਬ ਦੇ ਬੂਟੇ ਨੂੰ ਕੀ ਖ਼ੁਸ਼ੀਆਂ ਆਈਆਂ
ਮੰਜਰੀ ਉਪਰ ਸ਼ਹਿਦ ਦੀਆਂ ਮੱਖੀਆਂ ਦਾ ਝੁਰਮਟ
ਬੂਟੇ ਨੂੰ ਫਲ ਲੱਗੇ,
ਖ਼ੁਸ਼ੀ ਨਾਲ ਟਹਿਣੀਆਂ ਮੱਥਾ ਟੇਕਦੀਆਂ
ਅੰਬ ਦੇ ਬੂਟੇ ਨੂੰ ਪਤਾ ਹੈ
ਹਾਏ ਮੈਂ ਕਿੰਨੀ ਅਯਾਣ ਹਾਂ-
ਪਿਆਰ ਦੀ ਇਕਸੁਰਤਾ ਦੀ ਅਨੰਤ ਬੇਸਬਰੀ ਤੜਫਦੀ,
ਬਾਹਾਂ ਮੈਂ ਉਲਾਰੀਆਂ ਇਧਰ
ਹਾਏ ਜੱਫ਼ੀ ਉਹ ਆਣ ਪਾਏ ਸੁਹੱਪਣ ਸਾਰੀ ਜਗਤ ਦੀ
ਓਧਰ ਕੰਬਦੀਆਂ ਜਵਾਨੀ ਚੜ੍ਹੀ ਫੁੱਲ ਬਾਹਾਂ ਬਸੰਤ ਦੀਆਂ,
ਪਰ ਬਾਹਾਂ ਨਿਰੀਆਂ ਕੰਬਦੀਆਂ,

ਸਮੁੰਦਰਾਂ ਦੇ ਓਸ ਕਿਨਾਰੇ,
ਇਸ ਕਿਨਾਰੇ ਹੁੰਦੇ ਬਸ ਇਸ਼ਾਰੇ ਇਕ ਅਮਿਟਵੀਂ ਚਾਹ ਦੇ
ਗਗਨਾਂ ਦੇ ਗਗਨ ਵਿਚਕਾਰ ਖੜੇ
ਨੈਣ ਮੇਰੇ ਤਿਰਕੁਟੀ ਵਿਚ ਜੁੜੇ, ਗਗਨ ਸਾਰੇ ਟਪ ਗਏ,
ਅੰਗ-ਸੰਗ ਰੂਹ ਹੋਇਆ,
ਰੋਮ-ਰੋਮ ਖ਼ੁਸ਼ੀਆਂ
ਇਹ ਆਵੇਸ਼ ਆਇਆ ਮੱਥਾ ਫਰਕਿਆ
ਸਾਰਾ ਤਾਣ ਕਿਸੇ ਖਿੱਚਿਆ
ਨਿਤਾਣ ਕੀਤਾ ਅਨੰਤ ਖ਼ੁਸ਼ੀ ਦੀ ਮੌਤ ਵਿਚ
ਜਾਨ ਬੇਜਾਨ ਹੋਈ,
ਇਸ ਮੌਤ ਵਿਚ ਹਾਂ ਕੋਈ ਮਿਲਿਆ
ਨੱਢੀ ਉਤੇ ਹੱਥ ਆਇਆ ਅਕਾਲ ਦਾ।

***

# ਸੰਜਨਾ ਕਪੂਰ ਦਾ ਸਫਰ



ਸੰਜਨਾ ਕਪੂਰ ਅੱਜ ਕੱਲ੍ਹ ਬਾਲੀਵੁੱਡ ਦੀ ਭੁੱਲੀ-ਵਿਸਰੀ ਅਦਾਕਾਰਾ ਹੈ। ਸਾਲ 1967 ਵਿਚ ਉਸ ਨੇ ਮਸ਼ਹੂਰ ਅਦਾਕਾਰ ਸ਼ਸ਼ੀ ਕਪੂਰ ਅਤੇ ਜੈਨੀਫਰ ਕੈਂਡਲ ਕਪੂਰ ਦੇ ਘਰ ਜਨਮ ਲਿਆ ਸੀ। ਸੰਜਨਾ ਭਾਵੇਂ ਬੜੇ ਚਿਰ ਤੋਂ ਫਿਲਮੀ ਦ੍ਰਿਸ਼ ਤੋਂ ਗਾਇਬ ਹੈ, ਪਰ ਉਹ ਸਦਾ ਵਾਂਗ ਅੱਜ ਵੀ ਮਿਸ਼ਨ 'ਤੇ ਨਿਕਲੀ ਹੋਈ ਹੈ। ਅੱਜ ਥੀਏਟਰ ਹੀ ਉਸ ਲਈ ਸਭ ਕੁਝ ਕੁਝ ਹੈ ਅਤੇ ਹੁਣ ਤਾਂ ਉਸ ਨੇ ਆਪਣੇ ਇਕਲੌਤੇ ਪੁੱਤਰ ਨੂੰ ਵੀ ਥੀਏਟਰ ਵਾਲੇ ਪਾਸੇ ਪਾ ਲਿਆ ਹੈ। ਅਸਲ ਵਿਚ ਸੰਜਨਾ ਕਪੂਰ, ਕਪੂਰ ਪਰਿਵਾਰ ਦੀ ਪਹਿਲੀ ਅਜਿਹੀ ਮੁਟਿਆਰ ਸੀ ਜਿਸ ਨੇ ਫਿਲਮਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ, ਪਰ ਫਿਲਮੀ ਦੁਨੀਆਂ ਵਿਚ ਉਹ ਬਹੁਤੀ ਕਾਮਯਾਬ ਨਹੀਂ ਹੋ ਸਕੀ। ਉਸ ਦੀ ਪਹਿਲੀ ਫਿਲਮ '36 ਚੌਰੰਗੀ ਲੇਨ' 1981 ਵਿਚ ਬਣੀ ਸੀ। ਇਸ ਫਿਲਮ ਦੇ ਨਿਰਮਾਤਾ ਉਸ ਦੇ ਪਿਤਾ ਸ਼ਸ਼ੀ ਕਪੂਰ ਹੀ ਸਨ। ਇਸ ਫਿਲਮ ਵਿਚ ਸੰਜਨਾ ਕਪੂਰ ਦੀ ਮਾਂ ਜੈਨੀਫਰ ਕੈਂਡਲ ਕਪੂਰ ਨੇ ਵੀ ਅਦਾਕਾਰੀ ਕੀਤੀ ਸੀ। ਸੰਜਨਾ ਨੇ ਇਸ ਫਿਲਮ ਵਿਚ ਆਪਣੀ ਮਾਂ ਦਾ ਬਚਪਨ ਵਾਲਾ ਰੋਲ ਨਿਭਾਇਆ ਸੀ। ਇਸ ਤੋਂ ਬਾਅਦ ਸੰਜਨਾ 1984 ਵਿਚ ਬਣੀ ਫਿਲਮ 'ਉਤਸਵ' ਵਿਚ ਨਜ਼ਰ ਆਈ। ਫਿਰ ਉਸ ਨੇ ਬਤੌਰ ਹੀਰੋਇਨ ਫਿਲਮ 'ਹੀਰੋ ਹੀਰਾ ਲਾਲ' ਵਿਚ ਅਦਾਕਾਰੀ ਕੀਤੀ। ਇਹ ਫਿਲਮ 1988 ਵਿਚ ਰਿਲੀਜ਼ ਹੋਈ ਸੀ, ਪਰ ਬਾਕਸ ਆਫ਼ਿਸ 'ਤੇ ਇਹ ਫਿਲਮ ਅਸਫ਼ਲ ਰਹੀ। ਸਿੱਟੇ ਵਜੋਂ ਇਸ ਉਚੇਚੀ ਫਿਲਮ ਨਾਲ ਵੀ ਸੰਜਨਾ ਕਪੂਰ ਦਾ ਫ਼ਿਲਮੀ ਕੈਰੀਅਰ ਅਗਾਂਹ ਨਾ ਵਧ ਸਕਿਆ। ਇਸ ਤੋਂ ਬਾਅਦ ਉਹ ਫਿਲਮਸਾਜ਼ ਮੀਰਾ ਨਾਇਰ ਦੀ ਚਰਚਿਤ ਫਿਲਮ 'ਸਲਾਮ ਬੰਬੇ' (1988) ਵਿਚ ਵੀ ਦਿਸੀ, ਪਰ ਗੱਲ ਨਹੀਂ ਬਣੀ। ਬੱਸ, ਇਸ ਫਿਲਮ ਤੋਂ ਬਾਅਦ ਤਾਂ ਉਸ ਨੇ ਫਿਲਮਾਂ ਵਿਚ ਅਦਾਕਾਰੀ ਨੂੰ ਅਲਵਿਦਾ ਹੀ ਆਖ ਦਿੱਤੀ ਅਤੇ ਆਪਣਾ ਸਾਰਾ ਧਿਆਨ ਥੀਏਟਰ 'ਤੇ ਕੇਂਦਰਤ ਕਰ ਲਿਆ। ਉਸ ਨੇ ਖੁਦ ਨੂੰ ਸੱਚਮੁੱਚ ਥੀਏਟਰ ਦੇ ਲੇਖੇ ਲਾਇਆ। 1993 ਤੋਂ ਲੈ ਕੇ ਫ਼ਰਵਰੀ





2012 ਤੱਕ ਉਹਨੇ ਮੁੰਬਈ ਵਿਚ ਪ੍ਰਿਥਵੀ ਥੀਏਟਰ ਚਲਾਇਆ। ਪ੍ਰਿਥਵੀ ਥੀਏਟਰ 1978 ਵਿਚ ਅਦਾਕਾਰ ਸ਼ਸ਼ੀ ਕਪੂਰ ਨੇ ਆਪਣੇ ਪਿਤਾ ਪ੍ਰਿਥਵੀ ਰਾਜ ਕਪੂਰ ਦੀ ਯਾਦ ਵਿਚ ਸ਼ੁਰੂ ਕੀਤਾ ਸੀ। ਅਸਲ ਵਿਚ ਆਪਣੇ ਸਮੇਂ ਦੇ ਧੁਨੰਤਰ ਅਦਾਕਾਰ ਪ੍ਰਿਥਵੀ ਰਾਜ ਕਪੂਰ ਨੇ ਖ਼ੁਦ ਇਸੇ ਨਾਂ ਹੇਠ ਇਹ ਥੀਏਟਰ 1942 ਵਿਚ ਆਰੰਭ ਕੀਤਾ ਸੀ। ਇਸ ਗਰੁਪ ਨਾਲ ਤਕਰੀਬਨ 150 ਕਲਾਕਾਰ ਜੁੜੇ ਹੋਏ ਸਨ ਅਤੇ ਇਹ ਦੇਸ਼ ਭਰ ਵਿਚ ਵੱਖ-ਵੱਖ ਥਾਵਾਂ 'ਤੇ ਘੁੰਮ ਕੇ ਥੀਏਟਰ ਕਰਦੇ ਸਨ। ਇਸ ਗਰੁਪ ਨੇ ਦੇਸ਼ ਭਰ ਵਿਚ ਤਕਰੀਬਨ ਢਾਈ ਹਜ਼ਾਰ ਸ਼ੋਅ ਕੀਤੇ। ਇਨ੍ਹਾਂ ਵਿਚ ਕਾਲੀਦਾਸ ਦਾ ਮਸ਼ਹੂਰ ਨਾਟਕ ਸ਼ਕੁਤਲਾ, ਦੀਵਾਰ, ਪਠਾਨ, ਗੱਦਾਰ, ਆਹੂਤੀ, ਕਲਾਕਾਰ, ਕਿਸਾਨ ਤੇ ਪੈਸਾ ਮੁੱਖ ਸਨ। ਇਨ੍ਹਾਂ ਨਾਟਕਾਂ ਵਿਚ ਲੀਡ ਰੋਲ ਖੁਦ ਪ੍ਰਿਥਵੀ ਰਾਜ ਕਪੂਰ ਕਰਦਾ ਸੀ। ਇਸ ਥੀਏਟਰ ਗਰੁੱਪ ਨਾਲ ਹੀ ਜੈਨੀਫਰ ਦੇ ਮਾਪੇ ਜੁੜੇ ਸਨ ਜੋ ਖੁਦ ਥੀਏਟਰ ਆਰਟਿਸਟ ਸਨ। ਸ਼ਸ਼ੀ ਅਤੇ ਜੈਨੀਫਰ ਦਾ ਪਿਆਰ ਇਸ ਥੀਏਟਰ ਗਰੁੱਪ ਦੀ ਬਦੌਲਤ ਹੀ ਹੋਇਆ ਸੀ। 1972 ਵਿਚ ਪ੍ਰਿਥਵੀ ਰਾਜ ਕਪੂਰ ਦੀ ਮੌਤ ਹੋ ਗਈ ਅਤੇ ਫਿਰ 1978 ਵਿਚ ਸ਼ਸ਼ੀ ਕਪੂਰ ਨੇ ਉਨ੍ਹਾਂ ਦੀ ਯਾਦ ਵਿਚ ਪ੍ਰਿਥਵੀ ਥੀਏਟਰ ਮੁੜ ਚਾਲੂ ਕੀਤਾ। ਇਸ ਗਰੁੱਪ ਦਾ ਕਾਰੋਬਾਰ ਪਹਿਲਾਂ ਪਹਿਲ ਸ਼ਸ਼ੀ ਕਪੂਰ ਦੇ ਵੱਡੇ ਮੁੰਡੇ ਕੁਨਾਲ ਕਪੂਰ ਨੇ ਚਲਾਇਆ ਅਤੇ ਥੀਏਟਰ ਦੀ ਪਿਰਤ ਨੂੰ ਜਾਰੀ ਰੱਖਣ ਦਾ ਯਤਨ ਕੀਤਾ। ਸੰਜਨਾ ਨੇ 1993 ਵਿਚ ਪ੍ਰਿਥਵੀ ਥੀਏਟਰ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਕਈ ਚੰਗੇ ਨਾਟਕ ਖੇਡੇ, ਤੇ ਨਾਲ ਬੱਚਿਆਂ ਲਈ ਵਧੀਆ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ। ਉਸ ਦਾ ਖਿਆਲ ਸੀ ਕਿ ਨਵੇਂ ਕਲਾਕਾਰਾਂ ਨੂੰ ਵੀ ਬਰਾਬਰ ਦਾ ਮੌਕਾ ਮਿਲਣਾ ਚਾਹੀਦਾ ਹੈ। ਉਂਝ 2011 ਵਿਚ ਉਸ ਨੇ ਪ੍ਰਿਥਵੀ ਥੀਏਟਰ ਨੂੰ ਅਲਵਿਦਾ ਆਖ ਦਿੱਤੀ ਅਤੇ ਆਪਣਾ ਵੱਖਰਾ 'ਜਨੂੰਨ ਥੀਏਟਰ' ਬਣਾ ਲਿਆ। ਹੁਣ ਉਹ ਇਸੇ ਗਰੁੱਪ ਲਈ ਸਰਗਰਮੀ ਕਰਦੀ ਹੈ। ਆਪਣੇ ਪੁੱਤਰ ਹਮੀਰ ਨੂੰ ਵੀ ਉਹ ਇਸੇ ਗਰੁੱਪ ਰਾਹੀਂ ਅਦਾਕਾਰੀ ਦੇ ਗੁਰ ਸਿਖਾ ਰਹੀ ਹੈ। ਉਸ ਦੀ ਤਾਂਘ ਹੈ ਕਿ ਉਸ ਦਾ ਪੁੱਤਰ ਸਟੇਜ ਦੇ ਖੇਤਰ ਵਿਚ ਨਵੀਂਆਂ ਪਿਰਤਾਂ ਪਾਵੇ।

## 'ਕੈਲੀਫੋਰਨੀਆ ਟੂ ਪੰਜਾਬ' ਦੀ ਸ਼ੂਟਿੰਗ ਮੁਕੰਮਲ



ਪੰਜਾਬੀ ਫ਼ਿਲਮਾਂ ਦੇ ਚੜ੍ਹਤ ਕਾਰਨ ਅੱਜ ਵਿਦੇਸ਼ਾਂ ਤੋਂ ਪੰਜਾਬ ਆ ਕੇ ਫ਼ਿਲਮਾਂ ਦੀ ਸ਼ੂਟਿੰਗ ਹੋ ਰਹੀ। ਅਮਰੀਕਾ ਤੋਂ ਪੰਜਾਬ ਪੁੱਜਾ ਫ਼ਿਲਮ ਯੂਨਿਟ ਪੰਜਾਬ ਦੇ ਦੌਰੇ 'ਤੇ ਹੈ ਜਿਸ ਨੇ ਲੋਹਾ-ਨਗਰੀ ਮੰਡੀ ਗੋਬਿੰਦਗੜ੍ਹ ਤੇ ਆਨੰਦਪੁਰ ਸਾਹਿਬ ਵਿਚ ਫ਼ਿਲਮ 'ਕੈਲੀਫੋਰਨੀਆ ਟੂ ਪੰਜਾਬ' ਦੀ ਸ਼ੂਟਿੰਗ ਮੁਕੰਮਲ ਕੀਤੀ। ਇਹ ਫਿਲਮ ਵਿਦੇਸ਼ਾਂ ਦੀਆਂ ਸਮੱਸਿਆਵਾਂ ਉਜਾਗਰ ਕਰਦੀ ਹੈ। ਇਸ ਵਿਚ ਵਿਦੇਸ਼ਾਂ ਵਿਚ ਡਰੱਗ ਦੀ ਲਾਹਣਤ ਦੇ ਨਾਲ-ਨਾਲ ਕਿਸਾਨਾਂ ਦੀਆਂ ਔਕੜਾਂ ਨੂੰ ਵਿਸ਼ਾ ਬਣਾਇਆ ਗਿਆ ਹੈ। ਪਿੰਡ ਤੂਰਾਂ ਦੇ ਸਰਕਾਰੀ ਸਕੂਲ ਵਿਚ ਥਾਣੇ ਦਾ ਸੈੱਟ ਲਗਾਇਆ ਗਿਆ ਸੀ ਜਿੱਥੇ ਕਾਮੇਡੀਅਨ ਬੀਨੂੰ ਢਿੱਲੋਂ ਪੁਲਿਸ ਵਰਦੀ ਵਿਚ ਆਪਣੇ ਸਹਾਇਕ ਕਲਾਕਾਰਾਂ ਨਾਲ ਸ਼ੂਟਿੰਗ ਦੇਖਣ ਪਹੁੰਚੇ ਲੋਕਾਂ ਦਾ ਖ਼ੂਬ ਮੰਨੋਰੰਜਨ ਕਰ ਰਿਹਾ ਸੀ। ਸੀਨ ਫਿਲਮਾਉਣ ਤੋਂ ਬਾਅਦ ਅਮਰੀਕਾ ਤੋਂ ਪੁੱਜੇ ਤੋਂ ਆਏ ਬੌਬ ਖਹਿਰਾ ਨੇ ਦੱਸਿਆ ਕਿ ਫ਼ਿਲਮ ਦੀ ਸ਼ੂਟਿੰਗ 90 ਫੀਸਦ ਪਹਿਲਾਂ ਹੀ ਅਮਰੀਕਾ ਵਿਚ ਕੀਤੀ ਜਾ ਚੁੱਕੀ ਹੈ। ਹੁਣ ਅੰਤਿਮ ਭਾਗ ਦੀ ਸ਼ੂਟਿੰਗ ਪੰਜਾਬ ਕੀਤੀ ਜਾ ਰਹੀ ਹੈ। ਫ਼ਿਲਮ ਵਿਚ ਹੀਮੈਨ ਧਰਮਿੰਦਰ ਵੱਡੇ ਰੋਲ ਵਿਚ ਨਜ਼ਰ ਆਉਣਗੇ ਜਦੋਂਕਿ ਉਨ੍ਹਾਂ ਨਾਲ ਬੀਨੂੰ ਢਿੱਲੋਂ, ਸੁਰਿੰਦਰ ਛਿੰਦਾ, ਕੇ.ਐਸ ਮੱਖਣ, ਅਮਨ ਧਾਲੀਵਾਲ, ਅਮਨ ਝੱਜ, ਮਨੂ ਸੰਧੂ, ਜਗਤਾਰ ਜੱਗੀ, ਮਲਕੀਤ ਰੌਣੀ, ਬੌਬ ਖਹਿਰਾ ਵੀ ਅਹਿਮ ਭੂਮਿਕਾਵਾਂ ਵਿਚ ਹਨ। ਫ਼ਿਲਮ ਦੇ ਨਿਰਦੇਸ਼ਨ ਦੀ ਵਾਗਡੋਰ ਕੁਮਾਰ ਪਵਨਦੀਪ ਤੇ ਗੁਰਿੰਦਰ ਡਿੰਪੀ ਦੇ ਹੱਥ ਹੈ ਜਦੋਂਕਿ ਨਿਰਮਾਤਾ ਜਸਪ੍ਰੀਤ ਸਿੰਘ, ਸਰਬਜੀਤ ਕੁਮਾਰ ਤੇ ਸਰਬਜੀਤ ਥਿਆੜਾ ਹਨ। ਫ਼ਿਲਮ ਇਸੇ ਸਾਲ ਮਈ ਵਿਚ ਰਿਲੀਜ਼ ਕੀਤੀ ਜਾ ਸਕਦੀ ਹੈ।

*-ਸੰਧੂ, ਮੁੰਬਈ*

## ਬੰਗਾਲ ਦੀ ਪੰਜਾਬਣ ਹਸਲੀਨ ਕੌਰ



ਬੀਨਾ ਗੁੜੀ (ਪੱਛਮੀ ਬੰਗਾਲ) ਵਿਖੇ ਜਨਮੀ ਪੰਜਾਬਣ ਕੁੜੀ ਹਸਲੀਨ ਕੌਰ 'ਕਰ ਲੇ ਪਿਆਰ ਕਰ ਲੇ' ਵਿਚ ਨਾਇਕਾ ਵਜੋਂ ਆ ਕੇ ਬਾਲੀਵੁੱਡ ਨੂੰ ਦਰਸਾ ਚੁੱਕੀ ਹੈ ਕਿ ਚੰਗੇ ਮੌਕੇ ਮਿਲਣ, ਤਾਂ ਉਹ ਵੀ ਕਿਤੇ ਦੀ ਕਿਤੇ ਪਹੁੰਚ ਜਾਏਗੀ। ਇਸ ਸੁੰਦਰਤਾ ਪਰੀ ਅਤੇ 'ਮਿਸ ਅਰਥ' ਨੇ ਇਹ ਗੱਲ ਬਿਲਕੁਲ ਗ਼ਲਤ ਕਰ ਕੇ ਦਿਖਾ ਦਿੱਤੀ ਹੈ ਕਿ ਮਾਡਲ ਮੁਟਿਆਰਾਂ ਸਫਲ ਅਭਿਨੇਤਰੀਆਂ ਨਹੀਂ ਬਣ ਸਕਦੀਆਂ! ਉਹ ਤਾਂ ਸਗੋਂ ਕਹਿ ਰਹੀ ਹੈ ਕਿ ਮਾਡਲ ਫੁੱਲਾਂ ਵਾਂਗ ਟਹਿਕਦੇ ਅਤੇ ਮਹਿਕਦੇ ਚਿਹਰੇ ਹੁੰਦੇ ਹਨ, ਤੇ ਇਹ ਰੈਂਪ ਉਤੇ ਦੂਜਿਆਂ ਨਾਲੋਂ ਵਧੀਆ ਤਾਂ ਰਹਿੰਦੇ ਹੀ ਹਨ, ਸਗੋਂ ਮੌਕਾ ਮਿਲਣ 'ਤੇ ਦੂਜਿਆਂ ਨਾਲੋਂ ਦੋ ਕਦਮ ਅਗਾਂਹ ਹੀ ਜਾਂਦੇ ਹਨ। ਅੱਜ ਦੀ ਮਸ਼ਹੂਰ ਅਦਾਕਾਰਾ ਦੀਪਿਕਾ ਪਾਦੂਕੋਨ ਦੀ ਮਿਸਾਲ ਸਭ ਦੇ ਸਾਹਮਣੇ ਹੈ, ਕਿ ਉਹ ਕਿਸ ਤਰ੍ਹਾਂ ਮਾਡਲਿੰਗ ਤੋਂ ਅਭਿਨੈ ਦੇ ਖੇਤਰ ਵਿਚ ਛਾਈ ਹੈ। ਸੁਨੀਲ ਦਰਸ਼ਨ ਨੇ 'ਲਵ ਆਜ ਕੱਲ੍ਹ' ਵਿਚ ਹਸਲੀਨ ਉਤੇ ਸਮਝੋ ਦਾਅ ਖੇਡਿਆ ਸੀ। ਇਸ ਫਿਲਮ ਵਿਚ ਦੀਪਿਕਾ ਪਾਦੂਕੋਨ ਅਤੇ ਸੈਫ ਅਲੀ ਖਾਨ ਵਰਗੇ ਪੁਰਾਣੇ ਅਤੇ ਹੰਢੇ-ਵਰਤੇ ਕਲਾਕਾਰ ਹੋਣ ਦੇ ਬਾਵਜੂਦ ਹਸਲੀਨ ਕੌਰ ਨੇ ਫਿਲਮ ਵਿਚ ਆਪਣੀ ਛਾਪ ਛੱਡੀ ਅਤੇ ਅਗਾਂਹ ਲਈ ਆਪਣੇ ਲਈ ਰਾਹ ਖੋਲ੍ਹਿਆ। ਹਸਲੀਨ ਪੜ੍ਹਨ ਵੱਲ ਬਹੁਤ ਧਿਆਨ ਦਿੰਦੀ ਹੈ। ਇਹੀ ਨਹੀਂ, ਉਹ ਸਮਾਜਕ ਸਰਗਰਮੀਆਂ ਵਿਚ ਵੀ ਦੱਬ ਕੇ ਹਿੱਸਾ ਲੈਂਦੀ ਹੈ। ਬੱਚਿਆਂ ਦੀ ਪੜ੍ਹਾਈ ਅਤੇ ਵਾਤਾਵਰਨ ਦੀ ਸੰਭਾਲ ਨਾਲ ਸਬੰਧਤ ਕੰਮਾਂ ਵਿਚ ਅਕਸਰ ਉਸ ਦਾ ਹਿੱਸਾ ਹੁੰਦਾ ਹੈ। ਹਸਲੀਨ ਕੌਰ ਸਾਬਕਾ ਆਈ.ਏ.ਐਸ. ਅਫਸਰ ਕਿਰਨ ਬੇਦੀ ਦੀ ਗੈਰ ਸਰਕਾਰੀ ਸੰਸਥਾ (ਐਨ.ਜੀ.ਓ.) ਨਾਲ ਵੀ ਜੁੜੀ ਹੋਈ ਹੈ। ਔਰਤਾਂ ਦੀ ਭਲਾਈ ਵਾਸਤੇ ਉਹ ਲਗਾਤਾਰ ਵਿੱਤੀ ਸਹਾਇਤਾ ਦਿੰਦੀ ਰਹਿੰਦੀ ਹੈ। 2014 ਵਿਚ ਉਸ ਦੀ ਫਿਲਮ 'ਕਰ ਲੇ ਪਿਆਰ ਕਰ ਲੇ' ਆਈ। ਇਸ ਫਿਲਮ ਵਿਚ ਉਸ ਦਾ ਹੀਰੋ ਸੁਨੀਲ ਦਰਸ਼ਨ ਦਾ ਮੁੰਡਾ ਸ਼ਿਵ ਦਰਸ਼ਨ ਸੀ। ਇਸ ਫਿਲਮ ਦੇ ਨਿਰਦੇਸ਼ਕ ਰਾਜੇਸ਼ ਪਾਂਡੇ ਸਨ ਪਰ ਇਹ ਫਿਲਮ ਕੋਈ ਖਾਸ ਕ੍ਰਿਸ਼ਮਾ ਨਹੀਂ ਕਰ ਸਕੀ। ਉਂਝ, ਹਸਲੀਨ ਕੌਰ ਦੀ ਅਦਾਕਾਰੀ ਦੀ ਸਭ ਨੇ ਤਾਰੀਫ ਕੀਤੀ ਅਤੇ ਕਿਹਾ ਕਿ ਜੇ ਇਸ ਕੁੜੀ ਨੂੰ ਸਹੀ ਨਿਰਦੇਸ਼ਕ ਮਿਲ ਜਾਵੇ ਤਾਂ ਇਹ ਹਿਮਾਲਾ ਜਿੱਡੀ ਉਡਾਣ ਭਰ ਸਕਦੀ ਹੈ। ਚੇਤੇ ਰਹੇ ਕਿ ਹਸਲੀਨ ਕੌਰ ਨੂੰ ਅਭੈ ਦਿਓਲ ਨੂੰ ਫਿਲਮ 'ਦੇਵ ਡੀ' ਲਈ ਹੀਰੋਇਨ ਵਜੋਂ ਆਫਰ ਮਿਲੀ ਸੀ, ਪਰ ਉਸ ਵੇਲੇ ਉਸ ਨੇ ਅਦਾਕਾਰੀ ਦੀ ਥਾਂ ਆਪਣੀ ਪੜ੍ਹਾਈ ਨੂੰ ਪਹਿਲ ਦਿੱਤੀ। ਉਂਝ, ਉਸ ਨੂੰ ਕਦੀ-ਕਦੀ ਇਹ ਝੋਰਾ ਜ਼ਰੂਰ ਮਹਿਸੂਸ ਹੁੰਦਾ ਹੈ ਕਿ ਉਸ ਨੂੰ ਇਹ ਫਿਲਮ ਕਰ ਲੈਣੀ ਚਾਹੀਦੀ ਸੀ। ਫਿਰ ਵੀ ਉਸ ਨੂੰ ਆਪਣੇ ਟੇਲੈਂਟ ਉਤੇ ਭਰੋਸਾ ਹੈ। ਉਸ ਦਾ ਕਹਿਣਾ ਹੈ ਕਿ ਉਹ ਆਪਣੇ ਦਮ ਉਤੇ ਆਪਣਾ ਰਾਹ ਆਪ ਬਣਾ ਲਵੇਗੀ। ਉਸ ਦਾ ਆਖਣਾ ਹੈ ਕਿ ਜ਼ਿੰਦਗੀ ਵਿਚ ਬਥੇਰੇ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ, ਅਸਲ ਗੱਲ ਇਹ ਹੈ ਕਿ ਤੁਸੀਂ ਇਨ੍ਹਾਂ ਦਾ ਮੁਕਾਬਲਾ ਕਿਸ ਤਰ੍ਹਾਂ ਕਰਦੇ ਹੋ।


HURRY! LIMITED-TIME OFFER!
your farmaish
jus punjabi
iPad mini
HOME ENTERTAINMENT ANYWHERE.
Only from DISH
Get an iPad® mini FREE when you sign up for DISH and the Hopper®
Cannot be combined with promotional pricing. Must subscribe to qualifying American programming starting at $54.99/mo in addition to International programming. Requires 24-month commitment, credit qualification and qualifying programming.
Did you know that the first Indian woman in space was a Punjabi trailblazer? With the Hopper, we're trailblazing a new way to watch your home entertainment anywhere.
WATCH WHAT YOU LOVE
LOVE HOW YOU WATCH IT
PTC PUNJABI
jus punjabi
GET
MH ONE
And many more!
PUNJABI PACK $24.99/mo
AMERICA'S TOP 120
Over 190 American channels starting at $29.99/month for 12 months.†
†Requires 24-month commitment and credit qualification. Monthly DVR and receiver fees apply.
Only the Hopper® gives you the power to:
• Watch all your live and recorded TV anywhere*
• Instantly skip commercials*
• Store up to 2,000 hours of your favorite shows
*Feature must be enabled by customer.
Call now! 1-888-926-5479
or visit DishPunjabiTV.com
dish™
Important Terms and Conditions: Promotional Offers: International programming requires additional $10/mo International Basic package or any America's Top package. For iPad mini Offer, International programming requires any America's Top package. Requires activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current everyday monthly price applies and is subject to change. ETF: If you cancel service during the first 24 months, early termination fee of $20 for each month remaining applies. For iPad mini offer, if you cancel service during first the 24 months, early termination fee of $30 for each month remaining applies. Activation fee may apply.
Additional Requirements: For iPad mini Offer: Customer must select Hopper system and minimum of America's Top 120 package; allow 4-6 weeks for delivery; offer not available in Puerto Rico or USVI. ETF based in part on everyday price (i.e. non-promotional price) for programming. Available while supplies last. Model subject to change without notice. Hopper Features: AutoHop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.
© 2014 DISH Network L.L.C. All rights reserved. iPad is a trademark of Apple Inc., registered in the U.S. and other countries. Apple is not a participant in or sponsor of this promotion.



Send money to your loved ones this Vaisakhi.
Cash pick up in minutes.*
MoneyGram.
bringing you closer
moneygram.com 800-926-9400
/moneygram
@moneygramMe
Available for pick up at any of these locations:
भारतीय डाक
India Post
SUPREME SECURITIES LTD.
State Bank of India
THE BANKER TO EVERY INDIAN
UAE XCHANGE®
Thomas Cook
Travel Smooth
thomascook.in
• Foreign Exchange •
*Subject to agent operating hours, availability and local laws and regulations. Licensed as a Money Transmitter by the Banking Department of the State of New York. MoneyGram, the Globe and MoneyGram Bringing You Closer are marks of MoneyGram. All other marks are the property of their owners. © 2014 MoneyGram.
0114-17AMT